Book Online
WWW.123GOAIR.COM
123GoAir
Cheap Airline tickets to India and Worldwide.
Fares to India starting at $625*
Call: 1-844-234-6247
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

Real Estate Services
BUY, SELL or RENT
Queens, Long Island & Manhattan

Sunny Singh
Ph: 917-679-0029
E-mail: sunny.singhre@gmail.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 32, August 11, 2018 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ ਦੀ ਸਿਆਸਤ ਵਿਚ ਨਵੀਂ ਸਫਬੰਦੀ ਉਭਰੀ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਵਲੋਂ ਭੁਲੱਥ ਦੇ ਵਿਧਾਇਕ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਲਾਂਭੇ ਕੀਤੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਕੀਤੀ ਬਠਿੰਡਾ ਕਾਨਫਰੰਸ ਨੇ ਸੂਬੇ ਵਿਚ ਨਵੇਂ ਸਿਆਸੀ ਸਮੀਕਰਨਾਂ ਵੱਲ ਇਸ਼ਾਰਾ ਕੀਤਾ ਹੈ। ਸ. ਖਹਿਰਾ ਨੇ ਭਾਵੇਂ ਖੁੱਲ੍ਹ ਕੇ ਐਲਾਨ ਨਹੀਂ ਕੀਤਾ ਪਰ ਇਹ ਸਾਫ ਦਿਸ ਰਿਹਾ ਹੈ ਕਿ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਸੂਬੇ ਵਿਚ ਇਕ ਹੋਰ ਸਿਆਸੀ ਧਿਰ ਮੈਦਾਨ ਵਿਚ ਨਿੱਤਰੇਗੀ।

ਖਾਸ ਗੱਲ ਇਹ ਹੈ ਕਿ ਇਸ ਕਾਰਜ ਵਿਚ ਸ. ਖਹਿਰਾ ਨੂੰ ਹੱਲਾਸ਼ੇਰੀ ਦੇਣ ਵਾਲਿਆਂ ਵਿਚ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਵਿਧਾਇਕ



ਸਿਮਰਜੀਤ ਸਿੰਘ ਬੈਂਸ ਸਮੇਤ ਕੁਝ ਗਰਮਖਿਆਲੀ ਆਗੂ ਵੀ ਸ਼ਾਮਲ ਹਨ। ਇਥੋਂ ਤੱਕ ਕਿ ਰਵਾਇਤੀ ਧਿਰਾਂ- ਕਾਂਗਰਸ ਤੇ ਅਕਾਲੀ ਦਲ ਵੀ ਇਸ ਨਵੀਂ ਧਿਰ ਦੇ ਉਭਾਰ ਤੋਂ ਬਾਗੋਬਾਗ ਹਨ। ਇਹ ਵੀ ਚਰਚਾ ਹੈ ਕਿ ਇਸ ਕਾਨਫਰੰਸ ਵਿਚ ਇੰਨੇ ਵੱਡੇ ਇਕੱਠ ਪਿੱਛੇ ਇਨ੍ਹਾਂ ਸਿਆਸੀ ਧਿਰਾਂ ਦਾ ਹੀ ਹੱਥ ਹੈ। ਆਪ ਆਗੂ ਭਾਵੇਂ 'ਸਭ ਠੀਕ' ਕਰਨ ਦੇ ਦਾਅਵੇ ਕਰ ਰਹੇ ਹਨ ਪਰ ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਪੰਜਾਬ 'ਚ ਹੁਣ ਇਸ ਧਿਰ ਦੇ ਦੁਫਾੜ ਹੋਣ ਦਾ ਮੁੱਢ ਬੱਝ ਗਿਆ ਹੈ। ਖਹਿਰਾ ਧੜੇ ਨੇ ਹਾਈ ਕਮਾਨ ਨੂੰ ਸਿੱਧੀ

(ਬਾਕੀ ਸਫਾ 6 ਉਤੇ)

## ਆਪ ਤੇ ਕਾਂਗਰਸ ਦੇ ਗੱਠਜੋੜ ਦੇ ਚਰਚੇ

ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਦੀ ਚਰਚਾ ਨੇ ਜ਼ੋਰ ਫੜ ਲਿਆ ਹੈ। ਹੁਣ ਤੱਕ ਇਸ ਗੱਠਜੋੜ ਬਾਰੇ ਨਾਂਹ ਨੁੱਕਰ ਕਰ ਰਹੀ ਆਪ ਨੇ ਪੰਜਾਬ ਵਿਚ ਪਾਰਟੀ ਅੰਦਰ ਉਠੀਆਂ ਭਾਗੀ ਸੁਰਾਂ ਪਿੱਛੋਂ ਇਸ ਬਾਰੇ ਨਰਮੀ ਦਿਖਾਈ ਹੈ। ਇਹ ਪਹਿਲੀ ਵਾਰ ਹੈ ਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਮੁਨੀਸ਼ ਸਿਸੋਦੀਆ ਨੇ ਇਸ ਗੱਠਜੋੜ ਦੀ ਚਰਚਾ ਦੀ ਗੱਲ ਮੰਨਦਿਆਂ ਆਖਿਆ ਹੈ ਕਿ ਫੈਸਲਾ ਕਾਂਗਰਸ ਦੇ ਹੱਥ ਹੈ। ਉਧਰ, ਕਾਂਗਰਸ ਦੇ ਸੀਨੀਅਰ ਆਗੂ ਮੁਨੀਸ਼ ਤਿਵਾੜੀ ਨੇ ਵੀ ਪੰਜਾਬ ਦੇ ਭਲੇ ਲਈ ਇਸ ਗੱਠਜੋੜ ਦੀ ਹਮਾਇਤ ਕੀਤੀ ਹੈ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵੀ ਇਸ ਬਾਰੇ ਹਾਮੀ ਭਰ ਚੁੱਕੇ ਹਨ।

## ਰਿਫਰੈਂਡਮ 2020

# ਪੰਜਾਬ ਦੇ ਗਰਮਖਿਆਲੀਆਂ ਦੀ ਚੁੱਪ ਨੇ ਛੇੜੇ ਚਰਚੇ

**ਚੰਡੀਗੜ੍ਹ:** ਖਾਲਿਸਤਾਨ ਦੇ ਮੁੱਦੇ ਉਤੇ ਲੰਡਨ ਵਿਚ ਕਰਵਾਏ ਜਾ ਰਹੇ 'ਰਿਫਰੈਂਡਮ 2020' ਤੋਂ ਪੰਜਾਬ ਦੀਆਂ ਗਰਮਖਿਆਲੀ ਪਾਰਟੀਆਂ ਦਾ ਟਾਲਾ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਪੰਜਾਬ ਦੀਆਂ ਪੰਥਕ ਧਿਰਾਂ ਵੱਲੋਂ ਕਿਨਾਰਾ ਕਰ ਲੈਣ ਨਾਲ ਇਹ ਸਮਾਗਮ ਵਿਦੇਸ਼ੀ ਸਿੱਖਾਂ ਤੱਕ ਹੀ ਸੀਮਤ ਰਹਿ ਗਿਆ। ਉਮੀਦ ਕੀਤੀ ਜਾ ਰਹੀ ਸੀ ਕਿ ਪੰਜਾਬ ਵਿਚੋਂ ਇਸ ਮੁਹਿੰਮ ਨੂੰ ਵੱਡੇ ਪੱਧਰ ਉਥੇ ਹੁੰਗਾਰਾ ਮਿਲੇਗਾ ਪਰ ਇਸ ਸਮਾਗਮ ਦੀ ਅਗਵਾਈ ਕਰ ਰਹੀ ਜਥੇਬੰਦੀ 'ਸਿੱਖਸ ਫਾਰ ਜਸਟਿਸ' ਵੱਲੋਂ ਅਪਣਾਏ ਰੁਖ ਕਾਰਨ ਸਭ ਠੰਢਾ ਹੀ ਰਿਹਾ ਹੈ।

ਇਹ ਰਾਇਸ਼ੁਮਾਰੀ 2020 ਵਿਚ ਕਰਵਾਈ ਜਾਵੇਗੀ ਪਰ ਇਸ ਤੋਂ ਪਹਿਲਾਂ 12 ਅਗਸਤ ਨੂੰ ਲੰਡਨ ਵਿਚ ਸਮਾਗਮ ਕੀਤਾ ਜਾ ਰਿਹਾ ਹੈ। ਇਸ ਵਿਚ ਵਿਸ਼ਵ ਭਰ ਤੋਂ ਸਿੱਖਾਂ ਨੂੰ ਸ਼ਾਮਲ ਹੋਣ ਦਾ ਸੱਦਾ ਦੇਣ ਦਾ ਦਾਅਵਾ ਕੀਤਾ

(ਬਾਕੀ ਸਫਾ 6 ਉਤੇ)



*ਕਪੂਰਥਲਾ ਸਪੋਰਟਸ ਕਲੱਬ ਵਲੋਂ ਨਿਊ ਯਾਰਕ ਵਿਚ ਲੰਘੀ 5 ਅਗਸਤ ਨੂੰ ਕਰਵਾਏ ਗਏ ਇਸ ਦੇ 7ਵੇਂ ਫੁੱਟਬਾਲ ਤੇ ਵਾਲੀਬਾਲ ਟੂਰਨਾਮੈਂਟ ਦੌਰਾਨ ਫੁੱਟਬਾਲ ਦਾ ਪਹਿਲਾ ਇਨਾਮ ਨੇਪਾਲ ਅਤੇ ਦੂਜਾ ਇਨਾਮ ਤੁਰਕੀ ਨੇ ਜਿੱਤਿਆ। ਫੁੱਟਬਾਲ ਦੀ ਜੇਤੂ ਟੀਮ ਪ੍ਰਬੰਧਕਾਂ ਨਾਲ (ਰਿਪੋਰਟ ਅਗਲੇ ਅੰਕ 'ਚ)*


Ad Space Available
Please Call,
Ph: 847-359-0746


Harpreet Singh
WorldWide Travel
www.fly2world.com
866 66 INDIA
46342
Special Sale 2018
ਅੰਮ੍ਰਿਤਸਰ $975

ਦਿੱਲੀ $855
ਟੈਕਸ ਸਮੇਤ

734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

sling™ TELEVISION
POWERED BY dish

# ENJOY THE BEST IN PUNJABI TV




7-DAY FREE TRIAL | PUNJABI PACK | STARTING AT $15 A MONTH

etc ਪੰਜਾਬੀ · PTC PUNJABI · jus punjabi · NEWS18 + more

Sling.com/Punjabi | 1-855-321-3949

Promotional Offers: Available to new customers upon account activation. Must provide email address and credit card. Billing and Cancellation: After 7 days your credit card will be charged monthly for applicable subscription until you cancel your service. Cancel on sling.com or by calling 1(877) 811-4788. Programming fees are charged monthly in advance and no credits or refunds will be issued for partial months after cancellation. Equipment Requirements: Requires Internet-connected compatible device. Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick, Google Nexus and Xbox One. Miscellaneous: Access on one device is included in the monthly programming package price except HBO (3 devices at a time). A $5/mo. fee will apply for additional International streams. Limit three International streams per account. Certain programs may be unavailable due to programmer restrictions or blackouts. Only available within the United States. State and local taxes apply. All prices, packages, programming and offers subject to change without notice. Other restrictions may apply. See sling.com website for details. Offer ends 12/31/18. ©2018 Sling TV L.L.C. All rights reserved.

# ਅਜੈਬ ਸਿੰਘ ਲੱਖਣ ਸਾਥੀਆਂ ਸਣੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਵਿਚ ਸ਼ਾਮਲ

**ਸ਼ਿਕਾਗੋ (ਬਿਊਰੋ):** ਸੰਨ 2002 ਵਿਚ ਬਣੀ ਮਿਡਵੈਸਟ ਦੀ ਪਹਿਲੀ ਖੇਡ ਸੰਸਥਾ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਮੋਢੀ ਪ੍ਰਧਾਨ ਅਜੈਬ ਸਿੰਘ ਲੱਖਣ ਤੇ ਕਲੱਬ ਦੇ ਸਾਬਕਾ ਪ੍ਰਧਾਨ ਅਜਮੇਰ ਸਿੰਘ ਪੰਨੂ ਆਪਣੇ ਸਾਥੀ ਤੇ ਕਲੱਬ ਦੇ ਸਰਗਰਮ ਮੈਂਬਰ ਰਹੇ ਸੰਤੋਖ ਸਿੰਘ ਡੀ. ਸੀ. ਸਮੇਤ ਸ਼ਿਕਾਗੋ ਵਿਚ ਬਣੀ ਦੂਜੀ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਵਿਚ ਸ਼ਾਮਲ ਹੋ ਗਏ ਹਨ। ਆਪਣੇ ਇਸ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਅਜਿਹਾ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਖੇਡਾਂ ਅਤੇ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਪ੍ਰਤੀਬੱਧਤਾ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਪੰਮਾ ਨੇ ਇਨ੍ਹਾਂ ਖੇਡ ਪ੍ਰੇਮੀਆਂ ਦਾ ਕਲੱਬ ਵਿਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਕਲੱਬ ਦੀਆਂ ਸਰਗਰਮੀਆਂ ਨੂੰ ਹੋਰ ਉਤਸ਼ਾਹ ਮਿਲੇਗਾ ਅਤੇ ਕਲੱਬ ਹੋਰ ਮਜ਼ਬੂਤ ਹੋਵੇਗਾ।

ਸ. ਪੰਮਾ ਨੇ ਕਿਹਾ ਕਿ 2 ਸਤੰਬਰ ਨੂੰ ਹੋ ਰਹੇ ਕਲੱਬ ਦੇ ਸਾਲਾਨਾ ਖੇਡ ਤੇ ਸਭਿਆਚਾਰਕ ਮੇਲੇ ਲਈ ਤਿਆਰੀਆਂ ਜ਼ੋਰਾਂ 'ਤੇ ਹਨ। ਮੇਲੇ ਵਿਚ ਜਿੱਥੇ ਕਬੱਡੀ ਦੇ ਨਾਮੀ ਖਿਡਾਰੀ ਭਿੜਨਗੇ, ਉਥੇ ਵਾਲੀਬਾਲ ਦੇ ਮੈਚ ਵੀ ਹੋਣਗੇ।

ਮੇਲੇ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਡਾ. ਭੁਪਿੰਦਰ ਸਿੰਘ ਸੈਣੀ ਅਤੇ ਵਿਸ਼ੇਸ਼ ਮਹਿਮਾਨ ਟ੍ਰਿਪਲ ਜੰਪਰ ਅਰਜਨ ਅਵਾਰਡੀ ਓਲੰਪੀਅਨ ਮਹਿੰਦਰ ਸਿੰਘ ਗਿੱਲ ਹੋਣਗੇ। ਕਬੱਡੀ ਦੀ ਕੁਮੈਂਟਰੀ ਮੱਖਣ ਅਲੀ ਕਰਨਗੇ। ਇਸ ਤੋਂ ਇਲਾਵਾ ਮੇਲੀਆਂ ਦੇ ਮਨੋਰੰਜਨ ਲਈ ਗਾਇਕਾ ਸੋਨਾ ਵਾਲੀਆ ਅਤੇ ਗਾਇਕ ਜੀਤਾ ਗਿੱਲ ਗਾਇਕੀ ਦਾ ਪਿੜ ਬੰਨਣਗੇ।


ਦਰਸ਼ਨ ਸਿੰਘ ਪੰਮਾ


ਅਜੈਬ ਸਿੰਘ ਲੱਖਣ


ਅਜਮੇਰ ਸਿੰਘ ਪੰਨੂ


ਸੰਤੋਖ ਸਿੰਘ ਡੀ ਸੀ

ਮੇਲੀਆਂ ਲਈ ਖਾਣ ਪੀਣ ਦਾ ਵਧੀਆ ਪ੍ਰਬੰਧ ਹੋਵੇਗਾ। ਉਨ੍ਹਾਂ ਸਭ ਖੇਡ ਪ੍ਰੇਮੀਆਂ ਨੂੰ ਇਸ ਮੇਲੇ ਵਿਚ ਪਹੁੰਚ ਕੇ ਰੌਣਕ ਵਧਾਉਣ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਲਈ ਉਨ੍ਹਾਂ ਨਾਲ ਫੋਨ: 847-561-7101 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


## ਸਰਦਾਰ ਸਰੂਪ ਸਿੰਘ ਥਿੰਦ ਸੁਰਗਵਾਸ

**ਐਡਮੰਟਨ, ਕੈਨੇਡਾ:** ਸਰਦਾਰ ਸਰੂਪ ਸਿੰਘ ਥਿੰਦ ਲੰਘੀ 6 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 89 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਧਰਮ ਪਤਨੀ ਨਿਰਮਲ ਕੌਰ ਥਿੰਦ ਅਤੇ ਤਿੰਨ ਧੀਆਂ-ਮਨਜੀਤ ਕੌਰ ਧੰਜੂ (ਸੁਪਤਨੀ ਸਵਰਗੀ ਬੇਅੰਤ ਸਿੰਘ ਧੰਜੂ), ਸੁਖਜੀਤ ਕੌਰ ਟੂਰਨਾ (ਸੁਪਤਨੀ ਤਾਰਾ ਸਿੰਘ ਟੂਰਨਾ) ਤੇ ਸਤਬੀਰ ਕੌਰ ਖਿੰਡਾ (ਸੁਪਤਨੀ ਪਾਲ ਸਿੰਘ ਖਿੰਡਾ) ਅਤੇ ਤਿੰਨ ਪੁੱਤਰ-ਕੰਵਲਜੀਤ ਸਿੰਘ ਥਿੰਦ (ਨੂੰਹ ਜਸਵਿੰਦਰ ਕੌਰ ਥਿੰਦ), ਸੁਖਨਿੰਦਰ ਸਿੰਘ ਥਿੰਦ (ਨੂੰਹ ਪਰਮਜੀਤ ਕੌਰ ਥਿੰਦ) ਤੇ ਬਲਬੀਰ ਸਿੰਘ ਥਿੰਦ (ਨੂੰਹ ਬਲਵਿੰਦਰ ਕੌਰ ਥਿੰਦ) ਤੋਂ ਇਲਾਵਾ 16 ਪੋਤਿਆਂ-ਦੋਹਤਿਆਂ ਤੇ 9 ਪੜਦੋਹਤਿਆਂ-ਪੜਪੋਤਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਸਵਰਗੀ ਸਰੂਪ ਸਿੰਘ ਦਾ ਜਨਮ ਪੰਜਾਬ ਦੇ ਜਿਲ੍ਹਾ ਕਪੂਰਥਲਾ ਦੇ ਪਿੰਡ ਬਿਧੀਪੁਰ ਵਿਚ ਹੋਇਆ। ਉਨ੍ਹਾਂ ਹਾਈ ਸਕੂਲ ਅਧਿਆਪਕ ਵਜੋਂ ਲੰਮਾ ਸਮਾਂ ਸੇਵਾ ਨਿਭਾਈ ਅਤੇ ਸਕੂਲ ਦੇ ਪ੍ਰਿੰਸੀਪਲ ਵੀ ਰਹੇ। ਰਿਟਾਇਰਮੈਂਟ ਪਿਛੋਂ ਉਨ੍ਹਾਂ ਆਪਣਾ ਜੀਵਨ ਆਪਣੇ ਪਰਿਵਾਰ ਅਤੇ ਭਾਈਚਾਰੇ ਦੀ ਸੇਵਾ ਦੇ ਲੇਖੇ ਲਾਇਆ। ਉਹ ਸਾਡੇ ਸਮੁੱਚੇ ਪਰਿਵਾਰ, ਰਿਸ਼ਤੇਦਾਰਾਂ ਤੇ ਦੋਸਤਾਂ ਲਈ ਵੱਡੇ ਪ੍ਰੇਰਣਾ ਸਰੋਤ ਸਨ। ਉਹ ਸਾਦਾ ਪਰ ਮੋਹ ਭਰਪੂਰ ਸ਼ਖਸੀਅਤ ਸਨ। ਸਾਨੂੰ ਉਨ੍ਹਾਂ ਦੀ ਅਣਹੋਂਦ ਹਮੇਸ਼ਾ ਰੜਕਦੀ ਰਹੇਗੀ।

*ਥਿੰਦ ਪਰਿਵਾਰ, ਰਿਸ਼ਤੇਦਾਰ ਅਤੇ ਦੋਸਤ ਮਿੱਤਰ*

**ਸੁਖਨਿੰਦਰ ਸਿੰਘ ਥਿੰਦ, ਫੋਨ: 780-966-9364**


## ਸਿੱਖ ਬਣ ਕੇ ਦੁਕਾਨ ਦੀ ਲੁੱਟ ਕਰਨ ਵਾਲਾ ਬੰਗਲਾਦੇਸ਼ੀ ਗ੍ਰਿਫਤਾਰ

**ਸਿੰਗਾਪੁਰ:** ਸਿੱਖ ਦੇ ਭੇਸ ਵਿਚ ਇਕ ਦੁਕਾਨ ਵਿਚ ਲੁੱਟ ਦੀ ਕੋਸ਼ਿਸ਼ ਕਰਨ ਵਾਲੇ ਬੰਗਲਾਦੇਸ਼ੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪਹਿਲਾਂ ਨਿਰਮਾਣ ਮਜ਼ਦੂਰ ਵਜੋਂ ਕੰਮ ਕਰ ਚੁੱਕੇ ਅਤੇ ਪਿਛਲੇ ਦਸੰਬਰ ਤੋਂ ਬਾਅਦ ਤੈਅ ਤਰੀਕ ਤੋਂ ਜ਼ਿਆਦਾ ਸਮੇਂ ਤੱਕ ਸਿੰਗਾਪੁਰ ਰਹੇ ਸ਼ੇਖ ਮੁਹੰਮਦ ਰਾਜਨ (29) ਨੂੰ ਗ੍ਰਿਫਤਾਰ ਕਰ ਲਿਆ ਗਿਆ।

ਗੁਲਾਬੀ ਪੱਗ ਬੰਨ੍ਹ ਕੇ ਰਾਜਨ 28 ਜੁਲਾਈ ਨੂੰ ਚਾਕੂ ਅਤੇ ਪਲਾਸਟਿਕ ਦੀ ਬੰਦੂਕ ਨਾਲ ਬੂਨ ਲੇ ਮਾਸ ਰੇਪਿਡ ਟ੍ਰਾਂਜ਼ਿਟ ਸਟੇਸ਼ਨ ਦੇ ਬਾਹਰ ਵੈਲਯੂਮੈਕਸ ਪਾਨ ਸ਼ਾਪ ਵਿਚ ਵੜ ਗਿਆ। ਇਸ ਤਰ੍ਹਾਂ ਦੀ ਦੁਕਾਨ ਵਿਚ ਨਕਦੀ ਲਈ ਗਹਿਣੇ ਬਦਲੇ ਜਾਂਦੇ ਹਨ। ਦੁਕਾਨ ਵਿਚ ਵੜ ਕੇ ਉਸ ਨੇ ਉਥੇ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਸਾਰੀ ਨਕਦੀ ਅਤੇ ਗਹਿਣੇ ਦੇਣ ਲਈ ਧਮਕਾਇਆ। ਜਦ ਕਰਮਚਾਰੀਆਂ ਨੇ ਮਨ੍ਹਾਂ ਕਰ ਦਿੱਤਾ ਤਾਂ ਉਸ ਨੇ ਕਿਹਾ ਕਿ ਉਸ ਕੋਲ ਵਿਸਫੋਟਕ ਸਮੱਗਰੀ ਹੈ ਅਤੇ ਉਹ ਦੁਕਾਨ ਉਡਾ ਦੇਵੇਗਾ। ਬਾਅਦ ਵਿਚ ਉਸ ਨੂੰ ਫੜ ਲਿਆ ਗਿਆ।

## ਮੁਸਲਿਮ ਨੌਜਵਾਨ ਦੀ ਦਾੜ੍ਹੀ ਕੱਟਣ ਦਾ ਮਾਮਲਾ ਭਖਿਆ

**ਗੁੜਗਾਉਂ:** ਸੈਕਟਰ 37 ਵਿਚ ਇਕ ਮੁਸਲਿਮ ਨੌਜਵਾਨ ਦੀ ਦਾੜ੍ਹੀ ਕੱਟਣ, ਹਮਲਾ ਕਰਨ ਅਤੇ ਗਾਲ੍ਹਾਂ ਕੱਢਣ ਦੇ ਦੋਸ਼ ਵਿਚ ਪੁਲਿਸ ਨੇ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮਾਂ ਦੀ ਪਛਾਣ ਗੌਰਵ, ਏਕਲਾਸ਼ ਦੋਵੇਂ ਉਤਰ ਪ੍ਰਦੇਸ਼ ਅਤੇ ਨਿਤਿਨ ਵਾਸੀ ਹਰਿਆਣਾ ਵਜੋਂ ਹੋਈ ਹੈ। ਇਹ ਮਾਮਲਾ 31 ਜੁਲਾਈ ਦਾ ਹੈ।


# Matrimonials

### ਵਰ ਦੀ ਲੋੜ ਹੈ

Seeking professionally qualified, well educated, clean shaven match for 29, 5'7'' beautiful, slim, Jatt Sikh doctor (MBBS, MD) Indian citizen girl, current pursuing Fellowship (Endocrinology) in USA. Caste no bar. Equal educated match preferred. Send picture and bio-data to atwal@ymail.com or contact, Ph: 914-434-4208 32-35

Jat Sikh brother invites alliance for 38 years old widow sister living in India. No kid's no other issue. Homely, respectfull, well mannered religious Girl. Trained boutique designer. The match should be US green card holder, Citizen preferred in California, between 38-45, non smoker, social drinking ok. Please contact: lavi.singh47@gmail.com with bio-data & photo. 31-34

Saraswat Brahmin well settled family from Ludhiana district seeks a suitable match in USA/Canada for their beautiful slim daughter 25/5'5", studying Masters in English at Punjab University, Chandigarh. Contact: advashwaniatre@gmail.com or India phone 91-98141-37081 29

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

Jatt Sikh family looking match for daughter 26, 5'-4", US citizen, completing healthcare administration. Wanted suitable well educated, good looking citizen or green card holder or on student visa. Contact, Ph: 734-548-2767 29-32

### ਲੜਕੀ ਦੀ ਲੋੜ ਹੈ

Educated, well settled in California, Jat Sikh parents seek match for their USA born son age 27, 6'-4", university graduate, handsome, athletic & employed in state government. Seeking Jat Sikh girl, university grad, USA raised, strong family values/morals, age 22-26 & min ht 5'-6". Please respond with pictures and bio data at AP1522538@gmail.com 32-35

Looking for a suitable girl for Ramgarhia Sikh boy 32 yrs, 5'-10", working at a very reputed IT company in Bay area, California. Please contact: Ph: 512-806-4053 or email:psingh03850@gmail.com 30-

ਰਾਜਪੂਤ ਸਿੱਖ, ਸੋਹਣੇ ਸੁਨੱਖੇ ਕਲੀਨ ਸੇਵਨ ਲੜਕੇ ਉਮਰ 42 ਸਾਲ ਕੱਦ 6 ਫੁੱਟ ਲਈ ਸੋਹਣੀ ਸੁਨੱਖੀ ਅਮਰੀਕਨ ਸਿਟੀਜਨ ਜਾਂ ਗ੍ਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਰੋਡ ਆਈਲੈਂਡ ਅਮਰੀਕਾ 'ਚ ਪਰਿਵਾਰ ਨਾਲ ਰਹਿ ਰਿਹਾ ਹੈ ਅਤੇ ਅੱਛੀ ਨੌਕਰੀ 'ਤੇ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ ਕਰੋ, ਫੋਨ: 401-603-8104 ਜਾਂ 559-289-7076 32

ਉਚੇ ਲੰਮੇ ਸੁੰਦਰ 24 ਸਾਲਾ, ਆਈ.ਟੀ.ਆਈ., ਮਲੇਸ਼ੀਆ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ ਜੱਟ ਸਿੱਖ ਸੰਧੂ ਲੜਕੇ ਲਈ ਅਮਰੀਕਾ-ਕੈਨੇਡਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 559-289-7076, 559-477-3277 (ਅਮਰੀਕਾ) ਅਤੇ 91-97819-62364 (ਇੰਡੀਆ) 32

*To Advertise with Punjab Times*
***Call: 847-359-0746***
***punjabtimes1@gmail.com***


## ਅਮਰੀਕਾ ਨੇ ਭਾਰਤ ਨੂੰ ਦਿੱਤਾ ਐਸ.ਟੀ.ਏ-1 ਦਰਜਾ

**ਵਾਸ਼ਿੰਗਟਨ:** ਜਾਪਾਨ ਤੇ ਦੱਖਣੀ ਕੋਰੀਆ ਤੋਂ ਬਾਅਦ ਭਾਰਤ ਏਸ਼ੀਆ ਦਾ ਤੀਜਾ ਦੇਸ਼ ਬਣ ਗਿਆ ਹੈ ਜਿਸ ਨੂੰ ਅਮਰੀਕਾ ਨੇ ਸਟਰੈਟੇਜਿਕ ਟਰੇਡ ਆਥੋਰਾਈਜ਼ੇਸਨ-1 (ਐਸ.ਟੀ.ਏ-1) ਦਰਜਾ ਦਿੱਤਾ ਹੈ। ਇਸ ਸਬੰਧੀ ਅਮਰੀਕਾ ਨੇ ਸੰਘੀ ਨੋਟਿਸ ਜਾਰੀ ਕੀਤਾ ਹੈ। ਇਸ ਦਰਜੇ ਬਾਅਦ ਅਮਰੀਕਾ ਭਾਰਤ ਨੂੰ ਉਚ ਤਕਨੀਕੀ ਯੰਤਰ ਵੇਚ ਸਕੇਗਾ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com



**Michigan Truck Driving School**

**6405 Middlebelt Road, Romulus, MI 48174**

**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**
**ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**




***ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ**

***3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ**

**Raj Jamarai Cell:734-644-1010 Office:734-747-4298**

# ਬਰਗਾੜੀ ਰਿਪੋਰਟ ਜਨਤਕ ਕਰਨ ਤੋਂ ਕਿਉਂ ਟਲ ਰਹੀ ਹੈ ਸਰਕਾਰ?

**ਬਠਿੰਡਾ:** ਬਰਗਾੜੀ ਕਾਂਡ ਦੀ 'ਗੁਪਤ ਰਿਪੋਰਟ' ਵਿਚ ਕਈ ਗੁੱਝੇ ਭੇਤ ਬੰਦ ਹਨ, ਜਿਨ੍ਹਾਂ ਦੇ ਡਰੋਂ ਕੈਪਟਨ ਹਕੂਮਤ ਕੋਈ ਭਾਫ ਬਾਹਰ ਨਹੀਂ ਕੱਢ ਰਹੀ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਇਹ 'ਗੁਪਤ ਰਿਪੋਰਟ' ਪੁਲਿਸ ਮੁਖੀ ਨੂੰ ਸੌਂਪ ਦਿੱਤੀ ਸੀ। ਬਰਗਾੜੀ ਇਨਸਾਫ ਮੋਰਚੇ ਦੀ ਮੰਗ ਹੈ ਕਿ ਰਿਪੋਰਟ ਜਨਤਕ ਕੀਤੀ ਜਾਵੇ। ਜਦੋਂ ਹੁਣ ਸਰਕਾਰ 'ਬਰਗਾੜੀ ਰਿਪੋਰਟ' ਨੂੰ ਜਨਤਕ ਕਰਨ ਤੋਂ ਪਿੱਛੇ ਹਟ ਰਹੀ ਹੈ, ਤਾਂ ਪੰਥਕ ਧਿਰਾਂ ਦੇ ਸ਼ੱਕ ਹੋਰ ਵੱਧ ਗਏ ਹਨ। ਇਸ 'ਗੁਪਤ ਰਿਪੋਰਟ' ਦੇ ਤੱਥ ਪ੍ਰਾਪਤ ਹੋਏ ਹਨ, ਉਨ੍ਹਾਂ ਵਿਚ ਬਰਗਾੜੀ ਕਾਂਡ ਦੀ ਤਾਰ ਸਿੱਧੀ ਡੇਰਾ ਸਿਰਸਾ ਨਾਲ ਜੁੜੀ ਹੈ। ਡੇਰਾ ਮੁਖੀ ਦੇ ਪੀਏ ਰਾਕੇਸ਼ ਦਿੜ੍ਹਬਾ ਨੇ ਬਰਗਾੜੀ ਕਾਂਡ ਵਿਚ ਮੁੱਖ ਭੂਮਿਕਾ ਨਿਭਾਈ।

ਵੇਰਵਿਆਂ ਅਨੁਸਾਰ ਡੇਰਾ ਮੁਖੀ ਦੇ ਪੀਏ ਦੇ ਇਸ਼ਾਰੇ ਉਤੇ ਡੇਰੇ ਦੇ ਮੋਹਰੀ ਮੈਂਬਰਾਂ ਨੇ ਸਿੱਖ ਪ੍ਰਚਾਰਕਾਂ ਤੋਂ ਬਦਲਾ ਲੈਣ ਲਈ ਦੋ ਪੜਾਵੀ ਸਾਜ਼ਿਸ਼ ਘੜੀ। ਪਹਿਲੀ ਸਾਜ਼ਿਸ਼ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਾਰਨ ਦੀ ਅਤੇ ਦੂਸਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ। ਰਿਪੋਰਟ ਅਨੁਸਾਰ ਡੇਰਾ ਮੁਖੀ ਦੇ ਪੀਏ ਰਾਕੇਸ਼ ਦਿੜ੍ਹਬਾ ਦੀ ਹਦਾਇਤ ਉਤੇ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੇ ਕੋਟਕਪੂਰਾ ਦੇ ਮਹਿੰਦਰਪਾਲ ਬਿੱਟੂ ਨਾਲ ਸਿੱਖ ਪ੍ਰਚਾਰਕ ਦਾਦੂਵਾਲ ਨੂੰ ਭੀਖੀ ਵਿਚ ਮਾਰਨ ਦੀ ਯੋਜਨਾ ਬਣਾਈ ਸੀ। ਦਾਦੂਵਾਲ ਦੇ ਪ੍ਰੋਗਰਾਮਾਂ ਵਿਚ ਵੱਡੀ ਗਿਣਤੀ ਵਿਚ ਪ੍ਰੇਮੀ ਭੇਜੇ ਜਾਣ ਦੀ ਯੋਜਨਾ ਸੀ, ਤਾਂ ਜੋ ਹਮਲਾਵਰ ਬਚ ਕੇ ਨਿਕਲ ਸਕਣ। ਜਦੋਂ ਮਾਨਸਾ ਦੇ ਡੇਰਾ ਆਗੂਆਂ ਨੇ ਹਾਮੀ ਨਾ ਭਰੀ ਤਾਂ ਯੋਜਨਾ ਫਲਾਪ ਹੋ ਗਈ। ਰਿਪੋਰਟ ਅਨੁਸਾਰ ਉਦੋਂ ਡੇਰਾ ਆਗੂ ਤੈਸ਼ ਵਿਚ ਆ ਗਏ ਸਨ, ਜਦੋਂ ਸਿੱਖ ਪ੍ਰਚਾਰਕ ਹਰਜਿੰਦਰ ਮਾਝੀ ਦੇ 21 ਤੋਂ 23 ਮਈ 2015 ਤੱਕ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ ਲੱਗੇ ਦੀਵਾਨ ਤੋਂ ਪ੍ਰਭਾਵਿਤ ਹੋਏ ਕੁਝ ਪ੍ਰੇਮੀਆਂ ਨੇ ਡੇਰੇ ਦੇ 'ਲਾਕਟ' ਗਲਾਂ 'ਚੋਂ ਲਾਹ ਦਿੱਤੇ ਸਨ।

ਮਹਿੰਦਰਪਾਲ ਬਿੱਟੂ ਨੇ ਇਸ ਬਾਰੇ ਫੌਰੀ ਸੂਚਨਾ ਡੇਰਾ ਸਿਰਸਾ ਭੇਜੀ, ਜਿਥੋਂ ਸਿੱਖ ਪੈਰੋਕਾਰਾਂ ਨੂੰ ਸਬਕ ਸਿਖਾਉਣ ਦੇ ਆਦੇਸ਼ ਦਿੱਤੇ ਗਏ। ਬਿੱਟੂ ਨੇ ਡੇਰੇ ਦੇ ਹੁਕਮਾਂ ਨੂੰ ਅਮਲੀ ਰੂਪ ਦੇਣ ਲਈ ਆਪਣੇ ਸਾਥੀ ਨਿਸ਼ਾਨ ਸਿੰਘ ਕੋਟਕਪੂਰਾ, ਸ਼ਕਤੀ ਸਿੰਘ ਵਾਸੀ ਡੱਗੋ ਰੋਮਾਣਾ, ਰਣਦੀਪ ਸਿੰਘ ਨੀਲਾ ਫਰੀਦਕੋਟ, ਸੁਖਜਿੰਦਰ ਸਿੰਘ ਸੰਨੀ ਕੋਟਕਪੂਰਾ ਨਾਲ ਨਵੀਂ ਵਿਉਂਤ ਬਣਾਈ, ਜਿਸ ਤਹਿਤ ਸੰਨੀ



ਤੇ ਨੀਲੇ ਨੇ ਮੱਲਕੇ, ਬਰਗਾੜੀ, ਸਾਹੋਕੇ ਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰਾਂ ਦੇ ਆਸੇ ਪਾਸੇ ਰੇਕੀ ਕੀਤੀ। ਰਿਪੋਰਟ ਅਨੁਸਾਰ ਨੀਲਾ ਤੇ ਸੰਨੀ ਮੋਟਰਸਾਈਕਲ (ਪੀਬੀ 04 ਟੀ-0930) ਉਤੇ ਬੁਰਜ ਜਵਾਹਰ ਸਿੰਘ ਵਾਲਾ ਗਏ। ਇਸ ਟੀਮ ਦੇ ਮੈਂਬਰ ਪਹਿਲਾਂ ਬੁਰਜ ਜਵਾਹਰ ਸਿੰਘ ਵਾਲਾ 'ਚ ਗੁਰਦੇਵ ਸਿੰਘ ਪ੍ਰੇਮੀ ਦੀ ਦੁਕਾਨ ਉਤੇ ਗਏ, ਜਿਥੋਂ ਕੋਲਡ ਡਰਿੰਕ ਪੀਣ ਪਿਛੋਂ ਉਹ ਗੁਰੂ ਘਰ ਵਿਚ ਗਏ। ਗੁਰੂ ਘਰ ਵਿਚੋਂ ਸਰੂਪ ਚੁੱਕਣ ਮਗਰੋਂ ਮੋਟਰਸਾਈਕਲ ਉਤੇ ਫਰਾਰ ਹੋ ਗਏ।

ਕੋਟਕਪੂਰਾ ਸਾਈਡ ਉਡੀਕ 'ਚ ਖੜ੍ਹੇ ਬਲਜੀਤ ਸਿੰਘ ਤੇ ਸ਼ਕਤੀ ਨੂੰ ਇਹ ਸਰੂਪ ਦੇ ਦਿੱਤੇ ਗਏ, ਜਿਨ੍ਹਾਂ ਨੇ ਸਰੂਪ ਸਮੇਤ ਅਲਟੋ ਕਾਰ ਕੋਟਕਪੂਰਾ ਦੇ ਨਾਮ ਚਰਚਾ ਘਰ ਵਿਚ ਖੜ੍ਹੀ ਕਰ ਦਿੱਤੀ। ਸ਼ਾਮ ਵਕਤ ਇਹ ਸਰੂਪ ਬਲਜੀਤ ਸਿੰਘ ਦੇ ਘਰ ਪਹੁੰਚਾਏ ਗਏ, ਜਿਥੇ ਸੰਦੂਕ 'ਚ ਕਰੀਬ ਤਿੰਨ ਸਾਢੇ ਤਿੰਨ ਮਹੀਨੇ ਇਹ ਸਰੂਪ ਪਏ ਰਹੇ। ਜਦੋਂ ਸਤੰਬਰ 2015 'ਚ ਫਰੀਦਕੋਟ ਦੇ ਸਿਨੇਮਾ ਮਾਲਕਾਂ ਨੇ ਵਿਵਾਦਾਂ ਦੇ ਡਰੋਂ ਡੇਰਾ ਮੁਖੀ ਦੀ ਫਿਲਮ ਲਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਡੇਰਾ ਆਗੂਆਂ ਨੇ ਸਾਜ਼ਿਸ਼ ਨੂੰ ਅਗਲੇ ਪੜਾਅ ਵਿਚ ਦਾਖਲ ਕਰ ਦਿੱਤਾ। ਸਾਜ਼ਿਸ਼ ਤਹਿਤ ਸ਼ਕਤੀ ਸਿੰਘ ਨੇ ਬਰਗਾੜੀ ਤੋਂ ਸਾਫ ਕਾਗਜ਼ ਤੇ ਮਾਰਕਰ ਲਿਆ ਕੇ ਬਿੱਟੂ ਕੋਟਕਪੂਰਾ ਨੂੰ ਦੇ ਦਿੱਤੇ, ਜਿਥੇ ਸੰਨੀ ਨੇ ਸਿੱਖ ਧਰਮ ਪ੍ਰਤੀ ਇਤਰਾਜ਼ਯੋਗ ਭਾਸ਼ਾ 'ਚ ਪੋਸਟਰ ਲਿਖੇ। ਸ਼ਕਤੀ, ਸੰਨੀ, ਭੋਲੇ ਤੇ ਬਲਜੀਤ ਸਿੰਘ ਨੇ 24 ਅਤੇ 25 ਸਤੰਬਰ 2015 ਦੀ ਸ਼ਾਮ ਨੂੰ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ 'ਚ ਇਹ ਪੋਸਟਰ ਲਾ ਦਿੱਤੇ। ਇਵੇਂ 12 ਅਕਤੂਬਰ 2015 ਦੀ ਸਵੇਰ ਨੂੰ ਤਿੰਨ ਵਜੇ ਨਿਸ਼ਾਨ ਸਿੰਘ ਦੀ ਕਾਰ ਵਿਚ ਬਲਜੀਤ ਸਿੰਘ ਦੇ ਘਰੋਂ ਸਰੂਪ ਲਿਆਂਦੇ ਗਏ। ਰਿਪੋਰਟ ਦੇ ਤੱਥਾਂ ਅਨੁਸਾਰ ਕਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜੇ ਗਏ। ਸੰਨੀ, ਨਿਸ਼ਾਨ ਤੇ ਭੋਲੇ ਨੇ ਪਵਿੱਤਰ ਅੰਗ ਖਿਲਾਰ ਦਿੱਤੇ। ਕੁਝ ਅੰਗ ਪ੍ਰਦੀਪ ਕੁਮਾਰ ਨੂੰ ਖਿਲਾਰਨ ਲਈ ਦਿੱਤੇ ਪਰ ਉਸ ਨੇ ਇਹ ਅੰਗ ਰਜਵਾਹੇ ਵਿਚ ਜਲ ਪ੍ਰਵਾਹ ਕਰ ਦਿੱਤੇ।

ਇਸੇ ਦੌਰਾਨ ਜਦੋਂ ਪੂਰੇ ਪੰਜਾਬ ਵਿਚ ਰੋਸ ਵਜੋਂ ਧਰਨੇ ਮੁਜ਼ਾਹਰੇ ਹੋਣ ਲੱਗੇ ਤਾਂ 26-27 ਅਕਤੂਬਰ 2015 ਨੂੰ ਹਰਸ਼ ਧੂਰੀ ਦੇ ਆਦੇਸ਼ਾਂ ਉਤੇ ਬਿੱਟੂ ਨੇ ਦੋ ਡੇਰਾ ਪੈਰੋਕਾਰਾਂ ਨੂੰ ਬਾਕੀ ਬਚਦੇ ਅੰਗ ਉਸ ਤੱਕ ਪਹੁੰਚਾਉਣ ਲਈ ਆਖਿਆ। ਬਿੱਟੂ ਨੇ ਆਪਣੇ ਬਚਾਅ ਲਈ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਆਪਣੀ ਬੇਕਰੀ ਦੀ ਭੱਠੀ ਵਿਚ ਸਾੜ ਦਿੱਤੀ ਅਤੇ ਬਾਕੀ ਬਚਦਾ ਸਰੂਪ ਡਰੇਨ ਵਿਚ ਸੁੱਟ ਦਿੱਤਾ।

ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਣਬੀਰ ਸਿੰਘ ਖਟੜਾ ਦੀ ਅਗਵਾਈ ਜਾਂਚ ਟੀਮ ਕਰੀਬ ਪੌਣੇ ਤਿੰਨ ਵਰ੍ਹਿਆਂ ਤੋਂ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਸੀ। ਮਾਮਲੇ ਦੀ ਜਾਂਚ ਹੁਣ ਸੀ.ਬੀ.ਆਈ. ਕਰ ਰਹੀ ਹੈ। ਕੈਪਟਨ ਸਰਕਾਰ ਤੋਂ ਇਸ਼ਾਰਾ ਮਿਲਣ ਮਗਰੋਂ ਜਾਂਚ ਟੀਮ ਨੇ ਬਰਗਾੜੀ ਕਾਂਡ ਦਾ ਪੂਰਾ ਮਾਮਲਾ ਦਿਨਾਂ ਵਿਚ ਹੀ ਸੁਲਝਾ ਦਿੱਤਾ। ਪੰਥਕ ਆਗੂ ਆਖਦੇ ਹਨ ਕਿ ਪਤਾ ਨਹੀਂ ਕਿ ਕੈਪਟਨ ਸਰਕਾਰ ਕਿਸ ਗੱਲ ਦੇ ਡਰੋਂ ਰਿਪੋਰਟ ਨੂੰ ਹੁਣ ਜਨਤਕ ਨਹੀਂ ਕਰ ਰਹੀ। ਜਾਂਚ ਟੀਮ ਦੇ ਮੁਖੀ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੇ ਤੱਥਾਂ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਮੁਕੰਮਲ ਰਿਪੋਰਟ ਪੁਲਿਸ ਮੁਖੀ ਰਾਹੀਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਅਤੇ ਸੀ.ਬੀ.ਆਈ. ਨੂੰ ਸੌਂਪ ਦਿੱਤੀ ਹੈ।

## ਕਾਂਗਰਸੀਆਂ ਵੱਲੋਂ ਸਰਕਾਰ 'ਤੇ ਕਾਰਵਾਈ ਲਈ ਦਬਾਅ

**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਦੇ ਕੁਝ ਵਿਧਾਇਕ ਤੇ ਮੰਤਰੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਜਲਦੀ ਲਾਗੂ ਕਰਵਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਜ਼ੋਰ ਪਾਉਣਗੇ। ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਸਮੇਤ ਜਿਹੜੇ ਹੋਰ ਪੁਲਿਸ ਅਧਿਕਾਰੀਆਂ ਦੇ ਨਾਂ ਕਮਿਸ਼ਨ ਦੀ ਰਿਪੋਰਟ ਵਿਚ ਆਏ ਹਨ, ਉਨ੍ਹਾਂ ਵਿਰੁਧ ਫੌਰੀ ਕਾਰਵਾਈ ਕਰਨ ਲਈ ਦਬਾਅ ਬਣਾਉਣਗੇ।

ਸਰਕਾਰ ਦੇ ਇਕ ਹਿੱਸੇ ਵਿਚ ਚਰਚਾ ਹੈ ਕਿ ਬਹਿਬਲ ਕਲਾਂ ਵਿਚ ਪੁਲਿਸ ਗੋਲੀ ਵਿਚ ਦੋ ਵਿਅਕਤੀਆਂ ਦੀ ਮੌਤ ਤੇ ਕੁਝ ਹੋਰ ਜ਼ਖ਼ਮੀ ਹੋਏ ਸਨ ਤੇ ਇਸ ਕੇਸ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇਰਾਦਾ ਕਤਲ ਦੀ ਧਾਰਾ 307 ਲਾਉਣ ਦੀ ਸਿਫਾਰਸ਼ ਕੀਤੀ ਹੈ। ਇਸ ਹਿੱਸੇ ਦਾ ਕਹਿਣਾ ਹੈ ਕਿ ਕਤਲ ਦੇ ਮਾਮਲੇ ਵਿਚ ਧਾਰਾ 302 ਲਾਗੂ ਕੀਤੀ ਜਾਣੀ ਚਾਹੀਦੀ ਹੈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਆਸ ਬੱਝੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਦੀ ਆਸ ਬੱਝ ਗਈ ਹੈ। ਚੋਣਾਂ ਕਰਵਾਉਣ ਲਈ ਕੇਂਦਰ ਸਰਕਾਰ ਨੇ ਚੀਫ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਇਸੇ ਦਿਨ ਹੀ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਤੇ ਇਸ ਨੋਟੀਫਿਕੇਸ਼ਨ ਤਹਿਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾ-ਮੁਕਤ ਜੱਜ ਜਸਟਿਸ ਦਰਸ਼ਨ ਸਿੰਘ ਨੂੰ ਚੀਫ ਗੁਰਦੁਆਰਾ ਚੋਣ ਕਮਿਸ਼ਨਰ ਲਗਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਦੇਰੀ ਦਾ ਦੋਸ਼ ਲਗਾਉਂਦੀ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਇਹ ਜਾਣਕਾਰੀ ਵਧੀਕ ਸੋਲੀਸਿਟਰ ਜਨਰਲ ਸਤਿਆਪਾਲ ਜੈਨ ਨੇ ਹਾਈ ਕੋਰਟ ਬੈਂਚ ਨੂੰ ਦਿੱਤੀ।

ਹਾਈ ਕੋਰਟ ਨੇ ਹਾਲਾਂਕਿ ਸੁਣਵਾਈ ਚਾਰ ਦਸੰਬਰ 'ਤੇ ਪਾ ਦਿੱਤੀ ਹੈ ਤੇ ਕਿਹਾ ਹੈ ਕਿ ਇਸ ਪਟੀਸ਼ਨ ਵਿਚ ਕਿਸੇ ਵੀ ਧਿਰ ਨੇ ਜੋ ਕੁਝ ਕਹਿਣਾ ਹੈ, ਉਹ ਲਿਖਤੀ ਦਾਖਲ ਕਰ ਦਿੱਤਾ ਜਾਵੇ ਪਰ ਚੋਣ ਕਮਿਸ਼ਨਰ ਲੱਗਣ ਦੇ ਨਾਲ ਪਟੀਸ਼ਨਰ ਦੇ ਵਕੀਲ ਈਸ਼ ਪੁਨੀਤ ਸਿੰਘ ਨੇ ਆਸ ਪ੍ਰਗਟਾਈ ਹੈ ਕਿ ਚੋਣ ਕਮਿਸ਼ਨਰ ਕੰਮ ਸੰਭਾਲਣ ਉਪਰੰਤ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਕਾਰਵਾਈ ਸ਼ੁਰੂ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਗੁਰਦੁਆਰਾ ਚੋਣ ਕਮਿਸ਼ਨ ਨੂੰ ਮੰਗ ਪੱਤਰ ਦੇ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕਰਨਗੇ। ਪਟੀਸ਼ਨ ਵਿਚ ਕੇਂਦਰ ਸਰਕਾਰ ਨੂੰ ਧਿਰ ਬਣਾਇਆ ਗਿਆ ਸੀ ਤੇ ਕੇਂਦਰ ਨੇ ਆਪਣੇ ਜਵਾਬ ਵਿਚ ਹਾਈ ਕੋਰਟ ਨੂੰ ਜਾਣੂ ਕਰਵਾਇਆ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਦੀ ਨਿਯੁਕਤੀ ਪਿਛੋਂ ਹੀ ਸੰਭਵ ਹਨ। ਮੁੱਖ ਕਮਿਸ਼ਨਰ ਦੀ ਨਿਯੁਕਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ ਤੇ ਇਸ ਉਪਰੰਤ ਹੀ ਸ਼੍ਰੋਮਣੀ ਕਮੇਟੀ ਦੀ ਨਵੀਂ ਬਾਡੀ ਸਬੰਧੀ ਨੋਟੀਫਿਕੇਸ਼ਨ ਜਾਰੀ ਹੋ ਸਕੇਗੀ, ਕਿਉਂਕਿ ਸਿੱਖ ਗੁਰਦੁਆਰਾ ਬੋਰਡ ਇਲੈੱਕਸ਼ਨ ਰੂਲਜ਼ 1959 ਦੀ ਤਜਵੀਜ਼ ਤਹਿਤ ਚੀਫ ਕਮਿਸ਼ਨਰ ਹੀ ਚੋਣਾਂ ਕਰਵਾਉਣ ਦੀ ਕਾਰਵਾਈ ਸ਼ੁਰੂ ਕਰ ਸਕਦੇ ਹਨ।

# ਪੰਚਾਇਤੀ ਚੋਣਾਂ ਅਕਤੂਬਰ 'ਚ ਹੋਣ ਦੀ ਸੰਭਾਵਨਾ

**ਚੰਡੀਗੜ੍ਹ:** ਸੂਬੇ ਦੀਆਂ ਪੰਚਾਇਤੀ ਚੋਣਾਂ ਅੱਗੇ ਪੈ ਗਈਆਂ ਹਨ ਕਿਉਂਕਿ ਰਾਖਵਾਂਕਰਨ ਸਬੰਧੀ ਨੀਤੀ ਨੂੰ ਅਜੇ ਵਿਧਾਨ ਸਭਾ ਵਿਚ ਪ੍ਰਵਾਨਗੀ ਨਹੀਂ ਮਿਲੀ। ਇਸ ਸਬੰਧੀ ਪ੍ਰਕਿਰਿਆ ਨੂੰ ਦੇਰ ਲੱਗਣ ਕਾਰਨ ਪੰਚਾਇਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 15 ਦਿਨ ਅੱਗੇ ਪੈਣ ਦੀ ਸੰਭਾਵਨਾ ਹੈ।

ਇਸ ਦੇ ਇਲਾਵਾ ਪੰਚਾਇਤੀ ਚੋਣਾਂ 'ਚ ਡੋਪ



ਟੈਸਟ ਕਰਵਾਉਣਾ ਹੁਣ ਲਾਜ਼ਮੀ ਨਹੀਂ ਹੋਵੇਗਾ। ਉਮੀਦਵਾਰ ਆਪਣੀ ਮਰਜ਼ੀ ਨਾਲ ਟੈਸਟ ਕਰਵਾਉਣਾ ਚਾਹੁਣ ਤਾਂ ਕਰਵਾ ਸਕਦੇ ਹਨ ਪਰ ਕਿਸੇ ਨੂੰ ਵੀ ਲਾਜ਼ਮੀ ਤੌਰ 'ਤੇ ਟੈਸਟ ਕਰਵਾਉਣ ਲਈ ਸਰਕਾਰ ਨਹੀਂ ਕਹੇਗੀ। ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਰਾਖਵੇਂਕਰਨ ਸਬੰਧੀ ਨਿਯਮ ਬਣਨ 'ਚ ਹੋ ਰਹੀ ਦੇਰੀ ਕਾਰਨ ਹੀ ਇਹ ਚੋਣਾਂ ਅੱਗੇ ਪੈ ਰਹੀਆਂ ਹਨ। ਹਾਲਾਂਕਿ ਮੰਤਰੀ ਵੱਲੋਂ ਚੋਣਾਂ 'ਚ 15 ਦਿਨ ਦੀ ਦੇਰੀ ਹੋਣ ਦੀ ਗੱਲ ਕਹੀ ਜਾ ਰਹੀ ਹੈ ਪਰ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਇਹ ਚੋਣਾਂ 15 ਦਿਨ ਤੋਂ ਇਕ ਮਹੀਨੇ ਤੱਕ ਵੀ ਅੱਗੇ ਪੈ ਸਕਦੀਆਂ ਹਨ।

# ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਕੇਸ 'ਚ ਡੇਰਾ ਮੁਖੀ ਵਿਰੁੱਧ ਦੋਸ਼ ਤੈਅ

**ਪੰਚਕੂਲਾ:** ਡੇਰਾ ਸਿਰਸਾ ਦੇ ਮੁਖੀ ਰਹੇ ਗੁਰਮੀਤ ਰਾਮ ਰਹੀਮ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਹੋਣ ਵਾਲਾ ਹੈ। ਡੇਰੇ ਦੇ ਕਈ ਸਾਧੂਆਂ ਨੂੰ ਨਿਪੁੰਸਕ ਬਣਾਏ ਜਾਣ ਦੇ ਮਾਮਲੇ ਸਬੰਧੀ ਹਰਿਆਣਾ



ਦੀ ਸੀ.ਬੀ.ਆਈ. ਅਦਾਲਤ ਵੱਲੋਂ ਪੰਚਕੂਲਾ ਵਿਚ ਤਿੰਨ ਵਿਅਕਤੀਆਂ ਖਿਲਾਫ਼ ਦੋਸ਼ ਤੈਅ ਕੀਤੇ ਗਏ। ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀਡੀਓ ਕਾਨਫਰੰਸਿੰਗ ਜ਼ਰੀਏ ਪੇਸ਼ ਕੀਤਾ ਗਿਆ ਜਦ ਕਿ ਇਸ ਮਾਮਲੇ ਵਿਚ ਪੀ.ਆਰ ਨੈਨ ਵੀ ਕੋਰਟ ਵਿਚ ਸ਼ਾਮਲ ਹੋਏ।

ਮੈਡੀਕਲ ਗਰਾਊਂਡ 'ਤੇ ਚੱਲ ਰਹੇ ਡਾ. ਮਹਿੰਦਰ ਇੰਸਾਂ ਵੀ ਸੀ.ਬੀ.ਆਈ. ਅਦਾਲਤ ਵਿਚ ਪੇਸ਼ ਹੋਏ। ਇਨ੍ਹਾਂ 'ਤੇ ਇਸ ਮਾਮਲੇ ਵਿਚ ਲੱਗੀਆਂ ਧਾਰਾਵਾਂ ਤਹਿਤ ਦੋਸ਼ ਤੈਅ ਕੀਤੇ ਗਏ। ਹੁਣ ਜਲਦ ਹੀ ਟਰਾਇਲ ਸ਼ੁਰੂ ਹੋਵੇਗਾ ਅਤੇ ਕਿਸੇ ਵੀ ਸਮੇਂ ਗਵਾਹਾਂ ਦੇ ਬਿਆਨ ਲੈ ਕੇ ਅਹਿਮ ਫੈਸਲਾ ਸੀ.ਬੀ.ਆਈ. ਅਦਾਲਤ ਪੰਚਕੂਲਾ ਸੁਣਾ ਸਕਦੀ ਹੈ। ਇਨ੍ਹਾਂ 'ਤੇ ਧਾਰਾ 326, 506, 417 ਆਈ.ਪੀ.ਸੀ. ਦੀ ਧਾਰਾ 120ਬੀ ਤਹਿਤ ਸੁਣਵਾਈ ਹੋਈ। ਇਸ ਮਾਮਲੇ ਦੀ ਅਗਲੀ ਸੁਣਵਾਈ 17 ਅਗਸਤ ਨੂੰ ਹੋਵੇਗੀ।

# ਅਕਾਲੀ ਦਲ ਨੇ ਪੰਥਕ ਮਸਲਿਆਂ ਦੇ ਹੱਲ ਲਈ ਲਾਏ ਦਿੱਲੀ ਡੇਰੇ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਅਫਗਾਨਿਸਤਾਨ ਵਿਚ ਅਤਿਆਚਾਰਾਂ ਤੋਂ ਬਚ ਕੇ ਭਾਰਤ 'ਚ ਸ਼ਰਨ ਲੈਣ ਵਾਲੇ ਸਭ ਅਫਗਾਨ ਸਿੱਖ ਤੇ ਹਿੰਦੂ ਪਰਿਵਾਰਾਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਤੇ ਚੰਡੀਗੜ੍ਹ ਦੇ ਸੰਘੀ ਖੇਤਰ 'ਚ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਸਿੱਖ ਔਰਤਾਂ ਲਈ ਲਾਜ਼ਮੀ ਹੈਲਮਟ ਪਹਿਨਣ ਵਾਲੇ ਨੋਟੀਫਿਕੇਸ਼ਨ ਨੂੰ ਤੁਰਤ ਵਾਪਸ ਕਰਵਾਉਣ ਦੀ ਅਪੀਲ ਕੀਤੀ। ਵਫਦ ਨੇ ਉਨ੍ਹਾਂ ਨੂੰ ਸਿੱਖ ਬੰਦੀਆਂ ਦੀ ਸੂਚੀ ਵੀ ਸੌਂਪੀ, ਜੋ ਆਪਣੀ ਪੂਰੀਆਂ ਸਜ਼ਾਵਾਂ ਕੱਟਣ ਤੋਂ ਬਾਅਦ ਵੀ ਮੁਲਕ ਦੀਆਂ ਵੱਖ-ਵੱਖ ਜੇਲ੍ਹਾਂ 'ਚ ਸੜ ਰਹੇ ਹਨ ਅਤੇ ਉਨ੍ਹਾਂ ਦੀ ਜਲਦੀ ਰਿਹਾਈ ਵਾਸਤੇ ਅਪੀਲ ਕੀਤੀ।

ਵਫਦ ਨੇ ਕਿਹਾ ਕਿ ਇਸ ਸਮੇਂ ਭਾਰਤ 'ਚ ਅਫਗਾਨਿਸਤਾਨ ਤੋਂ ਉੱਜੜ ਕੇ ਆਏ ਲਗਭਗ 35 ਹਜ਼ਾਰ ਅਫਗਾਨੀ ਸਿੱਖ ਅਤੇ ਹਿੰਦੂ ਪਰਿਵਾਰ ਰਹਿ ਰਹੇ ਹਨ। ਇਸ ਮੌਕੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਗ੍ਰਹਿ ਮੰਤਰੀ ਨੂੰ ਉੱਜੜ ਕੇ ਆਏ ਇਨ੍ਹਾਂ ਲੋਕਾਂ ਨੂੰ ਪਾਸਪੋਰਟ ਜਾਰੀ ਕਰਨ ਤੇ ਕਸ਼ਮੀਰੀ ਪੰਡਤਾਂ ਤੇ ਸ੍ਰੀਲੰਕਾ ਦੇ ਤਾਮਿਲਾਂ ਦੇ ਮੁੜ ਵਸੇਬੇ ਦੇ ਕੀਤੇ ਪ੍ਰਬੰਧਾਂ ਵਾਂਗ ਇਨ੍ਹਾਂ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੇ ਵੀ ਮੁਕੰਮਲ ਪ੍ਰਬੰਧ ਕਰਨ ਲਈ ਕਿਹਾ।

ਸ੍ਰੀ ਰਾਜਨਾਥ ਸਿੰਘ ਨੇ ਭਰੋਸਾ ਦਿਵਾਇਆ ਕਿ ਉਹ ਇਸ ਸਾਰੇ ਮਸਲੇ ਦੀ ਜਾਚ ਲਈ ਅਤੇ ਇਸ ਨੂੰ ਹੱਲ ਕਰਨ ਲਈ ਸੁਝਾਅ ਲੈਣ ਵਾਸਤੇ ਸਿੱਖ ਪ੍ਰਤੀਨਿਧੀਆਂ ਦੀ ਇਕ ਕਮੇਟੀ ਬਣਾਉਣਗੇ। ਵਫਦ ਨੇ ਰਾਜਨਾਥ ਸਿੰਘ ਨੂੰ ਸਿੱਕਮ ਸਰਕਾਰ ਨੂੰ ਨਿਰਦੇਸ਼ ਦੇਣ ਲਈ ਕਿਹਾ ਤਾਂ ਜੋ 200 ਸਾਲ ਤੋਂ ਸ਼ਿਲਾਂਗ ਦੀ ਪੰਜਾਬੀ ਲੇਨ ਕਾਲੋਨੀ 'ਚ ਰਹਿੰਦੇ ਸਿੱਖ ਪਰਿਵਾਰਾਂ ਨੂੰ ਜ਼ਬਰਦਸਤੀ ਨਾ ਉਜਾੜਿਆ ਜਾਵੇ।

# ਬਾਦਲਾਂ ਨਾਲ ਲਿਹਾਜ਼ਦਾਰੀ ਤੋਂ ਕੈਪਟਨ ਦੇ ਵਜ਼ੀਰ ਵੀ ਔਖੇ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਭਾਵੇਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਾਦਲਾਂ ਨਾਲ ਕੀਤੀ ਜਾ ਰਹੀ ਲਿਹਾਜ਼ਦਾਰੀ ਖਿਲਾਫ ਖੁੱਲ ਕੇ ਨਹੀਂ ਬੋਲ ਰਹੇ ਪਰ ਢਿੱਡੋਂ ਕਾਫੀ ਔਖੇ ਹਨ। ਦੱਸ ਦਈਏ ਕਿ ਸਿੱਧੂ ਨੇ ਬਾਦਲ ਪਰਿਵਾਰ ਵੱਲੋਂ ਪਿਛਲੀ ਸਰਕਾਰ ਸਮੇਂ ਕੀਤੇ 'ਘਪਲਿਆਂ' ਦੀ ਪੋਲ ਖੋਲੀ ਸੀ, ਹੁਣ ਉਨ੍ਹਾਂ ਨੂੰ ਵਾਰ-ਵਾਰ ਇਹੀ ਸਵਾਲ ਕੀਤਾ ਜਾ ਰਿਹਾ ਹੈ ਕੈਪਟਨ ਉਨ੍ਹਾਂ ਵੱਲੋਂ ਕੀਤੇ ਖੁਲਾਸਿਆਂ ਉਤੇ ਕਾਰਵਾਈ ਕਿਉਂ ਨਹੀਂ ਕਰਦੇ।

ਸਿੱਧੂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸੇ ਵੀ ਸਿਆਸਤਦਾਨ ਜਾਂ ਅਫਸਰ ਵੱਲੋਂ ਕੀਤੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਨੂੰ ਬਦਲਾਖੋਰੀ ਨਾਲ ਜੋੜਨਾ ਠੀਕ ਨਹੀਂ ਹੈ। ਉਨ੍ਹਾਂ ਮੁੱਖ ਮੰਤਰੀ ਵੱਲੋਂ ਅਕਾਲੀਆਂ ਖਿਲਾਫ਼ ਕਾਰਵਾਈ ਨਾ ਕਰਨ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ। ਸ੍ਰੀ ਸਿੱਧੂ ਨੇ ਸਪੱਸ਼ਟ ਕੀਤਾ ਕਿ ਜੇਕਰ ਬਾਦਲ ਪਰਿਵਾਰ ਦੀ ਲੁੱਟ ਸਬੰਧੀ ਮੁੱਖ ਮੰਤਰੀ ਕੋਈ ਕਾਰਵਾਈ ਨਹੀਂ ਕਰਦੇ, ਤਾਂ ਉਨ੍ਹਾਂ (ਕੈਪਟਨ) ਦੀ ਮਰਜ਼ੀ ਪਰ ਉਹ (ਸਿੱਧੂ) ਪਿਛਲੇ ਇਕ ਦਹਾਕੇ ਦੌਰਾਨ ਹੋਈਆਂ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰ ਸਬੰਧੀ ਆਵਾਜ਼ ਬੁਲੰਦ ਕਰਦੇ ਰਹਿਣਗੇ।

ਸ੍ਰੀ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਦੀ ਗੱਲ ਮੰਨਣੀ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਹੈ ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਉਹ ਆਪਣੀ ਜ਼ਮੀਰ ਵੇਚਣ। ਸ੍ਰੀ ਸਿੱਧੂ ਨੇ ਕਿਹਾ ਕਿ ਲੋਕਾਂ ਨੇ ਕਾਂਗਰਸ ਨੂੰ ਵੋਟਾਂ 'ਗੂੰਗੇ' ਬਣਨ ਲਈ ਨਹੀਂ ਪਾਈਆਂ ਸਗੋਂ ਕਿਸੇ ਆਸ ਨਾਲ ਹੀ ਪਾਈਆਂ ਹਨ। ਜੇਕਰ ਉਹ ਆਪਣੇ ਵਾਅਦੇ ਨਹੀਂ ਨਿਭਾਉਣਗੇ ਤਾਂ ਇਤਿਹਾਸ ਮੁਆਫ ਨਹੀਂ ਕਰੇਗਾ।

ਉਨ੍ਹਾਂ ਕਿਹਾ ਕਿ ਪਿਛਲੇ ਇਕ ਦਹਾਕੇ ਦੌਰਾਨ ਸਰਕਾਰੀ ਅਹੁਦੇ 'ਤੇ ਬੈਠੇ ਜਿਸ ਵੀ ਵਿਅਕਤੀ ਵਿਸ਼ੇਸ਼ ਨੇ ਸਰਕਾਰੀ ਖਜ਼ਾਨੇ ਨੂੰ ਲੁੱਟਿਆ ਹੈ, ਉਨ੍ਹਾਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਜਦੋਂ ਪੰਜਾਬ ਦੇ ਹਿੱਤਾਂ ਦੀ ਗੱਲ ਹੋਵੇ ਤਾਂ ਬਦਲੇਖੋਰੀ ਦੀ ਗੱਲ ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਬਾਦਲਾਂ ਨੇ 130 ਕਰੋੜ ਰੁਪਏ ਜਹਾਜ਼ਾਂ 'ਤੇ ਝੂਟੇ ਲੈਣ ਲਈ ਉਡਾ ਦਿੱਤੇ, ਫਿਰ ਇਸ ਦੀ ਜਾਂਚ ਕਿਉਂ ਨਹੀਂ ਹੋਣੀ ਚਾਹੀਦੀ।

ਰਾਹੁਲ ਗਾਂਧੀ ਨਾਲ ਹੋਈ ਮੁਲਾਕਾਤ ਸਬੰਧੀ ਸ੍ਰੀ ਸਿੱਧੂ ਨੇ ਕਿਹਾ ਕਿ ਉਹ ਕਿਸੇ ਦੀ ਸ਼ਿਕਾਇਤ ਕਰਨ ਨਹੀਂ ਗਏ ਸਨ ਬਲਕਿ ਉਨ੍ਹਾਂ (ਸਿੱਧੂ) ਦੀਆਂ ਸ਼ਿਕਾਇਤਾਂ ਹਾਈਕਮਾਂਡ ਤੱਕ ਕੀਤੀਆਂ ਜਾਂਦੀਆਂ ਹਨ। ਮੰਤਰੀ ਨੇ ਬਿਕਰਮ ਸਿੰਘ ਮਜੀਠੀਆ ਖਿਲਾਫ਼ ਵੀ ਕਾਰਵਾਈ ਕਰਨ ਦੀ ਮੰਗ ਕੀਤੀ।

# 'ਆਪ' ਨੇ ਬਾਗੀ ਸੁਰਾਂ ਦੇ ਮੋੜਵੇਂ ਜਵਾਬ ਲਈ ਭਗਵੰਤ ਮਾਨ ਨੂੰ ਕੀਤਾ ਅੱਗੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵੱਲੋਂ ਖਹਿਰਾ ਧੜੇ ਦੀਆਂ ਬਗਾਵਤੀ ਸੁਰਾਂ ਨੂੰ ਮੋੜਵਾਂ ਜਵਾਬ ਦੇਣ ਲਈ ਇਕ ਵਾਰ ਫਿਰ ਤੋਂ ਸੰਸਦ



ਮੈਂਬਰ ਭਗਵੰਤ ਮਾਨ ਨੂੰ ਪੰਜਾਬ ਦੀ ਕਮਾਨ ਸੌਂਪੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਇਕਾਈ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਸ੍ਰੀ ਮਾਨ ਨੇ ਵੀ ਪਾਰਟੀ ਉਤੇ ਪੈਦਾ ਹੋਏ ਸੰਕਟ ਦੇ ਚੱਲਦਿਆਂ ਪੰਜਾਬ ਇਕਾਈ ਦੀ ਕਮਾਨ ਸੰਭਾਲਣ ਦਾ ਮਨ ਬਣਾ ਲਿਆ ਹੈ। ਉਧਰ, ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਕਤੂਬਰ ਵਿਚ ਪੰਜਾਬ ਆ ਕੇ ਲੋਕ ਸਭਾ ਚੋਣਾਂ ਦਾ ਬਿਗਲ ਵਜਾਉਣਗੇ।

ਇਸੇ ਕੜੀ ਤਹਿਤ ਪੰਜਾਬ ਦੇ ਇੰਚਾਰਜ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ 13 ਅਗਸਤ ਨੂੰ ਜਲੰਧਰ ਵਿਚ ਪਾਰਟੀ ਦੇ ਸਮੂਹ ਅਹੁਦੇਦਾਰਾਂ ਨੂੰ ਸੰਬੋਧਨ ਕਰਕੇ ਬਾਗੀ ਖਹਿਰਾ ਧੜੇ ਤੋਂ ਸੁਚੇਤ ਕਰਨਗੇ। ਪਾਰਟੀ ਵੱਲੋਂ 15 ਅਗਸਤ ਨੂੰ ਈਸੜੂ ਵਿਚ ਸ਼ਹੀਦੀ ਕਾਨਫਰੰਸ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਨੂੰ ਭਗਵੰਤ ਮਾਨ ਵੱਲੋਂ ਸੰਬੋਧਨ ਕੀਤੇ ਜਾਣ ਦੀ ਸੰਭਾਵਨਾ ਹੈ। ਪਾਰਟੀ 26 ਅਗਸਤ ਨੂੰ ਰੱਖੜ ਪੁੰਨਿਆਂ ਮੌਕੇ ਬਾਬਾ ਬਕਾਲਾ ਵਿਚ ਵੀ ਕਾਨਫਰੰਸ ਕਰੇਗੀ। ਸੂਤਰਾਂ ਅਨੁਸਾਰ ਪਿਛਲੇ ਦਿਨੀਂ ਦਿੱਲੀ ਦੇ ਰਾਮ ਮਨੋਹਰ ਹਸਪਤਾਲ ਵਿਚ ਦਾਖਲ ਸ੍ਰੀ ਮਾਨ ਦਾ ਹਾਲ-ਚਾਲ ਪੁੱਛਣ ਗਏ ਸ੍ਰੀ ਕੇਜਰੀਵਾਲ, ਸ੍ਰੀ ਸਿਸੋਦੀਆ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਇਸ ਮੁੱਦੇ ਉਤੇ ਉਨ੍ਹਾਂ ਨਾਲ ਚਰਚਾ ਕਰਕੇ ਪੰਜਾਬ ਇਕਾਈ ਦੀ ਅਗਵਾਈ ਕਰਨ ਲਈ ਕਿਹਾ ਜਿਸ ਲਈ ਸ੍ਰੀ ਮਾਨ ਨੇ ਹਾਮੀ ਭਰ ਦਿੱਤੀ ਹੈ। ਸ੍ਰੀ ਮਾਨ ਨੇ ਵੀ ਫੋਨ 'ਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪੰਜਾਬ ਇਕਾਈ ਨੂੰ ਪੈਰਾਂ ਸਿਰ ਕਰਨ ਲਈ ਉਨ੍ਹਾਂ ਨੇ ਮੁੜ ਪੰਜਾਬ ਵਿਚ ਸਰਗਰਮ ਹੋਣ ਦਾ ਮਨ ਬਣਾ ਲਿਆ ਹੈ।

ਉਨ੍ਹਾਂ ਕਿਹਾ ਕਿ ਉਹ ਸੰਸਦ ਦਾ ਕੰਮ ਨਿਪਟਾ ਕੇ ਜਲਦੀ ਹੀ ਪੰਜਾਬ ਆ ਰਹੇ ਹਨ ਅਤੇ ਫਿਰ ਲੋਕ ਸਭਾ ਚੋਣਾਂ ਤੱਕ ਉਹ ਆਪਣਾ ਸਾਰਾ ਸਮਾਂ ਪੰਜਾਬ ਵਿਚ ਹੀ ਪਾਰਟੀ ਲਈ ਦੇਣਗੇ। ਇਸੇ ਦੌਰਾਨ 'ਆਪ' ਦੀ ਪੰਜਾਬ ਇਕਾਈ ਦੇ ਸੂਬੇ ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਆਗੂਆਂ ਦੀ ਇਥੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਹੋਈਆਂ ਕਈ ਗੇੜ ਦੀਆਂ ਮੀਟਿੰਗਾਂ ਦੌਰਾਨ ਮਤਾ ਪਾਸ ਕਰਕੇ ਭਗਵੰਤ ਮਾਨ ਦੇ ਪ੍ਰਧਾਨ ਅਤੇ ਵਿਧਾਇਕ ਅਮਨ ਅਰੋੜਾ ਵੱਲੋਂ ਸਹਿ ਪ੍ਰਧਾਨ ਦੇ ਅਹੁਦਿਆਂ ਤੋਂ ਦਿੱਤੇ ਅਸਤੀਫਿਆਂ ਨੂੰ ਨਾਮਨਜ਼ੂਰ ਕਰਦਿਆਂ ਹਾਈਕਮਾਂਡ ਨੂੰ ਅਪੀਲ ਕੀਤੀ ਗਈ ਕਿ ਇਨ੍ਹਾਂ ਦੋਹਾਂ ਆਗੂਆਂ ਨੂੰ ਮੁੜ ਆਪੋ ਆਪਣੇ ਅਹੁਦਿਆਂ ਉਤੇ ਕੰਮ ਕਰਨ ਲਈ ਕਿਹਾ ਜਾਵੇ।

ਸੂਤਰਾਂ ਮੁਤਾਬਕ ਪੰਜਾਬ ਇਕਾਈ ਵੱਲੋਂ ਪਾਸ ਕੀਤਾ ਗਿਆ ਇਹ ਮਤਾ ਦਿੱਲੀ ਵਿਚ ਹਾਈਕਮਾਂਡ ਦੀ ਸ੍ਰੀ ਮਾਨ ਨਾਲ ਹਸਪਤਾਲ ਵਿਚ ਹੋਈ ਗੁਫ਼ਤਗੂ ਦੀ ਹੀ ਇਕ ਕੜੀ ਹੈ। ਸੂਤਰਾਂ ਅਨੁਸਾਰ ਆਗੂਆਂ ਨੇ ਆਸ ਪ੍ਰਗਟਾਈ ਹੈ ਕਿ ਸ੍ਰੀ ਖਹਿਰਾ ਨਾਲ ਗਏ ਛੇ ਵਿਧਾਇਕਾਂ ਵਿਚੋਂ ਘੱਟੋ ਘੱਟ ਦੋ ਵਿਧਾਇਕ ਪਾਰਟੀ ਵੱਲ ਮੋੜਾ ਕੱਟ ਸਕਦੇ ਹਨ।

ਇਸੇ ਦੌਰਾਨ 'ਆਪ' ਦੇ ਮਹਿਲਾ ਵਿੰਗ ਦੀ ਇੰਚਾਰਜ ਤੇ ਵਿਧਾਇਕ ਪ੍ਰੋ. ਬਲਜਿੰਦਰ ਕੌਰ, ਪ੍ਰਧਾਨ ਲਾਲੀ ਰਾਜ ਗਿੱਲ ਤੇ ਸਹਿ-ਪ੍ਰਧਾਨ ਜੀਵਨਜੋਤ ਕੌਰ ਨੇ ਕਿਹਾ ਕਿ ਸ੍ਰੀ ਖਹਿਰਾ ਦਾ ਨਿੱਜੀ ਸਟਾਫ ਪਾਰਟੀ ਦੀਆਂ ਮਹਿਲਾ ਵਿਧਾਇਕਾਂ ਸਰਵਜੀਤ ਕੌਰ ਮਾਣੂਕੇ, ਰੁਪਿੰਦਰ ਕੌਰ ਰੂਬੀ ਅਤੇ ਬਲਜਿੰਦਰ ਕੌਰ ਵਿਰੁੱਧ ਸੋਸ਼ਲ ਮੀਡੀਆ ਉੱਤੇ ਇਤਰਾਜ਼ਯੋਗ ਪੋਸਟਾਂ ਪਾ ਕੇ ਇਸਤਰੀ ਜਾਤੀ ਦਾ ਅਪਮਾਨ ਕਰ ਰਿਹਾ ਹੈ। ਖੁਦ ਸ੍ਰੀ ਖਹਿਰਾ ਪਾਰਟੀ ਦੇ ਵਿਧਾਇਕਾਂ ਨੂੰ ਪਿੰਡਾਂ ਵਿਚ ਨਾ ਵੜਨ ਦੇਣ ਦੇ ਭੜਕਾਊ ਬਿਆਨ ਦੇ ਕੇ ਮਾਹੌਲ ਖਰਾਬ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਹੜਾ ਆਗੂ 'ਆਪ' ਵਿਚ ਖੁਦ ਸ਼ਾਮਲ ਹੋ ਕੇ ਵਿਧਾਇਕ ਤੇ ਫਿਰ ਵਿਰੋਧੀ ਧਿਰ ਦੇ ਆਗੂ ਵਰਗੇ ਸਭ ਤੋਂ ਵੱਡੇ ਅਹੁਦੇ 'ਤੇ ਪੁੱਜ ਕੇ ਵੀ ਪਾਰਟੀ ਦੇ ਉਲਟ ਕਾਰਵਾਈਆਂ ਕਰੇ, ਅਜਿਹੇ ਆਗੂ ਉਤੇ ਹੋਰ ਵਿਸ਼ਵਾਸ ਕਿਵੇਂ ਕੀਤਾ ਜਾ ਸਕਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਖਹਿਰਾ ਅਜਿਹੇ ਵਰਤਾਰੇ ਲਈ ਮੁਆਫੀ ਮੰਗਣ। ਜੇ ਸ੍ਰੀ ਖਹਿਰਾ ਮੁਆਫ਼ੀ ਨਹੀਂ ਮੰਗਦੇ ਤਾਂ ਉਹ ਪੁਲਿਸ ਕੋਲ ਸ਼ਿਕਾਇਤ ਕਰਨ ਬਾਰੇ ਵੀ ਸੋਚ ਸਕਦੀਆਂ ਹਨ।

## 'ਆਪ' ਦੀ ਫੁੱਟ ਤੋਂ ਕਾਂਗਰਸ ਤੇ ਅਕਾਲੀ ਦਲ ਬਾਗੋ ਬਾਗ

ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਅੰਦਰੋ-ਅੰਦਰੀ 'ਆਪ' ਦੀ ਫੁੱਟ ਤੋਂ ਬਾਗੋ ਬਾਗ ਹੈ। ਖਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ 'ਆਪ' ਦੀ ਫੁੱਟ ਕਾਫੀ ਫਿੱਟ ਬੈਠਦੀ ਹੈ। 'ਆਪ' ਦਾ ਬਾਗੀ ਧੜਾ ਇਸ ਗੱਲੋਂ ਵੀ ਸੁਚੇਤ ਰਿਹਾ ਸੀ ਕਿ ਉਨ੍ਹਾਂ ਦਾ ਦਲਿਤ ਵਿਰੋਧੀ ਹੋਣ ਦਾ ਪ੍ਰਭਾਵ ਨਾ ਚਲਾ ਜਾਵੇ। ਬਾਗੀ ਧੜੇ ਦੇ ਵਿਧਾਇਕਾਂ ਨੇ ਵਾਰ-ਵਾਰ ਸਪੱਸ਼ਟ ਕੀਤਾ ਕਿ ਉਹ ਦਲਿਤ ਵਿਰੋਧੀ ਨਹੀਂ ਹਨ ਬਲਕਿ ਉਹ ਤਾਂ ਹਾਈ ਕਮਾਂਡ ਨੂੰ ਹਮੇਸ਼ਾ ਆਖਦੇ ਰਹੇ ਹਨ ਕਿ ਮੁੱਖ ਅਹੁਦਿਆਂ 'ਤੇ ਦਲਿਤ ਵਰਗ ਨੂੰ ਨੁਮਾਇੰਦਗੀ ਦਿੱਤੀ ਜਾਵੇ। ਰੈਲੀ ਵਿੱਚ ਦੋ ਦਲਿਤ ਵਿਧਾਇਕ ਵੀ ਹਾਜ਼ਰ ਸਨ। ਇਸੇ ਤਰ੍ਹਾਂ ਬਾਗੀ ਧੜੇ ਨੇ ਉਨ੍ਹਾਂ ਵਲੰਟੀਅਰਾਂ ਨੂੰ ਵੀ ਸੁਨਹਿਰਾ ਮੌਕਾ ਦੇ ਦਿੱਤਾ ਹੈ, ਜਿਨ੍ਹਾਂ ਦੀ 'ਆਪ' ਦੇ ਵਿਧਾਇਕ ਪੁੱਛਗਿੱਛ ਨਹੀਂ ਕਰ ਰਹੇ ਸਨ।

# ਖਹਿਰਾ ਧੜੇ ਤੇ ਗਰਮਖਿਆਲੀਆਂ ਦੀ ਤੰਦ ਜੁੜਨ ਦੇ ਆਸਾਰ

**ਬਠਿੰਡਾ:** 'ਆਪ' ਦੇ ਬਾਗੀ ਧੜੇ ਤੇ ਗਰਮਖਿਆਲੀ ਪੰਥਕ ਧਿਰਾਂ ਦੀ ਤੰਦ ਜੁੜਨ ਦੇ ਆਸਾਰ ਹਨ। ਉਂਜ ਵੀ ਖਹਿਰਾ ਧੜੇ ਨੇ 'ਆਪ' ਦੇ ਵਿਧਾਇਕਾਂ ਤੋਂ ਨਾਰਾਜ਼ ਵਾਲੰਟੀਅਰਾਂ ਨੂੰ ਇਕ ਪਲੇਟਫਾਰਮ ਦੇ ਦਿੱਤਾ ਹੈ। ਬਾਗੀ ਧੜੇ ਨੇ ਬਠਿੰਡਾ ਰੈਲੀ ਵਿਚ ਡੇਰਾਵਾਦ ਖਿਲਾਫ਼ ਸਖਤ ਸਟੈਂਡ ਦਾ ਝਲਕਾਰਾ ਦਿੱਤਾ ਅਤੇ ਉਧਰ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਮੱਠੀ ਸੁਰ ਵਿਚ ਬਾਗੀ ਧੜੇ ਦੀ ਹਮਾਇਤ ਕਰ ਦਿੱਤੀ ਹੈ।

\ਰੈਲੀ ਦੇ ਇਕੱਠ ਵਿਚ ਦਾਦੂਵਾਲ ਦੇ ਜਥੇ ਦੇ ਆਗੂਆਂ ਸਮੇਤ ਇਕ ਹੋਰ ਸਿੱਖ ਪ੍ਰਚਾਰਕ ਦੇ ਜਥੇ ਦੇ ਆਗੂ ਦੇਖੇ ਗਏ ਅਤੇ ਬਾਦਲ ਵਿਰੋਧੀ ਪੰਥਕ ਧਿਰ ਦੇ ਸੀਨੀਅਰ ਆਗੂ ਦਾ ਲੜਕਾ ਵੀ ਰੈਲੀ ਵਿਚ ਘੁੰਮ ਰਿਹਾ ਸੀ। ਵਿਧਾਨ ਸਭਾ ਚੋਣਾਂ 2017 ਤੋਂ ਐਨ ਪਹਿਲਾਂ ਬਾਦਲ ਵਿਰੋਧੀ ਪੰਥਕ ਧਿਰਾਂ ਨੇ ਅਰਵਿੰਦ ਕੇਜਰੀਵਾਲ ਨਾਲ ਵੀ ਤਾਲਮੇਲ ਬਣਾਇਆ ਸੀ, ਜੋ ਸਿਰੇ ਨਹੀਂ ਲੱਗ ਸਕਿਆ ਸੀ। ਚੋਣਾਂ ਮੌਕੇ ਕਾਂਗਰਸ ਨੇ ਕੇਜਰੀਵਾਲ ਦੀ ਗਰਮਖਿਆਲੀਆਂ ਨਾਲ ਨੇੜਤਾ ਨੂੰ ਨਿਸ਼ਾਨੇ ਉਤੇ ਰੱਖਿਆ ਸੀ, ਜਿਸ ਦਾ 'ਆਪ' ਨੂੰ ਨੁਕਸਾਨ ਵੀ ਝੱਲਣਾ ਪਿਆ ਸੀ। ਰੈਲੀ ਵਿਚ ਸੁਖਪਾਲ ਖਹਿਰਾ ਨੇ ਬੇਅਦਬੀ ਮਾਮਲੇ ਦੀ ਗੱਲ ਕਰਦੇ ਹੋਏ ਬਿਨਾਂ ਨਾਮ ਲਏ ਡੇਰਾ ਸਿਰਸਾ ਨੂੰ ਨਿਸ਼ਾਨੇ 'ਤੇ ਰੱਖਿਆ। ਖਹਿਰਾ ਨੇ ਬਰਗਾੜੀ ਇਨਸਾਫ ਮੋਰਚਾ ਦੇ ਧਰਨੇ ਵਿਚ ਜਾ ਕੇ ਹਮਾਇਤ ਕੀਤੀ ਸੀ ਅਤੇ ਹੁਣ ਬੇਅਦਬੀ ਮਾਮਲੇ ਅਤੇ ਬਹਿਬਲ ਗੋਲੀ ਕਾਂਡ ਦੇ ਮਾਮਲੇ ਉਤੇ ਸਖਤ ਸਟੈਂਡ ਲੈਣ ਦਾ ਐਲਾਨ ਵੀ ਕੀਤਾ।

ਖਹਿਰਾ ਨੂੰ ਰਾਇਸ਼ੁਮਾਰੀ-2020 ਦੇ ਮਾਮਲੇ 'ਤੇ ਵੀ ਪਾਰਟੀ ਕੋਲੋਂ ਨਮੋਸ਼ੀ ਝੱਲਣੀ ਪਈ ਸੀ। ਭਾਵੇਂ ਬਾਗੀ ਧੜੇ ਦਾ ਭਵਿੱਖ ਕਿਹੋ ਜੇਹਾ ਵੀ ਹੋਵੇ ਪਰ ਬਾਦਲ ਵਿਰੋਧੀ ਪੰਥਕ ਧਿਰਾਂ ਆਉਂਦੇ ਸਮੇਂ ਵਿਚ ਬਾਗੀ ਧੜੇ ਨਾਲ ਘਿਉ-ਖਿਚੜੀ ਹੋ ਸਕਦੀਆਂ ਹਨ। ਅੱਗੇ ਸ਼੍ਰੋਮਣੀ ਕਮੇਟੀ



ਚੋਣਾਂ ਹਨ, ਜਿਸ ਵਿਚ ਪੰਥਕ ਧਿਰਾਂ ਬਾਗੀ ਧੜੇ ਤੋਂ ਹਮਾਇਤ ਦੀ ਆਸ ਕਰ ਸਕਦੀਆਂ ਹਨ। ਹਮਖਿਆਲੀ ਪਾਰਟੀਆਂ ਨਾਲ ਤੀਜਾ ਬਦਲ ਉਸਾਰਨ ਦੀ ਗੱਲ ਖਹਿਰਾ ਨੇ ਕੀਤੀ ਹੈ। 'ਆਪ' ਵਿਧਾਇਕ ਜੱਗਾ ਹਿੱਸੋਵਾਲ ਨੇ ਤਾਂ ਰੈਲੀ ਵਿਚ ਬੈਂਸ ਭਰਾਵਾਂ ਦਾ ਪੱਖ ਵੀ ਰੱਖਿਆ ਅਤੇ ਬੈਂਸ ਭਰਾਵਾਂ ਵੱਲੋਂ ਰੈਲੀ ਵਿਚ ਯੋਗਦਾਨ ਪਾਏ ਜਾਣ ਦੀ ਗੱਲ ਵੀ ਕਿਸੇ ਤੋਂ ਲੁਕੀ ਨਹੀਂ ਹੈ। ਏਦਾਂ ਦੇ ਹਾਲਾਤ ਵਿਚ ਨਵੀਂ ਸਿਆਸੀ ਕਤਾਰਬੰਦੀ ਬਣਨ ਦੀ ਸੰਭਾਵਨਾ ਹੈ।

# ਬਾਦਲਾਂ ਵੱਲੋਂ ਲੋਕਾਂ ਦੀ ਸਿਆਸੀ ਨਬਜ਼ ਟੋਹਣ ਲਈ ਭੱਜ-ਨੱਠ

**ਬਠਿੰਡਾ:** ਬਠਿੰਡਾ ਸੰਸਦੀ ਹਲਕੇ ਦੇ ਲੋਕਾਂ ਦੀ ਸਿਆਸੀ ਨਬਜ਼ ਟੋਹਣ ਲਈ ਬਾਦਲਾਂ ਨੇ 'ਗੁਪਤ ਫੀਡ ਬੈਕ ਮਿਸ਼ਨ' ਸ਼ੁਰੂ ਕੀਤਾ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬਕਾਇਦਾ ਬਠਿੰਡਾ ਹਲਕੇ ਦੀ ਸਿਆਸੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਸੂਤਰ ਦੱਸਦੇ ਹਨ ਕਿ ਬਠਿੰਡਾ ਜ਼ਿਲ੍ਹੇ ਦੇ ਅਕਾਲੀ ਲੀਡਰਾਂ ਨਾਲ ਦਿੱਲੀ ਵਿਚ ਮੀਟਿੰਗ ਕੀਤੀ ਗਈ, ਜਿਸ ਵਿਚ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਨੇ ਹਲਕੇ ਦੇ ਲੋਕਾਂ ਦਾ ਰੁਖ ਜਾਨਣ ਦੀ ਹਦਾਇਤ ਕੀਤੀ ਹੈ। ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਬਠਿੰਡਾ ਦੇ ਅਬਜ਼ਰਵਰ ਐਨ.ਕੇ. ਸ਼ਰਮਾ ਅਤੇ ਨਵੇਂ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਨਕੱਈ ਵੀ ਇਸ ਮੀਟਿੰਗ ਵਿਚ ਸ਼ਾਮਲ ਸਨ।

ਸੂਤਰਾਂ ਅਨੁਸਾਰ ਮੀਟਿੰਗ ਵਿਚ ਸਪਸ਼ਟ ਖਾਕਾ ਤਿਆਰ ਕੀਤਾ ਗਿਆ, ਜਿਸ ਵਿਚ ਮੁੱਢਲੇ ਪੜਾਅ 'ਤੇ ਪੇਂਡੂ ਤੇ ਸ਼ਹਿਰੀ ਲੋਕਾਂ ਦੇ ਮੂਡ ਨੂੰ ਵੇਖਣਾ ਹੈ। ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕਾਂ ਦੇ ਰੋਹ ਨੂੰ ਮਾਪਿਆ ਜਾਣਾ ਹੈ। ਉਨ੍ਹਾਂ ਟਕਸਾਲੀ ਆਗੂਆਂ ਦੀ ਸ਼ਨਾਖਤ ਕਰਨ ਵਾਸਤੇ ਹਦਾਇਤ ਕੀਤੀ ਹੈ, ਜੋ ਰੁਸੇਵੇਂ ਕਾਰਨ ਘਰ ਬੈਠ ਗਏ ਹਨ।

ਬਠਿੰਡਾ ਸ਼ਹਿਰੀ ਹਲਕੇ ਵਿਚ ਪਿਛਲੇ ਦਿਨੀਂ ਸਾਬਕਾ ਮੁੱਖ ਸੰਸਦੀ ਸਕੱਤਰ ਸਰੂਪ ਚੰਦ ਸਿੰਗਲਾ ਨੇ ਇਕ ਪੈਲੇਸ ਵਿਚ ਵਰਕਰਾਂ ਦਾ ਇਕੱਠ ਕੀਤਾ ਸੀ, ਜਿਸ ਦਾ ਮਤਲਬ ਸ਼ਹਿਰੀ ਲੋਕਾਂ ਨੂੰ ਨਵੇਂ ਮਿਸ਼ਨ ਦਾ ਸੁਨੇਹਾ ਦੇਣਾ ਸੀ।

ਪਤਾ ਲੱਗਾ ਹੈ ਕਿ ਉਨ੍ਹਾਂ ਦੇ ਸੰਸਦੀ ਕੋਟੇ ਦੇ ਕਾਫੀ ਫੰਡ ਹਾਲੇ ਅਣਵਰਤੇ ਪਏ ਹਨ। ਇਧਰ ਪੰਚਾਇਤਾਂ ਭੰਗ ਹੋਣ ਕਰ ਕੇ ਹੁਣ ਪੰਚਾਇਤਾਂ ਸਰਕਾਰੀ ਪ੍ਰਬੰਧਕਾਂ ਕੋਲ ਹਨ। ਅਜਿਹੇ ਹਾਲਾਤ ਵਿਚ ਕੇਂਦਰੀ ਮੰਤਰੀ ਆਪਣੇ ਸੰਸਦੀ ਕੋਟੇ ਦੇ ਫੰਡਾਂ ਨੂੰ ਕਾਂਗਰਸੀ ਹੱਥਾਂ ਵਿੱਚ ਜਾਣ ਤੋਂ ਰੋਕਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਪਿੰਡਾਂ ਵਿਚ ਕਈ ਕਈ ਧੜੇ ਵੰਡੇ ਹੋਏ ਹਨ, ਜਿਨ੍ਹਾਂ ਨੂੰ ਇਕਸੁਰ ਕਰਨ ਵਾਸਤੇ ਵੀ ਸੁਝਾਅ ਮੰਗੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹੁਣ ਜ਼ਿਲ੍ਹਾ ਪ੍ਰਧਾਨਗੀ ਵੀ ਜਗਦੀਪ ਸਿੰਘ ਨਕੱਈ ਨੂੰ ਦਿੱਤੀ ਗਈ ਹੈ, ਜਿਨ੍ਹਾਂ ਦਾ ਆਪਣਾ ਹਲਕਾ ਵੀ ਬਠਿੰਡਾ ਸੰਸਦੀ ਹਲਕੇ ਵਿਚ ਪੈਂਦਾ ਹੈ ਜਦੋਂਕਿ ਪਿਛਲੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸਿੰਘ ਮਲੂਕਾ ਦਾ ਹਲਕਾ ਰਾਮਪੁਰਾ ਬੀਬਾ ਬਾਦਲ ਦੇ ਸੰਸਦੀ ਹਲਕੇ ਬਠਿੰਡਾ ਤੋਂ ਬਾਹਰ ਸੀ।

ਸ਼੍ਰੋਮਣੀ ਅਕਾਲੀ ਦਲ ਇਸ ਗੱਲੋਂ ਖੁਸ਼ ਹੈ ਕਿ ਬਠਿੰਡਾ ਸ਼ਹਿਰੀ ਹਲਕੇ ਦੇ ਲੋਕ ਕਾਂਗਰਸ ਤੋਂ ਨਾਖੁਸ਼ ਹਨ। ਭਾਵੇਂ ਪੱਲੜਾ ਅਕਾਲੀ ਦਲ ਦੇ ਹੱਕ ਵਿਚ ਝੁਕਦਾ ਕਿਧਰੇ ਨਜ਼ਰ ਨਹੀਂ ਆ ਰਿਹਾ ਹੈ ਪਰ ਬਠਿੰਡਾ ਸ਼ਹਿਰੀ ਲੋਕਾਂ ਲਈ ਵਿਸ਼ੇਸ਼ ਵਿਉਂਤਾਂ ਬਣ ਰਹੀਆਂ ਹਨ।

ਪੰਜਾਬ ਸਰਕਾਰ ਵੱਲੋਂ ਐਤਕੀਂ 15 ਅਗਸਤ ਦੇ ਸਮਾਗਮਾਂ 'ਤੇ ਵਜ਼ੀਰ ਨਵਜੋਤ ਸਿੰਘ ਸਿੱਧੂ ਨੂੰ ਭੇਜਿਆ ਜਾਵੇਗਾ, ਜੋ ਬਾਦਲ ਪਰਿਵਾਰ ਦੀ ਅੱਖਾਂ ਵਿਚ ਹਮੇਸ਼ਾ ਰੜਕਦੇ ਰਹੇ ਹਨ। ਭਾਵੇਂ ਸਮਾਰੋਹ ਵਿਚ ਕੋਈ ਸਿਆਸੀ ਗੱਲ ਤਾਂ ਨਹੀਂ ਹੋਣੀ ਪਰ ਸਿੱਧੂ ਅੱਗੇ ਪਿੱਛੇ ਬਾਦਲ ਪਰਿਵਾਰ ਨੂੰ ਉਨ੍ਹਾਂ ਦੇ ਹਲਕੇ ਦੇ ਵਿਚ ਹੀ ਨਿਸ਼ਾਨੇ ਲਗਾ ਸਕਦੇ ਹਨ। ਪਤਾ ਲੱਗਾ ਹੈ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪੰਚਾਇਤ ਚੋਣਾਂ ਵਿਚ ਡਟ ਕੇ ਲੜਾਈ ਲੜਨ ਲਈ ਆਖਿਆ ਗਿਆ ਹੈ।



## ਬਾਦਲ ਨੇ ਹਲਕਾ ਲੰਬੀ ਵਿਚ ਲਾਇਆ ਮੋਰਚਾ

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਲਕਾ ਲੰਬੀ ਵਿਚ ਅਗੇਤੀ ਹੀ ਮੁਹਿੰਮ ਭਖਾ ਰੱਖੀ ਹੈ, ਜਿਸ ਤਹਿਤ ਉਹ ਪਿੰਡੋਂ ਪਿੰਡ ਲੋਕਾਂ ਦੇ ਖੁਸ਼ੀ ਗਮੀ ਦੇ ਸਮਾਗਮਾਂ ਵਿਚ ਹਾਜ਼ਰੀ ਭਰ ਰਹੇ ਸਨ। ਉਨ੍ਹਾਂ ਦੀ ਸਿਹਤ ਵੀ ਹੁਣ ਬਹੁਤੀ ਇਜਾਜ਼ਤ ਨਹੀਂ ਦਿੰਦੀ ਹੈ। ਸੂਤਰ ਆਖਦੇ ਹਨ ਕਿ ਕੇਂਦਰੀ ਮੰਤਰੀ ਹਰਸਿਮਰਤ ਦੀ ਬਠਿੰਡਾ ਹਲਕੇ ਤੋਂ ਹੁਣ ਤੀਸਰੀ ਚੋਣ ਹੋਵੇਗੀ, ਜਿਸ ਕਰ ਕੇ ਉਨ੍ਹਾਂ ਲਈ ਹੁਣ ਰਾਹ ਸੌਖੇ ਨਹੀਂ ਹਨ।

## 'ਨੰਨ੍ਹੀ ਛਾਂ' ਆਸਰੇ ਬੇੜੀ ਪਾਰ ਲਾਉਣ ਦੀ ਰਣਨੀਤੀ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਸੰਸਦੀ ਹਲਕੇ ਬਠਿੰਡਾ ਵਿਚ ਹੁਣ 'ਮਿਸ਼ਨ-2019' ਦੀ ਤਿਆਰੀ ਵਜੋਂ 'ਨੰਨ੍ਹੀ ਛਾਂ ਤੀਰਥ ਯਾਤਰਾ' ਸ਼ੁਰੂ ਕੀਤੀ ਗਈ ਹੈ ਤਾਂ ਜੋ ਚੋਣਾਂ ਤੋਂ ਪਹਿਲਾਂ ਔਰਤਾਂ ਨੂੰ ਆਪਣੇ ਨਾਲ ਕੀਤਾ ਜਾ ਸਕੇ। ਬਠਿੰਡਾ-ਮਾਨਸਾ ਹਲਕੇ ਵਿਚ ਕਰੀਬ ਚਾਰ ਮਹੀਨਿਆਂ ਤੋਂ ਇਹ ਯਾਤਰਾ ਚੁੱਪ ਚੁਪੀਤੇ ਚੱਲ ਰਹੀ ਹੈ। ਇਸ ਸਿਆਸੀ ਮਿਸ਼ਨ ਵਿਚ ਬਾਜ਼ੀ ਮਾਰਨ ਲਈ ਬਾਦਲਾਂ ਵੱਲੋਂ ਪੇਂਡੂ ਔਰਤਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਤੀਰਥ ਯਾਤਰਾ ਕਰਵਾਈ ਜਾ ਰਹੀ ਹੈ। ਇਹ ਤੀਰਥ ਯਾਤਰਾ ਕੇਂਦਰੀ ਮੰਤਰੀ ਬੀਬੀ ਬਾਦਲ ਵੱਲੋਂ ਅਗਲੀ ਚੋਣ ਵੀ ਬਠਿੰਡਾ ਹਲਕੇ ਤੋਂ ਹੀ ਲੜੇ ਜਾਣ ਦਾ ਇਸ਼ਾਰਾ ਕਰਦੀ ਹੈ। ਇਹ ਯਾਤਰਾ ਵਿਸ਼ੇਸ਼ ਤੌਰ 'ਤੇ ਮਾਵਾਂ-ਧੀਆਂ ਅਤੇ ਨੂੰਹਾਂ-ਸੱਸਾਂ ਲਈ ਹੈ।

ਦੱਸਣਯੋਗ ਹੈ ਕਿ 'ਨੰਨ੍ਹੀ ਛਾਂ' ਪ੍ਰੋਜੈਕਟ ਪਹਿਲਾਂ ਧੀਆਂ ਦੇ ਸਨਮਾਨ, ਬੂਟੇ ਵੰਡਣ ਅਤੇ ਸਿਲਾਈ ਸੈਂਟਰ ਖੋਲ੍ਹਣ ਤੱਕ ਸੀਮਤ ਸੀ ਜਦੋਂਕਿ ਹੁਣ ਇਸ ਤਹਿਤ ਤੀਰਥ ਯਾਤਰਾ ਵੀ ਸ਼ੁਰੂ ਕਰ ਦਿੱਤੀ ਗਈ ਹੈ। ਹੁਣ ਤੱਕ ਬਠਿੰਡਾ- ਮਾਨਸਾ ਦੇ ਪਿੰਡਾਂ ਵਿਚੋਂ 12 ਬੱਸਾਂ ਭੇਜੀਆਂ ਜਾ ਚੁੱਕੀਆਂ ਹਨ ਅਤੇ ਕਰੀਬ 850 ਔਰਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਵਿਚ ਇਨ੍ਹਾਂ ਤੀਰਥ ਯਾਤਰੀਆਂ ਲਈ ਇਕ ਏ.ਸੀ. ਹਾਲ ਬਾਕਾਇਦਾ ਪੱਕੇ ਤੌਰ 'ਤੇ ਬੁੱਕ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਮਰਹੂਮ ਬੀਬੀ ਸੁਰਿੰਦਰ ਕੌਰ ਬਾਦਲ ਵੀ ਹਲਕਾ ਪੱਧਰ 'ਤੇ ਸ਼ਰਧਾਲੂਆਂ ਦੀਆਂ ਬੱਸਾਂ ਭਰ ਕੇ ਅੰਮ੍ਰਿਤਸਰ ਲਿਜਾਂਦੇ ਰਹੇ ਹਨ।

## ਨਾਰੀਅਲ ਤਾਰਨ ਗਈ ਔਰਤ ਨਹਿਰ 'ਚ ਰੁੜ੍ਹੀ

**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਪੀ. ਡਬਲਿਊ. ਡੀ. ਵਰਕਰਜ਼ ਯੂਨੀਅਨ ਦੇ ਆਗੂ ਸੰਗਰਾਮ ਸਿੰਘ ਦੀ ਪਤਨੀ ਅਤੇ ਪੱਤਰਕਾਰ ਜਗਮੋਹਨ ਸਿੰਘ ਦੀ ਸੱਸ ਮਲਕੀਤ ਕੌਰ (64) ਉਸ ਵੇਲੇ ਭਾਖੜਾ ਨਹਿਰ ਦੇ ਤੇਜ਼ ਵਹਾਅ 'ਚ ਰੁੜ੍ਹ ਗਈ ਜਦੋਂ ਉਹ ਨਾਰੀਅਲ ਤਾਰਨ ਲਈ ਫੌਜੀ ਪੁਲ ਦੇ ਨੇੜੇ ਗਈ। ਮਲਕੀਤ ਕੌਰ ਨਾਰੀਅਲ ਤਾਰਨ ਲਈ ਭਾਖੜਾ ਨਹਿਰ ਕੋਲ ਗਈ ਪਰ ਅਚਾਨਕ ਉਸ ਦਾ ਪੈਰ ਤਿਲਕ ਗਿਆ ਤੇ ਉਹ ਨਹਿਰ ਵਿਚਲੇ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਗਈ। ਹਨੇਰਾ ਹੋਣ ਕਾਰਨ ਉਸ ਨੂੰ ਬਚਾਇਆ ਨਾ ਜਾ ਸਕਿਆ ਤੇ ਅਗਲੇ ਦਿਨ ਉਸ ਦੀ ਲਾਸ਼ ਕੋਟਲਾ ਪਾਵਰ ਹਾਊਸ ਦੇ ਗੇਟਾਂ 'ਚ ਮਿਲੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੋਟਕਪੂਰਾ ਗੋਲੀ ਕਾਂਡ: ਅਣਪਛਾਤਿਆਂ ਖਿਲਾਫ ਕੇਸ ਦਰਜ

**ਬਠਿੰਡਾ:** ਪੌਣੇ ਤਿੰਨ ਸਾਲਾਂ ਬਾਅਦ ਫਰੀਦਕੋਟ ਪੁਲਿਸ ਨੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ 'ਚ ਕੋਟਕਪੂਰਾ (ਸ਼ਹਿਰੀ) ਥਾਣੇ 'ਚ ਅਣਪਛਾਤਿਆਂ ਖਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਹੈ ਜਦਕਿ ਬਹਿਬਲ ਕਲਾਂ ਗੋਲੀ ਕਾਂਡ ਕੇਸ 'ਚ ਪੁਲਿਸ ਅਫਸਰਾਂ ਨੂੰ ਨਾਮਜ਼ਦ ਕੀਤੇ ਜਾਣ ਦਾ ਮਾਮਲਾ ਟਲ ਗਿਆ ਹੈ। ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ 'ਚ ਇਰਾਦਾ ਕਤਲ ਦਾ ਪੁਲਿਸ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ। ਪਤਾ ਚੱਲਿਆ ਹੈ ਕਿ ਕੋਟਕਪੂਰਾ ਥਾਣੇ ਦੇ ਮੁੱਖ ਥਾਣਾ ਅਫਸਰ ਨੇ ਪੀੜਤਾਂ ਨੂੰ ਬਿਆਨ ਦੇਣ ਲਈ ਬੁਲਾਇਆ। ਗੋਲੀ ਕਾਂਡ ਵਿਚ ਜਖ਼ਮੀ ਹੋਏ ਅਜੀਤ ਸਿੰਘ ਦੇ ਬਿਆਨਾਂ 'ਤੇ ਧਾਰਾ 307 ਤਹਿਤ ਅਣਪਛਾਤਿਆਂ 'ਤੇ ਕੇਸ ਦਰਜ ਕੀਤਾ ਗਿਆ ਹੈ।

ਅਜੀਤ ਸਿੰਘ ਜ਼ਿਲ੍ਹਾ ਬਰਨਾਲਾ ਦਾ ਬਾਸ਼ਿੰਦਾ ਹੈ ਜਿਸ ਦੀ ਲੱਤ ਵਿਚ ਇਸ ਘਟਨਾ ਦੌਰਾਨ ਗੋਲੀ ਲੱਗੀ ਸੀ। ਦੱਸਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਪੰਜਾਬ ਭਰ ਵਿਚ ਰੋਸ ਮੁਜ਼ਾਹਰੇ ਹੋਏ ਸਨ ਜਿਸ ਤਹਿਤ ਕੋਟਕਪੂਰਾ, ਬਹਿਬਲ ਕਲਾਂ, ਗੋਨਿਆਣਾ ਆਦਿ ਵਿਖੇ ਵੀ ਸਿੱਖ ਸੰਗਤਾਂ ਵੱਲੋਂ ਰੋਸ ਧਰਨੇ ਲਾਏ ਗਏ ਸਨ।

ਦੱਸਣਯੋਗ ਹੈ ਕਿ ਕੋਟਕਪੂਰਾ ਚੌਕ ਵਿਚ ਜਦੋਂ ਸਿੱਖ ਸੰਗਤਾਂ ਰੋਸ ਵਜੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਭਾਈ ਪੰਥਪ੍ਰੀਤ ਸਿੰਘ ਦੀ ਅਗਵਾਈ ਹੇਠ ਧਰਨਾ ਦੇ ਰਹੀਆਂ ਸਨ ਤਾਂ ਪੁਲਿਸ ਨੇ 14 ਅਕਤੂਬਰ 2015 ਨੂੰ ਸਵੇਰੇ 6.40 ਵਜੇ ਫਾਇਰਿੰਗ ਕਰ ਦਿੱਤੀ ਅਤੇ ਅੱਥਰੂ ਗੈਸ ਵਰ੍ਹਾਈ ਸੀ ਜਿਸ ਵਿਚ ਇਕ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਜਦਕਿ ਤਿੰਨ-ਚਾਰ ਹੋਰ ਫੱਟੜ ਹੋਏ ਸਨ।

ਫਰੀਦਕੋਟ ਪੁਲਿਸ ਨੇ ਉਦੋਂ ਉਲਟਾ ਪੁਲਿਸ ਮੁਲਾਜ਼ਮਾਂ ਦੇ ਬਿਆਨਾਂ 'ਤੇ 11 ਸਿੱਖ ਕਾਰਕੁਨਾਂ 'ਤੇ ਕੇਸ ਦਰਜ ਕਰ ਲਿਆ ਸੀ। ਉਦੋਂ ਅੰਦੋਲਨਕਾਰੀਆਂ ਦੀ ਕੋਈ ਸੁਣਵਾਈ ਨਾ ਹੋਈ ਅਤੇ ਨਾ ਹੀ ਕੋਈ ਕੇਸ ਦਰਜ ਹੋਇਆ ਸੀ। ਉਸੇ ਦਿਨ ਬਹਿਬਲ ਕਲਾਂ ਦੇ ਧਰਨੇ ਦੌਰਾਨ ਪੁਲਿਸ ਫਾਇਰਿੰਗ ਵਿਚ ਦੋ ਸਿੱਖ ਨੌਜਵਾਨ ਮਾਰੇ ਗਏ ਸਨ। ਗ੍ਰਹਿ ਵਿਭਾਗ ਪੰਜਾਬ ਨੇ ਹਫਤਾ ਪਹਿਲਾਂ ਡੀ.ਜੀ.ਪੀ ਨੂੰ ਇਹ ਕੇਸ ਦਰਜ ਕੀਤੇ ਜਾਣ ਦੀ ਸਿਫਾਰਸ਼ ਭੇਜ ਦਿੱਤੀ ਸੀ। ਬਰਗਾੜੀ ਇਨਸਾਫ ਮੋਰਚਾ ਦੇ ਪ੍ਰਬੰਧਕੀ ਮੈਂਬਰ ਅਤੇ ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਕੋਟਕਪੂਰਾ ਗੋਲੀ ਕਾਂਡ 'ਚ ਅਣਪਛਾਤਿਆਂ ਖਿਲਾਫ਼ ਦਰਜ ਕੇਸ ਮਨਜ਼ੂਰ ਨਹੀਂ ਹੈ ਕਿਉਂਕਿ ਗੋਲੀ ਕਾਂਡ ਦੀ ਬਣੀ ਵੀਡੀਓ ਵਿਚ ਗੋਲੀ ਚਲਾਉਣ ਵਾਲੇ ਅਫਸਰ ਤੇ ਮੁਲਾਜ਼ਮ ਸਾਫ ਨਜ਼ਰ ਆ ਰਹੇ ਹਨ।

# ਤੂਫਾਨ ਦੇ ਲਪੇਟੇ ਨਾਲ ਬੰਦਾ ਅਮਰੀਕਾ ਤੋਂ ਰੂਸ ਪਹੁੰਚਿਆ

**ਮਾਸਕੋ:** ਗਲਤੀ ਨਾਲ ਸਰਹੱਦ ਪਾਰ ਕਰਦਿਆਂ ਅਮਰੀਕੀ ਨਾਗਰਿਕ ਨੂੰ ਰੂਸ ਦੇ ਬਾਰਡਰ ਗਾਰਡਸ ਨੇ ਹਿਰਾਸਤ 'ਚ ਲੈ ਲਿਆ। ਅਮਰੀਕਾ ਦੇ ਜੌਨ ਮਾਰਟਿਨ ਅਲਾਸਕਾ ਦੀ ਯੂਕੋਨ ਨਦੀ 'ਚ ਕਿਸ਼ਤੀ ਚਲਾ ਰਹੇ ਸਨ। ਉਹ ਆਪਣੀ ਕਿਸ਼ਤੀ ਤੋਂ ਥੋੜ੍ਹੀ ਦੂਰ ਹੀ ਗਏ ਸਨ ਕਿ ਅਚਾਨਕ ਮੌਸਮ ਖਰਾਬ ਹੋ ਗਿਆ। ਅਜਿਹੇ 'ਚ ਬਿਨਾਂ ਕਿਸੇ ਜਾਣਕਾਰੀ ਦੇ ਜੌਨ ਅਮਰੀਕਾ ਤੇ ਰੂਸ ਦਰਮਿਆਨ ਸਥਿਤ ਬੈਰਿੰਗ ਸਮੁੰਦਰ 'ਚ ਭਟਕ ਗਏ।

ਤਕਰੀਬਨ ਦੋ ਹਫਤੇ ਬਾਅਦ ਜਦੋਂ ਉਨ੍ਹਾਂ ਸਮੁੰਦਰ ਕਿਨਾਰੇ ਪੈਰ ਰੱਖਿਆ ਤਾਂ ਉਨ੍ਹਾਂ ਨੂੰ ਬਾਰਡਰ ਗਾਰਡਸ ਨੇ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਜੌਨ ਨੂੰ ਅੰਦਾਜ਼ਾ ਹੋਇਆ ਕਿ ਉਹ ਅਮਰੀਕਾ ਨਹੀਂ ਸਗੋਂ ਰੂਸ ਦੀ ਧਰਤੀ ਉਤੇ ਹੈ। ਰੂਸ ਦੇ ਵਿਦੇਸ਼ ਮੰਤਰੀ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਬਾਰਡਰ ਪੁਲਿਸ ਨੇ ਜੌਨ ਮਾਰਟਨ ਨੂੰ ਚੁਕੋਤਕਾ ਸੂਬੇ ਦੇ ਲਵਰੇਂਤਿਆ ਤੋਂ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਅਮਰੀਕੀ ਦੂਤਾਵਾਸ ਨੂੰ ਖਬਰ ਕਰ ਦਿੱਤੀ ਗਈ ਹੈ।

# ਭਾਰਤੀ ਮੂਲ ਦੀ ਪੱਤਰਕਾਰ ਦੀ ਅਹਿਮ ਅਹੁਦੇ ਲਈ ਚੋਣ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਕੌਰਸਪੌਂਡੈਂਟਸ ਐਸੋਸੀਏਸ਼ਨ (ਡਬਲਿਊ. ਐਚ. ਸੀ. ਏ.) ਦੇ ਬੋਰਡ ਦੀ ਮੈਂਬਰ ਚੁਣੀ ਜਾਣ ਵਾਲੀ ਬੀਬੀ ਅਨੀਤਾ ਕੁਮਾਰ ਪਹਿਲੀ ਭਾਰਤੀ-ਅਮਰੀਕੀ ਬਣ ਗਈ ਹੈ। ਇਹ ਮੀਡੀਆ ਵਿਚ ਅਮਰੀਕੀ ਸਦਰ ਨੂੰ ਕਵਰ ਕਰਨ ਸਬੰਧੀ ਪੱਤਰਕਾਰਾਂ ਦੀ ਸਦੀ ਤੋਂ ਵੱਧ ਪੁਰਾਣੀ ਸਿਖਰਲੀ ਸੰਸਥਾ ਹੈ।

ਇਸ ਦੇ ਬੋਰਡ ਵਿਚ ਨੌਂ ਮੈਂਬਰ ਹੁੰਦੇ ਹਨ। ਬੀਬੀ ਅਨੀਤਾ 2012 ਤੋਂ ਵ੍ਹਾਈਟ ਹਾਊਸ ਨੂੰ ਕਵਰ ਕਰ ਰਹੀ ਹੈ ਤੇ ਉਸ ਨੂੰ ਅਹੁਦੇ ਲਈ ਬਿਨਾਂ ਮੁਕਾਬਲਾ ਚੁਣਿਆ ਗਿਆ ਹੈ।

# ਸਿਪਾਹੀ ਨੂੰ ਗੋਲੀ ਮਾਰਨ ਦੇ ਕੇਸ 'ਚੋਂ ਹਵਾਰਾ ਬਰੀ

**ਮੋਗਾ:** ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਅਦਾਲਤ ਨੇ ਸਾਢੇ 13 ਵਰ੍ਹੇ ਪਹਿਲਾਂ ਥਾਣਾ ਬੱਧਨੀ ਕਲਾਂ ਅਧੀਨ ਪੁਲਿਸ ਚੌਕੀ, ਲੋਪੋ ਵਿਚ ਤਾਇਨਾਤ ਸਿਪਾਹੀ ਜਸਵੀਰ ਸਿੰਘ ਉਤੇ ਜਾਨਲੇਵਾ ਹਮਲਾ ਕਰਨ ਦੇ ਕੇਸ ਵਿਚੋਂ ਦੋਸ਼ ਮੁਕਤ ਕਰਾਰ ਦਿੰਦਿਆਂ ਡਿਸਚਾਰਜ ਕੀਤਾ ਹੈ।

ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਗਰਮਖਿਆਲੀ ਆਗੂ ਜਗਤਾਰ ਸਿੰਘ ਹਵਾਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ ਅਤੇ ਸਬੂਤਾਂ ਦੀ ਘਾਟ ਕਾਰਨ ਉਸ ਖਿਲਾਫ਼ ਦੋਸ਼ ਆਇਦ ਨਹੀਂ ਹੋ ਸਕੇ। ਹਵਾਰਾ ਦੇ ਕੇਸ ਦੀ ਪੈਰਵੀ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕੀਤੀ। ਸੁਰੱਖਿਆ ਪ੍ਰਬੰਧਾਂ ਕਰ ਕੇ ਪੁਲਿਸ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ 'ਚੋਂ ਨਿੱਜੀ ਤੌਰ ਉਤੇ ਪੇਸ਼ ਕਰਨ ਤੋਂ ਟਾਲਾ ਵੱਟ ਰਹੀ ਸੀ। ਜਦੋਂ ਤੱਕ ਕੋਈ ਵੀ ਮੁਲਜ਼ਮ ਅਦਾਲਤ ਵਿਚ ਨਿੱਜੀ ਤੌਰ 'ਤੇ ਪੇਸ਼ ਨਹੀਂ ਹੁੰਦਾ, ਉਦੋਂ ਤੱਕ ਮੁਲਜ਼ਮ ਖਿਲਾਫ਼ ਦੋਸ਼ ਆਇਦ ਨਹੀਂ ਹੋ ਸਕਦੇ।

ਦੱਸਣਯੋਗ ਹੈ ਕਿ 16 ਫਰਵਰੀ 2005 ਨੂੰ ਪੁਲਿਸ ਚੌਕੀ ਲੋਪੋ ਦੇ ਮੁਨਸ਼ੀ/ਸਿਪਾਹੀ ਜਸਵੀਰ ਸਿੰਘ ਨੂੰ ਗੋਲੀ ਮਾਰ ਦਿੱਤੀ ਗਈ ਸੀ। ਇਸ ਕੇਸ 'ਚ 19 ਜਨਵਰੀ 2010 ਨੂੰ ਸਥਾਨਕ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਇਸ ਕੇਸ ਵਿਚ ਨਾਮਜ਼ਦ ਬਾਕੀ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਸੀ। ਇਸ ਕੇਸ 'ਚ ਹਵਾਰਾ ਦੀ ਗ੍ਰਿਫਤਾਰੀ ਨਹੀਂ ਹੋਈ ਸੀ।

ਇਸ ਕੇਸ ਦੀ ਦੱਬੀ ਫਾਈਲ ਪੁਲਿਸ ਨੇ ਉਦੋਂ ਖੋਲੀ ਜਦੋਂ ਹਵਾਰਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਰਜ਼ੀ ਦਾਇਰ ਕਰ ਕੇ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਸੀ।

# ਡੀ. ਐਮ. ਕੇ. ਆਗੂ ਕਰੁਣਾਨਿਧੀ ਨਹੀਂ ਰਹੇ

**ਚੇਨੱਈ:** ਡੀ.ਐਮ.ਕੇ. ਦੇ ਮੁਖੀ ਅਤੇ ਉਘੇ ਦ੍ਰਾਵਿੜ ਸਿਆਸਤਦਾਨ ਐਮ ਕਰੁਣਾਨਿਧੀ ਦਾ ਦੇਹਾਂਤ ਹੋ ਗਿਆ। ਉਹ 94 ਵਰ੍ਹਿਆਂ ਦੇ ਸਨ। ਚੇਨੱਈ ਦੇ ਇਕ ਹਸਪਤਾਲ ਵਿਚ ਉਹ ਪਿਛਲੇ 11 ਦਿਨਾਂ ਤੋਂ ਦਾਖਲ ਸਨ।

ਤਾਮਿਲਨਾਡੂ ਸਰਕਾਰ ਨੇ ਕਰੁਣਾਨਿਧੀ ਦੀ ਮੌਤ 'ਤੇ ਸੱਤ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਤਕਰੀਬਨ ਸੱਤ ਦਹਾਕੇ ਤੱਕ ਤਾਮਿਲਨਾਡੂ ਦੀ ਸਿਆਸਤ ਵਿਚ ਸਰਗਰਮ ਰਹੇ ਐਮ ਕਰੁਣਾਨਿਧੀ ਆਪਣੇ ਪਿੱਛੇ ਦੋ ਪਤਨੀਆਂ ਅਤੇ ਛੇ ਬੱਚੇ ਛੱਡ ਗਏ ਹਨ।

ਕਰੁਣਾਨਿਧੀ ਦੀ ਮੌਤ ਮਗਰੋਂ ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਪ੍ਰਗਟਾਇਆ। ਹਸਪਤਾਲ ਦੇ ਬਾਹਰ ਸੈਂਕੜਿਆਂ ਦੀ ਗਿਣਤੀ ਇਕੱਠੇ ਹੋਏ ਲੋਕ ਹੰਝੂ ਵਹਾ ਰਹੇ ਸਨ, ਕਈ ਔਰਤਾਂ ਆਪਣੀਆਂ ਛਾਤੀਆਂ ਪਿੱਟ ਰਹੀਆਂ ਸਨ। ਕਰੁਣਾਨਿਧੀ ਦੀ ਮੌਤ ਦੀ ਖਬਰ ਤੋਂ ਬਾਅਦ ਇਲਾਕੇ ਵਿਚ ਸਾਰੀਆਂ ਦੁਕਾਨਾਂ ਬੰਦ ਹੋ ਗਈਆਂ।

# ਪੰਜਾਬ ਦੀ ਸਿਆਸਤ ਵਿਚ ਨਵੀਂ ਸਫਬੰਦੀ ਉਭਰੀ

*(ਸਫਾ ਇਕ ਦੀ ਬਾਕੀ)*

ਚੁਣੌਤੀ ਦੇ ਕੇ ਪੰਜਾਬ ਯੂਨਿਟ ਨੂੰ ਖਦਮੁਖਤਾਰ ਐਲਾਨ ਦਿਤਾ ਹੈ।

ਬਾਗੀ ਧੜੇ ਨੇ ਹਾਈ ਕਮਾਨ ਨੂੰ ਦੋ-ਟੁੱਕ ਸੁਨੇਹਾ ਦਿੱਤਾ ਕਿ ਪੰਜਾਬ ਨੂੰ ਹੁਣ ਹਾਈ ਕਮਾਨ ਦੇ ਫੈਸਲੇ ਮਨਜ਼ੂਰ ਨਹੀਂ। ਇਸ ਕਨਵੈਨਸ਼ਨ ਦੇ ਅਖੀਰ 'ਚ ਛੇ ਮਤੇ ਪਾਸ ਕੀਤੇ ਗਏ ਜਿਨ੍ਹਾਂ ਲਈ ਜੁੜੇ ਇਕੱਠ ਤੋਂ ਹੱਥ ਖੜ੍ਹੇ ਕਰਾ ਕੇ ਪ੍ਰਵਾਨਗੀ ਲਈ ਗਈ। ਬਾਗੀ ਧੜੇ ਨੇ ਮਤਾ ਪਾਸ ਕਰ ਕੇ 'ਆਪ' ਦਾ ਪੰਜਾਬ ਯੂਨਿਟ ਭੰਗ ਕਰ ਕੇ ਨਵਾਂ ਸੰਗਠਨ ਬਣਾਉਣ ਦਾ ਐਲਾਨ ਕੀਤਾ ਅਤੇ ਪੰਜਾਬ ਯੂਨਿਟ ਨੂੰ ਖੁਦਮੁਖਤਾਰ ਬਣਾਉਣ ਦਾ ਫੈਸਲਾ ਕੀਤਾ। ਖਹਿਰਾ ਧੜੇ ਨੇ ਪੰਜਾਬ ਲਈ ਅੱਠ ਮੈਂਬਰੀ ਐਡਹਾਕ ਸਿਆਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਦਾ ਐਲਾਨ ਵੀ ਕਰ ਦਿੱਤਾ ਹੈ। ਇਸ ਧਿਰ ਦਾ ਦਾਅਵਾ ਹੈ ਕਿ ਕਾਰਜਕਾਰਨੀ ਕਮੇਟੀ ਦਾ ਐਲਾਨ ਵੀ ਜਲਦ ਕੀਤਾ ਜਾਵੇਗਾ। ਇਸ ਵੇਲੇ ਖਹਿਰਾ ਧੜੇ ਨਾਲ ਅੱਠ ਵਿਧਾਇਕ ਹਨ। ਸੱਤ ਵਿਧਾਇਕਾਂ ਤੋਂ ਬਾਅਦ ਹੁਣ ਗੜ੍ਹਸ਼ੰਕਰ ਤੋਂ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਵੀ ਇਸ ਧੜੇ ਨਾਲ ਆ ਰਲੇ ਹਨ।

ਸੁਖਪਾਲ ਖਹਿਰਾ ਨੇ ਆਪਣੇ ਇਕ ਘੰਟੇ ਦੇ ਭਾਸ਼ਣ ਵਿਚ ਪੰਜਾਬ ਦੇ ਬੁਨਿਆਦੀ ਮਸਲੇ ਚੰਡੀਗੜ੍ਹ ਦਾ ਮੁੱਦਾ, ਪੰਜਾਬੀ ਬੋਲਦੇ ਇਲਾਕੇ ਅਤੇ ਪਾਣੀਆਂ ਦੀ ਗੱਲ ਕਰਦੇ ਹੋਏ ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਮਸਲਾ ਉਭਾਰਿਆ। ਕਿਸਾਨੀ ਤੇ ਜਵਾਨੀ ਤੋਂ ਇਲਾਵਾ ਵਪਾਰੀਆਂ ਦੇ ਦੁੱਖਾਂ ਦਰਦਾਂ ਦਾ ਮੁੱਦਾ ਵੀ ਛੋਹਿਆ। ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ 20 ਵਿਧਾਇਕ ਹਨ। ਖਹਿਰਾ ਦੀ ਕਾਨਫਰੰਸ ਵਿਚ 7 ਵਿਧਾਇਕਾਂ ਨੇ ਸ਼ਮੂਲੀਅਤ ਕੀਤੀ। ਖਹਿਰਾ ਦੇ ਇਸ ਕਾਨਫਰੰਸ ਨੂੰ ਲੀਹੋਂ ਲਾਹੁਣ ਲਈ 'ਆਪ' ਹਾਈ ਕਮਾਨ ਨੇ ਕੋਈ ਕਸਰ ਨਹੀਂ ਛੱਡੀ ਸੀ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਲੋਂ ਪੰਜਾਬ ਦੇ ਵਿਧਾਇਕਾਂ ਨੂੰ ਇਸੇ ਦਿਨ ਦਿੱਲੀ ਬੁਲਾਇਆ ਗਿਆ ਸੀ, ਪਰ ਉਥੇ 12 ਵਿਧਾਇਕ ਹੀ ਪੁੱਜੇ, ਜਦੋਂ ਕਿ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਇਸ ਕਸ਼ਮਕਸ਼ 'ਚੋਂ ਦੂਰ ਹੀ ਰਹੇ।

ਬਠਿੰਡਾ ਕਾਨਫਰੰਸ ਵਿਚ ਜਿੰਨੇ ਵੱਡੇ ਪੱਧਰ 'ਤੇ ਆਮ ਲੋਕਾਂ ਨੇ ਸ਼ਿਰਕਤ ਕੀਤੀ ਹੈ ਅਤੇ ਜਿਸ ਤਰ੍ਹਾਂ ਦੀ ਦਿਲਚਸਪੀ ਦਿਖਾਈ ਹੈ, ਉਸ ਤੋਂ ਇਹ ਇਕ ਵਾਰ ਫਿਰ ਸਾਫ ਹੋਇਆ ਹੈ ਕਿ ਪੰਜਾਬ ਦੇ ਲੋਕਾਂ ਦਾ ਵੱਡਾ ਵਰਗ ਰਾਜ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹੈ। ਇਸੇ ਵਰਗ ਵਲੋਂ ਕੁਝ ਸਾਲ ਪਹਿਲਾਂ ਰਾਜ ਦੀਆਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਨੂੰ ਵੱਡਾ ਸਮਰਥਨ ਦਿੱਤਾ ਗਿਆ ਸੀ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੇ ਵੀ ਇਸ ਪਾਰਟੀ ਨੂੰ ਭਰਪੂਰ ਹੁੰਗਾਰਾ ਭਰਿਆ ਸੀ ਪਰ ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਪੰਜਾਬ ਦੇ ਲੋਕਾਂ ਦੇ ਮਸਲਿਆਂ ਅਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਅਸਮਰੱਥ ਰਹੀ, ਜਿਸ ਨਾਲ ਲੋਕਾਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ।

ਦੂਜੇ ਪਾਸੇ ਸ. ਖਹਿਰਾ ਵੱਲੋਂ ਤਕੜਾ ਇਕੱਠ ਕਰਨ ਤੋਂ ਬਾਅਦ ਕੌਮੀ ਲੀਡਰਸ਼ਿਪ ਵਿਚ ਹਿਲਜੁਲ ਸ਼ੁਰੂ ਹੋ ਗਈ ਹੈ। ਇਸ ਦੇ ਜਵਾਬ ਵਿਚ ਹੁਣ ਆਉਣ ਵਾਲੇ ਕੁਝ ਦਿਨਾਂ ਵਿਚ ਦਿੱਲੀ ਪੱਖੀ ਲੀਡਰਸ਼ਿਪ ਆਪਣੀ ਰੈਲੀ ਕਰਨ ਦੀ ਯੋਜਨਾ ਵਿਚ ਹੈ। ਹਾਈ ਕਮਾਨ ਨੇ ਹਾਲਾਤ ਵੱਸੋਂ ਬਾਹਰ ਹੁੰਦੇ ਵੇਖ ਭਗਵੰਤ ਮਾਨ ਨੂੰ ਮੁੜ ਥਾਪੜਾ ਦੇ ਦਿੱਤਾ ਹੈ। ਤਕਰੀਬਨ ਡੇਢ ਸਾਲ ਪਿੱਛੋਂ ਮਾਨ ਨੇ ਇਕਦਮ ਸਰਗਰਮੀ ਫੜਦੇ ਹੋਏ ਕੰਵਰ ਸੰਧੂ-ਖਹਿਰਾ ਜੋੜੀ ਨੂੰ ਘੇਰਿਆ ਹੋਇਆ ਹੈ।

# ਪੰਜਾਬ ਦੇ ਗਰਮਖਿਆਲੀਆਂ ਦੀ ਚੁੱਪ ਨੇ ਛੇੜੇ ਚਰਚੇ

*(ਸਫਾ ਇਕ ਦੀ ਬਾਕੀ)*

ਗਿਆ ਸੀ। ਭਾਰਤ ਵਿਚਲੀਆਂ ਖਾਲਿਸਤਾਨ ਪੱਖੀ ਜਥੇਬੰਦੀਆਂ ਨੂੰ ਵੀ ਸ਼ਮੂਲੀਅਤ ਦਾ ਸੱਦਾ ਮਿਲਿਆ ਹੈ ਪਰ ਫਿਲਹਾਲ ਕਿਸੇ ਵੀ ਜਥੇਬੰਦੀ ਨੇ ਹੁੰਗਾਰਾ ਨਹੀਂ ਭਰਿਆ। ਹਾਲ ਹੀ ਵਿਚ ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਹਰਪਾਲ ਸਿੰਘ ਚੀਮਾ ਤੇ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਸ ਫਾਰ ਜਸਟਿਸ ਨੂੰ ਪੱਤਰ ਭੇਜ ਕੇ ਰਿਫਰੈਂਡਮ 2020 ਬਾਰੇ ਸਪਸ਼ਟਤਾ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਇਸ ਸਮਾਗਮ ਉਤੇ ਕੁਝ ਸਵਾਲ ਵੀ ਚੁੱਕੇ ਸਨ ਪਰ ਇਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਿਆ।

ਦੱਸ ਦਈਏ ਕਿ 'ਸਿੱਖਸ ਫਾਰ ਜਸਟਿਸ' ਵੱਲੋਂ ਪੰਜਾਬ ਦੀਆਂ ਪੰਥਕ ਧਿਰਾਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਕਰਨ ਬਾਰੇ ਕੋਈ ਜ਼ਿਆਦਾ ਦਿਲਚਸਪੀ ਨਹੀਂ ਦਿਖਾਈ ਗਈ। ਇਸ ਜਥੇਬੰਦੀ ਨੇ ਸਮਾਗਮ ਤੋਂ ਪਹਿਲਾਂ ਆਪਣੇ ਹੀ ਕੁਝ ਬੰਦਿਆਂ ਤੋਂ ਪੰਜਾਬ ਵਿਚ ਪੋਸਟਰ ਲਗਵਾਏ ਤੇ ਨੌਜਵਾਨਾਂ ਨੂੰ ਲੰਡਨ ਦਾ ਵੀਜ਼ਾ, ਮੁਫਤ ਖਾਣਾ ਪੀਣਾ ਸਮੇਤ ਹੋਰ ਲਾਲਚ ਦਿੱਤੇ ਗਏ। ਪੰਜਾਬ ਦੀਆਂ ਪੰਥਕ ਧਿਰਾਂ ਇਸੇ ਗੱਲ ਤੋਂ ਨਾਰਾਜ਼ ਹਨ ਕਿ ਇਸ ਸਮਾਗਮ ਲਈ ਸੱਦੇ ਲਈ ਗਲਤ ਰਣਨੀਤੀ ਅਪਣਾਈ ਗਈ। ਕੁਝ ਆਗੂ ਇਹ ਵੀ ਗਿਲਾ ਕਰ ਰਹੇ ਹਨ ਕਿ ਵਿਦੇਸ਼ ਵਿਚ ਬੈਠੇ ਕੁਝ 'ਘੋਨੇ ਮੋਨੇ' ਸਿੱਖ ਨੌਜਵਾਨ ਪੀੜ੍ਹੀ ਨੂੰ ਅਸਲ ਮਸਲੇ ਤੋਂ ਦੂਰ ਰੱਖ ਕੇ ਗੁੰਮਰਾਹ ਕਰ ਰਹੇ ਹਨ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਦਾ ਕਹਿਣਾ ਹੈ ਕਿ ਰਾਇਸ਼ੁਮਾਰੀ ਕਰਾਉਣ ਵਾਲੀ ਜਥੇਬੰਦੀ ਕੋਲ ਕੁਝ ਖਦਸ਼ੇ ਪ੍ਰਗਟਾਏ ਗਏ ਹਨ ਤੇ ਸਪੱਸ਼ਟ ਕਰਨ ਲਈ ਆਖਿਆ ਹੈ ਪਰ ਹੁਣ ਤੱਕ ਕੋਈ ਹੁੰਗਾਰਾ ਨਹੀਂ ਆਇਆ। ਯੂਨਾਈਟਿਡ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ ਨੇ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਨੇ ਵੀ ਇਸ ਰਾਇਸ਼ੁਮਾਰੀ ਦੀ ਨਾ ਤਾਂ ਹਮਾਇਤ ਕੀਤੀ ਹੈ ਤੇ ਨਾ ਹੀ ਵਿਰੋਧ। ਸਿੱਖਸ ਫਾਰ ਜਸਟਿਸ ਦੀ ਹਮਖਿਆਲੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਉਹ ਲੰਡਨ ਵਿਚ 12 ਅਗਸਤ ਨੂੰ ਸੱਦੇ ਗਏ ਸਮਾਗਮ ਵਿਚ ਸ਼ਾਮਲ ਨਹੀਂ ਹੋਣਗੇ ਪਰ ਉਹ ਸਿੱਖ ਆਜ਼ਾਦੀ ਦੇ ਹਾਮੀ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਪੁਰਾਤਨ ਪੰਜਾਬ ਦੇ ਅਮੀਰ ਵਿਰਸੇ ਦੀ ਮਹਿਕ ਖਿਲਾਰ ਰਿਹਾ ਹੈ 'ਸਾਡਾ ਪਿੰਡ'

**ਅੰਮ੍ਰਿਤਸਰ:** ਪੰਜਾਬ ਦੀ ਵਿਰਾਸਤ ਨੂੰ ਉਭਾਰਦਾ ਅੰਮ੍ਰਿਤਸਰ ਅਟਾਰੀ ਬਾਈਪਾਸ ਉਤੇ 12 ਏਕੜ ਵਿਚ ਸਥਾਪਤ ਕੀਤਾ ਗਿਆ 'ਸਾਡਾ ਪਿੰਡ' ਜਿਥੇ ਪੁਰਾਤਨ ਪੰਜਾਬ ਦੇ ਅਮੀਰ ਵਿਰਸੇ ਦੀ ਮਹਿਕ ਖਿਲਾਰ ਰਿਹਾ ਹੈ, ਉਥੇ ਹੀ ਪੁਰਾਤਨ ਪੇਂਡੂ ਜੀਵਨਸ਼ੈਲੀ ਦੀ ਝਲਕ ਇਸ ਪਿੰਡ ਵਿਚੋਂ ਮਿਲਦੀ ਹੈ।

ਨਵੰਬਰ 2016 ਵਿਚ ਦਰਸ਼ਕਾਂ ਲਈ ਖੋਲ੍ਹਿਆ ਗਿਆ 'ਸਾਡਾ ਪਿੰਡ' ਅੱਜ-ਕੱਲ੍ਹ ਦੇਸ਼ ਤੋਂ ਇਲਾਵਾ ਵਿਦੇਸ਼ ਤੋਂ ਵੀ ਅੰਮ੍ਰਿਤਸਰ ਪਹੁੰਚਣ ਵਾਲੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਲੋਕ ਕਲਾਵਾਂ ਅਤੇ ਸਾਡੇ ਪਿਛੋਕੜ ਨੂੰ ਦਰਸਾਉਂਦੇ ਇਸ ਪਿੰਡ 'ਚ ਸੈਲਾਨੀ ਪੰਜਾਬ ਦੀ ਪਛਾਣ ਚਾਟੀ ਦੀ ਲੱਸੀ, ਮੱਕੀ ਦੀ ਰੋਟੀ ਅਤੇ ਸਰ੍ਹੋਂ ਦੇ ਸਾਗ ਦਾ ਬੜੇ ਸ਼ੌਕ ਨਾਲ ਸੁਆਦ ਚੱਖਦੇ ਹਨ। ਬੱਚੇ ਭੱਠੀ 'ਚ ਭੁੰਨੇ ਦਾਣੇ, ਬੁੱਢੀ ਮਾਈ ਦਾ ਝਾਟਾ ਖਾ ਕੇ ਅਨੰਦ ਮਾਣਦੇ ਹਨ। ਪਿੰਡ ਵਿਚ ਨੰਬਰਦਾਰ, ਚੌਕੀਦਾਰ, ਸਰਪੰਚ ਦੀ ਹਵੇਲੀ ਵੱਖਰਾ ਨਜ਼ਾਰਾ ਪੇਸ਼ ਕਰਦੀ ਹੈ, ਜਦਕਿ ਪਿੰਡ ਵਿਚ ਫੁਲਕਾਰੀ, ਖਾਦੀ, ਪੰਜਾਬੀ ਜੁੱਤੀ, ਪਰਾਂਦਾ ਤੇ ਪੰਜਾਬੀ ਸੂਟ ਵੀ ਵਿਕਦੇ ਹਨ।

ਸ਼ਾਮ ਵੇਲੇ ਅਖਾੜੇ ਵਿਚ ਕੁਸ਼ਤੀਆਂ, ਗਤਕਾ, ਬਾਜ਼ੀਗਰਾਂ ਦੇ ਹੁਨਰ, ਭੰਡ ਆਪਣਾ ਰੰਗ, ਮੁਟਿਆਰਾਂ ਤੇ ਗੱਭਰੂ ਗਿੱਧਾ-ਭੰਗੜਾ ਪਾਉਂਦੇ ਹਨ ਅਤੇ ਲੋਕ ਗੀਤਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।

ਡਾਕ ਘਰ ਵਿਚ ਬੈਠੇ ਸਰਦਾਰ ਜੀ ਪੋਸਟ ਮਾਸਟਰ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ। ਬੱਚਿਆਂ ਦੇ ਮਨੋਰੰਜਨ ਲਈ ਝੂਲੇ ਅਤੇ ਪੁਰਾਤਨ ਖੇਡਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਥੇ ਮਿੱਟੀ ਅਤੇ ਲੱਕੜੀ ਦੇ ਖਿਡਾਉਣੇ ਬੱਚਿਆਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪਿੰਡ ਵਿਚ 22 ਘਰ ਉਸਾਰੇ ਹਨ ਅਤੇ ਪਿੰਡ ਦੀਆਂ ਗਲੀਆਂ



ਪੁਰਾਤਨ ਪਿੰਡਾਂ ਦੀਆਂ ਗਲੀਆਂ ਵਾਂਗ ਉਸਾਰੀਆਂ ਗਈਆਂ ਹਨ। ਇਸ ਦੇ ਨਾਲ ਹੀ ਲੋਕ ਬੈਲ ਗੱਡੀ, ਊਠ ਦੀ ਸਵਾਰੀ, ਤਾਂਗੇ ਦੇ ਝੂਟੇ ਅਤੇ ਘੋੜ ਸਵਾਰੀ ਦਾ ਅਨੰਦ ਲੈ ਰਹੇ ਹਨ। ਇਥੇ ਖਾਣੇ ਲਈ ਵੱਖਰਾ ਢਾਬਾ ਅਤੇ ਤੀਹ ਦੁਕਾਨਾਂ ਵੀ ਖੋਲ੍ਹੀਆਂ ਗਈਆਂ ਹਨ। ਪੰਜਾਬੀ ਸਭਿਆਚਾਰ ਦੇ ਸਾਰੇ ਰੰਗ ਪਿੰਡ ਵਿਚ ਵੇਖਣ ਨੂੰ ਮਿਲਦੇ ਹਨ।

ਪਿੰਡ ਵਿਚ ਟੂਰਿਸਟਾਂ ਦੇ ਰਾਤ ਠਹਿਰਨ ਦੇ



ਮੰਤਵ ਲਈ ਵੀਹ ਕਮਰੇ ਉਸਾਰੇ ਗਏ ਹਨ, ਜੋ ਬਾਹਰੋਂ ਤਾਂ ਪੇਂਡੂ ਦਿੱਖ ਦੇ ਨਜ਼ਰ ਆਉਂਦੇ ਹਨ ਪਰ ਅੰਦਰ ਹਰ ਆਧੁਨਿਕ ਸਹੂਲਤ ਮੌਜੂਦ ਹੈ। ਪੰਜਾਬੀ ਸਭਿਆਚਾਰ ਨਾਲ ਸਬੰਧਤ ਵਸਤਾਂ ਪਿੰਡ-ਪਿੰਡ ਜਾ ਕੇ ਇਕੱਠੀਆਂ ਕੀਤੀਆਂ ਹਨ ਅਤੇ ਪੁਰਾਤਨ ਪਿੰਡ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਹੈ। ਜ਼ਿਕਰਯੋਗ ਹੈ ਕਿ ਵਿਰਾਸਤੀ ਪਿੰਡ ਦਾ ਸੁਪਨਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤਤਕਾਲੀ ਉਪ ਕੁਲਪਤੀ ਡਾ. ਐਸ.ਪੀ. ਸਿੰਘ ਨੇ ਲਿਆ ਸੀ ਅਤੇ ਇਸ ਦਾ ਉਦਘਾਟਨ 2003 ਵਿਚ ਮੇਰਾ ਪਿੰਡ ਪੁਸਤਕ ਦੇ ਲੇਖਕ ਗਿਆਨੀ ਗੁਰਦਿੱਤ ਸਿੰਘ ਪਾਸੋਂ ਕਰਵਾਇਆ ਸੀ, ਪਰ ਬਾਅਦ ਵਿਚ ਇਸ ਪ੍ਰੋਜੈਕਟ ਨੂੰ ਪੰਜਾਬ ਸਰਕਾਰ ਨੇ ਅਪਣਾ ਲਿਆ ਸੀ ਅਤੇ ਅਕਤੂਬਰ 2011 ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ। ਇਸ ਸਬੰਧੀ ਵਿਰਾਸਤੀ ਪਿੰਡ ਦੇ ਅਧਿਕਾਰੀ ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਰੋਜ਼ਾਨਾ 1500-1600 ਸੈਲਾਨੀ ਇਸ ਪਿੰਡ ਨੂੰ ਵੇਖਣ ਆ ਰਹੇ ਹਨ ਜਦੋਂਕਿ ਐਤਵਾਰ ਸੈਲਾਨੀਆਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਵੀ ਵਧ ਜਾਂਦੀ ਹੈ। ਉਨ੍ਹਾਂ ਦੱਸਿਆ ਕਿ 'ਸਾਡਾ ਪਿੰਡ' ਵਿਚ ਭੰਗੜਾ, ਕਿੱਕਲੀ ਅਤੇ ਗਿੱਧਾ ਦੇ ਕਲਾਕਾਰਾਂ ਵੱਲੋਂ ਹਰ ਰੋਜ਼ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ।

## ਸਰਕਾਰੀ ਸਕੂਲਾਂ ਦੇ ਪਾੜ੍ਹੇ ਕਰਨਗੇ ਜੰਗ-ਏ-ਆਜ਼ਾਦੀ ਯਾਦਗਾਰ ਦਾ ਦੌਰਾ

**ਅੰਮ੍ਰਿਤਸਰ:** ਸਿੱਖਿਆ ਵਿਭਾਗ ਵੱਲੋਂ ਸੂਬੇ ਭਰ ਦੇ ਸਮੂਹ ਸਰਕਾਰੀ ਮਿਡਲ ਸਕੂਲਾਂ 'ਚ ਵਿੱਦਿਆ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਦੇਸ਼ ਦੀ ਆਜ਼ਾਦੀ 'ਚ ਅਹਿਮ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਅਤੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ 'ਜੰਗ-ਏ-ਆਜ਼ਾਦੀ ਯਾਦਗਾਰ' ਕਰਤਾਰਪੁਰ ਦਿਖਾਉਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ 'ਚ ਪੜ੍ਹ ਰਹੇ 6ਵੀਂ, 7ਵੀਂ ਅਤੇ 8ਵੀਂ ਜਮਾਤ ਦੇ ਕੁੱਲ 55 ਹਜ਼ਾਰ ਵਿਦਿਆਰਥੀਆਂ ਨੂੰ ਯਾਦਗਾਰ ਦਿਖਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ 'ਚ ਹਰ ਜ਼ਿਲ੍ਹੇ 'ਚੋਂ ਰੋਜ਼ਾਨਾ 50 ਵਿਦਿਆਰਥੀ 2 ਅਧਿਆਪਕਾਂ ਦੀ ਦੇਖ-ਰੇਖ 'ਚ ਜੰਗ-ਏ-ਆਜ਼ਾਦੀ ਦਾ ਦੌਰਾ ਕਰਨਗੇ।

# ਹਵਾਈ ਫੌਜ ਤੋਂ ਪੰਜਾਬੀਆਂ ਦਾ ਮੋਹ ਭੰਗ

**ਚੰਡੀਗੜ੍ਹ:** ਪਿਛਲੇ ਕੁਝ ਸਾਲਾਂ ਵਿਚ ਜਿਥੇ ਪੰਜਾਬ ਤੋਂ ਹਥਿਆਰਬੰਦ ਫੌਜਾਂ 'ਚ ਚੁਣੇ ਜਾਣ ਵਾਲੇ ਅਧਿਕਾਰੀਆਂ ਦੀ ਗਿਣਤੀ 'ਚ ਉਤਸ਼ਾਹਜਨਕ ਰੁਝਾਨ ਪੈਦਾ ਹੋਇਆ ਹੈ, ਉਥੇ ਹੀ ਏਅਰਫੋਰਸ 'ਚ ਜਾਣ ਵਾਲੇ ਗ੍ਰੈਜੂਏਟ ਪੱਧਰ



ਦੇ ਉਮੀਦਵਾਰਾਂ ਦੀ ਗਿਣਤੀ 'ਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।

ਸਾਲ 2013-14 'ਚ ਪੰਜਾਬ ਦੇ 35 ਗ੍ਰੈਜੂਏਟ ਉਮੀਦਵਾਰਾਂ ਨੇ ਇੰਡੀਅਨ ਏਅਰ ਫੋਰਸ ਵਿਚ ਭਰਤੀ ਹੋਏ ਪਰ ਸੂਬਾ ਸਰਕਾਰ ਵੱਲੋਂ ਜੂਨ 'ਚ ਜਾਰੀ ਕੀਤੇ ਅੰਕੜਿਆਂ ਮੁਤਾਬਕ ਇਹ ਗਿਣਤੀ ਸਾਲ 2017-18 'ਚ ਕਾਫੀ ਘਟ ਗਈ। ਜਿਥੇ ਸਾਲ 2014-15 'ਚ ਆਈ.ਏ.ਐਫ. ਵਿਚ ਭਰਤੀ ਹੋਣ ਵਾਲੇ ਉਮੀਦਵਾਰ 27 ਸਨ ਜੋ 2015-16 'ਚ 26 ਹੋ ਗਈ ਤੇ 2016-17 'ਚ ਘਟ ਕੇ 16 ਹੀ ਰਹਿ ਗਈ ਹੈ। ਇਹ ਅੰਕੜੇ ਪੰਜਾਬ ਸਰਕਾਰ ਵੱਲੋਂ ਹਰ ਸਫਲ ਉਮੀਦਵਾਰ ਨੂੰ ਜਾਰੀ ਕੀਤੀ ਜਾਂਦੀ ਗ੍ਰਾਂਟ 'ਤੇ ਅਧਾਰਿਤ ਹਨ ਜਿਸ ਤਹਿਤ ਸਰਵਿਸ ਟਰੇਨਿੰਗ ਅਕੈਡਮੀ ਜੁਆਇਨ ਕਰਨ ਵਾਲੇ ਹਰ ਉਮੀਦਵਾਰ ਨੂੰ ਇਕ ਲੱਖ ਰੁਪਏ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ। ਇਸ ਸਕੀਮ 'ਚ ਬਾਰ੍ਹਵੀਂ ਪੱਧਰ ਉਤੇ ਨੈਸ਼ਨਲ ਡਿਫੈਂਸ ਅਕੈਡਮੀ 'ਚ ਸ਼ਾਮਲ ਹੋਣ ਵਾਲੇ ਉਮੀਦਵਾਰ ਸ਼ਾਮਲ ਨਹੀਂ ਹਨ।

ਏਅਰਫੋਰਸ 'ਚ ਔਰਤਾਂ ਸਮੇਤ 12,581 ਅਫਸਰ ਹਨ ਤੇ 206 ਅਫਸਰਾਂ ਦੀ ਘਾਟ ਹੈ। ਜਲ ਸੈਨਾ 'ਚ 12 ਫੀਸਦੀ ਤੇ ਥਲ ਸੈਨਾ 'ਚ 15 ਫੀਸਦੀ ਘੱਟ ਹੈ ਪਰ ਏਅਰਫੋਰਸ 'ਚ ਸਿਰਫ 1.6 ਫੀਸਦੀ ਅਫਸਰਾਂ ਕਮੀ ਹੈ। ਪਰ ਪੰਜਾਬ 'ਚੋਂ ਏਅਰਫੋਰਸ 'ਚ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਕਾਫੀ ਘੱਟ ਹੈ। ਪੰਜਾਬ 'ਚ ਅਚਾਨਕ ਆਈ.ਏ.ਐਫ. ਵਿਚ ਗਰੈਜੂਏਟਸ ਦੀ ਭਰਤੀ 'ਚ ਆਈ ਗਿਰਾਵਟ ਦੇ ਕਾਰਨ ਦੱਸਣ ਤੋਂ ਮਾਹਿਰਾਂ ਨੇ ਅਸਮਰਥਤਾ ਜਤਾਈ ਹੈ। ਇਕ ਆਈ.ਏ.ਐਫ. ਅਫਸਰ ਮੁਤਾਬਕ ਏਅਰਫੋਰਸ 'ਚ ਮੈਡੀਕਲ ਮਾਪਦੰਡ ਆਰਮੀ ਦੇ ਮੁਕਾਬਲੇ ਜ਼ਿਆਦਾ ਸਖਤ ਹਨ ਜਿਸ ਕਾਰਨ ਅਸਫਲ ਉਮੀਦਵਾਰਾਂ ਦੀ ਗਿਣਤੀ ਵੱਧ ਹੈ। ਸਿੱਖਿਆ ਦਾ ਮਿਆਰ ਵੀ ਇਸ 'ਚ ਜ਼ਿੰਮੇਵਾਰ ਹੈ ਕਿਉਂਕਿ ਫਲਾਇੰਗ, ਇੰਜੀਨੀਅਰਿੰਗ ਤੇ ਐਡਮਨਿਸਟ੍ਰੇਸ਼ਨ ਲਈ ਘੱਟੋ-ਘੱਟ 60 ਫੀਸਦੀ ਅੰਕਾਂ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਆਏ ਸਾਲ ਅਸਾਮੀਆਂ ਦੀ ਘਟਦੀ ਗਿਣਤੀ ਵੀ ਇਸ ਪਿੱਛੇ ਇਕ ਕਾਰਨ ਹੋ ਸਕਦਾ ਹੈ ਜਿਵੇਂ ਕਿ ਸਾਲ 2015 'ਚ 1961 ਅਸਾਮੀਆਂ ਸਨ, 2016 'ਚ 1858 ਜੋ 2017 'ਚ ਘਟ ਕੇ 1773 ਰਹਿ ਗਈਆਂ ਹਨ।

# ਪੰਜਾਬ ਸਰਕਾਰ ਨੇ 'ਸਾਡੇ ਪਿੰਡ' ਛਾਪਣ ਤੋਂ ਵੀ ਹੱਥ ਕੀਤੇ ਖੜ੍ਹੇ

**ਮੁਹਾਲੀ:** ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਆਪਣੇ ਮਾਸਿਕ ਰਸਾਲੇ 'ਸਾਡੇ ਪਿੰਡ' ਨੂੰ ਛਾਪਣਾ ਬੰਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ 'ਜਾਗਰਿਤੀ' ਨੂੰ ਬੰਦ ਕਰ ਦਿੱਤਾ ਗਿਆ ਸੀ। ਤੀਹ ਹਜ਼ਾਰ ਦੀ ਗਿਣਤੀ ਵਿਚ ਛਪਦੇ ਇਸ ਬਹੁਰੰਗੀ ਰਸਾਲੇ ਵਿਚ ਪੰਜਾਬ ਸਰਕਾਰ ਅਤੇ ਪੰਚਾਇਤ ਵਿਭਾਗ ਦੀਆਂ ਸਕੀਮਾਂ ਤੇ ਮਹੱਤਵਪੂਰਨ ਫੈਸਲਿਆਂ ਬਾਰੇ ਜਾਣਕਾਰੀ ਸਮੇਤ, ਸਿਹਤ, ਸਾਹਿਤ, ਖੇਡਾਂ, ਕਲਾ, ਵਿਰਾਸਤ, ਖੇਤੀਬਾੜੀ, ਸਹਾਇਕ ਧੰਦਿਆਂ ਅਤੇ ਸਭਿਆਚਾਰਕ ਸਮੱਗਰੀ ਛਾਪੀ ਜਾਂਦੀ ਸੀ।

ਪੰਜਾਬ ਦੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੱਲੋਂ ਮੈਗਜ਼ੀਨ ਬੰਦ ਕਰਨ ਦੇ ਲਏ ਗਏ ਫੈਸਲੇ ਮਗਰੋਂ ਪੰਚਾਇਤ ਵਿਭਾਗ ਦੇ ਫੇਜ਼-8 ਵਿਚਲੇ ਮੁੱਖ ਦਫਤਰ ਵਿਚ ਬਣਾਏ ਗਏ ਮੈਗਜ਼ੀਨ ਦੇ ਦਫਤਰ ਨੂੰ ਤਾਲੇ ਲੱਗ ਗਏ ਹਨ। ਇਸ ਦਫਤਰ ਵਿਚ ਸੰਪਾਦਕ ਤੇ ਦੋ ਉਪ ਸੰਪਾਦਕ ਰਸਾਲੇ ਦੀ ਛਪਾਈ ਦਾ ਕੰਮ ਦੇਖਦੇ ਸਨ। 'ਸਾਡੇ ਪਿੰਡ' ਦੇ ਪਾਠਕਾਂ ਕੋਲ ਹੁਣ ਅਗਸਤ ਮਹੀਨੇ ਦਾ ਰਸਾਲਾ ਨਹੀਂ ਪੁੱਜ ਸਕੇਗਾ। ਜਾਣਕਾਰੀ ਅਨੁਸਾਰ ਇਸ ਮੈਗਜ਼ੀਨ ਨੂੰ ਬੰਦ ਕਰਨ ਦਾ ਫੈਸਲਾ ਕੁਝ ਦਿਨ ਪਹਿਲਾਂ ਲਿਆ ਗਿਆ ਹੈ। ਜਨਵਰੀ 2013 ਵਿਚ ਸ਼ੁਰੂ ਹੋਇਆ ਇਹ ਰਸਾਲਾ ਪੰਚਾਇਤਾਂ ਵਿਚ ਕਾਫੀ ਹਰਮਨ-ਪਿਆਰਾ ਸੀ ਅਤੇ ਸਰਪੰਚਾਂ-ਪੰਚਾਂ ਨੂੰ ਇਸ ਦੀ ਹਰ ਮਹੀਨੇ ਕਾਪੀ ਪੁੱਜਦੀ ਸੀ। ਇਸ ਰਸਾਲੇ ਲਈ ਪੰਚਾਇਤ ਕੋਲੋਂ 360 ਰੁਪਏ ਸਾਲਾਨਾ ਚੰਦਾ ਵਸੂਲਿਆ ਜਾਂਦਾ ਸੀ ਪਰ ਹੁਣ ਤੱਕ ਇਹ ਰਸਾਲਾ ਆਪਣਾ ਸਾਰਾ ਖਰਚਾ ਖੁਦ ਚੁੱਕਦਾ ਆ ਰਿਹਾ ਸੀ। ਰਸਾਲੇ ਵਿਚ ਵਿਭਾਗ ਦੇ ਮੰਤਰੀ ਤੇ ਅਧਿਕਾਰੀਆਂ ਵੱਲੋਂ ਲਿਖੇ ਜਾਂਦੇ ਲੇਖਾਂ ਤੋਂ ਇਲਾਵਾ ਪੰਜਾਬ ਦੇ ਪਿੰਡਾਂ ਤੇ ਪੰਚਾਇਤਾਂ ਦੀਆਂ ਸਰਗਰਮੀਆਂ ਨੂੰ ਵੀ ਉਭਾਰਿਆ ਜਾਂਦਾ ਸੀ।

ਰਸਾਲੇ ਦੇ ਬੰਦ ਹੋਣ ਦਾ ਕਈ ਪੰਜਾਬੀ ਸਾਹਿਤਕਾਰਾਂ ਨੇ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਪੰਜਾਬ ਸਰਕਾਰ ਦਾ ਪੰਜਾਬੀ ਬੋਲੀ ਵਿਰੁੱਧ ਫੈਸਲਾ ਕਰਾਰ ਦਿੱਤਾ ਹੈ। ਰਸਾਲੇ ਵਿਚ ਲਗਾਤਾਰ ਖੋਜ ਭਰਪੂਰ ਰਚਨਾਵਾਂ ਲਿਖਣ ਵਾਲੀ ਡਾ. ਹਰਜਿੰਦਰ ਕੌਰ ਨੇ ਆਖਿਆ ਸਰਕਾਰ ਦਾ 'ਸਾਡੇ ਪਿੰਡ' ਮੈਗਜ਼ੀਨ ਨੂੰ ਬੰਦ ਕਰਨ ਦਾ ਫੈਸਲਾ ਪੰਜਾਬੀ ਦੀਆਂ ਜੜ੍ਹਾਂ ਵੱਢਣ ਵਾਂਗ ਹੈ। ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਨੇ ਰਸਾਲੇ ਨੂੰ ਬੰਦ ਕਰਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਹਿਲਾਂ ਪੰਜਾਬ ਸਰਕਾਰ ਵੱਲੋਂ 'ਜਾਗਰਿਤੀ' ਨੂੰ ਬੰਦ ਕਰਨਾ ਤੇ ਹੁਣ 'ਸਾਡੇ ਪਿੰਡ' ਦੀ ਪ੍ਰਕਾਸ਼ਨਾ ਦਾ ਬੰਦ ਹੋਣਾ ਸਿੱਧ ਕਰਦਾ ਹੈ ਕਿ ਹੁਕਮਰਾਨ ਪੰਜਾਬੀ ਵਿਰੋਧੀ ਹਨ।

# ਪਾਵਨ ਸਰੂਪ ਦੀ ਬੇਅਦਬੀ

**ਸਮਾਣਾ:** ਨੇੜਲੇ ਪਿੰਡ ਖੇੜੀ ਫੱਤਣ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਕ ਮਹਿਲਾ ਨੂੰ ਗ੍ਰਿਫਤਾਰ ਕਰ ਕੇ ਉਸ ਖਿਲਾਫ ਧਾਰਮਿਕ ਭਾਵਨਾਵਾਂ ਭੜਕਾਉਣ ਅਤੇ ਬੇਅਦਬੀ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ।

ਗੁਰਦੁਆਰਾ ਸਾਹਿਬ ਖੇੜੀ ਫੱਤਣ ਦੇ ਗ੍ਰੰਥੀ ਗੁਰਨਾਮ ਸਿੰਘ ਨੇ ਦੱਸਿਆ ਕਿ ਸਵੇਰੇ ਕਰੀਬ ਸਵਾ ਨੌਂ ਵਜੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਪੱਤਰੇ ਪਾਟੇ ਪਏ ਸਨ। ਰੁਮਾਲਾ ਸਾਹਿਬ ਵੀ ਆਪਣੀ ਥਾਂ ਤੋਂ ਹਟਿਆ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਨੇੜੇ ਮੁੰਨੀ ਨਾਂ ਦੀ ਔਰਤ ਬੈਠੀ ਸੀ, ਜਿਸ ਦੇ ਹੱਥ ਵਿਚ ਵੀ ਪਾਵਨ ਸਰੂਪ ਦੇ ਪੱਤਰੇ ਸਨ। ਗ੍ਰੰਥੀ ਨੇ ਤੁਰਤ ਇਸ ਦੀ ਸੂਚਨਾ ਪਿੰਡ ਵਾਸੀਆਂ ਤੇ ਪੁਲਿਸ ਨੂੰ ਦਿੱਤੀ। ਪੁਲਿਸ ਨੇ ਮੌਕੇ ਉਤੇ ਹੀ ਮੁੰਨੀ (55) ਵਾਸੀ ਪਿੰਡ ਬਿਜਲਪੁਰ ਨੂੰ ਗ੍ਰਿਫਤਾਰ ਕਰ ਲਿਆ। ਇਹ ਮਹਿਲਾ ਆਪਣੀ ਧੀ ਦੇ ਸਹੁਰੇ ਘਰ ਆਈ ਹੋਈ ਸੀ।

# ਗੈਂਗਸਟਰਾਂ ਕੋਲ ਪਹੁੰਚ ਰਿਹਾ ਹੈ ਬਰਤਾਨਵੀ ਤੇ ਅਮਰੀਕੀ ਅਸਲਾ

**ਚੰਡੀਗੜ੍ਹ:** ਹਰਿਆਣਾ ਤੇ ਪੰਜਾਬ ਦੇ ਜ਼ਿਆਦਾਤਰ ਗੈਂਗਸਟਰਾਂ ਨੂੰ ਹਥਿਆਰ ਖਰੀਦਣ ਲਈ ਕਿਤੇ ਵੀ ਜਾਣਾ ਨਹੀਂ ਪੈਂਦਾ, ਬਲਕਿ ਬਿਹਾਰ ਤੋਂ ਇਨ੍ਹਾਂ ਹਥਿਆਰਾਂ ਦੀ ਹੋਮ ਡਿਲਿਵਰੀ ਹੁੰਦੀ ਹੈ, ਜਿਸ ਵਿਚ ਹਥਿਆਰਾਂ ਉਤੇ ਇੰਗਲੈਂਡ ਜਾਂ ਅਮਰੀਕਾ ਵਿਚ ਬਣੇ ਹੋਣ ਦਾ ਮਾਅਰਕਾ ਵੀ ਹੁੰਦਾ ਹੈ। ਪੰਜਾਬ ਤੇ ਹਰਿਆਣਾ ਦੇ ਮੋਸਟ ਵਾਂਟੇਡ ਗੈਂਗਸਟਰ ਭੁਪਿੰਦਰ ਸਿੰਘ ਉਰਫ ਭੂਪੀ ਰਾਣਾ ਨੇ ਪੁਲਿਸ ਪੁੱਛਗਿੱਛ ਦੌਰਾਨ ਹੈਰਾਨੀਜਨਕ ਖੁਲਾਸੇ ਕੀਤੇ ਹਨ। ਬੀਆਰ ਗਰੁੱਪ ਚਲਾਉਣ ਵਾਲੇ ਭੂਪੀ ਰਾਣਾ ਨੇ ਖੁਲਾਸਾ ਕੀਤਾ ਹੈ ਕਿ ਉਹ ਇਸ ਗਰੁੱਪ ਰਾਹੀਂ ਸਿਆਸਤ ਵਿਚ ਆਉਣਾ ਚਾਹੁੰਦਾ ਸੀ।

ਇਸ ਲਈ ਉਸ ਨੇ ਬੀਆਰ ਗਰੁੱਪ ਬਣਾਇਆ ਤੇ ਕਾਲਜੀਏਟ ਨੌਜਵਾਨਾਂ ਨੂੰ ਆਪਣੇ ਨਾਲ ਜੋੜਿਆ। ਰੈਲੀਆਂ ਵਿਚ ਭੀੜ ਇਕੱਠੀ ਕਰਨ ਵਿਚ ਮਾਹਰ ਹੋਣ ਕਾਰਨ ਭੂਪੀ ਪੰਜਾਬ ਦੇ ਕਿਸੇ ਵੱਡੇ ਲੀਡਰ ਦੇ ਕਾਫੀ ਨੇੜੇ ਵੀ ਰਹਿ ਚੁੱਕਾ ਹੈ। ਭੂਪੀ ਨੇ ਦੱਸਿਆ ਕਿ ਲੜਾਈ ਝਗੜਿਆਂ ਵਿਚ ਉਸ ਦਾ ਨਾਂ ਤੇ ਅਸਰ ਰਸੂਖ ਹੋਣ ਕਾਰਨ ਜ਼ੀਰਕਪੁਰ ਦੇ ਇਕ ਨੇਤਾ ਉਸ ਦਾ ਸੰਪਰਕ ਪੰਜਾਬ ਦੇ ਵੱਡੇ ਸਿਆਸਤਦਾਨ ਨਾਲ ਕਰਵਾਇਆ। ਇਸ ਤੋਂ ਬਾਅਦ ਭੂਪੀ ਰਾਣਾ ਉਸ ਨੇਤਾ ਦੀ ਰੈਲੀ ਵਿਚ ਵੱਡੀ ਗਿਣਤੀ ਵਿਚ ਆਪਣੇ ਮੁੰਡੇ ਲੈ ਕੇ ਪਹੁੰਚਦਾ ਸੀ। ਪੰਜਾਬ ਵਿਚ ਸਰਗਰਮ ਹੋਣ ਕਾਰਨ ਭੂਪੀ ਦਾ ਸੰਪਰਕ ਸੁਖਪ੍ਰੀਤ ਬੁੱਢਾ ਤੇ ਦਿਲਪ੍ਰੀਤ ਬਾਬਾ ਨਾਲ ਹੋਇਆ। ਇਸ ਤੋਂ ਇਲਾਵਾ ਭੂਪੀ ਦਾ ਸੰਪਰਕ ਮੋਸਟ ਵਾਂਟੇਡ ਰਿੰਦਾ ਨਾਲ ਵੀ ਰਿਹਾ ਹੈ।



ਗੈਂਗਸਟਰ ਭੂਪੀ ਰਾਣਾ ਨੇ ਦੱਸਿਆ ਕਿ ਉਹ ਵੱਡੀ ਗਿਣਤੀ ਵਿਚ ਨੌਜਵਾਨਾਂ ਨਾਲ ਜੁੜਿਆ ਹੋਇਆ ਸੀ। ਅੰਬਾਲਾ, ਜ਼ੀਰਕਪੁਰ, ਪਟਿਆਲਾ, ਯਮੁਨਾਨਗਰ, ਕੁਰੂਕਸ਼ੇਤਰ, ਬਰਵਾਲਾ, ਸ਼ਹਿਜ਼ਾਦਪੁਰ ਤੇ ਨਾਰਾਇਣਗੜ੍ਹ ਦੇ ਨੌਜਵਾਨਾਂ ਨਾਲ ਵ੍ਹੱਟਸਐਪ ਕਾਲ ਰਾਹੀਂ ਸੰਪਰਕ ਵਿਚ ਵੀ ਸੀ। ਪੰਚਕੂਲਾ ਪੁਲਿਸ ਨੇ ਲਿਸਟ ਤਿਆਰ ਕੀਤੀ ਹੈ ਤੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਤਲਬ ਕੀਤਾ ਜਾ ਰਿਹਾ ਹੈ। ਹੁਣ ਪੰਚਕੂਲਾ ਵਿਚ ਹਰਿਆਣਾ ਤੇ ਪੰਜਾਬ ਐਸ.ਟੀ.ਐਫ. ਟੀਮਾਂ ਤੋਂ ਇਲਾਵਾ ਦੋਵਾਂ ਸੂਬਿਆਂ ਦੇ ਕਈ ਜ਼ਿਲ੍ਹਿਆਂ ਦੀ ਪੁਲਿਸ ਭੂਪੀ ਤੋਂ ਪੁੱਛਗਿੱਛ ਕਰ ਰਹੀ ਹੈ।

# ਸੋਸ਼ਲ ਮੀਡੀਆ ਬਣਿਆ 'ਆਪ' ਲਈ ਪੁਆੜੇ ਦੀ ਜੜ੍ਹ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਉਭਾਰ ਦਾ ਜ਼ਰੀਆ ਬਣਿਆ ਸੋਸ਼ਲ ਮੀਡੀਆ ਹੀ ਹੁਣ ਪਾਰਟੀ ਲਈ ਪੁਆੜੇ ਦੀ ਜੜ੍ਹ ਬਣ ਰਿਹਾ ਹੈ। 'ਆਪ' ਪੰਜਾਬ ਦੀਆਂ ਤਿੰਨ ਮਹਿਲਾ ਵਿਧਾਇਕਾਂ ਸਰਵਜੀਤ ਕੌਰ ਮਾਣੂੰਕੇ (ਵਿਰੋਧੀ ਧਿਰ ਦੀ ਉਪ ਨੇਤਾ), ਪ੍ਰੋ. ਬਲਜਿੰਦਰ ਕੌਰ ਤੇ ਰੁਪਿੰਦਰ ਕੌਰ ਰੂਬੀ ਵਿਰੁੱਧ ਸੋਸ਼ਲ ਮੀਡੀਆ ਉਪਰ ਭੱਦੀਆਂ ਟਿੱਪਣੀਆਂ ਕੀਤੀਆਂ ਜਾਣ ਕਾਰਨ ਹੀ ਹੁਣ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ ਉਨ੍ਹਾਂ ਦਾ ਟਕਰਾਅ ਚੱਲ ਰਿਹਾ ਹੈ। ਇਸੇ ਤਰ੍ਹਾਂ ਰਾਇਸ਼ੁਮਾਰੀ-2020 ਬਾਰੇ ਛਿੜੇ ਵਿਵਾਦ ਦੌਰਾਨ ਵੀ ਸ੍ਰੀ ਖਹਿਰਾ ਵੱਲੋਂ ਸੋਸ਼ਲ ਮੀਡੀਆ ਉਤੇ ਲਾਈਵ ਹੋਣ ਕਾਰਨ ਡਾ. ਬਲਬੀਰ ਸਿੰਘ ਅਤੇ ਸ੍ਰੀ ਖਹਿਰਾ ਵਿਚਕਾਰ ਟਕਰਾਅ ਵਧਿਆ ਸੀ। ਇਸ ਤੋਂ ਇਲਾਵਾ 'ਆਪ' ਨੇ ਹੀ ਸਿਆਸੀ ਤੌਰ ਉਤੇ ਸਟਿੰਗ ਕਰਨ ਦੀ 'ਪਿਰਤ' ਪਾਈ ਸੀ, ਪਰ ਇਸ ਦੀ ਸਭ ਤੋਂ ਵੱਧ ਮਾਰ ਇਸੇ ਪਾਰਟੀ ਦੇ ਆਗੂਆਂ ਨੂੰ ਹੀ ਪਈ ਹੈ।

ਪਿਛਲੇ ਦਿਨੀਂ ਪੰਜਾਬ ਇਕਾਈ ਦੇ ਸੰਗਠਨ ਸਿਰਜਕ ਗੈਰੀ ਵੜਿੰਗ ਅਤੇ 'ਆਪ' ਦੇ ਹੀ ਇਕ ਆਗੂ ਸੁਮੀਤ ਯਾਦਵ ਵਿਚਕਾਰ ਫੋਨ ਉਤੇ ਹੋਈ ਗੱਲਬਾਤ ਦੀ ਜਾਰੀ ਸਟਿੰਗ ਆਡੀਓ ਵੀ ਹਾਈਕਮਾਂਡ ਅਤੇ ਸ੍ਰੀ ਖਹਿਰਾ ਵਿਚਕਾਰ ਪਏ ਖੱਪੇ ਦਾ ਇਕ ਕਾਰਨ ਬਣਿਆ ਹੈ। ਦਰਅਸਲ, ਇਸ ਵਿਚ ਸ੍ਰੀ ਵੜਿੰਗ ਇਹ ਕਹਿੰਦੇ ਸੁਣਾਈ ਦੇ ਰਹੇ ਹਨ ਕਿ ਸ੍ਰੀ ਖਹਿਰਾ ਦੇ ਪਰ ਕਿਵੇਂ ਕੱਟੇ ਜਾਣਗੇ, ਜਿਸ ਦਾ ਸ੍ਰੀ ਖਹਿਰਾ ਵੱਲੋਂ ਬੁਰਾ



ਮਨਾਇਆ ਗਿਆ। ਉਨ੍ਹਾਂ ਇਹ ਮਾਮਲਾ ਹਾਈਕਮਾਂਡ ਕੋਲ ਵੀ ਉਠਾਇਆ ਸੀ।

ਇਸ ਵੇਲੇ ਸੋਸ਼ਲ ਮੀਡੀਆ ਉਪਰ 'ਆਪ' ਵੱਲੋਂ ਕੀਤੀ ਜਾਂਦੀ ਸਿਆਸਤ ਕਾਰਨ ਪਾਰਟੀ ਦੀਆਂ ਤਿੰਨ ਮਹਿਲਾ ਵਿਧਾਇਕਾਂ ਅਤੇ ਸੁਖਪਾਲ ਖਹਿਰਾ ਵਿਚਕਾਰ ਤਿੱਖਾ ਟਕਰਾਅ ਚੱਲ ਰਿਹਾ ਹੈ। ਇਨ੍ਹਾਂ ਮਹਿਲਾ ਵਿਧਾਇਕਾਂ ਨੇ ਸਿੱਧੇ ਦੋਸ਼ ਲਾਏ ਹਨ ਕਿ ਸ੍ਰੀ ਖਹਿਰਾ ਦੀ ਟੀਮ ਦੇ ਇਕ ਆਗੂ ਵੱਲੋਂ ਉਨ੍ਹਾਂ ਪ੍ਰਤੀ ਕੀਤੀਆਂ ਟਿੱਪਣੀਆਂ ਅਪਮਾਨਜਨਕ ਹਨ। ਮਹਿਲਾ ਵਿਧਾਇਕਾਂ ਨੇ ਦੋਸ਼ ਲਾਇਆ ਹੈ ਕਿ ਸ੍ਰੀ ਖਹਿਰਾ ਨੇ ਆਪਣੀ ਕਨਵੈਨਸ਼ਨ ਵਿਚ ਵਿਧਾਇਕਾਂ ਨੂੰ ਪਿੰਡਾਂ ਵਿਚ ਨਾ ਵੜਨ ਦੇਣ ਦਾ ਸੱਦਾ ਦੇ ਕੇ ਵੀ ਲੋਕਾਂ ਨੂੰ ਭੜਕਾ ਕੇ ਮਾਹੌਲ ਖਰਾਬ ਕਰਨ ਦਾ ਯਤਨ ਕੀਤਾ ਹੈ, ਜਿਸ ਬਾਰੇ ਸ੍ਰੀ ਖਹਿਰਾ ਸਪਸ਼ਟ ਕਰ ਚੁੱਕੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਸਟਿੰਗ ਦਾ ਹਵਾਲਾ ਦੇ ਕੇ ਸ੍ਰੀ ਛੋਟੇਪੁਰ ਨੂੰ ਅਹੁਦੇ ਤੋਂ ਹਟਾਉਣ ਦੀ ਕਾਰਵਾਈ ਵੀ 'ਆਪ' ਲਈ ਮਾਰੂ ਸਾਬਤ ਹੋਈ ਸੀ। ਫਿਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਤੋਂ ਨਰਾਜ਼ ਕਈ ਆਗੂਆਂ ਨੇ ਸਟਿੰਗ, ਵੀਡੀਓਜ਼ ਤੇ ਆਡੀਓਜ਼ ਜਾਰੀ ਕਰ ਕੇ ਲੀਡਰਸ਼ਿਪ ਉਪਰ ਕਈ ਗੰਭੀਰ ਦੋਸ਼ ਲਾਏ ਗਏ ਸਨ।

ਪਾਰਟੀ ਦੇ ਉਚ ਆਗੂ ਅਕਸਰ ਆਪਣੀਆਂ ਕਾਰਾਂ ਜਾਂ ਕੋਠੀਆਂ ਵਿਚ ਬੈਠ ਕੇ ਸੋਸ਼ਲ ਮੀਡੀਆ 'ਤੇ ਹੀ ਲਾਈਵ ਹੁੰਦੇ ਹਨ। ਕਈ ਆਗੂ ਤਾਂ ਰੈਲੀਆਂ-ਧਰਨਿਆਂ ਦੌਰਾਨ ਵੀ ਜਨਤਾ ਨੂੰ ਸੰਬੋਧਨ ਕਰਨ ਦੀ ਥਾਂ ਫੇਸਬੁੱਕ ਉਤੇ ਲਾਈਵ ਹੋ ਕੇ ਟਾਹਰਾਂ ਮਾਰਦੇ ਦੇਖੇ ਜਾ ਸਕਦੇ ਹਨ। ਇਥੋਂ ਤੱਕ ਕਿ ਕੁਝ ਵੱਡੇ ਆਗੂ ਤਾਂ ਪ੍ਰੈੱਸ ਕਾਨਫਰੰਸ ਦੌਰਾਨ ਵੀ ਪੱਤਰਕਾਰਾਂ ਨੂੰ ਸੰਬੋਧਨ ਹੋਣ ਦੀ ਥਾਂ ਆਪਣੇ ਦੇਸ਼-ਵਿਦੇਸ਼ ਦੇ 'ਅਖ਼ਬਾਰ' ਚਹੇਤਿਆਂ ਨੂੰ ਸੰਬੋਧਨ ਕਰਦੇ ਹਨ। ਸ਼ਾਇਦ ਇਹੋ ਕਾਰਨ ਹੈ ਕਿ ਪਾਰਟੀ ਅਤੇ ਅਜਿਹੇ ਆਗੂਆਂ ਦਾ ਗ੍ਰਾਫ ਹੇਠਾਂ ਡਿੱਗਦਾ ਜਾ ਰਿਹਾ ਹੈ।

## ਵੈਨਕੂਵਰ 'ਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

**ਵੈਨਕੂਵਰ:** ਇਥੇ ਐਬਟਸਫੋਰਡ ਵਿਚ ਹੋਈ ਗੋਲੀਬਾਰੀ 'ਚ 20 ਸਾਲਾ ਪੰਜਾਬੀ ਨੌਜਵਾਨ ਗਗਨ ਧਾਲੀਵਾਲ ਦੀ ਮੌਤ ਹੋ ਗਈ ਜਦੋਂਕਿ ਉਸ ਦੀ ਭੂਆ ਦਾ ਪੁੱਤ ਜ਼ਖ਼ਮੀ ਹੋ ਗਿਆ, ਜੋ ਹਸਪਤਾਲ 'ਚ ਜ਼ੇਰੇ ਇਲਾਜ ਹੈ। ਘਟਨਾ ਮਗਰੋਂ ਐਬਟਸਫੋਰਡ ਪੁਲਿਸ ਗੈਂਗ ਹਿੰਸਾ ਤੇ ਨਸ਼ਾ ਤਸਕਰਾਂ ਖਿਲਾਫ਼ ਮੁੜ ਸਰਗਰਮ ਹੋ ਗਈ ਹੈ।

ਗਗਨ ਧਾਲੀਵਾਲ ਜਗਰਾਉਂ ਨੇੜਲੇ ਪਿੰਡ ਅਗਵਾੜ ਲੋਪੋਂ ਨਾਲ ਸਬੰਧਤ ਸੀ। ਉਸ ਦੇ ਪਿਤਾ ਗੁਰਚਰਨ ਸਿੰਘ ਧਾਲੀਵਾਲ ਐਬਟਸਫੋਰਡ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਗਗਨ ਦੇ ਪਿਤਾ ਨੇ ਕਿਹਾ ਕਿ ਗੈਂਗ ਵਾਰ ਦੇ ਚਲਦਿਆਂ ਨੌਜਵਾਨਾਂ ਲਈ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਉਨ੍ਹਾਂ ਕੁਝ ਮਹੀਨੇ ਪਹਿਲਾਂ ਗਗਨ ਨੂੰ ਪੰਜਾਬ ਭੇਜ ਦਿੱਤਾ ਸੀ ਤੇ ਉਹ ਅਜੇ ਕੁਝ ਦਿਨ ਪਹਿਲਾਂ ਹੀ ਵਾਪਸ ਕੈਨੇਡਾ ਆਇਆ ਸੀ। ਉਹ ਆਪਣੀ ਭੂਆ ਦੇ ਪੁੱਤ ਨਾਲ ਗੈਰਾਜ ਵਿਚ ਬੈਠਾ ਸੀ ਕਿ ਹਮਲਾਵਰਾਂ ਨੇ ਨੇੜਿਉਂ ਆ ਕੇ ਗੋਲੀਆਂ ਮਾਰੀਆਂ ਤੇ ਫਰਾਰ ਹੋ ਗਏ। ਗਗਨ ਦੀ ਛਾਤੀ ਵਿਚ ਲੱਗੀਆਂ ਦੋ ਗੋਲੀਆਂ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਜ਼ਖ਼ਮੀ 15 ਸਾਲਾ ਲੜਕੇ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

# ਕਲਰਕ ਭਰਤੀ ਘੁਟਾਲਾ: ਸਾਬਕਾ ਸਿੱਖਿਆ ਮੰਤਰੀ ਤੋਤਾ ਸਿੰਘ ਬਰੀ

**ਮੁਹਾਲੀ:** ਇਥੋਂ ਦੀ ਇਕ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਸਾਬਕਾ ਸਿੱਖਿਆ ਮੰਤਰੀ ਤੋਤਾ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬੇਕਸੂਰ ਮੰਨਦਿਆਂ ਸਾਰੇ ਦੋਸ਼ਾਂ ਤੋਂ ਬਾਇੱਜ਼ਤ ਬਰੀ ਕਰ ਦਿੱਤਾ ਹੈ ਜਦਕਿ ਸਕੂਲ ਬੋਰਡ ਦੇ ਸਾਬਕਾ ਸਕੱਤਰ ਜਗਜੀਤ ਸਿੰਘ, ਸਾਬਕਾ ਡਿਪਟੀ ਡਾਇਰੈਕਟਰ ਸ੍ਰੀਮਤੀ ਪਵਿੱਤਰਪਾਲ ਕੌਰ, ਸਾਬਕਾ ਉਪ ਚੇਅਰਮੈਨ ਦੇ ਨਿੱਜੀ ਸਕੱਤਰ ਰਹੇ ਅਮਰ ਸਿੰਘ ਅਤੇ ਭਰਤੀ ਕਮੇਟੀ ਦੇ ਮੈਂਬਰ ਕਰਨਲ ਜੋਰਾ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ 3-3 ਸਾਲ ਦੀ ਕੈਦ ਅਤੇ 20-20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਕ ਮੁਲਜ਼ਮ ਤੀਰਥ ਸਿੰਘ ਦੀ ਮੁਕੱਦਮੇ ਦੌਰਾਨ ਮੌਤ ਹੋ ਚੁੱਕੀ ਹੈ।

ਜਾਣਕਾਰੀ ਅਨੁਸਾਰ ਪਿਛਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਕਰੀਬ 16 ਸਾਲ ਪਹਿਲਾਂ ਦਫਤਰੀ ਕੰਮਾਂ ਲਈ 134 ਕਲਰਕਾਂ ਅਤੇ ਹੈਲਪਰਾਂ ਦੀ ਭਰਤੀ ਘੁਟਾਲੇ ਸਬੰਧੀ 14 ਜੂਨ 2002 ਨੂੰ ਤੋਤਾ ਸਿੰਘ ਸਮੇਤ ਸਿੱਖਿਆ ਬੋਰਡ ਦੇ ਉਕਤ ਅਧਿਕਾਰੀਆਂ ਖ਼ਿਲਾਫ਼ ਵਿਜੀਲੈਂਸ ਥਾਣਾ ਫੇਜ਼-8 ਵਿਚ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਗਿਆ ਸੀ।

ਅਦਾਲਤ ਨੇ ਸਰਕਾਰੀ ਵਕੀਲ ਵਿਜੇ ਸਿੰਗਲਾ ਅਤੇ ਵਿਜੀਲੈਂਸ ਅਤੇ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਤੋਤਾ



ਸਿੰਘ ਨੂੰ ਬਰੀ ਕਰ ਦਿੱਤਾ ਜਦੋਂਕਿ ਬੋਰਡ ਦੇ ਚਾਰ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ 3-3 ਸਾਲ ਦੀ ਸਜ਼ਾ ਸੁਣਾਈ ਗਈ। ਹੁਣ ਤੱਕ ਅਦਾਲਤ ਵਿਚ 17 ਗਵਾਹ ਪੇਸ਼ ਹੋਏ ਹਨ ਜਿਨ੍ਹਾਂ 'ਚੋਂ 16 ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ ਜਦੋਂਕਿ ਇਕ ਗਵਾਹ ਤੇ ਸ਼ਿਕਾਇਤਕਰਤਾ ਸੇਵਾ ਮੁਕਤ ਸੰਯੁਕਤ ਸਕੱਤਰ ਓਮ ਪ੍ਰਕਾਸ਼ ਸੋਨੀ ਆਪਣੇ ਬਿਆਨਾਂ 'ਤੇ ਕਾਇਮ ਰਹੇ। ਹਾਲਾਂਕਿ ਸਰਵਿਸ ਦੌਰਾਨ ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਜੱਜ ਨੇ ਦੋਸ਼ੀਆਂ ਨੂੰ ਇਸ ਫੈਸਲੇ ਨੂੰ ਉਚ ਅਦਾਲਤ ਵਿਚ ਚੁਣੌਤੀ ਦੇਣ ਲਈ 30 ਦਿਨ ਦੀ ਮੋਹਲਤ ਦਿੱਤੀ ਹੈ। ਇਸ ਮਗਰੋਂ ਦੋਸ਼ੀਆਂ ਨੇ 1-1 ਲੱਖ ਦਾ ਮੁਚੱਕਲਾ ਭਰ ਕੇ ਜ਼ਮਾਨਤ ਹਾਸਲ ਕੀਤੀ।

ਵਿਜੀਲੈਂਸ ਨੇ 10 ਅਕਤੂਬਰ 2016 ਨੂੰ ਤੋਤਾ ਸਿੰਘ ਵਿਰੁੱਧ ਦਰਜ ਭ੍ਰਿਸ਼ਟਾਚਾਰ ਦਾ ਕੇਸ ਖਤਮ ਕਰਨ ਲਈ ਮੁਹਾਲੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਸਰਕਾਰੀ ਵਕੀਲ ਨੇ ਅਰਜ਼ੀ ਵਿਚ ਲਿਖਿਆ ਸੀ ਕਿ ਜਦੋਂ ਉਨ੍ਹਾਂ ਨੇ ਸਮੁੱਚੇ ਕੇਸ 'ਤੇ ਬਰੀਕੀ ਨਾਲ ਝਾਤ ਮਾਰੀ ਤਾਂ ਇਹ ਗੱਲ ਸਾਹਮਣੇ ਆਈ ਕਿ ਸਾਬਕਾ ਮੰਤਰੀ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਮਗਰੋਂ ਉਨ੍ਹਾਂ ਇਸ 'ਗੰਭੀਰ ਤੇ ਪੇਚੀਦਾ' ਮੁੱਦੇ 'ਤੇ ਪੰਜਾਬ ਸਰਕਾਰ ਅਤੇ ਗ੍ਰਹਿ ਵਿਭਾਗ ਨਾਲ ਚਰਚਾ ਕਰਦਿਆਂ ਸਮੁੱਚੇ ਘਟਨਾਕ੍ਰਮ ਤੋਂ ਜਾਣੂ ਕਰਵਾਇਆ। ਸਰਕਾਰ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਉਨ੍ਹਾਂ ਆਪਣੇ ਪੱਧਰ 'ਤੇ ਤੋਤਾ ਸਿੰਘ ਵਿਰੁੱਧ ਦਰਜ ਕੇਸ ਖਤਮ ਕਰਨ ਲਈ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਹਾਲਾਂਕਿ ਜੱਜ ਨੇ 9 ਨਵੰਬਰ 2011 ਨੂੰ ਵਿਜੀਲੈਂਸ ਦੀ ਇਹ ਅਰਜ਼ੀ ਖਾਰਜ ਕਰ ਦਿੱਤੀ ਸੀ ਪਰ ਅਕਾਲੀ ਆਗੂ ਨੂੰ ਬਰੀ ਕਰ ਦਿੱਤਾ।

ਸਰਕਾਰੀ ਵਕੀਲ ਨੇ ਤੋਤਾ ਸਿੰਘ ਦਾ ਬਚਾਅ ਕਰਦਿਆਂ ਇਹ ਦਲੀਲ ਦਿੱਤੀ ਸੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਇਕ ਖੁਦਮੁਖਤਿਆਰ ਅਦਾਰਾ ਹੈ। ਇਸ ਵਿਚ ਸਰਕਾਰ ਦੀ ਬਹੁਤੀ ਦਖਲ-ਅੰਦਾਜ਼ੀ ਨਹੀਂ ਹੁੰਦੀ ਹੈ ਅਤੇ ਨਾ ਹੀ ਕਿਸੇ ਮਸਲੇ 'ਤੇ ਰਾਜ ਸਰਕਾਰ ਦੀ ਪ੍ਰਵਾਨਗੀ ਲੈਣ ਦੀ ਲੋੜ ਪੈਂਦੀ ਹੈ। ਸਾਲ 2001 ਵਿਚ 134 ਕਲਰਕਾਂ ਅਤੇ ਹੈਲਪਰਾਂ ਦੀ ਭਰਤੀ ਸਕੂਲ ਬੋਰਡ ਦੀ ਵਿਸ਼ੇਸ਼ ਭਰਤੀ ਕਮੇਟੀ ਵੱਲੋਂ ਹੀ ਕੀਤੀ ਗਈ ਸੀ ਅਤੇ ਇਸ ਵਿਚ ਤੋਤਾ ਸਿੰਘ ਵੱਲੋਂ ਬੋਰਡ ਨੂੰ ਕੋਈ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਗਏ ਸੀ।

## ਘੁਬਾਇਆ ਦੀ ਚੋਣ ਵਿਰੁਧ ਪਟੀਸ਼ਨ ਖਾਰਜ

**ਚੰਡੀਗੜ੍ਹ:** ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਦੀ ਚੋਣ ਵਿਰੁੱਧ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਪਟੀਸ਼ਨ ਖਾਰਜ ਹੋ ਗਈ ਹੈ। ਉਨ੍ਹਾਂ ਦੇ ਹਲਕੇ ਦੇ ਹੀ ਭੁਪਿੰਦਰ ਸਿੰਘ ਨਾਂ ਦੇ ਇਕ ਵਿਅਕਤੀ ਨੇ ਪਟੀਸ਼ਨ ਦਾਖਲ ਕਰ ਕੇ ਦੋਸ਼ ਲਗਾਇਆ ਸੀ ਕਿ ਘੁਬਾਇਆ ਨੇ ਲੋਕ ਸਭਾ ਚੋਣਾਂ ਦੌਰਾਨ ਆਪਣੇ ਚੋਣ ਪ੍ਰਚਾਰ ਲਈ ਸਿੱਖ ਧਰਮ ਦੀਆਂ ਨਿਸ਼ਾਨੀਆਂ ਦੀ ਵਰਤੋਂ ਕੀਤੀ ਤੇ ਰਾਜਨੀਤੀ ਲਈ ਧਰਮ ਦਾ ਸਹਾਰਾ ਨਹੀਂ ਲਿਆ ਜਾ ਸਕਦਾ।

ਇਹ ਵੀ ਕਿਹਾ ਸੀ ਕਿ ਚੋਣ ਖਰਚ ਛੁਪਾਇਆ ਗਿਆ ਹੈ ਤੇ ਤੈਅ ਸੀਮਾ ਤੋਂ ਵੱਧ ਖਰਚ ਕੀਤਾ ਗਿਆ। ਇਨ੍ਹਾਂ ਤੱਥਾਂ ਨਾਲ ਘੁਬਾਇਆ ਦੀ ਚੋਣ ਰੱਦ ਕਰਨ ਦੀ ਮੰਗ ਕੀਤੀ ਗਈ ਸੀ ਤੇ ਹੁਣ ਇਸ ਪਟੀਸ਼ਨ ਦੀ ਪੈਰਵੀ ਪ੍ਰਤੀ ਹੱਥ ਪਿੱਛੇ ਖਿੱਚਣ ਕਾਰਨ ਹਾਈ ਕੋਰਟ ਨੇ ਪਟੀਸ਼ਨ ਖਾਰਜ ਕਰ ਦਿੱਤੀ। ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਘੁਬਾਇਆ ਦੇ ਬੇਟੇ ਦਵਿੰਦਰ ਸਿੰਘ ਘੁਬਾਇਆ ਨੇ ਕਾਂਗਰਸ ਦਾ ਹੱਥ ਫੜ ਲਿਆ ਸੀ ਤੇ ਉਨ੍ਹਾਂ ਨੇ ਕਾਂਗਰਸ ਦੀ ਟਿਕਟ 'ਤੇ ਹੀ ਚੋਣ ਲੜੀ ਸੀ।

# ਚਿੱਟੇ ਦੀ ਓਵਰਡੋਜ਼ ਬਣੀ ਵੱਡੀ ਗਿਣਤੀ ਵਿਚ ਨਸ਼ੇੜੀਆਂ ਦੀ ਮੌਤ ਦਾ ਕਾਰਨ

**ਚੰਡੀਗੜ੍ਹ:** ਪੰਜਾਬ ਵਿਚ ਹਾਲ ਹੀ ਵਿਚ ਵੱਡੀ ਗਿਣਤੀ ਨਸ਼ੇੜੀਆਂ ਦੀਆਂ ਮੌਤਾਂ ਚਿੱਟੇ ਦੀ ਓਵਰਡੋਜ਼ ਕਾਰਨ ਹੀ ਹੋਈਆਂ ਹਨ। ਇਸ ਦੀ ਹੁਣ ਵਿਗਿਆਨਕ ਆਧਾਰ ਉਤੇ ਪੁਸ਼ਟੀ ਹੋ ਗਈ ਹੈ। ਹੁਣ ਇਨ੍ਹਾਂ ਨੂੰ 'ਨਸ਼ੇ ਦੀ ਸ਼ੱਕੀ ਓਵਰਡੋਜ਼' ਕਾਰਨ ਹੋਈਆਂ ਮੌਤਾਂ ਨਹੀਂ ਆਖਿਆ ਜਾ ਸਕਦਾ। ਗੌਰਤਲਬ ਹੈ ਕਿ ਅਜਿਹੇ 45 ਵਿਅਕਤੀਆਂ ਦੇ ਵਿਸਰੇ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਮੌਤਾਂ ਮਾਰਫੀਨ (ਅਫੀਮ ਆਧਾਰਿਤ ਨਸ਼ੇ ਹੈਰੋਇਨ, ਸਮੈਕ, ਅਫੀਮ ਆਦਿ) ਦੀ ਓਵਰਡੋਜ਼ ਕਾਰਨ ਹੋਈਆਂ ਹਨ। ਪਹਿਲੀ ਮਈ ਤੋਂ 25 ਜੁਲਾਈ ਦੌਰਾਨ ਸੂਬੇ ਭਰ ਦੇ ਜ਼ਿਲ੍ਹਾ ਸਿਹਤ ਅਧਿਕਾਰੀਆਂ ਅਤੇ ਪੁਲਿਸ ਨੇ ਵਿਸਰੇ ਦੇ 45 ਨਮੂਨੇ ਜਾਂਚ ਲਈ ਭੇਜੇ ਸਨ। ਸਬੰਧਤ ਅਧਿਕਾਰੀਆਂ ਨੂੰ ਵਾਪਸ ਮਿਲੀਆਂ ਜਾਂਚ ਰਿਪੋਰਟਾਂ ਮੁਤਾਬਕ, ਇਨ੍ਹਾਂ ਦੇ ਰਸਾਇਣਕ ਵਿਸ਼ਲੇਸ਼ਣ ਦੌਰਾਨ ਨਸ਼ੇ ਨਾਲ ਸਬੰਧਤ ਸ਼ੱਕੀ ਮੌਤਾਂ ਦੇ ਕਰੀਬ ਸਾਰੇ ਮਾਮਲਿਆਂ ਵਿਚ ਨਸ਼ੇ ਦੀ ਓਵਰਡੋਜ਼ ਦੀ ਪੁਸ਼ਟੀ ਹੋਈ ਹੈ। ਬਾਕੀ ਨਮੂਨਿਆਂ ਦੀਆਂ ਜਾਂਚ ਰਿਪੋਰਟਾਂ ਆਉਣੀਆਂ ਬਾਕੀ ਹਨ।

ਮਿਲੀਆਂ ਰਿਪੋਰਟਾਂ ਵਿਚ 80 ਫੀਸਦੀ ਤੋਂ



ਵੱਧ ਮਾਮਲਿਆਂ ਵਿਚ ਮੌਤ ਦਾ ਕਾਰਨ ਮਾਰਫੀਨ ਦੀ ਓਵਰਡੋਜ਼ ਦੱਸਿਆ ਗਿਆ ਹੈ। ਇਹ ਮੌਤਾਂ ਹੈਰੋਇਨ (ਚਿੱਟਾ) ਕਾਰਨ ਹੋਈਆਂ ਹੀ ਮੰਨੀਆਂ ਗਈਆਂ ਹਨ। ਇਸ ਤੋਂ ਇਲਾਵਾ ਦਰਦ ਹਟਾਊ ਤੇ ਨਸ਼ਾ-ਛੁਡਾਊ ਦਵਾਈਆਂ ਵੀ ਕਈ ਮੌਤਾਂ ਦਾ ਕਾਰਨ ਬਣੀਆਂ ਹਨ। ਕਰੀਬ 13 ਫੀਸਦੀ ਮੌਤਾਂ ਦਾ ਕਾਰਨ ਨਸ਼ਾ-ਛੁਡਾਊ ਪ੍ਰੋਗਰਾਮ ਤਹਿਤ ਮੁੜ ਵਸੇਬੇ ਲਈ ਵਰਤੀ ਜਾਂਦੀ ਦਵਾਈ ਬੈਂਜ਼ੋਡਾਇਅਜ਼ੀਪਾਈਨ ਤੇ ਪੰਜ ਫੀਸਦੀ ਮੌਤਾਂ ਅਫੀਮ ਅਧਾਰਤ ਦਰਦ ਹਟਾਊ ਦਵਾਈ ਟਰੈਮਾਡੋਲ ਕਾਰਨ ਹੋਣ ਦੀ ਗੱਲ ਸਾਹਮਣੇ ਆਈ ਹੈ।

ਇਹ ਵੀ ਅਹਿਮ ਪੱਖ ਹੈ ਕਿ ਨਸ਼ਿਆਂ ਦੀ ਓਵਰਡੋਜ਼ ਕਾਰਨ ਮੌਤਾਂ ਦੀ ਗਿਣਤੀ ਵਿਚ ਮਈ ਤੋਂ ਬਾਅਦ ਅਚਾਨਕ ਇਜ਼ਾਫਾ ਹੋਇਆ। ਇਸ ਤੋਂ ਪਹਿਲਾਂ ਅਪਰੈਲ ਵਿਚ ਓਵਰਡੋਜ਼ ਕਾਰਨ ਛੇ ਮੌਤਾਂ ਹੋਈਆਂ, ਜਦੋਂਕਿ ਮਈ ਵਿਚ ਇਹ ਗਿਣਤੀ ਵਧ ਕੇ 13 ਤੇ ਜੂਨ ਵਿਚ 17 ਹੋ ਗਈ। ਜੁਲਾਈ ਵਿਚ ਤਾਂ ਰੋਜ਼ਾਨਾ ਲਗਭਗ ਇਕ ਮੌਤ ਹੋ ਰਹੀ ਹੈ। ਇਸ ਕਾਰਨ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਸੀ ਕਿ ਅਜਿਹਾ ਮਿਲਾਵਟੀ ਨਸ਼ੇ ਕਾਰਨ ਹੋ ਸਕਦਾ ਹੈ। ਇਸ ਦੇ ਬਾਵਜੂਦ ਸਰਕਾਰ ਵੱਲੋਂ ਨਸ਼ੇ ਦੀ ਓਵਰਡੋਜ਼ ਕਾਰਨ ਹੋ ਰਹੀਆਂ ਮੌਤਾਂ ਨੂੰ ਲਗਾਤਾਰ ਘਟਾ ਕੇ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਤਾਂ ਇਸ ਸਬੰਧੀ ਅੰਕੜੇ ਵੀ ਨਹੀਂ ਸਾਂਝੇ ਜਾ ਰਹੇ।

# ਪੰਜਾਬ ਦੇ 31 ਹਜ਼ਾਰ ਕਰੋੜ ਦੇ ਕਰਜ਼ੇ ਬਾਰੇ ਕੇਂਦਰ ਦਾ ਗੋਲਮੋਲ ਜਵਾਬ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਵਿੱਤੀ ਪੱਖ ਤੋਂ ਵੱਡੀ ਸਿਰਦਰਦੀ ਬਣੇ 31 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਰਾਹਤ ਤੋਂ ਕੇਂਦਰੀ ਖੁਰਾਕ, ਖਪਤਕਾਰ ਮਾਮਲਿਆਂ ਤੇ ਜਨਤਕ ਵੰਡ ਪ੍ਰਣਾਲੀ ਬਾਰੇ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਪੂਰੀ ਤਰ੍ਹਾਂ ਪੱਲਾ ਝਾੜ ਲਿਆ ਹੈ। ਪੰਜਾਬ ਅਤੇ ਹਰਿਆਣਾ ਦੇ ਖਰੀਦ ਪ੍ਰਬੰਧਾਂ ਅਤੇ ਜਨਤਕ ਵੰਡ ਪ੍ਰਣਾਲੀ ਦੀ ਸਮੀਖਿਆ ਕਰਨ ਚੰਡੀਗੜ੍ਹ ਪਹੁੰਚੇ ਸ੍ਰੀ ਪਾਸਵਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਵਿੱਤ ਮੰਤਰਾਲਾ ਹੀ ਇਹ ਮਾਮਲਾ ਹੱਲ ਕਰਨ ਦੇ ਸਮਰੱਥ ਹਨ।

ਸ੍ਰੀ ਪਾਸਵਾਨ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ ਪਿਛਲੇ ਸਮੇਂ ਦੌਰਾਨ ਇਸ ਕਰਜ਼ੇ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਦਫ਼ਤਰ ਅਤੇ ਵਿੱਤ ਮੰਤਰਾਲੇ ਨਾਲ ਚਰਚਾ ਕੀਤੀ ਗਈ ਸੀ। ਕੇਂਦਰੀ ਮੰਤਰੀ ਨੇ ਕਿਹਾ ਕਿ 31 ਹਜ਼ਾਰ ਕਰੋੜ ਰੁਪਏ ਦੀਆਂ ਦੇਣਦਾਰੀਆਂ ਨੂੰ ਕਰਜ਼ੇ ਵਿਚ ਬਦਲ ਕੇ ਭਰਪਾਈ ਕਰਨ ਤੋਂ ਬਾਅਦ ਖੁਰਾਕ ਮੰਤਰਾਲੇ ਦਾ ਕੋਈ ਸਬੰਧ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਇਸ ਸਮੇਂ ਵਿੱਤ ਮੰਤਰਾਲਾ ਤੇ ਪ੍ਰਧਾਨ ਮੰਤਰੀ ਹੀ ਪੰਜਾਬ ਨੂੰ ਕੋਈ ਰਾਹਤ ਦੇ ਸਕਦੇ ਹਨ। ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਸਿਰ ਕੇਂਦਰੀ ਖੁਰਾਕ ਮੰਤਰਾਲੇ ਦੀਆਂ 31 ਹਜ਼ਾਰ ਕਰੋੜ ਰੁਪਏ ਦੀਆਂ ਦੇਣਦਾਰੀਆਂ ਨੂੰ ਅਕਾਲੀ-ਭਾਜਪਾ ਸਰਕਾਰ ਦੇ ਅੰਤਲੇ ਮਹੀਨਿਆਂ ਦੌਰਾਨ ਕਰਜ਼ੇ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਸ ਕਰਜ਼ੇ ਨਾਲ ਵਿੱਤੀ ਸੰਕਟ ਹੋਰ ਵੀ ਗੰਭੀਰ ਹੋ ਗਿਆ ਸੀ। ਵਿੱਤੀ ਸੰਕਟ ਵਿਚੋਂ ਲੰਘ ਰਹੇ ਪੰਜਾਬ ਲਈ ਕਰਜ਼ੇ ਦਾ ਇਹ ਭਾਰ ਝੱਲਣਾ ਔਖਾ ਹੋ ਗਿਆ ਹੈ ਤੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਰਾਹਤ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ।

## ਆਰ.ਕੇ. ਧਵਨ ਨਹੀਂ ਰਹੇ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅਤਿ ਕਰੀਬੀ ਰਹੇ ਸਾਬਕਾ ਕੇਂਦਰੀ ਮੰਤਰੀ ਆਰ.ਕੇ. ਧਵਨ (81) ਦਾ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਮੁਤਾਬਕ ਉਨ੍ਹਾਂ ਸ਼ਾਮ ਬੀ.ਐਲ. ਕਪੂਰ ਹਸਪਤਾਲ ਵਿਚ ਆਖਰੀ ਸਾਹ ਲਿਆ।

# ਵਿਦੇਸ਼ੋਂ ਪਰਤੇ ਨੌਜਵਾਨ ਨੇ ਆਪਣਾ ਸਾਰਾ ਟੱਬਰ ਸਾੜਿਆ

**ਕਪੂਰਥਲਾ:** ਕਸਬਾ ਕਾਲਾ ਸੰਘਿਆਂ ਦੇ ਪਿੰਡ ਆਲਮਗੀਰ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਤੇ ਸੁੱਤੇ ਪਏ ਦੋ ਬੱਚਿਆਂ ਅਤੇ ਆਪਣੇ ਉਪਰ ਵੀ ਕੋਈ ਜਲਣਸ਼ੀਲ ਪਦਾਰਥ ਛਿੜਕ ਕੇ ਅੱਗ ਲਗਾ ਦਿੱਤੀ। ਉਸ ਨੂੰ ਆਪਣੀ ਪਤਨੀ ਦੇ ਪਿੰਡ ਦੇ ਇਕ ਵਿਅਕਤੀ ਨਾਲ ਨਾਜਾਇਜ਼ ਸਬੰਧ ਹੋਣ ਦਾ ਸ਼ੱਕ ਸੀ। ਉਸ ਦੀ ਬੇਟੀ ਅਤੇ ਬੇਟੇ ਦੀ ਹਸਪਤਾਲ ਪਹੁੰਚਦਿਆਂ ਮੌਤ ਹੋ ਗਈ ਜਦੋਂ ਕਿ ਪਤਨੀ ਨੇ ਜਲੰਧਰ ਦੇ ਇਕ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜ ਦਿੱਤਾ। ਆਪਣੇ ਭਰਾ ਦੇ ਪਰਿਵਾਰ ਨੂੰ ਬਚਾਉਣ ਦੇ ਚੱਕਰ ਵਿਚ ਮ੍ਰਿਤਕ ਦੀ ਭੈਣ ਵੀ ਝੁਲਸ ਗਈ ਜਿਸ ਦਾ ਜਲੰਧਰ ਦੇ ਸਿਵਲ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

ਮ੍ਰਿਤਕ ਕੁਲਵਿੰਦਰ ਸਿੰਘ (35) ਪੁੱਤਰ ਭੋਲਾ ਸਿੰਘ ਅਚਨਚੇਤ ਜੌਰਡਨ ਤੋਂ ਘਰ ਪਰਤਿਆ ਸੀ। ਕੁਲਵਿੰਦਰ ਸਿੰਘ ਨੇ ਇਸ ਘਟਨਾ ਤੋਂ ਪਹਿਲਾਂ ਇਕ ਵੀਡੀਓ ਰਿਕਾਰਡ ਕਰ ਕੇ ਵਟਸਐਪ 'ਤੇ ਪਾਈ ਸੀ ਜਿਸ ਵਿਚ ਸਮੁੱਚੇ ਮਾਮਲੇ ਦਾ ਜ਼ਿਕਰ ਕਰਦਿਆਂ ਉਸ ਨੇ ਦੱਸਿਆ ਹੈ ਕਿ ਉਸ ਦੀ ਪਤਨੀ ਮਨਦੀਪ ਕੌਰ (33) ਨੂੰ ਉਸ ਦੇ ਪਿੰਡ ਦੇ ਹੀ ਗੁਰਪ੍ਰੀਤ ਸਿੰਘ ਉਰਫ ਸਨੀ ਨਾਂ ਦਾ ਬੰਦਾ ਆਪਣੇ ਸਾਥੀ ਬਲਕਾਰ ਸਿੰਘ ਉਰਫ ਮੰਤਰੀ, ਉਸ ਦਾ ਭਰਾ ਤੀਰਥ ਨੰਬਰਦਾਰ ਅਤੇ ਸਨੀ ਦੀ ਮਾਤਾ ਸਤਿਆ ਨਾਲ ਮਿਲੀਭੁਗਤ ਕਰ ਕੇ ਜਬਰਦਸਤੀ ਨਾਜਾਇਜ਼ ਸਬੰਧ ਬਣਾਉਂਦਾ ਸੀ ਤੇ ਉਸ ਨੂੰ ਬਲੈਕਮੇਲ ਕਰਦਾ ਸੀ। ਦੱਸਿਆ ਜਾਂਦਾ ਹੈ ਕਿ ਮ੍ਰਿਤਕ ਨੇ ਸਵੇਰੇ ਤਕਰੀਬਨ ਸਾਢੇ ਤਿੰਨ ਵਜੇ ਆਪਣੇ ਘਰ ਵਿਚ ਕਿਸੇ ਜਲਣਸ਼ੀਲ ਪਦਾਰਥ ਨਾਲ ਅੱਗ ਲਗਾ ਦਿੱਤੀ ਜਿਸ ਵਿਚ ਉਸ ਦੀ ਪਤਨੀ ਤੋਂ ਬਿਨਾ ਉਸ ਦੀ ਬੇਟੀ ਸੋਨਲ (8) ਅਤੇ ਉਸ ਦਾ ਬੇਟਾ ਅਭੀ (5), ਮ੍ਰਿਤਕ ਦੀ ਭੈਣ ਜਸਵਿੰਦਰ ਕੌਰ ਜੋ ਪ੍ਰਤਾਪਪੁਰਾ ਜਲੰਧਰ ਵਿਚ ਵਿਆਹੀ ਹੋਈ ਹੈ, ਵੀ ਗੰਭੀਰ ਰੂਪ ਵਿਚ ਝੁਲਸ ਗਏ।

## ਏਅਰਲਾਈਨ ਨੂੰ ਇਕ ਕਰੋੜ ਹਰਜਾਨੇ ਦਾ ਨੋਟਿਸ

**ਸੰਗਰੂਰ:** ਇੰਡੀਗੋ ਏਅਰਲਾਈਨ ਵਿਚ ਚੰਡੀਗੜ੍ਹ ਤੋਂ ਬੰਬਈ ਦੇ ਸਫਰ ਦੌਰਾਨ ਸੰਗਰੂਰ ਦੇ ਇਕ ਵਿਅਕਤੀ ਉਤੇ ਬੇਬੀ ਕੋਬਰਾ ਡਿੱਗਣ ਤੋਂ ਬਾਅਦ ਜਹਾਜ਼ ਦੇ ਸਟਾਫ ਵੱਲੋਂ ਪੀੜਤ ਨੂੰ ਮੈਡੀਕਲ ਸਹਾਇਤਾ ਉਪਲਬਧ ਨਾ ਕਰਵਾਏ ਜਾਣ ਦੇ ਚਲਦਿਆਂ ਪੀੜਤਾਂ ਨੇ ਆਪਣੇ ਵਕੀਲ ਰਾਹੀਂ ਇਕ ਕਰੋੜ ਦੇ ਹਰਜਾਨੇ ਦੀ ਮੰਗ ਕਰਦਿਆਂ ਏਅਰਲਾਈਨ ਨੂੰ ਨੋਟਿਸ ਭੇਜਿਆ ਹੈ।

ਪੀੜਤ ਦੇ ਵਕੀਲ ਆਸ਼ੀ ਗੋਇਲ ਨੇ ਦੱਸਿਆ ਕਿ ਸੰਗਰੂਰ ਦੇ ਅਸ਼ਵਨੀ ਕੁਮਾਰ ਗੁਪਤਾ ਅਤੇ ਉਸ ਦਾ ਪੁੱਤਰ ਨਮਨ ਗਰਗ 28 ਜੁਲਾਈ ਨੂੰ ਇੰਡੀਗੋ ਏਅਰਲਾਈਨ ਦੇ ਇਕ ਜਹਾਜ਼ ਵਿਚ ਚੰਡੀਗੜ੍ਹ ਤੋਂ ਬੰਬਈ ਜਾਣ ਲਈ ਸਵਾਰ ਹੋਏ ਸਨ ਅਤੇ ਜਹਾਜ਼ 12.15 ਵਜੇ ਦੇ ਕਰੀਬ ਚੰਡੀਗੜ੍ਹ ਤੋਂ ਉਡਿਆ ਸੀ। ਜਹਾਜ਼ ਦੇ ਕਰੀਬ ਇਕ ਘੰਟਾ ਉਡਾਣ ਭਰਨ ਤੋਂ ਬਾਅਦ ਇਕ ਬੇਬੀ ਕੋਬਰਾ ਅਸ਼ਵਨੀ ਕੁਮਾਰ ਗੁਪਤਾ ਉਤੇ ਡਿੱਗਿਆ ਜਿਸ ਬਾਰੇ ਉਨ੍ਹਾਂ ਦੇ ਪੁੱਤਰ ਨਮਨ ਗਰਗ ਅਤੇ ਇਕ ਹੋਰ ਯਾਤਰੀ ਨੇ ਦੱਸਿਆ। ਇਸ ਬਾਰੇ ਨਮਨ ਗਰਗ ਨੇ ਏਅਰ ਹੋਸਟਸ ਨੂੰ ਕਿਹਾ ਕਿ ਬੇਬੀ ਕੋਬਰਾ ਨੂੰ ਫੜਿਆ ਜਾਵੇ ਅਤੇ ਉਸ ਦੇ ਪਿਤਾ ਲਈ ਮੈਡੀਕਲ ਪ੍ਰਬੰਧ ਕੀਤੇ ਜਾਣ ਜਿਨ੍ਹਾਂ ਦੀ ਘਬਰਾਹਟ ਕਾਰਨ ਤਬੀਅਤ ਖਰਾਬ ਹੋ ਰਹੀ ਸੀ ਪਰ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕੀਤਾ।

## ਅਕਾਲ ਫੈਡਰੇਸ਼ਨ ਦਾ ਆਗੂ ਨਰਾਇਣ ਸਿੰਘ ਚੌੜਾ ਜ਼ਮਾਨਤ 'ਤੇ ਰਿਹਾ

**ਅੰਮ੍ਰਿਤਸਰ:** ਅਕਾਲ ਫੈਡਰੇਸ਼ਨ ਦੇ ਆਗੂ ਨਰਾਇਣ ਸਿੰਘ ਚੌੜਾ ਨੂੰ ਵੱਖ-ਵੱਖ ਕੇਸਾਂ ਵਿਚ ਜ਼ਮਾਨਤ ਮਿਲਣ ਮਗਰੋਂ ਕੇਂਦਰੀ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਇਸ ਤੋਂ ਬਾਅਦ ਉਸ ਨੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਸ ਨੇ ਦੋਸ਼ ਲਾਇਆ ਕਿ ਪੁਲਿਸ ਵੱਲੋਂ ਉਸ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਹੈ।

ਇਸ ਮਾਮਲੇ ਵਿਚ ਪੁਲਿਸ ਹੁਣ ਤੱਕ ਅਦਾਲਤ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਉਨ੍ਹਾਂ ਦੱਸਿਆ ਕਿ ਕਈ ਕੇਸਾਂ ਵਿਚੋਂ ਉਹ ਬਰੀ ਹੋ ਗਿਆ ਹੈ ਅਤੇ ਕੁਝ ਕੇਸਾਂ ਨੂੰ ਜਾਣਬੁੱਝ ਕੇ ਲਟਕਾਇਆ ਜਾ ਰਿਹਾ ਹੈ। ਪਿਛਲੇ ਲਗਭਗ ਡੇਢ ਸਾਲ ਤੋਂ ਕਿਸੇ ਵੀ ਕੇਸ ਦੀ ਸੁਣਵਾਈ ਨਹੀਂ ਹੋਈ ਅਤੇ ਉਸ ਨੂੰ ਜਾਣਬੁੱਝ ਕੇ ਜੇਲ੍ਹ ਵਿਚ ਬੰਦ ਰੱਖਣ ਦੇ ਯਤਨ ਕੀਤੇ ਗਏ। ਉਸ ਨੇ ਦੋਸ਼ ਲਾਇਆ ਕਿ ਇਹ ਸਾਰੇ ਅਪਰਾਧਿਕ ਮਾਮਲੇ ਸਿਆਸੀ ਹਿੱਤਾਂ ਨਾਲ ਪ੍ਰੇਰਿਤ ਸਨ ਅਤੇ ਇਸ ਪਿੱਛੇ ਅਕਾਲੀ ਆਗੂਆਂ ਦਾ ਹੱਥ ਸੀ।

ਜੇਲ੍ਹ ਵਿਚੋਂ ਰਿਹਾਅ ਹੋਣ ਮਗਰੋਂ ਮੁੜ ਪੰਥਕ ਸਰਗਰਮੀਆਂ ਸ਼ੁਰੂ ਕਰਨ ਬਾਰੇ ਉਨ੍ਹਾਂ ਆਖਿਆ ਕਿ ਇਸ ਵੇਲੇ ਪੰਥਕ ਫਰੰਟ ਕਾਇਮ ਕਰਨ ਦੀ ਲੋੜ ਹੈ। ਉਨ੍ਹਾਂ ਮੁਤਵਾਜ਼ੀ ਜਥੇਦਾਰਾਂ ਨੂੰ ਸਮਰਥਨ ਦਿੰਦਿਆਂ ਆਖਿਆ ਕਿ ਮੌਜੂਦਾ ਜਥੇਦਾਰਾਂ ਨੂੰ ਕੌਮ



ਨਕਾਰ ਚੁੱਕੀ ਹੈ ਅਤੇ ਨੈਤਿਕ ਆਧਾਰ 'ਤੇ ਉਨ੍ਹਾਂ ਨੂੰ ਅਹੁਦਿਆਂ ਉਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ।

# ਗਿਆਨੀ ਗੁਰਮੁਖ ਸਿੰਘ ਬਾਰੇ ਸ਼੍ਰੋਮਣੀ ਕਮੇਟੀ ਦੀ ਨਰਮੀ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਤਖਤ ਦਮਦਮਾ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀ ਅਚਨਚੇਤੀ ਅਕਾਲ ਤਖਤ ਵਿਖੇ ਬਤੌਰ ਹੈੱਡ ਗ੍ਰੰਥੀ ਵਾਪਸੀ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਿਆਂ ਵਿਚ ਚਰਚਾ ਚੱਲ ਰਹੀ ਹੈ। ਚਰਚਾ ਦਾ ਮੁੱਦਾ ਹੈ ਕਿ ਕੀ ਉਹ ਮੁੜ ਪੰਜ ਸਿੰਘ ਸਾਹਿਬਾਨ ਦੀਆਂ ਇਕੱਤਰਤਾਵਾਂ ਵਿਚ ਸ਼ਾਮਲ ਹੋਣਗੇ ਅਤੇ ਸਿੰਘ ਸਾਹਿਬਾਨਾਂ ਵਿਚਾਲੇ ਪਹਿਲਾਂ ਜਿਹੀ ਇਕਸੁਰਤਾ ਬਣ ਸਕੇਗੀ? ਗਿਆਨੀ ਗੁਰਮੁਖ ਸਿੰਘ ਨੂੰ ਅਚਾਨਕ ਆਏ ਆਦੇਸ਼ ਰਾਹੀਂ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਤਾਇਨਾਤ ਕੀਤਾ ਗਿਆ ਹੈ ਅਤੇ ਕਾਰਜਭਾਰ ਸੌਂਪਿਆ ਗਿਆ ਹੈ।



ਪੰਜਾਬ ਤੋਂ ਬਾਹਰ ਦੌਰੇ 'ਤੇ ਗਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਇਥੇ ਪਰਤਣ ਮਗਰੋਂ ਸਾਬਕਾ ਜਥੇਦਾਰ ਦੇ ਤਬਾਦਲੇ ਦੇ ਆਦੇਸ਼ ਕੀਤੇ ਗਏ ਹਨ। ਇਨ੍ਹਾਂ ਆਦੇਸ਼ਾਂ ਤੋਂ ਬਾਅਦ ਦੇਰ ਰਾਤ ਨੂੰ ਗਿਆਨੀ ਗੁਰਮੁਖ ਸਿੰਘ ਨੇ ਅਕਾਲ ਤਖ਼ਤ ਵਿਖੇ ਪੁੱਜ ਕੇ ਬਤੌਰ ਹੈੱਡ ਗ੍ਰੰਥੀ ਕਾਰਜਭਾਰ ਸਾਂਭਿਆ ਹੈ। ਅਕਾਲ ਤਖ਼ਤ ਵਿਖੇ ਗਿਆਨੀ ਮਲਕੀਤ ਸਿੰਘ ਬਤੌਰ ਹੈੱਡ ਗ੍ਰੰਥੀ ਤਾਇਨਾਤ ਸਨ, ਜਿਨ੍ਹਾਂ ਦਾ ਤਬਾਦਲਾ ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਕਰ ਦਿੱਤਾ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਇਹ ਰੁਟੀਨ ਤਬਾਦਲਾ ਹੈ। ਗਿਆਨੀ ਗੁਰਮੁਖ ਸਿੰਘ ਦਾ ਪਰਿਵਾਰ ਤੇ ਬੱਚੇ ਅੰਮ੍ਰਿਤਸਰ ਵਿੱਚ ਹੀ ਸਨ, ਜਿਸ ਕਾਰਨ ਉਨ੍ਹਾਂ ਨੂੰ ਪਰੇਸ਼ਾਨੀ ਪੇਸ਼ ਆਉਂਦੀ ਸੀ।

ਇਸ ਪਰੇਸ਼ਾਨੀ ਨੂੰ ਦੂਰ ਕਰਨ ਲਈ ਹੀ ਇਹ ਤਬਾਦਲਾ ਕੀਤਾ ਗਿਆ ਹੈ।ਇਸ ਤੋਂ ਪਹਿਲਾਂ ਗਿਆਨੀ ਗੁਰਮੁਖ ਸਿੰਘ ਹਰਿਆਣਾ ਸਥਿਤ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਹੈੱਡ ਗ੍ਰੰਥੀ ਵਜੋਂ ਕੰਮ ਕਰ ਰਹੇ ਸਨ। ਉਨ੍ਹਾਂ ਨੂੰ ਅਪਰੈਲ 2017 ਵਿਚ ਤਖਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੇ ਅਹੁਦੇ ਤੋਂ ਹਟਾ ਕੇ ਹਰਿਆਣਾ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਉਸ ਵੇਲੇ ਸਾਬਕਾ ਜਥੇਦਾਰ ਵੱਲੋਂ ਅਕਾਲ ਤਖਤ ਦੇ ਜਥੇਦਾਰ ਤੇ ਹੋਰਨਾਂ 'ਤੇ ਦੋਸ਼ ਲਾਏ ਗਏ ਸਨ ਕਿ ਇਨ੍ਹਾਂ ਵੱਲੋਂ ਅਕਾਲੀ ਹਾਈਕਮਾਂਡ ਦੇ ਆਦੇਸ਼ਾਂ ਮੁਤਾਬਕ ਵਧੇਰੇ ਫੈਸਲੇ ਕੀਤੇ ਜਾਂਦੇ ਹਨ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਦੇ ਫੈਸਲੇ ਬਾਰੇ ਵੀ ਉਨ੍ਹਾਂ ਦੋਸ਼ ਲਾਇਆ ਸੀ ਕਿ ਇਹ ਫੈਸਲਾ ਅਕਾਲੀ ਹਾਈਕਮਾਂਡ ਦੇ ਇਸ਼ਾਰੇ 'ਤੇ ਹੀ ਕੀਤਾ ਗਿਆ ਸੀ।

ਇਨ੍ਹਾਂ ਦੋਸ਼ਾਂ ਕਾਰਨ ਜਥੇਦਾਰਾਂ ਵਿਚਾਲੇ ਆਪਸੀ ਮਤਭੇਦ ਪੈਦਾ ਹੋ ਗਏ ਸਨ, ਜਿਸ ਤੋਂ ਬਾਅਦ ਗਿਆਨੀ ਗੁਰਮੁਖ ਸਿੰਘ ਦਾ ਤਬਾਦਲਾ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਕਰ ਦਿੱਤਾ ਗਿਆ ਸੀ। ਉਨ੍ਹਾਂ ਦਾ ਰਿਹਾਇਸ਼ੀ ਕੁਆਰਟਰ ਵੀ ਖਾਲੀ ਕਰਾਉਣ ਦਾ ਯਤਨ ਕੀਤਾ ਗਿਆ ਸੀ। ਇਸੇ ਕੜੀ ਤਹਿਤ ਉਨ੍ਹਾਂ ਦੇ ਇਕ ਰਿਸ਼ਤੇਦਾਰ ਦਾ ਵੀ ਤਬਾਦਲਾ ਕਰ ਦਿੱਤਾ ਗਿਆ ਸੀ। ਹੁਣ ਉਨ੍ਹਾਂ ਦੀ ਅਚਨਚੇਤ ਵਾਪਸੀ ਇਥੇ ਸ਼੍ਰੋਮਣੀ ਕਮੇਟੀ ਹਲਕਿਆਂ ਵਿਚ ਹੈਰਾਨੀ ਅਤੇ ਚਰਚਾ ਦਾ ਮੁੱਦਾ ਬਣੀ ਹੋਈ ਹੈ। ਵਧੇਰੇ ਅਧਿਕਾਰੀਆਂ ਵੱਲੋਂ ਇਸ ਮੁੱਦੇ 'ਤੇ ਫਿਲਹਾਲ ਚੁੱਪ ਧਾਰੀ ਹੋਈ ਹੈ ਅਤੇ ਇਸ ਨੂੰ ਅਚਨਚੇਤੀ ਉਪਰੋਂ ਆਇਆ ਫੈਸਲਾ ਦੱਸਿਆ ਜਾ ਰਿਹਾ ਹੈ। ਇਸ ਤਬਾਦਲੇ ਮਗਰੋਂ ਇਹ ਮੁੱਦਾ ਚਰਚਾ ਦਾ ਵਿਸ਼ਾ ਹੈ ਕਿ ਕੀ ਗਿਆਨੀ ਗੁਰਮੁਖ ਸਿੰਘ ਅਕਾਲ ਤਖਤ ਦੇ ਹੈੱਡ ਗ੍ਰੰਥੀ ਵਜੋਂ ਪੰਜ ਸਿੰਘ ਸਾਹਿਬਾਨ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਣਗੇ ਅਤੇ ਜੇਕਰ ਹਿੱਸਾ ਲੈਂਦੇ ਹਨ ਤਾਂ ਬਾਕੀ ਸਿੰਘ ਸਾਹਿਬਾਨ ਦਾ ਉਨ੍ਹਾਂ ਪ੍ਰਤੀ ਕੀ ਵਤੀਰਾ ਹੋਵੇਗਾ, ਜਿਨ੍ਹਾਂ ਖ਼ਿਲਾਫ਼ ਉਹ ਪਹਿਲਾਂ ਗੰਭੀਰ ਦੋਸ਼ ਲਾ ਚੁੱਕੇ ਹਨ।

## 40 ਹਜ਼ਾਰ ਖਾਤਰ ਬਿਰਧ ਔਰਤ ਤੇ ਦੋ ਬੱਚਿਆਂ ਦੀ ਹੱਤਿਆ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ 40 ਹਜ਼ਾਰ ਰੁਪਏ ਖਾਤਰ ਨੌਜਵਾਨ ਨੇ ਇਕ ਬਿਰਧ ਔਰਤ ਤੇ ਦੋ ਬੱਚਿਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਔਰਤ ਨਾਲ ਉਸ ਦੇ ਦੋਹਤਾ ਦੋਹਤੀ ਰਹਿੰਦੇ ਸਨ, ਜਿਨ੍ਹਾਂ ਨੂੰ ਮੁਲਜ਼ਮ ਨੇ ਹਥੌੜੇ ਨਾਲ ਮਾਰ ਦਿੱਤਾ ਤੇ ਔਰਤ ਕੋਲ ਰੱਖੇ 40 ਹਜ਼ਾਰ ਰੁਪਏ ਲੈ ਕੇ ਫਰਾਰ ਹੋ ਗਿਆ।

ਵਾਰਦਾਤ ਨੂੰ ਅੰਜਾਮ ਦੇਣ ਵਾਲਾ ਵੀ ਕੋਈ ਹੋਰ ਨਹੀਂ ਸੀ, ਬਲਕਿ ਬਿਰਧ ਔਰਤ ਦੇ ਮਾਮੇ ਦਾ ਹੀ ਮੁੰਡਾ ਸੀ। ਵਾਰਦਾਤ ਤੋਂ ਕੁਝ ਸਮਾਂ ਪਹਿਲਾਂ ਹੀ ਦੋਵੇਂ ਬੱਚੇ ਸਕੂਲ ਤੋਂ ਘਰ ਪਰਤੇ ਸਨ, ਵਾਰਦਾਤ ਨੂੰ ਅੰਜਾਮ ਦੇਣ ਪਿਛੋਂ ਮੁਲਜ਼ਮ ਘਰ ਦੇ ਬਾਹਰ ਤਾਲਾ ਲਗਾ ਕੇ ਫਰਾਰ ਹੋ ਗਿਆ। ਇਸ ਦਾ ਪਤਾ ਉਦੋਂ ਲੱਗਾ ਜਦੋਂ ਮ੍ਰਿਤਕ ਔਰਤ ਦਾ ਪਤੀ ਕੰਮ ਤੋਂ ਘਰ ਪਰਤਿਆ, ਘਰ ਦੇ ਬਾਹਰ ਤਾਲਾ ਲੱਗਾ ਦੇਖ ਉਸ ਨੂੰ ਸ਼ੱਕ ਹੋਇਆ ਤੇ ਵਿਹੜੇ ਵਿਚ ਫੈਲੇ ਖੂਨ ਨੇ ਉਸ ਦੇ ਹੋਸ਼ ਉਡਾ ਦਿੱਤੇ। ਉਸ ਅੰਦਰ ਵੜ ਕੇ ਦੇਖਿਆ ਕਿ ਉਸ ਦੀ ਪਤਨੀ ਤੇ ਉਸ ਦੇ ਦੋਹਤੇ ਦੋਹਤੀ ਦੀਆਂ ਲਾਸ਼ਾਂ ਥੱਲੇ ਪਈਆਂ ਸਨ। ਮ੍ਰਿਤਕ ਔਰਤ ਦੀ ਪਛਾਣ ਕਿਸ਼ੋਰ ਨਗਰ ਗਲੀ ਨੰਬਰ 7 ਵਾਸੀ ਗੁਰਵਿੰਦਰ ਕੌਰ (57), ਉਸ ਦੇ ਦੋਹਤੇ ਹਿਪਿਕ (7) ਤੇ ਦੋਹਤੀ ਮਨਦੀਪ ਕੌਰ (8) ਵਜੋਂ ਹੋਈ ਹੈ।

Khalsa USA Inc.
We are hiring owner operators and (CDL) Drivers
*All 48 States *We Pay Weekly
ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



Please Call: 708-690-6498
847-477-9988
Fax: 888-443-6990
email: khalsausa55@gmail.com
32-35

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਦਰਬਾਰ ਸਾਹਿਬ ਵਿਚ ਬਾਇਓਗੈਸ ਦੀ ਵਰਤੋਂ ਨਾਲ ਤਿਆਰ ਹੋਵੇਗਾ ਲੰਗਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਦੀ ਨਵੀਂ ਤਿਆਰ ਕੀਤੀ ਜਾ ਰਹੀ ਰਸੋਈ ਵਿਚ ਬਾਇਓਗੈਸ ਦੀ ਵਰਤੋਂ ਦੀ ਸਹੂਲਤ ਵੀ ਉਪਲਬਧ ਹੋਵੇਗੀ। ਇਸ ਸਬੰਧੀ ਇਥੇ ਨੇੜੇ ਹੀ ਬਾਇਓਗੈਸ ਪਲਾਂਟ ਲਾਉਣ ਦੀ ਤਜਵੀਜ਼ ਹੈ। ਇਸ ਤਜਵੀਜ਼ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।



ਸ੍ਰੀ ਹਰਿਮੰਦਰ ਸਾਹਿਬ ਸਥਿਤ ਗੁਰੂ ਰਾਮਦਾਸ ਲੰਗਰ ਘਰ ਦੀ ਇਮਾਰਤ ਵਿਚ ਹੋਰ ਵਾਧਾ ਕੀਤਾ ਗਿਆ ਹੈ, ਜਿਸ ਨਾਲ ਇਕੋ ਸਮੇਂ ਬੈਠ ਕੇ ਪ੍ਰਸ਼ਾਦਾ ਛਕਣ ਵਾਲਿਆਂ ਦੀ ਸਮਰੱਥਾ ਵਧ ਜਾਵੇਗੀ। ਇਸੇ ਤਰ੍ਹਾਂ ਨਾਲ ਹੀ ਆਧੁਨਿਕ ਰਸੋਈ ਘਰ ਬਣਾਇਆ ਗਿਆ ਹੈ, ਜਿਸ ਵਿਚ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ। ਲੰਗਰ ਘਰ ਦੀ ਇਸ ਇਮਾਰਤ ਦੀ ਉਸਾਰੀ ਦਾ ਕੰਮ ਲਗਭਗ ਮੁਕੰਮਲ ਹੋ ਚੁਕਾ ਹੈ ਅਤੇ ਹੁਣ ਇਸ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।

ਨਵੇਂ ਰਸੋਈ ਘਰ ਵਿਚ ਬਾਇਓਗੈਸ ਦੀ ਵਰਤੋਂ ਨੂੰ ਧਿਆਨ ਵਿਚ ਰੱਖਦਿਆਂ ਲੋੜੀਂਦੇ ਬਦਲਾਅ ਕੀਤੇ ਗਏ ਹਨ। ਬਾਇਓਗੈਸ ਤਿਆਰ ਕਰਨ ਲਈ ਲੰਗਰ ਘਰ ਦੇ ਬਚੇ-ਖੁਚੇ ਸਾਮਾਨ ਦੀ ਵਰਤੋਂ ਹੋਵੇਗੀ। ਬਾਇਓਗੈਸ ਪਲਾਂਟ ਲੰਗਰ ਘਰ ਦੇ ਨੇੜੇ ਹੀ ਸਥਾਪਤ ਕੀਤਾ ਜਾਵੇਗਾ। ਇਸ ਦੀ ਸਥਾਪਨਾ ਲਈ ਪਹਿਲਾਂ ਹੀ ਢੁਕਵੀਂ ਥਾਂ ਦਾ ਪ੍ਰਬੰਧ ਕੀਤਾ ਗਿਆ ਹੈ। ਪਲਾਂਟ ਦੀ ਸਥਾਪਨਾ ਨਾਲ ਸਿੱਖ ਸੰਸਥਾ ਦੇ ਦੋ ਮੰਤਵ ਹੱਲ ਹੋਣਗੇ। ਇਕ ਤਾਂ ਲੰਗਰ ਵਾਸਤੇ ਸਸਤਾ ਬਾਲਣ ਉਪਲਬਧ ਹੋਵੇਗਾ ਅਤੇ ਦੂਜਾ ਲੰਗਰ ਘਰ ਦੇ ਬਚੇ-ਖੁਚੇ ਸਾਮਾਨ ਨੂੰ ਸਮੇਟਣਾ ਸੌਖਾ ਹੋ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਹ ਬਾਇਓਗੈਸ ਪਲਾਂਟ ਨਗਰ ਨਿਗਮ ਦੇ ਸਹਿਯੋਗ ਨਾਲ ਸਥਾਪਤ ਕੀਤਾ ਜਾਵੇਗਾ, ਜਿਸ ਉਤੇ ਕਰੀਬ ਦੋ ਕਰੋੜ ਰੁਪਏ ਲਾਗਤ ਆਵੇਗੀ। ਬਾਇਓਗੈਸ ਪਲਾਂਟ ਦੀ ਸਥਾਪਨਾ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਟ ਕੰਪਨੀ ਦੀ ਮਦਦ ਨਾਲ ਹੋਵੇਗੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ 18 ਜੁਲਾਈ ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਜਲਦੀ ਹੀ ਇਸ ਨੂੰ ਅਮਲ ਵਿਚ ਲਿਆਉਣ ਲਈ ਕੰਮ ਸ਼ੁਰੂ ਹੋਵੇਗਾ। ਇਸ ਸਬੰਧੀ ਨਗਰ ਨਿਗਮ ਨੂੰ ਪ੍ਰਸਤਾਵਿਤ ਯੋਜਨਾ ਦਾ ਖਰੜਾ ਤਿਆਰ ਕਰਨ ਲਈ ਆਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨਾਲ ਇਸ ਸਬੰਧੀ ਲੋੜੀਂਦੀ ਦਸਤਾਵੇਜ਼ੀ ਕਾਰਵਾਈ ਮੁਕੰਮਲ ਹੋਣ ਮਗਰੋਂ ਇਹ ਬਾਇਓਗੈਸ ਪਲਾਂਟ ਚਾਰ ਮਹੀਨਿਆਂ ਵਿਚ ਤਿਆਰ ਹੋ ਜਾਵੇਗਾ। ਪਲਾਂਟ ਵਾਸਤੇ ਜ਼ਮੀਨਦੋਜ਼ ਭੰਡਾਰ ਤਿਆਰ ਹੋਵੇਗਾ, ਜਿਸ ਵਿਚ ਲੰਗਰ ਘਰ ਦਾ ਬਚਿਆ-ਖੁਚਿਆ ਸਾਮਾਨ ਸੁੱਟਿਆ ਜਾਵੇਗਾ ਅਤੇ ਲੋੜੀਂਦੀ ਪ੍ਰਕਿਰਿਆ ਨਾਲ ਗੈਸ ਤਿਆਰ ਹੋਵੇਗੀ।

ਦੱਸਣਯੋਗ ਹੈ ਕਿ ਇਸ ਵੇਲੇ ਲੰਗਰ ਘਰ ਵਿਚ ਐਲ.ਪੀ.ਜੀ. ਗੈਸ ਦੀ ਵਰਤੋਂ ਹੋ ਰਹੀ ਹੈ ਅਤੇ ਰੋਜ਼ਾਨਾ ਲਗਭਗ 70-80 ਸਿਲੰਡਰ ਵਰਤੇ ਜਾਂਦੇ ਹਨ। ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਇਹ ਐਲ.ਪੀ.ਜੀ. ਗੈਸ ਉਤੇ ਸਬਸਿਡੀ ਮਿਲਦੀ ਸੀ ਪਰ ਹੁਣ ਸਬਸਿਡੀ ਬੰਦ ਹੋਣ ਮਗਰੋਂ ਇਹ ਗੈਸ ਵਪਾਰਕ ਭਾਅ 'ਤੇ ਮਹਿੰਗੀ ਮਿਲ ਰਹੀ ਹੈ। ਇਸ ਤੋਂ ਇਲਾਵਾ ਲੰਗਰ ਦੇ ਲੋਹ 'ਤੇ ਪ੍ਰਸ਼ਾਦੇ ਆਦਿ ਤਿਆਰ ਕਰਨ ਲਈ ਲੱਕੜ ਦੀ ਵੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਪ੍ਰਦੂਸ਼ਣ ਪੈਦਾ ਹੁੰਦਾ ਹੈ। ਬਾਇਓਗੈਸ ਪਲਾਂਟ ਦੀ ਸਥਾਪਨਾ ਅਤੇ ਵਰਤੋਂ ਨਾਲ ਪ੍ਰਦੂਸ਼ਣ ਨੂੰ ਰੋਕਣ ਵਿਚ ਵੀ ਮਦਦ ਮਿਲੇਗੀ।

# ਪੰਜਾਬ 'ਚ ਰਾਜ ਪੰਛੀ ਬਾਜ਼ ਦੀ ਹੋਂਦ ਨੂੰ ਹੀ ਖਤਰਾ

**ਪਟਿਆਲਾ:** ਕੁਦਰਤ ਨਾਲ ਮਨੁੱਖ ਵੱਲੋਂ ਕੀਤੀ ਛੇੜਛਾੜ ਕਾਰਨ ਵਾਤਾਵਰਣ 'ਚ ਆਈਆਂ ਤਬਦੀਲੀਆਂ ਨਾਲ ਜਿਥੇ ਬਹੁਤ ਸਾਰੇ ਜੀਵ ਜੰਤੂਆਂ ਦੀ ਹੋਂਦ ਨੂੰ ਖਤਰਾ ਬਣਿਆ ਹੋਇਆ ਹੈ, ਉਥੇ ਹੀ ਪੰਜਾਬ 'ਚ ਰਾਜ ਪੰਛੀ ਦਾ ਦਰਜਾ ਪ੍ਰਾਪਤ ਬਾਜ਼ ਪਿਛਲੇ ਲੰਮੇ ਸਮੇਂ ਤੋਂ ਦਿਖਾਈ ਨਹੀਂ ਦੇ ਰਿਹਾ, ਜਿਸ ਦੀ ਹੋਂਦ ਨੂੰ ਸੂਬੇ 'ਚੋਂ ਮੁੜ ਬਰਕਰਾਰ ਕਰਨ ਲਈ ਸਬੰਧਤ ਵਿਭਾਗ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਜੱਦੋ-ਜਹਿਦ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਇਸ ਪੰਛੀ ਦੀ ਸੂਬੇ 'ਚ ਗਿਣਤੀ ਵਧਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਬਹੁਤਾ ਬੂਰ ਪਿਆ ਦਿਖਾਈ ਨਹੀਂ ਦਿੰਦਾ।



ਬਾਜ਼ ਨੂੰ ਜਿਥੇ ਪੰਜਾਬ 'ਚ ਸਰਕਾਰੀ ਸਰਪ੍ਰਸਤੀ ਪ੍ਰਾਪਤ ਹੈ ਉਥੇ ਹੀ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਮੇਸ਼ਾ ਨਾਲ ਰਹਿਣ ਕਾਰਨ ਸਿਖ ਧਰਮ 'ਚ ਵੀ ਬਾਜ਼ ਦੀ ਕਾਫੀ ਜ਼ਿਆਦਾ ਅਹਿਮੀਅਤ ਹੈ ਪਰ ਪਿਛਲੇ ਸਮੇਂ ਤੋਂ ਇਸ ਪੰਛੀ ਦੇ ਸੂਬੇ ਵਿਚੋਂ ਤਕਰੀਬਨ ਅਲੋਪ ਹੋਣ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ। ਦੂਜੇ ਪਾਸੇ ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ 2011-12 ਤੋਂ ਇਸ ਪੰਛੀ ਨੂੰ ਸਾਂਭਣ ਲਈ ਵਿਭਾਗ ਵੱਲੋਂ ਜੀਅ ਤੋੜ ਯਤਨ ਆਰੰਭੇ ਹੋਏ ਹਨ। ਜੰਗਲਾਤ ਵਿਭਾਗ ਪੰਜਾਬ ਦੇ ਪ੍ਰਿੰਸੀਪਲ ਚੀਫ ਕੰਜਰਵੇਟਰ ਡਾ. ਕੁਲਦੀਪ ਕੁਮਾਰ ਦਾ ਕਹਿਣਾ ਹੈ ਕਿ ਛੱਤ ਬੀੜ ਵਿਖੇ ਫਾਲਕਨ ਪ੍ਰਜਾਤੀ ਨੂੰ ਪ੍ਰਫੁੱਲਿਤ ਕਰਨ ਦਾ ਇੰਤਜ਼ਾਮ ਕੀਤਾ ਗਿਆ ਹੈ ਅਤੇ ਜਿਸ ਦਾ ਬੁਨਿਆਦੀ ਢਾਂਚਾ ਵੀ ਤਿਆਰ ਹੋ ਚੁੱਕਾ ਹੈ। ਇਸ ਪ੍ਰਜਾਤੀ 'ਚ ਬਾਜ਼, ਸਾਇਨ ਆਦਿ ਪ੍ਰਜਾਤੀਆਂ ਦੀ ਗਿਣਤੀ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਛੱਤਬੀੜ ਦੀ ਫੀਲਡ ਡਾਇਰੈਕਟਰ ਡਾ. ਐਮ. ਸੁਦਾਗਰ ਦਾ ਕਹਿਣਾ ਹੈ ਕਿ ਇਸ ਪ੍ਰਜਾਤੀ ਦੀ ਸਾਂਭ ਸੰਭਾਲ ਅਤੇ ਹੋਂਦ ਬਣਾਈ ਰੱਖਣ ਲਈ ਪਿੰਜਰਾ ਤਿਆਰ ਹੋ ਚੁੱਕਾ ਹੈ ਇਥੋਂ ਤੱਕ ਕਿ ਅੰਡਿਆਂ ਦੀ ਸਾਂਭ ਸੰਭਾਲ ਅਤੇ ਬੱਚੇ ਤਿਆਰ ਕਰਨ ਲਈ ਹੈਚਰੀ ਦਾ ਪ੍ਰਬੰਧ ਵੀ ਹੋ ਚੁੱਕਾ ਹੈ ਪਰ ਅਜੇ ਤੱਕ ਇਸ ਵਿਚ ਪੰਛੀ ਨੂੰ ਛੱਡਿਆ ਨਹੀਂ ਗਿਆ। ਉਨ੍ਹਾਂ ਆਸ ਪ੍ਰਗਟਾਈ ਕਿ ਜਲਦ ਹੀ ਇਸ ਪੰਛੀ ਦੀ ਆਮਦ ਛੱਤਬੀੜ 'ਚ ਹੋਵੇਗੀ।

# ਕੁਦਰਤੀ ਆਫਤਾਂ ਕਾਰਨ ਗਈਆਂ ਦੋ ਹਜ਼ਾਰ ਤੋਂ ਵੱਧ ਜਾਨਾਂ

**ਪਟਿਆਲਾ:** ਭਾਰਤ ਦੇ 26 ਰਾਜਾਂ 'ਚ ਸਾਲ 2017 ਦੌਰਾਨ ਕੁਦਰਤੀ ਆਫਤਾਂ 'ਚ 2 ਹਜ਼ਾਰ 57 ਮਨੁੱਖੀ ਜਾਨਾਂ ਗਈਆਂ। ਇਨ੍ਹਾਂ ਕੁਦਰਤੀ ਕਰੋਪੀਆਂ 'ਚ 9 ਲੱਖ 15 ਹਜ਼ਾਰ 878 ਘਰਾਂ ਦਾ ਨੁਕਸਾਨ ਹੋਇਆ ਸੀ ਅਤੇ 47 ਲੱਖ ਹੈਕਟੇਅਰ ਵਿਚ ਫਸਲ ਪ੍ਰਭਾਵਤ ਹੋਈ ਸੀ। ਇਸੇ ਤਰ੍ਹਾਂ 46 ਹਜ਼ਾਰ 488 ਪਸ਼ੂਆਂ ਵੀ ਇਨ੍ਹਾਂ ਕੁਦਰਤੀ ਆਫਤਾਂ 'ਚ ਮਾਰੇ ਗਏ। ਚੱਕਰਵਰਤੀ ਤੂਫਾਨ, ਹੜ੍ਹਾਂ, ਅਚਨਚੇਤ ਹੜ੍ਹਾਂ, ਜ਼ਮੀਨ ਖਿਸਕਣ, ਬੱਦਲ ਫਟਣ ਦੀ ਘਟਨਾਵਾਂ 'ਚ ਸਾਲ 2016 'ਚ 1487 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 5 ਲੱਖ 46 ਹਜ਼ਾਰ 518 ਘਰ ਦੇਸ਼ ਭਰ ਵਿਚ ਨੁਕਸਾਨੇ ਗਏ ਸੀ।

41 ਹਜ਼ਾਰ 965 ਪਸ਼ੂ ਵੀ ਮਾਰੇ ਗਏ ਸੀ ਅਤੇ 25 ਲੱਖ ਹੈਕਟੇਅਰ ਇਲਾਕੇ 'ਚ ਫਸਲ ਪ੍ਰਭਾਵਿਤ ਹੋਈ ਸੀ। ਸਾਲ 2015 'ਚ ਕੁਦਰਤੀ ਆਫਤਾਂ 'ਚ 1460 ਵਿਅਕਤੀਆਂ ਦੀ ਜਾਨਾਂ ਇਨ੍ਹਾਂ ਕੁਦਰਤੀ ਆਫਤਾਂ ਵਿਚ ਚਲੀਆਂ ਗਈਆਂ ਸਨ ਅਤੇ 13 ਲੱਖ 13 ਹਜ਼ਾਰ 371 ਘਰ ਦੇਸ਼ ਦੇ 22 ਰਾਜਾਂ 'ਚ ਨੁਕਸਾਨੇ ਗਏ ਸੀ। ਇਸੇ ਤਰ੍ਹਾਂ 31 ਲੱਖ ਹੈਕਟੇਅਰ ਇਲਾਕੇ 'ਚ ਫਸਲ ਦਾ ਨੁਕਸਾਨ ਹੋਇਆ ਸੀ। ਸਾਲ 2015 ਵਿਚ ਮਰਨ ਵਾਲੇ ਪਸ਼ੂਆਂ ਦੀ ਗਿਣਤੀ 59 ਹਜ਼ਾਰ ਤੋਂ ਵੱਧ ਸੀ। ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ ਖਾਲਸਾ ਏਡ ਦੇ ਏਸ਼ੀਆ ਦੇ ਡਾਇਰੈਕਟਰ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਕੁਦਰਤੀ ਆਫਤਾਂ ਸਮੇਂ ਅਕਸਰ ਸਰਕਾਰੀ ਕੰਮਕਾਜ 'ਚ ਕਈ ਖਾਮੀਆਂ ਦੇਖਣ ਨੂੰ ਮਿਲਦੀਆਂ ਹਨ।

# ਭਾਰਤ 'ਚ ਹਰ ਸਾਲ 1.8 ਲੱਖ ਲੋਕਾਂ ਨੂੰ ਨਿਗਲ ਜਾਂਦੇ ਨੇ ਸੜਕ ਹਾਦਸੇ

**ਚੰਡੀਗੜ੍ਹ:** ਟਰੈਫਿਕ ਵਧਣ ਕਾਰਨ ਪਿਛਲੇ ਕੁਝ ਸਾਲਾਂ ਵਿਚ ਸੜਕ ਹਾਦਸਿਆਂ ਵਿਚ ਭਾਰੀ ਵਾਧਾ ਹੋਇਆ ਹੈ। ਦੇਸ਼ ਵਿਚ ਹਰ ਸਾਲ 7.5 ਲੱਖ ਲੋਕ ਸੜਕ ਹਾਦਸਿਆਂ ਵਿਚ ਜਖ਼ਮੀ ਹੁੰਦੇ ਹਨ। ਸੜਕ ਹਾਦਸਿਆਂ ਵਿਚ ਸ਼ਿਕਾਰ ਹੋਣ ਵਾਲੇ ਕਈ ਲੋਕ ਲੱਤਾਂ ਅਤੇ ਹੋਰ ਅੰਗ ਗਵਾ ਬੈਠਦੇ ਹਨ ਅਤੇ ਕਈ ਸਦਾ ਲਈ ਅਪਾਹਜ ਵੀ ਹੋ ਜਾਂਦੇ ਹਨ ਜਦਕਿ 1.8 ਲੱਖ ਲੋਕਾਂ ਦੀ ਸੜਕ ਹਾਦਸਿਆਂ ਵਿਚ ਗੰਭੀਰ ਰੂਪ ਵਿਚ ਜ਼ਖਮੀ ਹੋਣ ਕਾਰਨ ਜਾਨ ਚਲੀ ਜਾਂਦੀ ਹੈ।

ਇਹ ਜਾਣਕਾਰੀ ਪੀ.ਜੀ.ਆਈ. ਦੇ ਹੱਡੀਆਂ ਦੇ ਰੋਗ ਵਿਭਾਗ ਦੇ ਮੁਖੀ ਪ੍ਰੋ. ਮਨਦੀਪ ਸਿੰਘ ਢਿੱਲੋਂ ਵੱਲੋਂ ਦਿੱਤੀ ਗਈ। ਉਨ੍ਹਾਂ ਕਿਹਾ ਹਾਲਾਂ ਕਿ ਵਾਹਨ ਚਲਾਉਣ ਵਿਚ ਸਾਵਧਾਨੀ ਵਰਤ ਕੇ ਕਾਫੀ ਹੱਦ ਤੱਕ ਸੜਕ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਲਈ ਲੋਕਾਂ ਨੂੰ ਸੜਕ ਸੁਰੱਖਿਆ ਪ੍ਰਤੀ ਵੱਧ ਤੋਂ ਵੱਧ ਜਾਗਰੂਕ ਕਰਨ ਦੀ ਲੋੜ ਹੈ। ਪੀ.ਜੀ.ਆਈ. ਦੇ ਹੱਡੀਆਂ ਦੇ ਰੋਗ ਵਿਭਾਗ ਵਿਚ ਹਰ ਰੋਜ਼ ਵੱਡੀ ਗਿਣਤੀ ਵਿਚ ਸੜਕ ਹਾਦਸਿਆਂ ਵਿਚ ਸ਼ਿਕਾਰ ਹੋਣ ਵਾਲੇ ਲੋਕ ਇਲਾਜ ਲਈ ਆਉਂਦੇ ਹਨ।

# ਹੁਣ ਮੁੰਬਈ 'ਚ ਸਿੱਖ ਕਾਲੋਨੀ ਦੇ ਉਜਾੜੇ ਦੀ ਤਿਆਰੀ

**ਅੰਮ੍ਰਿਤਸਰ:** ਦੇਸ਼ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਉਜੜ ਕੇ ਮੁੰਬਈ ਵਿਚ ਆ ਕੇ ਵਸੇ ਸਿੱਖਾਂ ਸਣੇ ਪੰਜਾਬੀਆਂ ਨੂੰ ਆਬਾਦ ਹੋਣ ਲਈ ਮਿਲੀ ਰਿਹਾਇਸ਼ੀ ਆਬਾਦੀ ਗੁਰੂ ਤੇਗ ਬਹਾਦਰ ਕਾਲੋਨੀ ਹੁਣ ਖੁੱਸਣ ਦੇ ਡਰ ਕਾਰਨ ਇਥੇ ਵਸੇ ਸਿੱਖ ਘਬਰਾਏ ਹੋਏ ਹਨ। ਉਨ੍ਹਾਂ ਆਪਣੀ ਇਸ ਰਿਹਾਇਸ਼ੀ ਥਾਂ ਨੂੰ ਬਚਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਮਦਦ ਦੀ ਅਪੀਲ ਕੀਤੀ ਹੈ।

ਇਸ ਸਬੰਧੀ ਕਾਲੋਨੀ ਵਾਸੀਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ। ਮੁੰਬਈ ਦੀ ਸਿੱਖ ਵਸੋਂ ਵਾਲੀ ਇਹ ਕਾਲੋਨੀ, ਗੁਰੂ ਤੇਗ ਬਹਾਦਰ ਨਗਰ ਸਿੱਖਾਂ ਨੂੰ 1957 ਵਿਚ ਮਿਲੀ ਸੀ। ਕਾਲੋਨੀ ਪ੍ਰਧਾਨ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਕੁਲਵੰਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਨੂੰ ਦੱਸਿਆ ਕਿ ਵੰਡ ਤੋਂ ਬਾਅਦ ਉਨ੍ਹਾਂ ਦੇ ਪੁਰਖੇ ਪਾਕਿਸਤਾਨ ਛੱਡ ਕੇ ਮੁੰਬਈ ਆਏ ਸਨ ਤੇ 1957 ਵਿਚ ਉਨ੍ਹਾਂ ਨੂੰ ਇਸ ਕਾਲੋਨੀ ਦੀ ਜਗ੍ਹਾ ਸਰਕਾਰ ਵੱਲੋਂ ਅਲਾਟ ਕੀਤੀ ਗਈ ਸੀ।

# ਮੱਛੀਆਂ ਤਾਜ਼ਾ ਰੱਖਣ ਲਈ ਲਾਸ਼ਾਂ ਸਾਂਭਣ ਵਾਲੇ ਕੈਮੀਕਲ ਦੀ ਹੁੰਦੀ ਹੈ ਵਰਤੋਂ

**ਚੰਡੀਗੜ੍ਹ:** ਮਰੀਆਂ ਮੱਛੀਆਂ ਨੂੰ ਤਾਜ਼ਾ ਰੱਖਣ ਲਈ ਲਾਸ਼ਾਂ ਸਾਂਭਣ ਲਈ ਵਰਤੇ ਜਾਂਦੇ ਕੈਮੀਕਲ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਮਕਸਦ ਲਈ ਇਕ ਜਾਨਲੇਵਾ ਕੈਮੀਕਲ ਫੋਰਮਾਲਿਨ ਵਰਤਿਆ ਜਾਂਦਾ ਹੈ, ਜੋ ਮੌਰੀਸਸ਼ ਵਿਚ ਲਾਸ਼ਾਂ ਨੂੰ ਖਰਾਬ ਹੋਣ ਤੋਂ ਬਚਾਉਂਦਾ ਹੈ। 'ਟ੍ਰਿਬਿਊਨ' ਵੱਲੋਂ ਕੀਤੀ ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਚੰਡੀਗੜ੍ਹ ਤੇ ਪੰਜਾਬ ਵਿਚ ਮਿਲਦੀ ਮੱਛੀ ਵਿਚ ਫੋਰਮਾਲਿਨ ਦਾ ਤੱਤ ਭਾਰੀ ਮਾਤਰਾ ਵਿਚ ਪਾਇਆ ਗਿਆ ਹੈ।



ਇਸ ਖੇਤਰ ਵਿਚ ਕੋਈ ਦਸ ਤਰ੍ਹਾਂ ਦੀ ਸਮੁੰਦਰੀ ਮੱਛੀ ਖਾਧੀ ਜਾਂਦੀ ਹੈ। ਮੱਛੀਆਂ ਵਿਚ ਜ਼ਹਿਰੀਲੇ ਤੱਤ ਦੀ ਪਰਖ ਲਈ ਚੰਡੀਗੜ੍ਹ ਦੀ ਸੈਕਟਰ-21 ਸਥਿਤ ਮੀਟ ਮਾਰਕੀਟ ਵਿਚੋਂ ਕੁੱਝ ਮੱਛੀ ਖਰੀਦੀ ਅਤੇ ਇਨ੍ਹਾਂ ਨੂੰ ਟੈਸਟਿੰਗ ਲਈ ਖਰੜ ਸਥਿਤ ਫੂਡ ਐਂਡ ਕੈਮੀਕਲ ਟੈਸਟਿੰਗ ਲੈਬਰਾਟਰੀ ਵਿਚ ਭੇਜਿਆ। ਟੈਸਟ ਰਿਪੋਰਟ ਵਿਚ ਮੱਛੀ ਦੀਆਂ ਦੋ ਆਮ ਕਿਸਮਾਂ ਮਾਕੇਰੇਲ ਅਤੇ ਰੈੱਡ ਸਨੈਪਰ ਵਿਚ ਫੋਰਮਾਲਿਨ ਦਾ ਜ਼ਹਿਰੀਲਾ ਤੱਤ ਸਾਹਮਣੇ ਆਇਆ, ਜੋ ਕੈਂਸਰ ਦਾ ਕਾਰਨ ਬਣਦਾ ਹੈ। ਪੰਜਾਬ ਦੇ ਖੁਰਾਕ ਵਿਸ਼ਲੇਸ਼ਕ ਦੀ ਰਿਪੋਰਟ ਅਨੁਸਾਰ ਮਾਕੇਰੇਲ ਵਿਚ ਵੱਡੀ ਪੱਧਰ 'ਤੇ ਇਹ ਕੈਮੀਕਲ ਮਿਲਿਆ ਹੈ ਅਤੇ ਰੈੱਡ ਸਨੈਪਰ ਵਿਚ ਫੋਰਮਾਲਿਨ ਮਿਲਿਆ ਹੈ।

ਪੰਜਾਬ ਸਿਹਤ ਵਿਭਾਗ ਦੇ ਸਰੋਤਾਂ ਨਾਲ ਗੱਲਬਾਤ ਤੋਂ ਬਾਅਦ ਪਤਾ ਲੱਗਾ ਕਿ ਇਹ ਪਹਿਲੀ ਵਾਰ ਨਹੀਂ ਕਿ ਮੱਛੀ ਵਿਚੋਂ ਫੋਰਮਾਲਿਨ ਮਿਲਿਆ ਹੈ। ਪਹਿਲਾਂ 2013 ਵਿਚ ਪਟਿਆਲਾ ਦੇ ਸਿਵਲ ਸਰਜਨ ਵੱਲੋਂ ਲਏ ਚਾਰ ਨਮੂਨਿਆਂ ਵਿਚ ਵੱਡੀ ਮਿਕਦਾਰ ਵਿਚ ਫੋਰਮਾਲਿਨ ਮਿਲੀ ਸੀ। ਸਿਹਤ ਮਾਹਰਾਂ ਅਨੁਸਾਰ ਫੋਰਮਾਲਿਨ ਫੋਰਮਲਡੀਹਾਈਡ ਦਾ ਇਕ ਤੱਤ ਹੈ। ਇਹ ਬੇਹੱਦ ਖਤਰਨਾਕ ਹੈ ਅਤੇ ਇਸ ਦੀ ਵਰਤੋਂ ਨਾਲ ਕੈਂਸਰ ਹੋਣ ਦਾ ਡਰ ਰਹਿੰਦਾ ਹੈ।

ਡਾ. ਓਂਕਾਰ ਸਿੰਘ ਵੜੈਚ ਪ੍ਰੋਫੈਸਰ (ਫਿਸ਼ ਤੇ ਫਿਸ਼ਰੀਜ਼), ਜ਼ੁਆਲੋਜੀ ਅਤੇ ਇਨਵਾਇਰਨਮੈਂਟ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਨੁਸਾਰ ਇਹ ਕੈਮੀਕਲ ਇੰਨਾ ਸ਼ਕਤੀਸ਼ਾਲੀ ਹੈ ਕਿ ਪੰਜ ਫੀਸਦੀ ਫੋਰਮਾਲਿਨ ਅਤੇ 95 ਫੀਸਦੀ ਪਾਣੀ ਨਾਲ ਮੱਛੀ ਨੂੰ ਕਰੀਬ ਇਕ ਸਦੀ ਤੱਕ ਲਈ ਬਚਾ ਕੇ ਰੱਖਿਆ ਜਾ ਸਕਦਾ ਹੈ। ਸਰੀਰ ਦੇ ਕਿਸੇ ਵੀ ਅੰਗ ਨੂੰ ਇਹ ਤਬਾਹ ਕਰਨ ਲਈ ਕਾਫੀ ਹੈ। ਇਹ ਅੰਤੜੀ ਰੋਗ ਫੈਲਾਅ ਸਕਦਾ ਹੈ ਤੇ ਸਮੁੱਚੇ ਹਾਜ਼ਮਾ ਪ੍ਰਬੰਧ ਨੂੰ ਤਬਾਹ ਕਰ ਸਕਦਾ ਹੈ। ਇਸ ਤੋਂ ਬਿਨਾ ਜਿਸ ਵੀ ਖੁਰਾਕੀ ਪਦਾਰਥ ਨੂੰ ਇਹ ਲਾਇਆ ਜਾਂਦਾ ਹੈ, ਉਸ ਦੇ ਖੁਰਾਕੀ ਤੱਤਾਂ ਦੀ ਗੁਣਵੱਤਾ ਵੀ ਘਟ ਜਾਂਦੀ ਹੈ। ਇਹ ਪਦਾਰਥ ਹਜ਼ਮ ਵੀ ਨਹੀਂ ਹੁੰਦੇ। ਮੱਛੀ ਦੀਆਂ ਇਹ ਦੋਵੇਂ ਕਿਸਮਾਂ ਮੁੰਬਈ ਤੋਂ ਆਉਂਦੀਆਂ ਹਨ ਤੇ ਸਪਸ਼ਟ ਹੈ ਕਿ ਫੋਰਮਾਲਿਨ ਮੁੰਬਈ 'ਚ ਮੱਛੀਆਂ ਨੂੰ ਤਾਜ਼ਾ ਰੱਖਣ ਲਈ ਵਰਤੀ ਜਾਂਦੀ ਹੋ ਸਕਦੀ ਹੈ।

ਮੱਛੀ ਥਰਮੋਕੋਲ ਡੱਬਿਆਂ ਵਿਚ ਬੰਦ ਹੋ ਕੇ ਆਉਂਦੀ ਹੈ। ਚੰਡੀਗੜ੍ਹ ਦੇ ਮੱਛੀ ਫਰੋਸ਼ਾਂ ਨੇ ਕਿਸੇ ਪ੍ਰਕਾਰ ਦੇ ਕੈਮੀਕਲ ਦੀ ਵਰਤੋਂ ਤੋਂ ਇਨਕਾਰ ਕੀਤਾ ਹੈ। ਇਕ ਦੁਕਾਨਦਾਰ ਨੇ ਕਿਹਾ ਕਿ ਮੁੰਬਈ ਤੋਂ ਮੱਛੀ ਆਉਣ ਬਾਅਦ ਉਹ ਦੋ ਦਿਨ ਵਿਚ ਅੱਗੇ ਵੇਚ ਦਿੰਦੇ ਹਨ। ਪੰਜਾਬ ਸਰਕਾਰ ਦੇ ਸੂਤਰਾਂ ਅਨੁਸਾਰ ਲੋਕਲ ਮਾਰਕੀਟ ਵਿਚ ਵੱਡੇ ਪੱਧਰ ਉਤੇ ਦਰਿਆਈ ਮੱਛੀ ਵਿਕਦੀ ਹੈ ਤੇ ਹੋ ਸਕਦਾ ਹੈ ਇਸ ਦੀ ਵਰਤੋਂ ਸਮੁੰਦਰੀ ਮੱਛੀ ਵਿਚ ਹੁੰਦੀ ਹੋਵੇ ਪਰ ਇਸ ਦੀ ਵਰਤੋਂ ਸਥਾਨਕ ਮੱਛੀ ਵਿਚ ਨਹੀਂ ਹੁੰਦੀ। ਆਮ ਤੌਰ 'ਤੇ ਲੋਕਲ ਮੱਛੀ 24 ਘੰਟੇ ਵਿਚ ਵਰਤੀ ਜਾਂਦੀ ਹੈ ਤੇ ਇਹ ਬਰਫ ਵਿਚ ਲਾ ਕੇ ਸਾਂਭੀ ਜਾ ਸਕਦੀ ਹੈ।

# ਸਵਾਂ ਨਦੀ 'ਚ ਦੂਸ਼ਿਤ ਪਾਣੀ ਕਾਰਨ ਮੱਛੀਆਂ ਮਰੀਆਂ

**ਨੰਗਲ:** ਸਵਾਂ ਨਦੀ ਵਿਚ ਹਿਮਾਚਲ ਪ੍ਰਦੇਸ਼ ਤੋਂ ਆਏ ਦੂਸ਼ਿਤ ਪਾਣੀ ਕਾਰਨ ਪਿੰਡ ਨਾਨਗਰਾਂ ਵਿਚ ਵੱਡੀ ਗਿਣਤੀ ਵਿਚ ਮੱਛੀਆਂ ਮਰ ਗਈਆਂ ਹਨ। ਪਿੰਡ ਨਾਂਗਰਾਂ ਵਾਸੀਆਂ ਨੇ ਦੱਸਿਆ ਕਿ ਜਦੋਂ ਉਹ ਸਵਾਂ ਨਦੀ ਵੱਲ ਗਏ ਤਾਂ ਵੇਖਿਆ ਕਿ ਕਾਫੀ ਗਿਣਤੀ ਵਿਚ ਮਰੀਆਂ ਹੋਈਆਂ ਮੱਛੀਆਂ ਪਾਣੀ 'ਤੇ ਨਜ਼ਰ ਆ ਰਹੀਆਂ ਸਨ। ਕੁਝ ਲੋਕਾਂ ਅਤੇ ਪੰਛੀਆਂ ਨੂੰ ਮੱਛੀਆਂ ਲੈ ਕੇ ਜਾਂਦੇ ਹੋਈ ਵੀ ਦੇਖਿਆ ਗਿਆ ਹੈ। ਮੱਛੀਆਂ ਮਰਨ ਦੀ ਘਟਨਾ ਕਾਰਨ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵਿਚ ਸਹਿਮ ਦਾ ਮਾਹੌਲ ਹੈ, ਕਿਉਂਕਿ ਲੋਕਾਂ ਦੇ ਪਾਲਤੂ ਪਸ਼ੂ ਸਵਾਂ ਨਦੀ ਦਾ ਪਾਣੀ ਪੀਂਦੇ ਹਨ।

ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। ਐਸ.ਡੀ.ਓ. ਜਤਿਨ ਜੋਸ਼ੀ ਨੇ ਆਪਣੀ ਟੀਮ ਨਾਲ ਪਾਣੀ ਦੇ ਸੈਂਪਲ ਲਏ। ਡਰੇਨਿੰਗ ਵਿਭਾਗ ਅਨੁਸਾਰ ਇਸ ਨਦੀ ਵਿਚ ਪੰਜਾਬ ਦੇ ਹਿੱਸੇ ਉਤੇ ਕੋਈ ਵੀ ਕੈਮੀਕਲ ਫੈਕਟਰੀ ਨਹੀਂ ਹੈ ਪਰ ਹਿਮਾਚਲ ਪ੍ਰਦੇਸ਼ ਦੇ ਉਦਯੋਗਿਕ ਖੇਤਰ ਮਹਿਤਪੁਰ ਅਤੇ ਟਾਹਲੀਵਾਲ ਦੀਆਂ ਉਦਯੋਗਿਕ ਇਕਾਈਆਂ ਦਾ ਪਾਣੀ ਸਵਾਂ ਨਦੀ ਵਿਚ ਮਿਲਦਾ ਹੈ।

# ਆਉਂਦੀਆਂ ਲੋਕ ਸਭਾ ਚੋਣਾਂ ਦੇ ਅਗੇਤੇ ਬੁੱਲਿਆਂ ਨਾਲ ਪੰਜਾਬ 'ਚ ਸਿਆਸੀ ਹਿਲਜੁਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੇ ਸਾਲ ਜੋ ਪ੍ਰਚਾਰ ਹੁੰਦਾ ਰਿਹਾ ਤੇ ਪ੍ਰਭਾਵ ਬਣਦਾ ਰਿਹਾ ਸੀ ਕਿ ਪੰਜਾਬ ਦੀ ਸਰਕਾਰ ਤੇ ਇਸ ਦੇ ਮੁੱਖ ਮੰਤਰੀ ਕਾਰਨ ਸਰਕਾਰ ਹੋਈ ਵੀ ਅਣਹੋਈ ਹੋਈ ਜਾਂਦੀ ਹੈ, ਇਸ ਹਫਤੇ ਦੀਆਂ ਘਟਨਾਵਾਂ ਦੇ ਵਹਿਣ ਨਾਲ ਉਸ ਦੀ ਚਰਚਾ ਨਹੀਂ ਰਹੀ। ਕੁਝ ਗੱਲਾਂ ਏਦਾਂ ਦੀਆਂ ਹੋਈਆਂ ਹਨ ਕਿ ਸਰਕਾਰ ਦੇ ਵਿਰੋਧ ਦੀਆਂ ਧਿਰਾਂ ਨੂੰ ਆਪੋ-ਆਪਣਾ ਕਿਲਾ ਬਚਾਉਣ ਦੀ ਚਿੰਤਾ ਅਚਾਨਕ ਸਤਾਉਣ ਲੱਗੀ ਤੇ ਸਰਕਾਰ ਪਹਿਲੀ ਵਾਰ ਚਿੰਤਾ ਮੁਕਤ ਨਜ਼ਰ ਆਈ ਹੈ।

ਜਿਨ੍ਹਾਂ ਘਟਨਾਵਾਂ ਤੋਂ ਪੰਜਾਬ ਦੀ ਸਿਆਸਤ ਦਾ ਇਹ ਨਕਸ਼ਾ ਬਦਲਣ ਦਾ ਪ੍ਰਭਾਵ ਬਣਿਆ ਹੈ, ਆਮ ਆਦਮੀ ਪਾਰਟੀ ਦੀ ਕੌਮੀ ਤੇ ਸੂਬਾਈ ਲੀਡਰਸ਼ਿਪ ਦਾ ਕਲੇਸ਼ ਉਸ ਵਿਚ ਮੁੱਖ ਮੁੱਦਾ ਹੈ। ਇਸ ਨੂੰ ਕੁਝ ਧਿਰਾਂ ਪੰਜਾਬ ਤੇ ਦਿੱਲੀ ਦੀ ਜੰਗ, ਸ਼ਾਹ ਮੁਹੰਮਦ ਦੇ ਲਫਜ਼ਾਂ ਵਿਚ 'ਹਿੰਦ-ਪੰਜਾਬ ਦੀ ਜੰਗ' ਬਣਾ ਕੇ ਪੇਸ਼ ਕਰੀ ਜਾਂਦੀਆਂ ਹਨ ਤੇ ਅਸਲੀ ਕਹਾਣੀ ਨੂੰ ਚਰਚਾ ਦਾ ਮੁੱਦਾ ਨਹੀਂ ਬਣਨ ਦਿੰਦੀਆਂ। ਅਸਲੀਅਤ ਇਹ ਹੈ ਕਿ ਸੁਖਪਾਲ ਸਿੰਘ ਖਹਿਰਾ ਨੂੰ ਭਰੋਸੇ ਵਿਚ ਲਏ ਬਿਨਾ ਪਾਰਟੀ



*ਸੁਖਪਾਲ ਸਿੰਘ ਖਹਿਰਾ*

ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਹਰਪਾਲ ਸਿੰਘ ਚੀਮਾ ਨੂੰ ਦੇ ਦਿੱਤਾ ਤੇ ਖਹਿਰਾ ਨੂੰ ਇੱਕ ਤਰ੍ਹਾਂ ਸਿੱਧੀ ਠਿੱਬੀ ਲਾਈ ਗਈ ਹੈ। ਇਸ ਦਾ ਸਾਹਮਣਾ ਕਰਨ ਲਈ ਖਹਿਰਾ ਧੜੇ ਨੂੰ ਇਹ ਕਰਨਾ ਚਾਹੀਦਾ ਸੀ ਕਿ ਖੜੇ ਪੈਰ ਵਿਧਾਇਕਾਂ ਦੀ ਮੀਟਿੰਗ ਸੱਦਦੇ ਤੇ ਇਨ੍ਹਾਂ ਦੀ ਬਹੁ-ਸੰਮਤੀ ਹੁੰਦੀ ਤਾਂ ਕੇਂਦਰੀ ਆਗੂਆਂ ਨੂੰ ਸਿੱਧੀ ਬੋਲੀ ਵਿਚ ਕਹਿ ਦਿੰਦੇ ਕਿ ਜਮਹੂਰੀ ਤਰੀਕੇ ਨਾਲ ਆ ਕੇ ਫੈਸਲਾ ਕਰਵਾਓ, ਤਾਨਾਸ਼ਾਹੀ ਢੰਗਾਂ ਵਿਰੁਧ ਲੜਾਈ ਲੜ ਕੇ ਇਥੋਂ ਤੱਕ ਪਹੁੰਚਣ ਪਿੱਛੋਂ ਖੁਦ ਇਹੋ ਢੰਗ ਨਹੀਂ ਵਰਤਣ ਦੇਣੇ। ਇਨ੍ਹਾਂ ਨੇ ਏਦਾਂ ਦੀ ਮੀਟਿੰਗ ਸੱਦਣ ਦੀ ਥਾਂ ਕੇਂਦਰੀ ਕਮਾਨ ਦੇ ਖਿਲਾਫ ਬਠਿੰਡੇ ਦੀ ਉਸ ਰੈਲੀ ਦਾ ਹੋਕਾ ਦੇ ਦਿੱਤਾ, ਜਿਸ ਦਾ ਨਾਅਰਾ ਦੇਣ ਲਈ ਭਾਵੇਂ ਦਸ ਵਿਧਾਇਕ ਇਨ੍ਹਾਂ ਨਾਲ ਖੜ੍ਹੇ ਸਨ, ਅਗਲੇ ਦਿਨਾਂ ਵਿਚ ਅੱਠ ਹੁੰਦੇ ਹੋਏ ਰੈਲੀ ਦੇ ਦਿਨ ਮਸਾਂ ਛੇ ਰਹਿ ਗਏ ਤੇ ਨਿਰਾਸ਼ਾ ਏਨੀ ਹੋਈ ਕਿ ਚੋਖੀ ਭੀੜ ਜੁੜਨ ਦੇ ਬਾਵਜੂਦ ਇਨ੍ਹਾਂ ਦੀ ਪਾਰਟੀ ਨਾਲੋਂ ਵੱਖਰੇ ਹੋਣ ਦਾ ਐਲਾਨ ਕਰਨ ਦੀ ਹਿੰਮਤ ਨਾ ਪੈ ਸਕੀ।

ਉਂਜ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦਾ



ਸਟੈਂਡ ਇਸ ਗੱਲੋਂ ਹਾਸੋਹੀਣਾ ਹੈ ਕਿ ਖੁਦ ਅਰਵਿੰਦ ਕੇਜਰੀਵਾਲ ਦਿੱਲੀ ਸਰਕਾਰ ਦੀ ਖੁਦਮੁਖਤਾਰੀ ਲਈ ਲੈਫਟੀਨੈਂਟ ਗਵਰਨਰ ਦੀ ਕੋਠੀ ਦੇ ਡਰਾਇੰਗ ਰੂਮ ਵਿਚ ਕਈ ਦਿਨ ਧਰਨਾ ਮਾਰ ਕੇ ਬੈਠਾ ਰਿਹਾ ਸੀ ਤੇ ਆਪਣੀ ਪਾਰਟੀ ਦੇ ਸੂਬਾਈ ਯੂਨਿਟ ਜੇਬ ਵਿਚ ਰੱਖਣੇ ਚਾਹੁੰਦਾ ਹੈ। ਪਹਿਲਾਂ ਕਾਂਗਰਸ ਹਾਈ ਕਮਾਨ ਆਪਣੇ ਸੂਬਾ ਆਗੂਆਂ ਨੂੰ ਏਦਾਂ ਬਦਲਦੀ ਹੁੰਦੀ ਸੀ ਤੇ ਏਸੇ ਖੇਡ ਕਾਰਨ ਅੱਧੇ ਤੋਂ ਵੱਧ ਰਾਜਾਂ ਵਿਚ ਕੋਈ ਦਾਅਵਾ ਕਰਨ ਜੋਗੀ ਨਹੀਂ ਰਹਿ ਗਈ, ਇੱਕ ਜਾਂ ਦੂਸਰੀ ਪਾਰਟੀ ਦੀ ਪਿਛਲੱਗ ਬਣ ਕੇ ਚੱਲਦੀ ਹੈ। ਕੇਜਰੀਵਾਲ ਉਸੇ ਰਾਹ ਪੈ ਗਿਆ ਤਾਂ ਇਹ ਪਾਰਟੀ ਵੀ ਨਹੀਂ ਚੱਲ ਸਕਣੀ।

ਕੇਜਰੀਵਾਲ ਦਾ ਲਫਟੈਣ ਮੁਨੀਸ਼ ਸਿਸੋਦੀਆ ਉਸ ਦਾ ਵੀ ਸਿਰਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਜਦੋਂ ਇਹ ਪ੍ਰਭਾਵ ਪੈਂਦਾ ਸੀ ਕਿ ਇਥੇ ਇਹ ਪਾਰਟੀ ਸਰਕਾਰ ਬਣਾਉਣ ਨੇੜੇ ਪੁੱਜ ਸਕਦੀ ਹੈ ਤਾਂ ਉਦੋਂ ਸਿਸੋਦੀਏ ਨੇ ਇਹ ਕਹਿ ਕੇ ਭੱਠਾ ਬਿਠਾਇਆ ਸੀ ਕਿ ਪੰਜਾਬ ਦੇ ਲੋਕ ਇਹ ਗੱਲ ਸੋਚ ਕੇ ਵੋਟਾਂ ਪਾਉਣ ਕਿ ਇਸ ਰਾਜ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਣਾਉਣਾ ਹੈ। ਉਸ ਨੇ ਭਾਵੇਂ ਕੇਜਰੀਵਾਲ ਦੀ ਅਗਵਾਈ ਹੇਠ ਪੰਜਾਬ ਵਿਚ ਮੁੱਖ ਮੰਤਰੀ ਦੀ ਚੋਣ ਬਾਰੇ ਇਹ ਗੱਲ ਕਹੀ ਹੋਵੇ, ਲੋਕਾਂ ਵਿਚ ਪ੍ਰਭਾਵ ਬੜਾ ਉਲਟਾ ਪਿਆ ਤੇ ਨੁਕਸਾਨ ਹੋ ਗਿਆ ਸੀ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਬਰਗਾੜੀ ਅਤੇ ਬਹਿਬਲ ਕਲਾਂ ਵਾਲੇ ਕੇਸ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਿਹੜੀ ਤੇ ਜਿੰਨੀ ਰਿਪੋਰਟ ਬਾਹਰ ਆਈ ਹੈ, ਉਸ ਨਾਲ ਬਾਦਲ ਅਕਾਲੀ ਦਲ ਦੇ ਆਗੂਆਂ ਤੇ ਖਾਸ ਕਰ ਕੇ ਬਾਦਲ ਬਾਪ-ਬੇਟੇ ਦੀ ਏਦਾਂ ਘਿੱਗੀ ਬੱਝ ਗਈ ਕਿ ਪ੍ਰਤੀਕਰਮ ਤੱਕ ਨਹੀਂ ਦੇ ਸਕੇ। ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਦੀ ਗਵਾਹੀ ਨਾਲ ਬਾਦਲ ਅਕਾਲੀ ਦਲ ਉਸ ਮੌਕੇ ਹੋਏ ਗੋਲੀ ਕਾਂਡ ਤੋਂ ਸ਼ੁਰੂ ਹੋ ਕੇ ਸੱਚੇ ਸੌਦੇ ਵਾਲਿਆਂ ਨਾਲ ਕੀਤੀਆਂ ਲੁਕਵੀਆਂ ਮੀਟਿੰਗਾਂ ਤੱਕ ਦੇ ਭੇਦ ਖੁੱਲ੍ਹਣ ਪਿੱਛੋਂ ਲੋਕਾਂ 'ਚ ਜਾਣ ਤੋਂ ਔਖਾ ਮਹਿਸੂਸ ਕਰ ਰਿਹਾ ਹੈ।

ਇਸ ਮੁੱਦੇ ਉਤੇ ਇੱਕ ਵਾਰੀ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਚੁੱਪ ਤੋੜੀ ਤੇ ਭੇਦ ਖੋਲ੍ਹਿਆ ਸੀ ਕਿ ਸੱਚੇ ਸੌਦੇ ਵਾਲੇ ਬਾਬੇ ਨੂੰ ਮੁਆਫੀ ਦਾ ਆਦੇਸ਼ ਸਿੰਘ ਸਾਹਿਬਾਨ ਦਾ ਨਹੀਂ ਸੀ। ਪੰਜਾਂ ਜਣਿਆਂ ਨੂੰ ਚੰਡੀਗੜ੍ਹ ਵਿਚ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਸੱਦ ਕੇ ਛੋਟੇ ਬਾਦਲ ਨੇ ਲਿਖਿਆ ਵਰਕਾ ਫੜ੍ਹਾ ਕੇ ਕਿਹਾ ਸੀ ਕਿ ਭਲਕੇ ਆਹ ਵਰਕਾ ਆਦੇਸ਼ ਦੇ ਤੌਰ 'ਤੇ ਪੜ੍ਹ ਦਿਓ। ਇਹ ਭੇਦ ਖੋਲ੍ਹਣ ਪਿੱਛੋਂ ਉਸ ਨੂੰ ਜਥੇਦਾਰੀ ਤੋਂ ਲਾਹ ਕੇ ਹਰਿਆਣੇ ਦੇ ਇੱਕ ਗੁਰਦੁਆਰੇ ਵਿਚ ਗ੍ਰੰਥੀ ਨਿਯੁਕਤ ਕਰਵਾ ਕੇ ਪੰਜਾਬ ਤੋਂ ਪਰੇ ਕਰ ਦਿੱਤਾ ਗਿਆ। ਫਿਰ ਉਸ ਦੇ ਭਰਾ ਅਤੇ ਪਰਿਵਾਰ ਦੇ ਹੋਰ ਜੀਅ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇੱਕ ਜਾਂ ਦੂਸਰੇ ਤਰ੍ਹਾਂ ਨੌਕਰ ਸਨ, ਕੱਢ ਦਿੱਤੇ ਗਏ ਸਨ।

ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਵਿਚਲੇ ਤੱਥ ਸਾਹਮਣੇ ਆਉਣ ਨਾਲ ਘਬਰਾਹਟ ਦਾ ਸ਼ਿਕਾਰ ਹੋਏ ਇਸ ਪਾਰਟੀ ਦੇ ਲੀਡਰ ਬਾਪ-ਬੇਟੇ ਨੇ ਖੜ੍ਹੇ ਪੈਰ ਆਪਣੇ ਬੰਦੇ ਭੇਜ ਕੇ ਗਿਆਨੀ ਗੁਰਮੁਖ ਸਿੰਘ ਨੂੰ ਮਨਾਇਆ ਤੇ ਹਰਿਆਣੇ ਤੋਂ ਵਾਪਸ ਬੁਲਾ ਕੇ ਰਾਤੋ-ਰਾਤ ਸ੍ਰੀ ਅਕਾਲ ਤਖਤ ਦਾ ਹੈਡ ਗ੍ਰੰਥੀ ਬਣਾ ਦਿੱਤਾ ਹੈ। ਜਿਹੜੇ ਪੁਲਿਸ ਅਫਸਰਾਂ ਨੇ ਅੱਧੀ ਰਾਤ ਆਏ ਫੋਨ ਸੁਣ ਕੇ ਉਸ ਵਕਤ ਫਰੀਦਕੋਟ ਵੱਲ ਦੌੜਾਂ ਲਾਈਆਂ ਤੇ ਗੈਰ-ਕਾਨੂੰਨੀ ਕੰਮਾਂ ਵਿਚ ਭਾਈਵਾਲੀ ਕੀਤੀ ਸੀ, ਉਨ੍ਹਾਂ ਨੂੰ ਆਪਣੇ ਉਤੇ ਕੇਸ ਦਰਜ ਹੋਣ ਦਾ ਡਰ ਪੈ ਗਿਆ ਹੈ। ਪਾਰਟੀ ਦੇ ਬਜੁਰਗ ਆਗੂ ਆਪੋ ਵਿਚ ਕਾਨਾਫੂਸੀਆਂ ਕਰਦੇ ਸੁਣੀਂਦੇ ਹਨ। ਅਗਲੇ ਦਿਨੀਂ ਅਕਾਲੀ ਦਲ ਦੇ ਅੰਦਰ ਕੋਈ ਸਿਆਸੀ ਧਮਾਕਾ ਵੀ ਹੋ ਜਾਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ।

ਸਥਿਤੀ ਦਾ ਤੀਸਰਾ ਪੱਖ ਇਹ ਹੈ ਕਿ ਕੇਂਦਰ ਦੀ ਕਾਂਗਰਸੀ ਲੀਡਰਸ਼ਿਪ ਕੁਝ ਅਕਲ ਨਾਲ ਚੱਲਣ ਦਾ ਉਹ ਪ੍ਰਭਾਵ ਦੇਣ ਲੱਗੀ ਹੈ, ਜਿਹੜਾ ਉਹ ਪਿਛਲੇ ਕਈ ਸਾਲਾਂ ਤੋਂ ਨਹੀਂ ਦੇ ਸਕੀ। ਪਾਰਲੀਮੈਂਟ ਵਿਚ ਰਾਹੁਲ ਗਾਂਧੀ ਦਾ ਨਰਿੰਦਰ ਮੋਦੀ ਨੂੰ ਜਾ ਕੇ ਬਦੋਬਦੀ ਜੱਫੀ ਪਾਉਣਾ ਅਜੇ ਲੋਕਾਂ ਦੇ ਸੰਘੋਂ ਨਹੀਂ ਸੀ ਲੱਥਾ ਕਿ ਪਾਰਟੀ ਨੇ ਨਵੀਂ ਭੁੱਲ ਅਗਲੀਆਂ ਚੋਣਾਂ ਲਈ ਵਿਰੋਧੀ ਧਿਰ ਦੇ ਗੱਠਜੋੜ ਦਾ ਚਿਹਰਾ ਰਾਹੁਲ ਨੂੰ ਐਲਾਨ ਦਿੱਤਾ ਸੀ। ਇਸ ਨਾਲ ਕਈ ਰਾਜਾਂ ਵਿਚਲੇ ਆਗੂ ਸਹਿਮਤ ਨਹੀਂ ਸੀ ਹੋਏ ਤੇ ਕਈਆਂ ਨੇ ਆਪਣਾ ਵਿਰੋਧ ਜਨਤਕ ਰੈਲੀਆਂ ਤੇ ਪ੍ਰੈਸ ਕਾਨਫਰੰਸਾਂ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ ਕਿ ਕਾਂਗਰਸ ਲੀਡਰਸ਼ਿਪ ਨੂੰ ਦਿਨੇ ਤਾਰੇ ਦਿੱਸ ਪਏ। ਫਿਰ ਕਿਤੋਂ ਅਕਲ ਦੀ ਪੁੜੀ ਮਿਲੀ ਜਾਂ ਲੀਡਰਸ਼ਿਪ ਨੂੰ ਖੁਦ ਹੀ ਅਕਲ ਆਈ, ਉਨ੍ਹਾਂ ਨੇ ਨਵਾਂ ਰਾਗ ਅਲਾਪਣਾ ਸ਼ੁਰੂ ਕੀਤਾ ਤੇ ਖੁਦ ਰਾਹੁਲ ਗਾਂਧੀ ਦੇ ਮੂੰਹੋਂ ਕਈ ਥਾਂ ਕਹਾਇਆ ਗਿਆ ਕਿ ਇਹ ਗੱਲ ਬਾਅਦ ਦੀ ਹੈ ਕਿ ਪ੍ਰਧਾਨ ਮੰਤਰੀ ਕੌਣ ਬਣੇਗਾ, ਹਾਲੇ ਮੁੱਖ



*ਅਰਵਿੰਦ ਕੇਜਰੀਵਾਲ*

ਮੁੱਦਾ ਇਹੀ ਹੈ ਕਿ ਭਾਜਪਾ ਨੂੰ ਸੱਤਾ ਤੋਂ ਲਾਹੁਣਾ ਹੈ, ਆਗੂ ਦਾ ਫੈਸਲਾ ਬਾਅਦ ਵਿਚ ਹੋਵੇਗਾ। ਇਹੀ ਗੱਲ ਪਹਿਲਾਂ ਸੋਚੀ ਹੁੰਦੀ ਤਾਂ ਜੋ ਖੱਪ ਇਸ ਦੌਰਾਨ ਪਈ ਸੀ, ਉਹ ਨਹੀਂ ਸੀ ਪੈਣੀ।

ਦੂਜੀ ਗੱਲ ਪਾਰਟੀ ਨੇ ਇਹ ਕੀਤੀ ਕਿ ਐਲਾਨ ਭਾਵੇਂ ਨਾ ਕੀਤਾ ਹੋਵੇ, ਮਮਤਾ ਬੈਨਰਜੀ ਤੇ ਕੁਝ ਹੋਰ ਆਗੂਆਂ ਰਾਹੀਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਵੀ ਚੋਣ ਸਮਝੌਤੇ ਦੀ ਚਰਚਾ ਚਲਾ ਲਈ। ਦਿੱਲੀ ਵਿਚਲੇ ਕੁਝ ਸੀਨੀਅਰ ਪੱਤਰਕਾਰਾਂ ਦਾ ਕਹਿਣਾ ਹੈ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਸਿੱਧਾ ਸਮਝੌਤਾ ਨਹੀਂ ਹੋਵੇਗਾ, ਇੱਕ ਦੂਸਰੇ ਦੇ ਵੱਧ ਪ੍ਰਭਾਵ ਵਾਲੀਆਂ ਸੀਟਾਂ 'ਤੇ ਅਸਿੱਧੀ ਮਦਦ ਦੇ ਕੇ ਭਾਜਪਾ ਵਿਰੁਧ ਇੱਕੋ ਉਮੀਦਵਾਰ ਜਿਤਾਉਣ ਦਾ ਸਾਰਾ ਯਤਨ ਕੀਤਾ ਜਾਵੇਗਾ ਤੇ ਇੰਜ ਸਮਝੌਤਾ ਨਾ ਕਰਨ ਵਾਲਾ ਭਰਮ-ਭਾਅ ਵੀ ਕਾਇਮ ਰੱਖ ਲਿਆ ਜਾਵੇਗਾ। ਸੁਖਪਾਲ ਸਿੰਘ ਖਹਿਰੇ ਦਾ ਅਹੁਦਾ ਖੋਹਣ ਦੀ ਘਟਨਾ ਦੇ ਪਿਛੋਕੜ ਵਿਚ ਵੀ ਆਮ ਆਦਮੀ ਪਾਰਟੀ ਉਤੇ ਕਾਂਗਰਸ ਲੀਡਰਸ਼ਿਪ ਦਾ ਏਸੇ ਮਕਸਦ ਦਾ ਦਬਾਅ ਦੱਸਿਆ ਜਾ ਰਿਹਾ ਹੈ।

ਇਸ ਸਾਰੇ ਕੁਝ ਬਾਰੇ ਇੱਕ ਦਿਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਦੋ ਗੱਲਾਂ ਕਹੀਆਂ- ਪਹਿਲੀ, ਪਾਰਟੀ ਨੇ ਕੋਈ ਚੋਣ ਸਮਝੌਤਾ ਕਰਨਾ ਹੈ ਤਾਂ ਪੰਜਾਬ ਤੋਂ ਪਰੇ ਕਰਨਾ ਮਜਬੂਰੀ ਹੋ ਸਕਦੀ ਹੈ, ਇਥੇ ਸਾਨੂੰ ਕਿਸੇ ਧਿਰ ਨਾਲ ਜੋਟੇ ਪਾਉਣ ਦੀ ਲੋੜ ਨਹੀਂ। ਦੂਜੀ ਗੱਲ ਇਹ ਕਹਿ ਦਿੱਤੀ ਕਿ ਸਾਡੀ ਪਾਰਟੀ ਦਾ ਡਿਸਪਲਿਨ ਕਹਿੰਦਾ ਹੈ ਕਿ ਕੌਮੀ ਲੀਡਰਸ਼ਿਪ ਜੋ ਵੀ ਸਮਝੌਤਾ ਕਰ ਲਵੇ, ਉਹ ਰਾਜਾਂ ਦੇ ਆਗੂ ਮੰਨ ਲੈਂਦੇ ਹੁੰਦੇ ਹਨ। ਇਸ ਦੂਜੀ ਗੱਲ ਨਾਲ ਬੜਾ ਕੁਝ ਸਪੱਸ਼ਟ ਹੋ ਜਾਂਦਾ ਹੈ।

ਅਕਾਲੀ ਪਾਰਟੀ ਇਸ ਵੇਲੇ ਬਰਗਾੜੀ ਤੇ ਬਹਿਬਲ ਕਲਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਖੂੰਜੇ ਲਾਈ ਜਾਪਦੀ ਹੈ। ਆਮ ਆਦਮੀ ਪਾਰਟੀ ਵਿਚ ਸੁਖਪਾਲ ਸਿੰਘ ਖਹਿਰਾ ਦੇ ਮੁੱਦੇ 'ਤੇ ਧਮੱਚੜ ਪੈ ਰਿਹਾ ਹੈ। ਏਦਾਂ ਦੇ ਹਾਲਾਤ ਵਿਚ ਪੰਜਾਬ ਦੀ ਸਰਕਾਰ ਚਲਾਉਣ ਵਾਲੀ ਧਿਰ ਨੂੰ ਕਿਸੇ ਵੱਡੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਸਿਰਫ ਜਨਤਕ ਜਥੇਬੰਦੀਆਂ ਵਾਲੀ ਧਿਰ ਮੈਦਾਨ ਵਿਚ ਹੈ, ਜਿਸ ਦੀਆਂ ਬਹੁਤੀਆਂ ਮੰਗਾਂ ਜਾਇਜ਼ ਹੋਣ ਦੇ ਬਾਵਜੂਦ ਹਕੂਮਤੀ ਜ਼ੋਰ ਨਾਲ ਨਕਾਰੀਆਂ ਜਾ ਰਹੀਆਂ ਹਨ ਤੇ ਚੋਣਾਂ ਨੇੜੇ ਜਾ ਕੇ ਕੱਚ-ਘਰੜ ਸਮਝੌਤੇ ਕੀਤੇ ਜਾ ਸਕਦੇ ਹਨ। ਜਿੱਦਾਂ ਦੀ ਸਿਆਸੀ ਹਿਲਜੁਲ ਹੁਣ ਪੰਜਾਬ 'ਚ ਦਿਖਾਈ ਦੇ ਰਹੀ ਹੈ, ਇਹ ਸਭ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੇ ਅਗੇਤੇ ਬੁੱਲੇ ਹਨ। ਅਸਲੀ ਨਕਸ਼ਾ ਕਿੱਦਾਂ ਦਾ ਹੋਵੇਗਾ, ਅੱਜ ਦੀ ਘੜੀ ਜੇ ਕੋਈ ਅੰਦਾਜ਼ੇ ਲਾਉਣ ਦਾ ਯਤਨ ਕਰੇਗਾ ਵੀ ਤਾਂ ਬੇਲੋੜੀ ਕੋਸ਼ਿਸ਼ ਹੀ ਹੋਵੇਗੀ।

---

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਖਹਿਰੇ ਦੀ ਖੜ-ਖੜ ਠੱਕ-ਠੱਕ

ਆਲੇ-ਦੁਆਲੇ ਦੀਆਂ ਘਟਨਾਵਾਂ ਬਾਰੇ ਸੁਣਦਿਆਂ-ਪੜ੍ਹਦਿਆਂ ਉਨ੍ਹਾਂ ਦੇ ਨਕਸ਼-ਅਕਸ, ਕਦੀ-ਕਦੀ ਆਪਣੇ ਮਨ-ਮਸਤਕ ਦੀ ਪਟਾਰੀ ਵਿਚ ਪਈਆਂ ਯਾਦਾਂ ਨਾਲ ਜਾ ਟਕਰਾਉਂਦੇ ਹਨ। ਵਰਤਮਾਨ ਦੇ ਕਈ ਵਾਕਿਆਤ ਯਾਦਾਂ ਵਿਚਲੇ ਦ੍ਰਿਸ਼ਾਂ ਨਾਲ ਕਈ ਵਾਰ ਇੰਨ-ਬਿੰਨ ਅਤੇ ਕਦੇ ਅੱਧ-ਪਚੱਧੇ ਰੂਪ ਵਿਚ ਮੇਲ ਖਾ ਜਾਂਦੇ ਹਨ। ਦਿਲ ਹੀ ਦਿਲ ਇਨ੍ਹਾਂ ਦਾ ਮੇਲ-ਮੁਕਾਬਲਾ ਕਰਦਿਆਂ ਜੀਅ ਕਰਨ ਲਗਦੈ ਕਿ ਕਿਉਂ ਨਾ ਇਨ੍ਹਾਂ ਨੂੰ ਹੋਰਾਂ ਨਾਲ ਵੀ ਸਾਂਝਾ ਕਰੀਏ? ਪੜ੍ਹਨ-ਸੁਣਨ ਵਾਲੇ ਹੋਰ ਪਾਠਕ ਵੀ ਇਨ੍ਹਾਂ ਦਾ ਲੁਤਫ ਉਠਾਉਣ।

ਦੋ ਅਗਸਤ ਨੂੰ ਬਠਿੰਡੇ ਆਮ ਆਦਮੀ ਪਾਰਟੀ (ਆਪ) ਦੇ ਕੁਝ ਵਿਧਾਇਕਾਂ ਦੀ ਕਨਵੈਨਸ਼ਨ, ਉਨ੍ਹਾਂ ਦੀ ਆਸ ਨਾਲੋਂ ਵੀ ਕਿਤੇ ਵਧ ਕਾਮਯਾਬ ਰਹੀ। ਇਸ ਇਕੱਠ ਦੇ ਮੁੱਖ ਸੂਤਰਧਾਰ ਸੁਖਪਾਲ ਸਿੰਘ ਖਹਿਰਾ ਜਦੋਂ ਅਖੀਰ ਵਿਚ ਜੇਤੂ ਅੰਦਾਜ਼ ਨਾਲ ਦਿੱਲੀ ਬੈਠੀ 'ਆਪ' ਦੀ ਹਾਈ ਕਮਾਂਡ ਵਿਰੁਧ ਠੁੱਕਦਾਰ ਸ਼ਬਦਾਵਲੀ ਰਾਹੀਂ ਰੋਸ ਪ੍ਰਗਟਾ ਰਹੇ ਸਨ ਤਾਂ ਅਮਰੀਕਾ ਬੈਠਿਆਂ ਉਹ ਭਾਸ਼ਣ 'ਲਾਈਵ' ਸੁਣਦਿਆਂ ਮੈਨੂੰ ਆਪਣੀ ਪਰਿਵਾਰਕ ਘਟਨਾ ਯਾਦ ਆ ਗਈ।

ਸੰਨ 1983-84 ਵਿਚ ਸਾਡਾ ਸਾਰਾ ਪਰਿਵਾਰ ਆਪਣੇ ਪਿੰਡ ਰਹਿੰਦਾ ਸੀ। ਮੇਰੇ ਵੱਡੇ ਬੇਟੇ ਦੇ ਜਨਮ ਤੋਂ ਡੇਢ ਕੁ ਸਾਲ ਬਾਅਦ ਦੂਜੇ ਬੇਟੇ ਦਾ ਜਨਮ ਹੋਇਆ। ਵੱਡਾ ਕਾਕਾ ਭਰੇ-ਭੁਕੰਨੇ ਪਰਿਵਾਰ ਦਾ ਜੇਠਾ ਪੋਤਰਾ ਹੋਣ ਕਰਕੇ ਸਾਰੇ ਉਸ ਨੂੰ ਖੂਬ ਲਾਡ ਲਡਾਉਂਦੇ। ਸੋਹਣਾ ਸੁਨੱਖਾ ਤੇ ਤੇਜ਼ ਸੁਭਾਅ ਹੋਣ ਕਰਕੇ ਉਹ ਸਭ ਤੋਂ ਬਹੁਤ ਮੋਹ ਲੈਂਦਾ।

ਉਦੋਂ ਉਹ ਤੋਤਲੀ ਜ਼ੁਬਾਨ 'ਚ ਗੱਲਾਂ ਮਾਰਨ ਲੱਗ ਪਿਆ ਸੀ ਤੇ ਟੌਹਰ ਜਿਹੀ 'ਚ ਛੋਟੇ ਕਾਕੇ 'ਤੇ ਰੋਹਬ ਜਿਹਾ ਪਾਈ ਰੱਖਦਾ। ਇਕ ਵਾਰ ਮੈਂ ਸਾਰਾ ਦਿਨ ਨੋਟ ਕਰਦਾ ਰਿਹਾ ਕਿ ਉਹ ਬਾਹਲਾ ਹੀ 'ਸਮਾਰਟ' ਬਣਦਾ ਹੋਇਆ ਕਈ ਪੁੱਠੀਆਂ ਸਿੱਧੀਆਂ ਸ਼ਰਾਰਤਾਂ ਕਰੀ ਜਾ ਰਿਹਾ ਸੀ।

ਰਾਤ ਦੇ ਰੋਟੀ-ਟੁੱਕ ਵੇਲੇ ਉਸ ਨੇ ਕੋਈ ਐਸੀ ਇਲਤ ਕੀਤੀ ਕਿ ਮੈਥੋਂ ਉਸ ਨੂੰ ਝਿੜਕ ਹੋ ਗਿਆ। ਨਾਲੇ ਮੈਂ ਉਸ ਨੂੰ ਬਾਹੋਂ ਫੜ੍ਹ ਕੇ ਤਾੜਦਿਆਂ ਝੰਜੋੜ ਦਿੱਤਾ। ਮੂੰਹ ਮਸੂਦਰ ਜਿਹਾ ਕਰਕੇ ਉਹ ਉਰੇ-ਪਰੇ ਹੋ ਗਿਆ। ਗੱਲ ਆਈ-ਗਈ ਹੋ ਗਈ ਤੇ ਅਸੀਂ ਟੱਬਰ ਦੇ ਸਾਰੇ ਜੀਅ ਰੋਟੀ ਖਾਣ ਬਹਿ ਗਏ। ਉਸ ਰਾਤ ਸਾਡੇ ਘਰ ਖੀਰ ਬਣੀ ਸੀ। ਸਭ ਆਪੋ-ਆਪਣੀਆਂ ਥਾਲੀਆਂ, ਬਾਟੀਆਂ ਜਾਂ




ਛੰਨਿਆਂ ਵਿਚ ਖੀਰ ਛਕਣ ਲੱਗ ਪਏ।

ਜਿਉਂ ਹੀ ਸਾਡੇ ਚਮਚੇ ਖੜਕਣ ਲੱਗੇ, ਸਾਡੇ ਦਰਵਾਜੇ 'ਤੇ ਖੜ-ਖੜ, ਠੱਕ-ਠੱਕ ਦੀ ਆਵਾਜ਼ ਆਈ। ਅਸੀਂ ਸਭ ਹੈਰਾਨ ਕਿ ਸਾਡਾ ਦਰਵਾਜਾ ਤਾਂ ਖੁੱਲ੍ਹਾ ਹੀ ਹੈ? ਫਿਰ ਉਹਦੇ ਨਾਲ ਲਟਕਦੇ ਗੋਲ-ਗੋਲ ਕੁੰਡਿਆਂ ਨੂੰ ਕੌਣ ਖੜਕਾ ਰਿਹਾ ਹੋਵੇਗਾ? ਜਦ ਸਾਡੇ ਵਿਚੋਂ ਕਿਸੇ ਨੇ ਕਿਹਾ, 'ਕੌਣ ਐ?' ਤਾਂ ਦਰਵਾਜੇ ਪਿਛਿਓਂ ਵੱਡੇ ਕਾਕੇ ਦੀ ਆਵਾਜ਼ ਆਈ, "ਮੈਂ...ਐਥੇ...ਨੁੱਛਿਆ (ਰੁੱਸਿਆ) ਖਲ੍ਹਾਂ (ਖੜ੍ਹਾ) ਆਂ।"

ਉਸ ਦੀ ਇਹ ਤੋਤਲੀ ਜਿਹੀ ਗੱਲ ਸੁਣ ਕੇ ਸਾਡੀ ਸਭ ਦੀ ਮਮਤਾ ਛਲਕ ਪਈ। ਮੈਂ ਤੇ ਮੇਰੀ ਪਤਨੀ ਖੀਰ-ਖੂਰ ਛੱਡ ਕੇ ਦਰਵਾਜੇ ਵੱਲ ਭੱਜੇ। ਦਰਵਾਜੇ ਪਿੱਛੇ ਲੁਕ ਕੇ ਰੁੱਸੇ ਖੜ੍ਹੇ ਨੂੰ ਸੀਨੇ ਨਾਲ ਲਾਇਆ, ਲਾਡ ਨਾਲ ਮੱਥਾ ਚੁੰਮਿਆ ਤੇ 'ਪੁਚ ਪੁਚ' ਕਰਕੇ ਪਤਿਆਇਆ। ਪਿਆਰ ਨਾਲ ਉਹਦਾ ਰੋਸ ਦੂਰ ਕਰਿਆ ਤਾਂ ਉਹ ਆਪਣੇ 'ਅਸਲੀ ਰੰਗ' ਵਿਚ ਆ ਕੇ ਮਚਾਕੇ ਲਾ-ਲਾ ਖੀਰ ਖਾਣ ਲੱਗ ਪਿਆ, ਸਾਡੇ ਨਾਲ ਬਹਿ ਕੇ।

ਵੈਸੇ ਤਾਂ 'ਆਪ' ਵਿਚ ਮਚੀ ਆਪਾ-ਧਾਪੀ ਅਤੇ ਪਈ ਫੁੱਟ ਦੇ ਅਸਲ ਕਾਰਨਾਂ ਬਾਰੇ ਪਾਰਟੀ ਵਾਲੇ ਹੀ ਜਾਣਦੇ ਹੋਣਗੇ ਪਰ ਮੌਜੂਦਾ ਭੁਚਾਲ ਬਾਰੇ ਮੀਡੀਆ ਵਿਚ ਛਪਦੀਆਂ ਖਬਰਾਂ ਤੋਂ ਇਹੀ ਅੰਦਾਜ਼ਾ ਲਗਦਾ ਹੈ ਕਿ ਸੁਖਪਾਲ ਸਿੰਘ ਖਹਿਰਾ ਦਾ ਤੇਜ਼ ਤਰਾਰ ਹੋਣਾ ਅਤੇ ਉਸ ਦਾ ਸਿਰ ਕੱਢਵਾਂ ਸਿਆਸੀ ਕਦ-ਬੁੱਤ 'ਆਪ' ਦੀ ਹਾਈ ਕਮਾਂਡ ਨੂੰ ਬਹੁਤਾ ਹਜ਼ਮ ਨਹੀਂ ਹੋ ਰਿਹਾ। ਬਾਕੀ ਵਿਧਾਇਕਾਂ ਨਾਲੋਂ ਉਸ ਦੇ ਵੱਧ ਤਜਰਬੇ ਅਤੇ ਸਰਗਰਮ ਰੋਲ ਨੂੰ 'ਆਪ' ਦੀ ਚੜ੍ਹਤ ਲਈ ਵਰਤਣ ਦੀ ਥਾਂ ਹਾਈ ਕਮਾਂਡ ਨੇ ਉਸ ਕੋਲੋਂ ਵਿਰੋਧੀ ਧਿਰ ਦੇ ਆਗੂ ਵਾਲਾ ਅਹੁਦਾ ਖੋਹ ਕੇ ਉਸ ਦੀ ਬਾਂਹ ਫੜ੍ਹ ਕੇ ਝੰਜੋੜ ਦਿੱਤਾ ਹੈ, ਉਸ ਨੂੰ।

ਇਸੇ ਰੋਸ ਵਿਚ ਆ ਕੇ ਉਸ ਨੇ ਆਪਣੇ ਸਾਥੀਆਂ ਨਾਲ ਬਠਿੰਡੇ ਵਾਲੀ ਕਨਵੈਸ਼ਨ ਕੀਤੀ ਹੈ; ਮਾਨੋ, ਸਾਡੇ ਬੇਟੇ ਵਾਂਗ ਦਰਵਾਜੇ ਓਹਲੇ ਖੜ੍ਹ ਕੇ ਉਸ ਨੇ ਪੂਰੇ ਜ਼ੋਰ ਨਾਲ 'ਖੜ-ਖੜ, ਠੱਕ-ਠੱਕ' ਕੀਤੀ ਹੈ। ਉਹਦੇ ਵੱਲੋਂ ਬਠਿੰਡੇ ਵਿਚ ਕੀਤਾ ਗਿਆ ਇਹ 'ਖੜਕਾ' ਜੇ ਸੱਤ ਸਮੁੰਦਰੋਂ ਪਾਰ ਵੀ 'ਧਮਕ' ਪਾ ਗਿਆ ਹੈ, ਤਾਂ ਬਿਨਾ ਸ਼ੱਕ ਇਹ 'ਦਿੱਲੀ' ਨੂੰ ਵੀ ਜ਼ਰੂਰ ਸੁਣ ਗਿਆ ਹੋਵੇਗਾ।

ਹੁਣ ਦੇਖਣਾ ਇਹ ਹੈ ਕਿ ਦਿੱਲੀ ਹਾਈ ਕਮਾਂਡ ਵਾਲੇ 'ਨੁੱਛੇ ਖਲ੍ਹੇ' ਖਹਿਰੇ ਦੀ 'ਖਟ-ਖਟ' ਸੁਣ ਕੇ ਉਸ ਨੂੰ ਆਪਣੇ ਪਾਰਟੀ ਪਰਿਵਾਰ ਦਾ 'ਸਮਾਰਟ ਅੰਗ' ਸਮਝਦਿਆਂ ਗਲ ਲਾਉਂਦੇ ਹਨ ਜਾਂ ਉਸ ਦੇ ਤਜਰਬੇ ਅਤੇ ਤੇਜ਼ ਤਰਾਰੀ ਨੂੰ ਕੋਈ ਨਵੇਂ ਰਾਹ ਖੋਜਣ ਲਈ ਆਪਣੇ ਹਾਲ 'ਤੇ ਹੀ ਛੱਡ ਦੇਣਗੇ?

ਫਿਲਹਾਲ ਪੰਜਾਬੀ ਵਾਸੀ ਇਉਂ ਕਹਿੰਦੇ ਪ੍ਰਤੀਤ ਹੁੰਦੇ ਨੇ:

ਬਚ ਕੇ ਹਮ ਕਿਧਰ ਜਾਏਂ
ਇਸ ਸਿਆਸੀ ਜੰਗਲ ਮੇ,
ਇਕ ਤਰਫ ਦਰਿੰਦਾ ਹੈ
ਇਕ ਤਰਫ ਸ਼ਿਕਾਰੀ ਹੈ।
ਇਸ ਕਰਕੇ 'ਆਪ' ਵਾਲਿਓ:
ਕਦਮ ਕਦਮ ਪੇ ਯਹਾਂ
ਰਾਹਜ਼ਨੋ ਨਾ ਖਤਰਾ ਹੈ,
ਜੁਦਾ ਜੁਦਾ ਨਾ ਚਲੋ
ਕਾਰਵਾਂ ਬਨਾ ਕੇ ਚਲੋ।

ਪੰਜਾਬ ਟਾਈਮਜ਼

*ਸਨਿਚਰਵਾਰ, 11 ਅਗਸਤ 2018*

## ਬਾਲੜੀਆਂ ਦੀ ਬੇਕਦਰੀ

ਕੋਈ ਮਨੁੱਖ ਇੰਨਾ ਜ਼ਾਲਮ ਅਤੇ ਸੰਵੇਦਨਾਹੀਣ ਵੀ ਹੋ ਸਕਦਾ ਹੈ, ਸੋਚ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਦੀਆਂ ਖਬਰਾਂ ਭਾਰਤ ਤੋਂ ਆ ਰਹੀਆਂ ਹਨ, ਉਨ੍ਹਾਂ ਨੇ ਹਰ ਇਕ ਸ਼ਖਸ ਨੂੰ ਪ੍ਰੇਸ਼ਾਨ ਕੀਤਾ ਹੈ। ਇਹ ਖਬਰਾਂ ਪਹਿਲਾਂ ਬਿਹਾਰ ਤੋਂ ਆਈਆਂ, ਹੁਣ ਉਤਰ ਪ੍ਰਦੇਸ਼ ਦੀ ਵਾਰੀ ਹੈ। ਬਿਹਾਰ ਵਿਚ ਭਾਜਪਾ ਦੀ ਭਾਈਵਾਲੀ ਵਾਲੀ ਸਰਕਾਰ ਹੈ ਅਤੇ ਉਤਰ ਪ੍ਰਦੇਸ਼ ਵਿਚ ਭਾਜਪਾ ਦੇ ਸਭ ਤੋਂ ਲਾਡਲੇ ਲੀਡਰ ਯੋਗੀ ਅਦਿਤਿਆਨਾਥ ਸਰਕਾਰ ਚਲਾ ਰਹੇ ਹਨ। ਦੋਹਾਂ ਹੀ ਥਾਂਵਾਂ 'ਤੇ ਪ੍ਰਸ਼ਾਸਨ ਦੀ ਨਾਅਹਿਲੀਅਤ ਤਾਂ ਸਾਹਮਣੇ ਆਈ ਹੀ ਹੈ, ਦੋਸ਼ੀਆਂ ਨੂੰ ਬਚਾਉਣ ਲਈ ਹਰ ਪੱਧਰ ਉਤੇ ਚਾਲਾਂ ਵੀ ਚੱਲੀਆਂ ਗਈਆਂ। ਨਾਬਾਲਗ ਬੱਚੀਆਂ ਜਿਨ੍ਹਾਂ ਨੂੰ ਸੁਰੱਖਿਆ ਖਾਤਰ ਵਿਸ਼ੇਸ਼ ਸ਼ਰਨਗਾਹਾਂ ਵਿਚ ਰੱਖਿਆ ਜਾ ਰਿਹਾ ਸੀ, ਉਥੇ ਹੀ ਉਨ੍ਹਾਂ ਨੂੰ ਜਿਸਮਫਰੋਸ਼ੀ ਲਈ ਮਜਬੂਰ ਕੀਤਾ ਗਿਆ। ਬਿਹਾਰ ਦੇ ਮੁਜ਼ੱਫਰਪੁਰ ਸ਼ਹਿਰ ਵਿਚ ਇਕ ਗੈਰ ਸਰਕਾਰੀ ਸੰਸਥਾ (ਐਨ.ਜੀ.ਓ.) ਵੱਲੋਂ ਚਲਾਏ ਜਾ ਰਹੇ ਬਾਲਿਕਾਗ੍ਰਹਿ ਵਿਚ ਬੱਚੀਆਂ ਦੇ ਜਿਸਮਾਨੀ ਸ਼ੋਸ਼ਣ ਅਤੇ ਜਿਸਮਫਰੋਸ਼ੀ ਦੀ ਘਟਨਾ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ ਉਤਰ ਪ੍ਰਦੇਸ਼ ਦੇ ਦੇਵਰੀਆ ਜ਼ਿਲ੍ਹੇ ਦੇ ਬਾਲਿਕਾਗ੍ਰਹਿ ਦੀ ਵੀ ਅਜਿਹੀਆਂ ਕਰਤੂਤਾਂ ਦਾ ਮਾਮਲਾ ਸਾਹਮਣੇ ਆ ਗਿਆ। ਇਹ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕੇਂਦਰੀ ਬਾਲ ਤੇ ਮਹਿਲਾ ਕਲਿਆਣ ਮਹਿਕਮੇ ਨੇ ਦੇਸ਼ ਦੇ ਸਾਰੇ ਹਿੱਸਿਆਂ ਵਿਚ ਚਲਾਏ ਜਾ ਰਹੇ ਅਜਿਹੇ ਆਸਰਾ ਘਰਾਂ ਦੀ ਚੈਕਿੰਗ ਦੇ ਹੁਕਮ ਦਿੱਤੇ ਹਨ ਪਰ ਸਵਾਲ ਹੈ ਕਿ ਅਜਿਹੇ ਹੁਕਮਾਂ ਨਾਲ ਅਜਿਹੇ ਸਮਾਜਕ ਕੁਕਰਮ ਰੁਕ ਜਾਣਗੇ?

ਛੇ ਸਾਲ ਪਹਿਲਾਂ ਜਦੋਂ ਦਿੱਲੀ ਵਿਚ ਨਿਰਭਯਾ ਕਾਂਡ ਵਾਪਰਿਆ ਸੀ ਤਾਂ ਪੂਰੇ ਦੇਸ਼ ਵਿਚ ਇਸ ਖਿਲਾਫ ਰੋਹ ਅਤੇ ਰੋਸ ਪੈਦਾ ਹੋ ਗਿਆ ਸੀ। ਇਸ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਅਤੇ ਅਜਿਹੇ ਜ਼ੁਲਮਾਂ ਦੀਆਂ ਸ਼ਿਕਾਰ ਲੜਕੀਆਂ ਦੀ ਇਮਦਾਦ ਲਈ 1000 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਬਣਾ ਦਿੱਤਾ ਗਿਆ। ਸਵਾਲ ਹੈ ਕਿ ਇਸ ਨਾਲ ਬੱਚੀਆਂ ਦੇ ਸ਼ੋਸ਼ਣ ਦੇ ਮਾਮਲੇ ਰੁਕ ਗਏ? ਜਵਾਬ 'ਨਹੀਂ' ਵਿਚ ਹੀ ਆਵੇਗਾ। ਅਸਲ ਵਿਚ ਰੋਗੀ ਹੋ ਚੁਕੇ ਸਮਾਜ ਨਾਲ ਨਜਿੱਠਣ ਲਈ ਸਰਕਾਰਾਂ ਨੇ ਕੁਝ ਵੀ ਨਹੀਂ ਕੀਤਾ ਹੈ। ਵੱਖ-ਵੱਖ ਪਾਰਟੀਆਂ ਨੇ ਆਪੋ-ਆਪਣੀ ਪਾਰਟੀ ਦੇ ਹਿਸਾਬ ਨਾਲ ਸਿਆਸਤ ਜ਼ਰੂਰ ਕੀਤੀ ਪਰ ਜ਼ਮੀਨੀ ਪੱਧਰ ਉਤੇ ਕੁਝ ਵੀ ਨਹੀਂ ਕੀਤਾ ਗਿਆ। ਜੇ ਅਜਿਹਾ ਹੁੰਦਾ ਜਾਂ ਸਰਕਾਰਾਂ ਵਲੋਂ ਸਖਤੀ ਦਾ ਸੁਨੇਹਾ ਦਿੱਤਾ ਗਿਆ ਹੁੰਦਾ ਤਾਂ ਕੁਝ ਮਹੀਨੇ ਪਹਿਲਾਂ ਕਠੂਆ ਵਿਚ ਭਿਆਨਕ ਕਾਰਾ ਨਾ ਵਾਪਰਦਾ ਅਤੇ ਨਾ ਹੀ ਦੋਸ਼ੀਆਂ ਨੂੰ ਬਣਾਉਣ ਲਈ ਭਾਜਪਾ ਲੀਡਰ ਮੁਜਾਹਰੇ ਕਰਦੇ। ਕੇਂਦਰ ਸਰਕਾਰ ਨੇ ਹੁਣ ਇਕ ਨਵਾਂ ਕਾਨੂੰਨ ਪਾਸ ਕੀਤਾ ਹੈ। ਇਸ ਅਨੁਸਾਰ 12 ਸਾਲ ਤੋਂ ਘੱਟ ਉਮਰ ਵਾਲੀ ਬਾਲੜੀ ਨਾਲ ਜਬਰ ਜਨਾਹ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇਗੀ। ਕੀ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਸਿਰਫ ਫਾਂਸੀ ਹੀ ਇਕੋ-ਇਕ ਰਾਹ ਹੈ? ਅਸਲ ਗੱਲ ਤਾਂ ਲੀਡਰਾਂ ਦੀ ਇੱਛਾ ਸ਼ਕਤੀ ਦੀ ਹੈ। ਜੇ ਲੀਡਰ ਹੀ ਦੋਸ਼ੀਆਂ ਨੂੰ ਬਚਾਉਣਗੇ ਤਾਂ ਦੋਸ਼ੀਆਂ ਨੂੰ ਸਜ਼ਾ ਕੌਣ ਦਿਵਾਏਗਾ, ਕਿਉਂਕਿ ਭਾਰਤ 'ਚ ਸਮੁੱਚਾ ਸਿਸਟਮ ਤਾਂ ਸਿਆਸੀ ਲੀਡਰਾਂ ਮੁਤਾਬਕ ਚੱਲ ਰਿਹਾ ਹੈ। ਪੁਲਿਸ, ਪ੍ਰਸ਼ਾਸਨ, ਇਥੋਂ ਤੱਕ ਕਿ ਅਦਾਲਤਾਂ 'ਚ ਵੀ ਸਿਆਸੀ ਦਖਲ ਦੀਆਂ ਸੂਹਾਂ ਅਕਸਰ ਪੈਂਦੀਆਂ ਰਹਿੰਦੀਆਂ ਹਨ। ਜਸਟਿਸ ਕੇ. ਐਮ. ਜੋਜ਼ੇਫ ਦਾ ਮਾਮਲਾ ਇਸ ਦੀ ਤਾਜ਼ਾ ਮਿਸਾਲ ਹੈ। ਇਸ ਜੱਜ ਨੇ ਮੋਦੀ ਸਰਕਾਰ ਵਲੋਂ ਉਤਰਾਖੰਡ ਵਿਚ ਰਾਸ਼ਟਰਪਤੀ ਰਾਜ ਲਾਉਣ ਦੇ ਖਿਲਾਫ ਫੈਸਲਾ ਸੁਣਾ ਦਿੱਤਾ ਸੀ ਜਿਸ ਦੀ ਸਜ਼ਾ ਇਹ ਜੱਜ ਅੱਜ ਤੱਕ ਭੁਗਤ ਰਿਹਾ ਹੈ। ਪਹਿਲਾਂ ਤਾਂ ਉਸ ਨੂੰ ਸੁਪਰੀਮ ਕੋਰਟ ਦੇ ਕਾਲਜੀਅਮ ਦੀ ਸਿਫਾਰਿਸ਼ ਦੇ ਬਾਵਜੂਦ ਸੁਪਰੀਮ ਕੋਰਟ ਦਾ ਜੱਜ ਬਣਾਇਆ ਨਹੀਂ ਗਿਆ, ਹੁਣ ਮਜਬੂਰੀ 'ਚ ਬਣਾਉਣਾ ਪੈ ਗਿਆ ਹੈ ਤਾਂ ਉਸ ਦੀ ਸੀਨੀਅਰਤਾ ਘਟਾ ਦਿੱਤੀ ਗਈ। ਇਸ ਦਾ ਸਿੱਧਾ ਤੇ ਸਾਫ ਸੁਨੇਹਾ ਹੈ ਕਿ ਸਿਆਸੀ ਪਾਰਟੀਆਂ, ਸਥਾਪਤੀ ਤੇ ਲੀਡਰਾਂ ਖਿਲਾਫ ਫੈਸਲਾ ਕਰਨ ਵਾਲਿਆਂ ਦਾ ਅਗਾਂਹ ਨੂੰ ਇਹੀ ਹਾਲ ਹੋ ਸਕਦਾ ਹੈ। ਕੀ ਅਜਿਹੇ ਹਾਲਾਤ 'ਚ ਅਦਾਲਤਾਂ ਤੋਂ ਨਿਆਂ ਦੀ ਉਮੀਦ ਰੱਖੀ ਜਾ ਸਕਦੀ ਹੈ?

ਦਰਅਸਲ, ਗੈਰਕਾਨੂੰਨੀ ਅਤੇ ਅਮਾਨਵੀ ਧੰਦੇ ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਕੀਤੇ ਜਾ ਰਹੇ ਹਨ। ਕਿਸੇ ਵੀ ਮਾਮਲੇ ਦੀ ਪੁਣਛਾਣ ਕਰ ਲਓ, ਇਹ ਮਿਲੀਭੁਗਤ ਸਾਹਮਣੇ ਆ ਜਾਂਦੀ ਹੈ। ਕੀ ਅਦਾਲਤਾਂ ਨੂੰ ਅਜਿਹੀ ਮਿਲੀਭੁਗਤ ਦੀ ਸੂਹ ਨਹੀਂ ਲੱਗਦੀ? ਇਹ ਵੱਡਾ ਸਵਾਲ ਹੈ ਕਿਉਂਕਿ ਲੋਕ ਆਖਰਕਾਰ ਨਿਆਂ ਲਈ ਅਦਾਲਤਾਂ ਕੋਲ ਹੀ ਤਾਂ ਜਾਂਦੇ ਹਨ। ਮੁਜ਼ੱਫਰਪੁਰ ਵਿਚਲੇ ਬਾਲਿਕਾਗ੍ਰਹਿ ਦਾ ਸੰਚਾਲਕ ਬ੍ਰਜੇਸ਼ ਠਾਕੁਰ ਪੱਤਰਕਾਰ ਵਜੋਂ ਵੀ ਵਿਚਰਦਾ ਸੀ ਅਤੇ ਸਿਆਸਤਦਾਨਾਂ ਤੇ ਸੀਨੀਅਰ ਪੁਲਿਸ ਅਫਸਰਾਂ ਨਾਲ ਵੀ ਉਸ ਦੀ ਨੇੜਤਾ ਦੇ ਕਿੱਸੇ ਸਾਹਮਣੇ ਆਏ ਹਨ। ਦੇਵਰੀਆ ਵਿਚਲੇ ਬਾਲਿਕਾਗ੍ਰਹਿ ਨੂੰ ਚਲਾਉਣ ਵਾਲਾ ਜੋੜਾ ਮੋਹਨ ਤ੍ਰਿਪਾਠੀ ਤੇ ਉਸ ਦੀ ਪਤਨੀ ਗਿਰਿਜਾ ਤ੍ਰਿਪਾਠੀ ਬਹੁਤ ਰਸੂਖਵਾਨ ਹਨ। ਇਨ੍ਹਾਂ ਦੀ ਸੰਸਥਾ ਦਾ ਲਾਇਸੈਂਸ ਪਿਛਲੇ ਸਾਲ ਰੱਦ ਕਰ ਦਿੱਤਾ ਗਿਆ ਸੀ, ਫਿਰ ਵੀ ਉਹ ਸੰਸਥਾ ਬਿਨਾ ਰੋਕ-ਟੋਕ ਚਲਾਉਂਦੇ ਰਹੇ। ਇਸ ਤੋਂ ਉਨ੍ਹਾਂ ਦੇ ਸਮਾਜਕ-ਸਿਆਸੀ ਦਾਬੇ ਦਾ ਹੀ ਪਤਾ ਲੱਗਦਾ ਹੈ। ਅਜਿਹੇ ਮਾਮਲੇ ਭਾਰਤ ਦੇ ਕਰੀਬ ਹਰ ਸੂਬੇ ਅਤੇ ਹਰ ਖਿੱਤੇ ਵਿਚ ਵਾਪਰਦੇ ਆਏ ਹਨ। ਹਰਿਆਣਾ ਵਿਚ ਰੋਹਤਕ ਵਿਚ ਅਜਿਹਾ ਕਾਂਡ ਕੁਝ ਸਾਲ ਪਹਿਲਾਂ ਵਾਪਰ ਚੁਕਾ ਹੈ। ਡੇਰਿਆਂ ਅਤੇ ਆਸ਼ਰਮਾਂ ਵਿਚ ਅਜਿਹੇ ਕੁਕਰਮ ਵਾਪਰਨ ਦੀਆਂ ਘਟਨਾਵਾਂ ਵੱਖਰੇ ਤੌਰ 'ਤੇ ਸਾਹਮਣੇ ਆਉਂਦੀਆਂ ਰਹੀਆਂ ਹਨ। ਆਸਾਰਾਮ ਦੇ ਆਸ਼ਰਮਾਂ ਜਾਂ ਡੇਰਾ ਸਿਰਸਾ ਨਾਲ ਜੁੜੇ ਘਟਨਾਕ੍ਰਮਾਂ ਬਾਰੇ ਹੁਣ ਸਭ ਜਾਣਦੇ ਹਨ। ਫਿਰ ਸਵਾਲ ਹੈ ਕਿ ਸੂਬਾ ਅਤੇ ਕੇਂਦਰ ਸਰਕਾਰਾਂ ਕਰ ਕੀ ਰਹੀਆਂ ਹਨ? ਕੇਂਦਰ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਸੂਬਿਆਂ ਦੇ ਮਾਮਲੇ ਆਖ ਕੇ ਪੱਲਾ ਝਾੜ ਲੈਂਦੀ ਹੈ। ਸੂਬਾ ਸਰਕਾਰਾਂ ਕੁਝ ਮੁਲਾਜ਼ਮਾਂ ਨੂੰ ਮੁਅੱਤਲ ਜਾਂ ਗ੍ਰਿਫਤਾਰੀਆਂ ਕਰਕੇ ਖਾਨਾਪੂਰਤੀ ਕਰ ਲੈਂਦੀ ਹੈ। ਅਜਿਹੀ ਸੂਰਤ ਵਿਚ ਕੀ ਇਹ ਸਵਾਲ ਜਾਇਜ਼ ਨਹੀਂ ਕਿ ਭਾਰਤ ਸੱਚਮੁੱਚ ਬੱਚੀਆਂ ਦੇ ਰਹਿਣ ਵਾਲੀ ਥਾਂ ਨਹੀਂ ਬਚਿਆ ਹੈ? ਇਸ ਤੋਂ ਵੀ ਮਾੜੀ ਗੱਲ, ਕੋਈ ਵੀ ਇਸ ਦੇ ਇਲਾਜ ਲਈ ਗੰਭੀਰ ਨਹੀਂ ਦਿਸਦਾ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਫਾਦਾਰੀ ਕਿ ਭੇਡ ਚਾਲ?*

ਸੁੱਤੇ ਪਏ ਹਲੂਣੇ ਤੋਂ ਉਠ ਪੈਂਦੇ, ਹੁੱਝਾਂ ਮਾਰਨ ਦਾ ਫਾਇਦਾ ਕੀ ਮੁਰਦਿਆਂ ਨੂੰ।
ਲਿਖਿਆ ਕੰਧ 'ਤੇ ਮੂਲੋਂ ਨਾ ਨਜ਼ਰ ਆਵੇ, ਲੋਕ ਮਨਾਂ 'ਚੋਂ ਦਿਨੋ ਦਿਨ ਖੁਰਦਿਆਂ ਨੂੰ।
'ਵਕਤੀ ਲਾਭ' ਦੇ ਹੇਠਾਂ ਹੀ ਦੱਬ ਲੈਂਦੇ, ਸੱਚ ਹੱਕ ਦੇ ਫੁਰਨਿਆਂ ਫੁਰਦਿਆਂ ਨੂੰ।
ਮੂਰਖ ਸਿਰੇ ਦੇ ਕਹੇ ਜਹਾਨ ਸਾਰਾ, ਵੇਲਾ ਬੀਤੇ ਤੋਂ ਬਾਅਦ ਵਿਚ ਝੁਰਦਿਆਂ ਨੂੰ।
ਸਮਾਂ ਦੇਖਦਾ ਨਦੀ ਵਿਚ ਗਰਕ ਹੁੰਦੇ, ਕੱਚੀ ਮਿੱਟੀ ਦੇ ਕੰਢਿਆਂ ਖੁਰਦਿਆਂ ਨੂੰ।
ਵਫਾਦਾਰ ਜਾਂ 'ਹੋਰ ਕੁਝ' ਆਖੀਏ ਜੀ, ਭੇਡਾਂ ਵਾਂਗ ਸਿਰ ਸੁੱਟ ਕੇ ਤੁਰਦਿਆਂ ਨੂੰ!

# ਪੰਜਾਬ 'ਚ ਆਮ ਆਦਮੀ ਪਾਰਟੀ ਦੀਆਂ ਜੜ੍ਹਾਂ

*ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਆਮਦ ਬਹੁਤ ਧੜੱਲੇ ਨਾਲ ਹੋਈ ਸੀ ਪਰ ਪਿਛਲੇ ਸਾਲਾਂ ਦੌਰਾਨ ਜਿਸ ਤਰ੍ਹਾਂ ਇਸ ਪਾਰਟੀ ਦਾ ਅੰਦਰੂਨੀ ਕਲੇਸ਼ ਚੱਲਿਆ ਹੈ, ਉਸ ਨੇ ਇਸ ਦੇ ਬਹੁਤੇ ਪ੍ਰਸ਼ੰਸਕਾਂ ਨੂੰ ਇਕ ਤਰ੍ਹਾਂ ਨਾਲ ਨਿਰਾਸ਼ ਹੀ ਕੀਤਾ ਹੈ। ਅਸਲ ਵਿਚ ਇਹ ਪਾਰਟੀ ਪੰਜਾਬ ਵਿਚ ਮਿਲੇ ਭਰਪੂਰ ਹੁੰਗਾਰੇ ਨੂੰ ਆਪਣੀ ਸਿਆਸਤ ਵਿਚ ਬਦਲਣ ਵਿਚ ਉੱਕ ਗਈ ਪ੍ਰਤੀਤ ਹੁੰਦੀ ਹੈ। ਇਸੇ ਕਰਕੇ ਲੀਡਰਸ਼ਿਪ ਪੱਧਰ ਉਤੇ ਇਸ ਦਾ ਸੰਕਟ ਕਦੀ ਵੀ ਖਤਮ ਨਹੀਂ ਹੋਇਆ। ਇਸ ਸੰਕਟ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਆਧਾਰ ਬਾਰੇ ਕੁਝ ਖਾਸ ਗੱਲਾਂ ਰਾਜਪਾਲ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀਆਂ ਹਨ। -ਸੰਪਾਦਕ*

**ਰਾਜਪਾਲ ਸਿੰਘ**
ਫੋਨ: 91-98767-10809

ਪੰਜਾਬ ਦੀ ਸਿਆਸੀ ਸੋਚ ਵਿਚ ਤਿੰਨ ਮੁੱਖ ਧਾਰਾਵਾਂ ਚੱਲ ਰਹੀਆਂ ਹਨ। ਪਹਿਲੀ ਆਰਥਿਕ-ਸਮਾਜਿਕ ਮਸਲਿਆਂ ਦੇ ਹੱਲ ਲਈ ਜੋ ਸਿਆਸਤ ਕਰਦੀ ਹੈ, ਉਸ ਲਈ ਸਿਧਾਂਤਕ ਤੌਰ 'ਤੇ ਉਹ ਸਿੱਖੀ ਦੀ ਰਵਾਇਤੀ ਸੋਚ ਨੂੰ ਆਧਾਰ ਵਜੋਂ ਪੇਸ਼ ਕਰਦੀ ਹੈ। ਇਹ ਧਾਰਾ ਅਤੀਤ ਵੱਲ ਝਾਕਦੀ ਹੈ, ਸਿੱਖ ਵਿਰਸੇ ਨੂੰ ਪ੍ਰੇਰਨਾ ਸਰੋਤ ਮੰਨਦੀ ਹੈ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਆਦਰਸ਼ ਬਣਾਉਂਦੀ ਹੈ ਅਤੇ ਸਿੱਖ ਇਤਿਹਾਸਕ ਨਾਇਕਾਂ ਦੀਆਂ ਯਾਦਗਾਰਾਂ ਸਥਾਪਿਤ ਕਰਦੀ ਹੈ। ਪੰਜਾਬ ਨੂੰ ਸਿੱਖਾਂ ਦੀ ਭੂਮੀ ਮੰਨਦਿਆਂ ਕੁਦਰਤੀ ਸੋਮਿਆਂ ਉਤੇ ਪੰਜਾਬ ਦੇ ਹੱਕ ਦੀ ਵਕਾਲਤ ਕਰਦੀ ਹੈ ਅਤੇ ਪੰਜਾਬ ਲਈ ਸਿਆਸੀ ਤੌਰ 'ਤੇ ਵੱਧ ਅਧਿਕਾਰ ਚਾਹੁੰਦੀ ਹੈ। ਅਕਾਲੀ ਦਲ ਅਤੇ ਸਿੱਖਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲੇ ਕੁਝ ਹੋਰ ਧੜੇ ਇਸ ਧਾਰਾ ਵਿਚ ਸ਼ਾਮਲ ਹਨ। ਪੇਂਡੂ ਖੇਤਰ ਅਤੇ ਪੇਂਡੂ ਪਿਛੋਕੜ ਵਾਲੇ ਸ਼ਹਿਰੀ ਤਬਕੇ ਵਿਚ ਇਸ ਦਾ ਚੰਗਾ ਪ੍ਰਭਾਵ ਹੈ।

ਦੂਜੀ ਧਾਰਾ ਮੁਲਕ ਦੀ ਕੌਮੀ ਮੁੱਖ ਧਾਰਾ ਨਾਲ ਜੁੜੀ ਹੋਈ ਹੈ ਜੋ ਵਿਰਸੇ ਦੀ ਥਾਂ ਆਧੁਨਿਕਤਾ ਵਿਚ ਰੁਚੀ ਰੱਖਦੀ ਹੈ। ਪੰਜਾਬ ਦੇ ਮਸਲਿਆਂ ਨੂੰ ਸਮੁੱਚੇ ਮੁਲਕ ਦੇ ਪ੍ਰਸੰਗ ਵਿਚ ਦੇਖਦੀ ਹੈ ਅਤੇ ਇਨ੍ਹਾਂ ਨੂੰ ਤਕਨੀਕੀ ਤਰੱਕੀ ਤੇ ਸਰਮਾਏਦਾਰੀ ਵਿਕਾਸ ਨੂੰ ਤੇਜ਼ ਕਰਕੇ ਹੱਲ ਕਰਨ ਵਿਚ ਯਕੀਨ ਰੱਖਦੀ ਹੈ। ਕਾਂਗਰਸ ਪਾਰਟੀ ਮੁੱਖ ਤੌਰ 'ਤੇ ਇਸ ਧਾਰਾ ਦੀ ਨੁਮਾਇੰਦਗੀ ਕਰਦੀ ਹੈ। ਪੰਜਾਬ ਵਿਚਲੀ ਭਾਜਪਾ, ਜੋ ਪੰਜਾਬ 'ਚ ਘੱਟਗਿਣਤੀ ਧਰਮ ਦੀ ਨੁਮਾਇੰਦਗੀ ਕਰਦੀ ਹੋਣ ਕਰਕੇ ਕੱਟੜ ਧਾਰਮਿਕ ਪੈਂਤੜਾ ਨਹੀਂ ਲੈ ਸਕਦੀ, ਵੀ ਕਾਫੀ ਹੱਦ ਤੱਕ ਇਸੇ ਧਾਰਾ ਅਧੀਨ ਆ ਜਾਂਦੀ ਹੈ।

ਤੀਸਰੀ ਧਾਰਾ ਖੱਬੇ ਪੱਖੀ ਸੋਚ ਵਾਲੀ ਹੈ। ਪਿਛਲੇ ਸਾਲਾਂ ਦੌਰਾਨ ਕਮਿਊਨਿਸਟਾਂ ਦੀ ਸੱਤਾ ਵਾਲੇ ਮੁਲਕਾਂ ਵਿਚ ਆਈਆਂ ਤਬਦੀਲੀਆਂ ਕਾਰਨ ਭਾਵੇਂ ਇਸ ਧਾਰਾ ਦੀ ਸਿਆਸੀ ਸ਼ਕਤੀ ਅਤੇ ਸਰਗਰਮੀਆਂ ਵਿਚ ਕਮੀ ਆਈ ਹੈ ਪਰ ਇਸ ਧਾਰਾ ਦੇ ਸਮਾਜਵਾਦੀ ਆਦਰਸ਼ ਆਮ ਜਨਤਾ ਨੂੰ ਪ੍ਰਭਾਵਿਤ ਕਰਦੇ ਹਨ। ਇਸ ਕਰਕੇ ਇਸ ਧਾਰਾ ਦੀ ਨੁਮਾਇੰਦਗੀ ਕਰਦੀਆਂ ਪਾਰਟੀਆਂ ਦੀ ਸਿਆਸੀ ਸ਼ਕਤੀ ਨਾਲੋਂ ਇਸ ਦਾ ਆਮ ਪ੍ਰਭਾਵ ਬਹੁਤ ਜ਼ਿਆਦਾ ਹੈ ਜੋ ਵੱਖ ਵੱਖ ਵਰਗਾਂ ਦੇ ਚਲਦੇ ਸੰਘਰਸ਼ਾਂ, ਕਿੱਤਾ ਆਧਾਰਿਤ ਜਥੇਬੰਦੀਆਂ ਅਤੇ ਸਾਹਿਤਕ-ਸਭਿਆਚਾਰਕ ਹਲਕਿਆਂ ਵਿਚ ਜ਼ੋਰ-ਸ਼ੋਰ ਨਾਲ ਪ੍ਰਗਟ ਹੁੰਦਾ ਰਹਿੰਦਾ ਹੈ।

ਉਂਜ, ਇਨ੍ਹਾਂ ਤਿੰਨਾਂ ਧਾਰਾਵਾਂ ਵਿਚ ਬਹੁਤੀਆਂ ਸਪਸ਼ਟ ਲਕੀਰਾਂ ਨਹੀਂ ਖਿੱਚੀਆਂ ਹੋਈਆਂ। ਰਵਾਇਤੀ ਸਿੱਖੀ ਨੂੰ ਮਾਡਲ ਮੰਨਣ ਵਾਲੀ ਧਾਰਾ ਵਰਤਮਾਨ ਸਮੇਂ ਦੀਆਂ ਲੋੜਾਂ ਦੇ ਦਬਾਅ ਹੇਠ ਬਹੁਤ ਵਾਰ ਕੌਮੀ ਧਾਰਾ ਦੇ ਨੇੜੇ ਹੋ ਜਾਂਦੀ ਹੈ। ਜਗੀਰੂ ਯੁੱਗ ਦੇ ਸਿੱਖੀ ਮਾਡਲ ਦੀ ਸਬਰ-ਸੰਤੋਖ ਵਾਲੀ ਜੀਵਨ ਸ਼ੈਲੀ ਦੀ ਧਾਰਨਾ ਚੁੱਪ-ਚੁਪੀਤੇ ਬੇਥਾਹ ਪੂੰਜੀ ਅਤੇ ਸਾਰੀਆਂ ਸੁੱਖ-ਸਹੂਲਤਾਂ ਇਕੱਠੀਆਂ ਕਰਨ ਵਾਲੀ ਸਿਆਸਤ ਵਿਚ ਬਦਲ ਜਾਂਦੀ ਹੈ। ਇਹ ਤਬਦੀਲੀ ਅਕਾਲੀ ਦਲ ਵਿਚੋਂ ਟੌਹੜਾ ਧੜੇ ਦੇ ਜ਼ੋਰ ਨੂੰ ਖਤਮ ਕਰਕੇ ਬਾਦਲ ਪਰਿਵਾਰ ਦੀ ਸਰਦਾਰੀ ਉਭਾਰਦੀ ਹੈ; ਰਵਾਇਤੀ ਜਥੇਦਾਰਾਂ ਦੀ ਥਾਂ 'ਤੇ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਜੋਟੀਦਾਰ ਸਾਰੀ ਸ਼ਕਤੀ ਦੇ ਮਾਲਕ ਬਣ ਜਾਂਦੇ ਹਨ। ਦੂਜੇ ਪਾਸੇ, ਕੌਮੀ ਧਾਰਾ ਵਾਲੀ ਕਾਂਗਰਸ ਪਾਰਟੀ ਆਪਣੀਆਂ ਸਥਾਨਕ ਲੋੜਾਂ ਤਹਿਤ ਸਿੱਖ ਵਿਰਸੇ ਦੀਆਂ ਗੱਲਾਂ ਕਰਦੀ ਹੈ ਅਤੇ ਪੰਜਾਬ ਵਿਚੋਂ ਲੰਘਦੇ ਦਰਿਆਵਾਂ ਉਤੇ ਕੇਵਲ ਪੰਜਾਬ ਦਾ ਹੱਕ ਜਤਾਉਂਦੀ ਹੈ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦਾ ਮੁਲਕ ਪੱਧਰ ਉਤੇ ਮੁੱਖ ਵਿਰੋਧ ਕਾਂਗਰਸ ਨਾਲ ਹੋਣ ਕਰਕੇ, ਵਿਚਾਰਧਾਰਕ ਤੌਰ 'ਤੇ ਕੱਟੜ ਕੌਮੀ ਪਹੁੰਚ ਰੱਖਣ ਦੇ ਬਾਵਜੂਦ, ਉਹ ਸਿੱਖ ਧਰਮ 'ਤੇ ਆਧਾਰਿਤ ਖੇਤਰੀ ਪਾਰਟੀ ਅਕਾਲੀ ਦਲ ਨਾਲ ਜੁੜ ਜਾਂਦੀ ਹੈ।

ਖੱਬੇ ਪੱਖੀ ਧਾਰਾ ਵਿਚਾਰਧਾਰਕ ਪੱਖੋਂ ਧਰਮਾਂ ਅਤੇ ਖਿੱਤਿਆਂ ਦੀ ਸਿਆਸਤ ਤੋਂ ਉਪਰ ਉਠ ਕੇ ਮਿਹਨਤਕਸ਼ਾਂ ਦੇ ਹੱਕ ਵਿਚ ਖੜ੍ਹਨ ਦਾ ਦਮ ਭਰਦੀ ਹੈ, ਇਸ ਲਈ ਇਸ ਦੀ ਨੇੜਤਾ ਧਰਮ ਆਧਾਰਿਤ ਖੇਤਰੀ ਪਾਰਟੀ ਦੀ ਬਜਾਏ ਸੈਕੂਲਰ ਕੌਮੀ ਧਾਰਾ ਵਾਲੀ ਧਿਰ (ਕਾਂਗਰਸ) ਨਾਲ ਹੁੰਦੀ ਰਹਿੰਦੀ ਹੈ। ਇਸ ਧਾਰਾ ਦੇ ਕੁਝ ਚਿੰਤਕਾਂ ਵੱਲੋਂ ਇਸ ਧਾਰਾ ਦੇ ਸਰਮਾਏਦਾਰੀ ਸੱਤਾ ਪ੍ਰਤੀ ਵਿਰੋਧ ਅਤੇ ਇਸ ਦੇ ਸਮਾਜਵਾਦੀ ਆਦਰਸ਼ਾਂ ਨੂੰ ਸਿੱਖ ਧਰਮ ਦੇ 'ਕਿਰਤ ਕਰਨ ਤੇ ਵੰਡ ਛਕਣ' ਦੇ ਆਦਰਸ਼ਾਂ ਨਾਲ ਜੋੜਨ ਦੀ ਕੋਸ਼ਿਸ਼ ਵੀ ਚੱਲਦੀ ਰਹਿੰਦੀ ਹੈ। ਸੋ, ਇਸ ਦਾ ਜ਼ਿਆਦਾ ਤਾਲਮੇਲ ਤਾਂ ਕਾਂਗਰਸ ਨਾਲ ਹੀ ਬਣਦਾ ਹੈ ਪਰ ਇਸ ਦਾ ਕੁਝ ਹਿੱਸਾ ਦੂਸਰੀ ਦਿਸ਼ਾ ਵੱਲ ਵੀ ਅਹੁਲਦਾ ਰਹਿੰਦਾ ਹੈ; ਮਸਲਨ, ਕਪੂਰੀ ਮੋਰਚੇ ਵੇਲੇ ਸੀਪੀਐਮ ਜਾਂ ਕੁਝ ਸਾਬਕਾ ਨਕਸਲੀਆਂ ਦਾ ਸਿੱਖ ਸਿਆਸਤ ਵੱਲ ਝੁਕਾਅ।

ਇਉਂ ਇਹ ਤਿੰਨੇ ਧਾਰਾਵਾਂ ਇਕ ਦੂਜੀ ਨਾਲ ਟਕਰਾਉਂਦੀਆਂ ਵੀ ਹਨ, ਸਿਆਸੀ ਲੋੜਾਂ ਦੇ ਦਬਾਅ ਹੇਠ ਇਕ ਦੂਜੇ ਨਾਲ ਜੁੜਦੀਆਂ ਵੀ ਹਨ। ਇਨ੍ਹਾਂ ਤੋਂ ਬਿਨਾਂ ਸਿਆਸੀ ਸੋਚ ਦੇ ਦੋਨਾਂ ਸਿਰਿਆਂ ਉਤੇ ਕੁਝ ਗਰੁਪ ਹਨ ਜੋ ਰਵਾਇਤੀ ਸਿਆਸਤ ਨੂੰ ਰੱਦ ਕਰਦੇ ਹਨ। ਇਕ ਸਿਰੇ ਉਤੇ ਖ਼ਾਲਿਸਤਾਨੀ ਗਰੁਪ ਹਨ ਜੋ ਸਮਝਦੇ ਹਨ ਕਿ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਵੱਖਰਾ ਮੁਲਕ ਬਣਾ ਕੇ ਹੀ ਹੋਵੇਗਾ। ਦੂਸਰੇ ਸਿਰੇ ਉਤੇ ਨਕਸਲੀ ਸੋਚ ਦੇ ਕੁਝ ਧੜੇ ਹਨ ਜਿਨ੍ਹਾਂ ਅਨੁਸਾਰ ਸਾਰੀਆਂ ਸਮੱਸਿਆਵਾਂ ਦਾ ਹੱਲ ਹਥਿਆਰਬੰਦ ਇਨਕਲਾਬ ਨਾਲ ਹੀ ਹੋਵੇਗਾ। ਇਹ ਗਰੁਪ ਮੌਜੂਦਾ ਸਿਸਟਮ ਦੇ ਸੁਧਾਰ ਵਿਚ ਯਕੀਨ ਨਹੀਂ ਰੱਖਦੇ ਅਤੇ ਪਾਰਲੀਮਾਨੀ ਸਿਆਸਤ ਕਰ ਰਹੀਆਂ ਬਾਕੀ ਸਾਰੀਆਂ ਪਾਰਟੀਆਂ ਨੂੰ ਰੱਦ ਕਰਦੇ ਹਨ।

ਪੰਜਾਬ ਦੀ ਆਮ ਆਦਮੀ ਪਾਰਟੀ ਵਿਚ ਇਨ੍ਹਾਂ ਤਿੰਨਾਂ ਧਾਰਾਵਾਂ ਦੇ ਲੋਕ ਸ਼ਾਮਲ ਹੋ ਗਏ। ਸਭ ਤੋਂ ਪਹਿਲਾਂ ਉਹ ਲੋਕ ਇਸ ਵੱਲ ਖਿੱਚੇ ਗਏ ਜਿਨ੍ਹਾਂ ਦੀ ਖੱਬੀ ਜਾਂ ਸੱਜੀ, ਕੋਈ ਪੱਕੀ ਸਿਆਸੀ ਵਿਚਾਰਧਾਰਾ ਨਹੀਂ ਸੀ। ਇਨਕਲਾਬ ਦਾ ਨਾਅਰਾ ਲਾਉਣ ਦੇ ਬਾਵਜੂਦ ਉਹ ਮੌਜੂਦਾ ਪ੍ਰਬੰਧ ਨੂੰ ਉਲਟਾਉਣਾ ਨਹੀਂ ਚਾਹੁੰਦੇ ਸਨ, ਬਲਕਿ ਇਸ ਵਿਚ ਸੁਧਾਰ ਕਰਕੇ ਇਸ ਨੂੰ ਵਧੀਆ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੂੰ ਕੇਜਰੀਵਾਲ ਦੀਆਂ ਭ੍ਰਿਸ਼ਟਾਚਾਰ ਮੁਕਤ ਭਾਰਤ, ਲੋਕਪਾਲ ਦੀ ਕਾਇਮੀ, ਵਾਲੰਟੀਅਰਾਂ 'ਤੇ ਆਧਾਰਿਤ ਪਾਰਟੀ ਪ੍ਰਬੰਧ, ਆਮ ਆਦਮੀ ਨੂੰ ਸਿਆਸੀ ਤਾਕਤ ਦੇਣ ਵਰਗੀਆਂ ਗੱਲਾਂ ਨੇ ਖਿੱਚ ਪਾਈ। ਸ਼ਹਿਰਾਂ ਕਸਬਿਆਂ ਦਾ ਛੋਟਾ ਵਪਾਰੀ ਵਰਗ, ਦਸਤਕਾਰ, ਬੇਰੁਜ਼ਗਾਰ ਨੌਜਵਾਨ ਅਤੇ ਨੌਕਰੀ ਪੇਸ਼ਾ ਮੱਧਵਰਗ ਜੋ ਆਮ ਕਰਕੇ ਪੰਜਾਬ ਦੀ ਸਿਆਸਤ ਵਿਚ ਅਣਗੌਲਿਆ ਰਹਿੰਦਾ ਹੈ, ਵੱਡੀ ਪੱਧਰ 'ਤੇ ਇਸ ਵਿਚ ਸਰਗਰਮ ਹੋਇਆ। ਇਸ ਵਿਚ ਸ਼ਾਮਲ ਹੋ ਕੇ ਇਸ ਵਰਗ ਨੂੰ ਢਹਿੰਦੀਆਂ ਕਲਾਂ ਵਿਚ ਜਾ ਰਹੀ ਕਾਂਗਰਸ ਪਾਰਟੀ ਅਤੇ ਜੱਟ ਸਿੱਖ ਦਾਬੇ ਵਾਲੀ ਅਕਾਲੀ ਪਾਰਟੀ, ਦੋਵਾਂ ਤੋਂ ਵੱਖਰਾ ਨਵਾਂ ਬਦਲ ਮਿਲ ਗਿਆ। ਇਸ ਦੇ ਨਾਲ ਹੀ ਇਨਕਲਾਬ ਦੀ ਝਾਕ ਛੱਡ ਚੁੱਕੇ ਅਤੇ ਕਮਿਊਨਿਸਟ ਪਾਰਟੀਆਂ ਜਾਂ ਗਰੁੱਪਾਂ ਤੋਂ ਨਿਰਾਸ਼ ਹੋ ਚੁੱਕੇ ਖੱਬੇ ਪੱਖੀ ਸੋਚ ਵਾਲੇ ਕਾਰਕੁਨ ਵੀ ਇਸ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਡਾ. ਧਰਮਵੀਰ ਗਾਂਧੀ, ਡਾ. ਬਲਬੀਰ ਸਿੰਘ ਅਤੇ ਵਿਰੋਧੀ ਧਿਰ ਦਾ ਨਵਾਂ ਚੁਣਿਆ ਆਗੂ ਹਰਪਾਲ ਸਿੰਘ ਚੀਮਾ ਇਸ ਦੀਆਂ ਉਘੜਵੀਆਂ ਮਿਸਾਲਾਂ ਹਨ। ਇਸੇ ਦੌਰਾਨ ਕੱਟੜ ਸਿੱਖ ਸਿਆਸਤ ਨਾਲ ਜੁੜੇ ਪਰ ਬਾਦਲ ਅਕਾਲੀ ਦਲ ਵੱਲੋਂ ਖੂੰਜੇ ਲਾਏ ਹੋਏ ਸਿਆਸਤਦਾਨਾਂ ਦੀ ਅੱਖ ਵੀ ਇਸ ਨਵੇਂ ਉਭਰ ਰਹੇ ਪਲੈਟਫਾਰਮ 'ਤੇ ਪੈ ਗਈ ਸੀ।

ਅਸਲ ਵਿਚ ਇਹ ਲੋਕ 1984 ਦੀਆਂ ਘਟਨਾਵਾਂ ਕਾਰਨ ਨਾ ਤਾਂ ਕਾਂਗਰਸ ਦੇ ਨੇੜੇ ਜਾ ਸਕਦੇ ਸਨ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਦਾ ਬਦਲਿਆ ਰੂਪ ਅਤੇ ਭਾਜਪਾ ਨਾਲ ਸਾਂਝ ਵਾਲੀ ਕੌਮੀ ਧਾਰਾ ਇਨ੍ਹਾਂ ਨੂੰ ਰਾਸ ਆਉਂਦੀ ਸੀ। ਸੋ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਇਹ ਗੈਰ-ਰਸਮੀ ਤੌਰ 'ਤੇ ਆਮ ਆਦਮੀ ਪਾਰਟੀ ਵਿਚ ਰਲ ਗਏ ਅਤੇ ਚੋਣਾਂ ਵਾਲੇ ਮਾਹੌਲ ਵਿਚ ਮਦਦ ਕਰਦੇ ਕਰਦੇ ਇਸ ਨੂੰ ਤਕਰੀਬਨ ਅਗਵਾ ਹੀ ਕਰਕੇ ਲੈ ਗਏ। ਇਸ ਅਮਲ ਵਿਚ ਵਿਦੇਸ਼ ਵਸਦੇ ਸਿੱਖਾਂ ਦਾ ਵੱਡਾ ਰੋਲ ਸੀ। ਇਸ ਨਾਲ ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਹਵਾ ਤਾਂ ਬਹੁਤ ਬਣ ਗਈ ਪਰ ਇਸ ਧਿਰ ਦੇ ਅੱਗੇ ਆਉਣ ਨਾਲ ਕੌਮੀ ਧਾਰਾ ਵਾਲਾ ਸ਼ਹਿਰੀ ਤਬਕਾ ਅੰਦਰਖਾਤੇ ਇਸ ਨਾਲੋਂ ਵੱਖ ਹੋ ਗਿਆ ਜਿਸ ਦਾ ਖਮਿਆਜ਼ਾ 'ਆਪ' ਨੂੰ ਚੋਣ ਨਤੀਜਿਆਂ ਵਿਚ ਭੁਗਤਣਾ ਪਿਆ।

ਇਉਂ ਵੱਖ ਵੱਖ ਕਾਰਨਾਂ ਕਰਕੇ ਬਿਲਕੁਲ ਵੱਖਰੇ ਵਿਚਾਰ ਰੱਖਣ ਵਾਲੀਆਂ ਤਿੰਨ ਸਿਆਸੀ ਧਾਰਾਵਾਂ ਦੇ ਲੋਕ ਇਸ ਵਿਚ ਸ਼ਾਮਲ ਹੋਏ ਜਿਸ ਕਾਰਨ ਪਾਰਟੀ ਦੀ ਕੋਈ ਸਾਂਝੀ ਵਿਚਾਰਧਾਰਾ ਨਾ ਬਣ ਸਕੀ। ਆਪਸ ਵਿਚ ਖਹਿ ਰਹੀਆਂ ਇਨ੍ਹਾਂ ਤਿੰਨਾਂ ਧਾਰਾਵਾਂ ਦਾ ਇਕ ਪਾਰਟੀ ਵਿਚ ਬਣੇ ਰਹਿਣਾ ਮੁਸ਼ਕਿਲ ਹੈ, ਇਸ ਕਰਕੇ ਹੀ ਪਾਰਟੀ ਵਿਚ ਕੋਈ ਜਥੇਬੰਦਕ ਏਕਤਾ ਨਹੀਂ ਬਣ ਰਹੀ। ਮੌਜੂਦਾ ਵਿਵਾਦ ਭਾਵੇਂ ਬਾਹਰੀ ਰੂਪ ਵਿਚ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਵਿਧਾਨ ਸਭਾਈ ਗਰੁਪ ਦਾ ਆਗੂ ਬਦਲਣ ਵਾਲਾ ਲਗਦਾ ਹੈ ਪਰ ਅਸਲ ਵਿਚ ਇਸ ਪਿੱਛੇ ਵੀ ਵਿਚਾਰਧਾਰਾਵਾਂ ਦਾ ਟਕਰਾਅ ਹੀ ਹੈ।



ਸੁਖਪਾਲ ਸਿੰਘ ਖਹਿਰਾ ਦਾ ਰਿਫਰੈਂਡਮ 2020 ਦੇ ਹੱਕ 'ਚ ਬੋਲਣਾ, ਬਰਗਾੜੀ ਮੋਰਚੇ 'ਚ ਹਾਜ਼ਰੀ ਲਵਾਉਣੀ, ਅਹੁਦਾ ਬਦਲਣ ਦੇ ਮੌਜੂਦਾ ਵਿਵਾਦ ਨੂੰ ਦਿੱਲੀ ਬਨਾਮ ਪੰਜਾਬ ਦਾ ਰੂਪ ਦੇ ਕੇ ਪੇਸ਼ ਕਰਨਾ, ਬਠਿੰਡਾ ਰੈਲੀ ਵਿਚ ਇਨਕਲਾਬ ਦੇ ਨਾਅਰੇ ਨੂੰ ਰੱਦ ਕਰਕੇ ਪੰਜਾਬੀ ਏਕਤਾ ਦਾ ਨਾਅਰਾ ਲੁਆਉਣਾ ਤੋਂ ਸਪਸ਼ਟ ਹੈ ਕਿ ਇਹ ਧੜਾ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਕਿਸ ਸਿਆਸੀ ਧਾਰਾ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਹੈ।

ਦੂਜੇ ਪਾਸੇ, ਆਉਂਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨਾਲ ਗੱਠਜੋੜ ਦੀਆਂ ਕਨਸੋਆਂ ਪਾਰਟੀ ਅੰਦਰਲੀ ਕੌਮੀ ਧਾਰਾ ਅਤੇ ਖੱਬੀ ਧਾਰਾ ਦੀ ਸਾਂਝੀ ਸਿਆਸੀ ਦਿਸ਼ਾ ਅਤੇ ਸੋਚ ਨੂੰ ਪ੍ਰਗਟ ਕਰ ਰਹੀਆਂ ਹਨ। ਆਉਣ ਵਾਲੇ ਸਮੇਂ ਵਿਚ ਆਮ ਆਦਮੀ ਪਾਰਟੀ ਅੰਦਰਲਾ ਇਹ ਸੰਘਰਸ਼ ਚਲਦਾ ਰਹੇਗਾ ਜਿਸ ਦਾ ਨਿਬੇੜਾ ਇਕ ਧਿਰ ਦੇ ਪਾਰਟੀ ਵਿਚੋਂ ਬਾਹਰ ਹੋਣ ਨਾਲ ਹੀ ਹੋਵੇਗਾ। ਇਸ ਤਰ੍ਹਾਂ ਹੀ ਪਾਰਟੀ ਦੀ ਸਿਆਸੀ ਸੇਧ ਸਪਸ਼ਟ ਹੋ ਸਕੇਗੀ ਅਤੇ ਜਥੇਬੰਦਕ ਤੌਰ 'ਤੇ ਪਾਰਟੀ ਵਿਚ ਅਨੁਸ਼ਾਸਨ ਬਹਾਲ ਹੋ ਸਕੇਗਾ। ਉਂਜ, ਮੌਜੂਦਾ ਵਰਤਾਰੇ ਦਾ ਨੁਕਸਦਾਰ ਪੱਖ ਇਹ ਹੈ ਕਿ ਪਾਰਟੀ ਦੇ ਵਲੰਟੀਅਰ ਵਿਚਾਰਧਾਰਕ ਵਖਰੇਵਿਆਂ ਨੂੰ ਸਮਝ ਕੇ ਸਾਥ ਦੇਣ ਦੀ ਥਾਂ ਵੱਖ ਵੱਖ ਆਗੂਆਂ ਨਾਲ ਸ਼ਖ਼ਸੀ ਤੌਰ 'ਤੇ ਜੁੜ ਕੇ ਫੈਸਲੇ ਕਰ ਰਹੇ ਹਨ।

# ਇਹ ਹੈ ਮੋਦੀ ਦੀ ਐਮਰਜੈਂਸੀ...

## ਏ.ਬੀ.ਪੀ. ਨਿਊਜ਼ ਤੋਂ ਵਿਦਾਇਗੀ ਦੀ ਕਹਾਣੀ, ਪੁਨਿਆ ਪ੍ਰਸੂਨ ਬਾਜਪਾਈ ਦੀ ਜ਼ੁਬਾਨੀ

***ਏ.ਬੀ.ਪੀ. ਨਿਊਜ਼ ਚੈਨਲ ਵਲੋਂ ਤਿੰਨ ਸਿਰਕੱਢ ਪੱਤਰਕਾਰਾਂ ਨੂੰ ਲਾਂਭੇ ਕਰ ਦਿੱਤਾ ਗਿਆ। ਏ.ਬੀ.ਪੀ. ਨਿਊਜ਼ ਦੇ ਮੈਨੇਜਿੰਗ ਐਡੀਟਰ ਮਿਲਿੰਦ ਖਾਂਡੇਕਰ ਦੇ ਛੱਡਣ ਤੋਂ ਅਗਲੇ ਦਿਨ ਹੀ ਪ੍ਰਾਈਮ ਟਾਈਮ ਸ਼ੋਅ 'ਮਾਸਟਰ ਸਟਰੋਕ' ਦੇ ਸੰਚਾਲਕ ਪੁਨਿਆ ਪ੍ਰਸੂਨ ਬਾਜਪਾਈ ਨੇ ਵੀ ਇਸ ਸੰਸਥਾ ਨੂੰ ਅਲਵਿਦਾ ਕਹਿ ਦਿੱਤੀ। ਇਕ ਹੋਰ ਪੁਖਤਾ ਆਵਾਜ਼ ਅਭਿਸਾਰ ਸ਼ਰਮਾ ਨੂੰ 15 ਦਿਨ ਦੀ 'ਛੁੱਟੀ' ਉਤੇ ਭੇਜ ਦਿੱਤਾ। ਇਸ ਤੋਂ ਪਹਿਲਾਂ ਬਾਜਪਾਈ ਨੂੰ ਬਾਬਾ ਰਾਮਦੇਵ ਨੂੰ ਟੈਕਸ ਚੋਰੀ ਬਾਬਤ ਸਵਾਲ ਪੁੱਛਣ 'ਤੇ 'ਆਜ ਤਕ' ਚੈਨਲ ਤੋਂ ਅਸਤੀਫਾ ਦੇਣਾ ਪਿਆ ਸੀ। ਅਸਲ ਵਿਚ, 'ਮਨ ਕੀ ਬਾਤ' ਧੱਕੇ ਨਾਲ ਸੁਣਾਉਣ ਵਾਲੇ ਸੰਘ ਬ੍ਰਿਗੇਡ ਨੂੰ ਆਪਣੇ ਖਿਲਾਫ ਕੁਝ ਵੀ ਸੁਣਨਾ ਮਨਜ਼ੂਰ ਨਹੀਂ। ਹਾਲਾਤ ਦੀ ਇਸ ਨਜ਼ਾਕਤ ਨੂੰ ਪੁਨਿਆ ਪ੍ਰਸੂਨ ਬਾਜਪਾਈ ਨੇ ਵਿਸਥਾਰ ਵਿਚ ਬਿਆਨ ਕੀਤਾ ਹੈ ਕਿ ਕਿਵੇਂ ਗੋਡੇ ਟੇਕੂ ਮੀਡੀਆ ਮਾਲਕ, ਸੱਤਾਧਾਰੀਆਂ ਦੇ ਪੈਰਾਂ ਵਿਚ ਡਿਗ ਰਹੇ ਹਨ। ਮੁੱਦੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਲਿਖਤ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਉਚੇਚਾ ਕਰਕੇ ਭੇਜਿਆ ਹੈ। -ਸੰਪਾਦਕ***

'ਕੀ ਇਹ ਸੰਭਵ ਹੈ ਕਿ ਤੁਸੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਨਾਮ ਨਾ ਲਓ। ਤੁਸੀਂ ਚਾਹੋ ਤਾਂ ਉਨ੍ਹਾਂ ਦੇ ਮੰਤਰੀਆਂ ਦਾ ਨਾਂ ਲੈ ਲਓ। ਸਰਕਾਰ ਦੀਆਂ ਨੀਤੀਆਂ ਵਿਚ ਜੋ ਵੀ ਗੜਬੜ ਦਿਖਾਉਣਾ ਚਾਹੁੰਦੇ ਹੋ, ਦਿਖਾ ਸਕਦੇ ਹੋ। ਮੰਤਰਾਲੇ ਦੇ ਹਿਸਾਬ ਨਾਲ ਮੰਤਰੀ ਦਾ ਨਾਂ ਲਓ, ਪਰ ਪ੍ਰਧਾਨ ਮੰਤਰੀ ਦਾ ਜ਼ਿਕਰ ਕਿਤੇ ਨਾ ਕਰੋ।'

'ਲੇਕਿਨ ਜਦੋਂ ਪ੍ਰਧਾਨ ਮੰਤਰੀ ਮੋਦੀ ਖੁਦ ਹੀ ਹਰ ਯੋਜਨਾ ਦਾ ਐਲਾਨ ਕਰਦੇ ਹਨ। ਹਰ ਮੰਤਰਾਲੇ ਦੇ ਕੰਮਕਾਜ ਨਾਲ ਖੁਦ ਨੂੰ ਜੋੜਿਆ ਹੋਇਆ ਹੈ ਅਤੇ ਉਨ੍ਹਾਂ ਦੇ ਮੰਤਰੀ ਵੀ ਜਦੋਂ ਉਸੇ ਦਾ ਨਾਂ ਲੈ ਕੇ ਯੋਜਨਾ ਜਾਂ ਸਰਕਾਰੀ ਨੀਤੀਆਂ ਦਾ ਜ਼ਿਕਰ ਕਰ ਰਹੇ ਹਨ ਤਾਂ ਤੁਸੀਂ ਮੋਦੀ ਦਾ ਨਾਂ ਕਿਵੇਂ ਨਹੀਂ ਲਵੋਗੇ।'

'ਅਰੇ, ਛੱਡੋ ਵੀ।... ਥੋੜ੍ਹੇ ਦਿਨਾਂ ਤਕ ਦੇਖਦੇ ਹਾਂ ਕੀ ਹੁੰਦਾ ਹੈ। ਵੈਸੇ ਤੁਸੀਂ ਸਹੀ ਕਰ ਰਹੇ ਹੋ... ਪਰ ਹੁਣ ਛੱਡ ਦਿਓ।'

ਭਾਰਤ ਦੇ ਆਨੰਦ ਬਾਜ਼ਾਰ ਪੱਤ੍ਰਿਕਾ ਸਮੂਹ ਦੇ ਰਾਸ਼ਟਰੀ ਨਿਊਜ਼ ਚੈਨਲ ਏ.ਬੀ.ਪੀ. ਨਿਊਜ਼ ਦੇ ਮਾਲਕ, ਜੋ ਐਡੀਟਰ-ਇਨ-ਚੀਫ ਵੀ ਹਨ, ਨਾਲ ਇਹ ਗੱਲਬਾਤ 14 ਜੁਲਾਈ ਨੂੰ ਹੋਈ। ਉਂਜ ਤਾਂ ਇਹ ਨਿਰਦੇਸ਼ ਦੇਣ ਤੋਂ ਪਹਿਲਾਂ ਖਾਸੀ ਲੰਮੀ ਗੱਲਬਾਤ ਖਬਰਾਂ ਦਿਖਾਉਣ, ਉਸ ਦੇ ਅਸਰ ਅਤੇ ਚੈਨਲ ਨੂੰ ਲੈ ਕੇ ਬਦਲਦੀਆਂ ਧਾਰਨਾਵਾਂ ਨਾਲ ਹੋ ਰਹੇ ਲਾਭਾਂ ਉਪਰ ਵੀ ਹੋਈ ਸੀ।

ਐਡੀਟਰ-ਇਨ-ਚੀਫ ਨੇ ਮੰਨਿਆ ਕਿ 'ਮਾਸਟਰ ਸਟਰੋਕ' ਪ੍ਰੋਗਰਾਮ ਨੇ ਚੈਨਲ ਦਾ ਵੱਕਾਰ ਵਧਾ ਦਿੱਤਾ ਹੈ। ਖੁਦ ਉਨ੍ਹਾਂ ਦੇ ਸ਼ਬਦਾਂ ਵਿਚ ਕਹੀਏ ਤਾਂ, 'ਮਾਸਟਰ ਸਟਰੋਕ' ਵਿਚ ਜਿਸ ਤਰ੍ਹਾਂ ਦੀ ਖੋਜ ਹੁੰਦੀ ਹੈ... ਜਿਸ ਤਰ੍ਹਾਂ ਖਬਰਾਂ ਨੂੰ ਲੈ ਕੇ ਗਰਾਊਂਡ ਜ਼ੀਰੋ ਤੋਂ ਰਿਪੋਰਟਿੰਗ ਹੁੰਦੀ ਹੈ, ਰਿਪੋਰਟ ਦੇ ਜ਼ਰੀਏ ਸਰਕਾਰ ਦੀਆਂ ਨੀਤੀਆਂ ਦਾ ਪੂਰਾ ਖਾਕਾ ਪੇਸ਼ ਕੀਤਾ ਜਾਂਦਾ ਹੈ। ਗ੍ਰਾਫਿਕਸ ਅਤੇ ਸਕ੍ਰਿਪਟ ਜਿਸ ਤਰ੍ਹਾਂ ਲਿਖੀ ਜਾਂਦੀ ਹੈ, ਉਹ ਚੈਨਲ ਦੇ ਇਤਿਹਾਸ 'ਚ ਉਨ੍ਹਾਂ ਨੇ ਪਹਿਲੀ ਵਾਰ ਦੇਖਿਆ।'

ਚੈਨਲ ਦੇ ਬਦਲਦੇ ਸਰੂਪ ਜਾਂ ਖਬਰਾਂ ਨੂੰ ਪਰੋਸਣ ਦੇ ਅੰਦਾਜ਼ ਨੇ ਮਾਲਕ ਅਤੇ ਐਡੀਟਰ-ਇਨ-ਚੀਫ ਨੂੰ ਉਤਸ਼ਾਹਤ ਤਾਂ ਕੀਤਾ ਪਰ ਖਬਰਾਂ ਦਿਖਾਉਣ ਜਾਂ ਪੇਸ਼ ਕਰਨ ਦੇ ਅੰਦਾਜ਼ ਦੀ ਤਾਰੀਫ ਕਰਦਿਆਂ ਵੀ ਉਹ ਇਹ ਕਹਿ ਹੇ ਸਨ ਅਤੇ ਦੱਸ ਵੀ ਰਹੇ ਸਨ ਕਿ ਸਾਰਾ ਕੁਝ ਚਲਦਾ ਰਹੇ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਨਾਮ ਨਾ ਹੋਵੇ ਤਾਂ ਕਿਵੇਂ ਰਹੇਗਾ? ਲੰਮੀ ਚਰਚਾ ਤੋਂ ਬਾਅਦ ਇਹੀ ਨਿਰਦੇਸ਼ ਸਾਹਮਣੇ ਆਇਆ ਕਿ ਪ੍ਰਧਾਨ ਮੰਤਰੀ ਦਾ ਨਾਮ ਹੁਣ ਚੈਨਲ ਦੇ ਸਕ੍ਰੀਨ ਉਪਰ ਲੈਣਾ ਹੀ ਨਹੀਂ ਹੈ।

ਕੁਲ ਰਾਜਨੀਤਕ ਖਬਰਾਂ ਦਰਮਿਆਨ ਜਾਂ ਕਹਿ ਲਓ ਸਰਕਾਰ ਦੀ ਹਰ ਯੋਜਨਾ ਦੇ ਮੱਦੇਨਜ਼ਰ ਇਹ ਬੇਹੱਦ ਮੁਸ਼ਕਿਲ ਕੰਮ ਸੀ ਕਿ ਬੇਰੋਜ਼ਗਾਰੀ ਦਾ ਜ਼ਿਕਰ ਕਰਦਿਆਂ ਕੋਈ ਰਿਪੋਰਟ ਤਿਆਰ ਕੀਤੀ ਜਾ ਰਹੀ ਹੋਵੇ ਅਤੇ ਉਸ ਵਿਚ ਸਰਕਾਰ ਦੇ ਰੋਜ਼ਗਾਰ ਪੈਦਾ ਕਰਨ ਦੇ ਦਾਅਵੇ ਜਿਨ੍ਹਾਂ ਦਾ ਸਬੰਧ ਹੁਨਰ ਵਿਕਾਸ ਯੋਜਨਾ ਜਾਂ ਮੁਦਰਾ ਯੋਜਨਾ ਨਾਲ ਹੈ, ਉਨ੍ਹਾਂ ਯੋਜਨਾਵਾਂ ਦੀ ਜ਼ਮੀਨੀ ਹਕੀਕਤ ਦੱਸਣ ਦੇ ਬਾਵਜੂਦ ਇਹ ਨਾ ਲਿਖ ਸਕੀਏ ਕਿ ਪ੍ਰਧਾਨ ਮੰਤਰੀ ਮੋਦੀ ਨੇ ਯੋਜਨਾਵਾਂ ਦੀ ਕਾਮਯਾਬੀ ਨੂੰ ਲੈ ਕੇ ਜੋ ਦਾਅਵਾ ਕੀਤਾ, ਉਹ ਹੈ ਕੀ? ਇਕ ਪਾਸੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਹੁਨਰ ਵਿਕਾਸ ਯੋਜਨਾ ਦੇ ਜ਼ਰੀਏ ਜੋ ਹੁਨਰ ਵਿਕਾਸ ਸ਼ੁਰੂ ਕੀਤਾ ਗਿਆ, ਉਸ ਵਿਚ 2022 ਤਕ 40 ਕਰੋੜ ਨੌਜਵਾਨਾਂ ਨੂੰ ਸਿਖਲਾਈ ਦੇਣ ਦਾ ਟੀਚਾ ਰੱਖਿਆ ਗਿਆ ਪਰ 2018 ਵਿਚ ਉਨ੍ਹਾਂ ਦੀ ਤਾਦਾਦ ਦੋ ਕਰੋੜ ਤਕ ਵੀ ਨਹੀਂ ਪਹੁੰਚੀ। ਜ਼ਮੀਨੀ ਰਿਪੋਰਟ ਦੱਸਦੀ ਹੈ ਕਿ ਜਿੰਨੇ ਥਾਵਾਂ ਉਪਰ ਹੁਨਰ ਵਿਕਾਸ ਯੋਜਨਾ ਤਹਿਤ ਕੇਂਦਰ ਖੋਲ੍ਹੇ ਗਏ, ਉਨ੍ਹਾਂ ਵਿਚੋਂ ਹਰ ਦਸ ਕੇਂਦਰਾਂ ਵਿਚੋਂ 8 ਉਪਰ ਕੁਝ ਨਹੀਂ ਹੁੰਦਾ। ਫਿਰ ਜ਼ਮੀਨੀ ਰਿਪੋਰਟ ਦਿਖਾਉਂਦੇ ਹੋਏ ਪ੍ਰਧਾਨ ਮੰਤਰੀ ਦਾ ਨਾਂ ਕਿਉਂ ਨਹੀਂ ਆਉਣਾ ਚਾਹੀਦਾ?

ਸਵਾਲ ਇਹ ਸੀ ਕਿ 'ਮਾਸਟਰ ਸਟਰੋਕ' ਦੀ ਪੂਰੀ ਟੀਮ ਦੀ ਕਲਮ ਉਪਰੋਂ ਪ੍ਰਧਾਨ ਮੰਤਰੀ ਮੋਦੀ ਸ਼ਬਦ ਹੀ ਗਾਇਬ ਹੋ ਜਾਣਾ ਚਾਹੀਦਾ ਹੈ; ਪਰ ਅਗਲਾ ਸਵਾਲ ਇਹ ਸੀ ਕਿ ਮਾਮਲਾ ਕਿਸੇ ਅਖਬਾਰ ਦਾ ਨਹੀਂ ਬਲਕਿ ਨਿਊਜ਼ ਚੈਨਲ ਦਾ ਸੀ।

ਯਾਨੀ, ਸਕ੍ਰਿਪਟ ਲਿਖਣ ਵੇਲੇ ਕਲਮ ਚਾਹੇ ਪ੍ਰਧਾਨ ਮੰਤਰੀ ਮੋਦੀ ਨਾ ਲਿਖੇ, ਲੇਕਿਨ ਜੇ ਸਰਕਾਰ ਦਾ ਮਤਲਬ ਹੀ ਪਿਛਲੇ ਚਾਰ ਸਾਲਾਂ ਤੋਂ ਨਰੇਂਦਰ ਮੋਦੀ ਹੈ ਤਾਂ ਫਿਰ ਸਰਕਾਰ ਦਾ ਜ਼ਿਕਰ ਕਰਦੇ ਹੋਏ ਐਡੀਟਿੰਗ ਮਸ਼ੀਨ ਹੀ ਨਹੀਂ ਬਲਕਿ ਲਾਇਬ੍ਰੇਰੀ ਵਿਚ ਵੀ ਸਿਰਫ ਪ੍ਰਧਾਨ ਮੰਤਰੀ ਮੋਦੀ ਦੇ ਹੀ ਵੀਡੀਓ ਹੋਣਗੇ।

26 ਮਈ 2014 ਤੋਂ ਲੈ ਕੇ 26 ਜੁਲਾਈ 2018 ਤਕ ਕਿਸੇ ਵੀ ਐਡੀਟਿੰਗ ਮਸ਼ੀਨ ਉਪਰ ਮੋਦੀ ਸਰਕਾਰ ਹੀ ਨਹੀਂ, ਬਲਕਿ ਸਰਕਾਰ ਦੀ ਕਿਸੇ ਵੀ ਯੋਜਨਾ ਨੂੰ ਲਿਖਦੇ ਹੀ ਵੀਡੀਓ ਜਾਂ ਤਸਵੀਰ ਦਾ ਜੋ ਕੱਚਾ ਚਿੱਠਾ ਉਭਰਦਾ ਹੈ, ਉਸ ਵਿਚ 80 ਫੀਸਦੀ ਪ੍ਰਧਾਨ ਮੰਤਰੀ ਮੋਦੀ ਹੀ ਹੁੰਦੇ; ਯਾਨੀ ਕਿਸੇ ਵੀ ਐਡੀਟਰ ਦੇ ਸਾਹਮਣੇ ਜੋ ਤਸਵੀਰ ਸਕ੍ਰਿਪਟ ਮੁਤਾਬਿਕ ਲਗਾਉਣ ਦੀ ਜ਼ਰੂਰਤ ਹੁੰਦੀ ਹੈ, ਉਸ ਵਿਚ ਬਿਨਾਂ ਮੋਦੀ ਦੇ ਕੋਈ ਵੀਡੀਓ ਜਾਂ ਕੋਈ ਤਸਵੀਰ ਮਿਲਦੀ ਹੀ ਨਹੀਂ।

ਹਰ ਮਿੰਟ ਜਦੋਂ ਐਡੀਟਰ ਕੰਮ ਕਰ ਰਿਹਾ ਹੈ ਤਾਂ ਉਸ ਦੇ ਸਾਹਮਣੇ ਸਕ੍ਰਿਪਟ ਵਿਚ ਲਿਖੇ, ਮੌਜੂਦਾ ਸਰਕਾਰ ਸ਼ਬਦ ਆਉਂਦੇ ਹੀ ਪ੍ਰਧਾਨ ਮੰਤਰੀ ਦੀ ਹੀ ਤਸਵੀਰ ਉਭਰਦੀ ਹੈ ਅਤੇ ਆਨ




ਏਅਰ 'ਮਾਸਟਰ ਸਟਰੋਕ' ਵਿਚ ਚਾਹੇ ਕਿਤੇ ਵੀ ਪ੍ਰਧਾਨ ਮੰਤਰੀ ਮੋਦੀ ਸ਼ਬਦ ਨਾ ਬੋਲਿਆ-ਸੁਣਿਆ ਜਾ ਰਿਹਾ ਹੋਵੇ ਲੇਕਿਨ ਸਕ੍ਰੀਨ ਉਪਰ ਮੋਦੀ ਦੀ ਤਸਵੀਰ ਆ ਹੀ ਜਾਂਦੀ।

100 ਘੰਟੇ ਬੀਤਣ ਤੋਂ ਪਹਿਲਾਂ ਹੀ ਇਹ ਫਰਮਾਨ ਵੀ ਆ ਜਾਵੇਗਾ ਕਿ 'ਮਾਸਟਰ ਸਟਰੋਕ' ਵਿਚ ਪ੍ਰਧਾਨ ਮੰਤਰੀ ਦੀ ਤਸਵੀਰ ਵੀ ਨਹੀਂ ਜਾਣੀ ਚਾਹੀਦੀ। ਇਹ ਸੋਚਿਆ ਤਾਂ ਨਹੀਂ ਗਿਆ ਲੇਕਿਨ ਸਾਹਮਣੇ ਆ ਹੀ ਗਿਆ। ਇਸ ਵਾਰ ਐਡੀਟਰ-ਇਨ-ਚੀਫ ਨਾਲ ਜੋ ਚਰਚਾ ਸ਼ੁਰੂ ਹੋਈ, ਉਹ ਇਸ ਨੂੰ ਲੈ ਕੇ ਹੋਈ ਕਿ ਕੀ ਵਾਕਈ ਸਰਕਾਰ ਦਾ ਮਤਲਬ ਪ੍ਰਧਾਨ ਮੰਤਰੀ ਮੋਦੀ ਹੀ ਹੈ।

ਅਸੀਂ ਪ੍ਰਧਾਨ ਮੰਤਰੀ ਦੀ ਤਸਵੀਰ ਦਿਖਾਏ ਬਿਨਾਂ ਕੋਈ ਵੀ ਰਿਪੋਰਟ ਕਿਵੇਂ ਦਿਖਾ ਸਕਦੇ ਹਾਂ, ਇਸ ਉਪਰ ਸਾਡਾ ਸਵਾਲ ਸੀ ਕਿ ਮੋਦੀ ਸਰਕਾਰ ਨੇ ਚਾਰ ਸਾਲ ਦੇ ਕਾਰਜਕਾਲ ਦੌਰਾਨ 106 ਯੋਜਨਾਵਾਂ ਦਾ ਐਲਾਨ ਕੀਤਾ ਹੈ। ਸਬੱਬ ਨਾਲ ਹਰ ਯੋਜਨਾ ਦਾ ਐਲਾਨ ਖੁਦ ਪ੍ਰਧਾਨ ਮੰਤਰੀ ਵਲੋਂ ਹੀ ਕੀਤਾ ਗਿਆ ਹੈ, ਹਰ ਯੋਜਨਾ ਦੇ ਪ੍ਰਚਾਰ-ਪ੍ਰਸਾਰ ਦੀ ਜ਼ਿੰਮੇਦਾਰੀ ਚਾਹੇ ਵੱਖ-ਵੱਖ ਮੰਤਰਾਲਿਆਂ ਤੇ ਮੰਤਰੀਆਂ ਉਪਰ ਹੋਵੇ। ਫਿਰ ਜਦੋਂ ਹਰ ਯੋਜਨਾ ਦੇ ਪ੍ਰਚਾਰ-ਪ੍ਰਸਾਰ ਵਿਚ ਹਰ ਪਾਸਿਓਂ ਜ਼ਿਕਰ ਪ੍ਰਧਾਨ ਮੰਤਰੀ ਦਾ ਹੀ ਹੋ ਰਿਹਾ ਹੈ ਤਾਂ ਯੋਜਨਾ ਦੀ ਸਫਲਤਾ-ਅਸਫਲਤਾ ਉਪਰ ਜ਼ਮੀਨੀਂ ਰਿਪੋਰਟ ਵਿਚ ਵੀ ਚਾਹੇ ਰਿਪੋਰਟਰ-ਐਂਕਰ ਪ੍ਰਧਾਨ ਮੰਤਰੀ ਦਾ ਜ਼ਿਕਰ ਨਾ ਕਰਨ, ਲੇਕਿਨ ਯੋਜਨਾ ਤੋਂ ਪ੍ਰਭਾਵਿਤ ਲੋਕਾਂ ਦੀ ਜ਼ੁਬਾਨ ਉਪਰ ਨਾਂ ਤਾਂ ਪ੍ਰਧਾਨ ਮੰਤਰੀ ਦਾ ਹੀ ਹੋਵੇਗਾ।

ਚਾਹੇ ਕਿਸਾਨ ਹੋਣ ਜਾਂ ਗਰਭਵਤੀ ਔਰਤਾਂ, ਬੇਰੋਜ਼ਗਾਰ ਹੋਣ ਜਾਂ ਵਪਾਰੀ, ਉਨ੍ਹਾਂ ਤੋਂ ਫਸਲ ਬੀਮਾ ਜਾਂ ਮਾਤ੍ਰਤਵ ਵੰਦਨਾ ਯੋਜਨਾ ਜਾਂ ਜੀ.ਐਸ.ਟੀ. ਜਾਂ ਮੁਦਰਾ ਯੋਜਨਾ ਉਪਰ ਸਵਾਲ ਪੁੱਛੇ ਜਾਣ 'ਤੇ ਯੋਜਨਾਵਾਂ ਦੇ ਦਾਇਰੇ ਵਿਚ ਆਉਣ ਵਾਲਾ ਹਰ ਕੋਈ ਪ੍ਰਧਾਨ ਮੰਤਰੀ ਦਾ ਨਾਂ ਜ਼ਰੂਰ ਲੈਂਦਾ। ਜਦੋਂ ਉਹ ਇਹ ਕਹਿੰਦਾ ਕਿ ਕੋਈ ਲਾਭ ਨਹੀਂ ਮਿਲ ਰਿਹਾ ਤਾਂ ਉਨ੍ਹਾਂ ਦੀਆਂ ਗੱਲਾਂ ਨੂੰ ਐਡਿਟ ਕਿਵੇਂ ਕੀਤਾ ਜਾਵੇ। ਜਵਾਬ ਇਹੀ ਮਿਲਿਆ ਕਿ ਕੁਝ ਵੀ ਹੋਵੇ ਲੇਕਿਨ 'ਪ੍ਰਧਾਨ ਮੰਤਰੀ ਮੋਦੀ ਦੀ ਤਸਵੀਰ-ਵੀਡੀਓ ਵੀ ਮਾਸਟਰ ਸਟਰੋਕ ਵਿਚ ਦਿਖਾਈ ਨਹੀਂ ਜਾਣੀ ਚਾਹੀਦੀ।'

ਇਹ ਸਵਾਲ ਅਜੇ ਵੀ ਅਣਸੁਲਝਿਆ ਸੀ ਕਿ ਆਖਿਰ ਪ੍ਰਧਾਨ ਮੰਤਰੀ ਦੀ ਤਸਵੀਰ ਜਾਂ ਉਸ ਦਾ ਨਾਂ ਵੀ ਜ਼ੁਬਾਨ ਉਪਰ ਨਾ ਆਵੇ ਤਾਂ ਉਸ ਨਾਲ ਕੀ ਹੋਵੇਗਾ? 2014 ਵਿਚ ਸੱਤਾ ਵਿਚ ਆਈ ਭਾਜਪਾ ਲਈ ਸਰਕਾਰ ਦਾ ਮਤਲਬ ਨਰੇਂਦਰ ਮੋਦੀ ਹੈ। ਭਾਜਪਾ ਦਾ ਸਟਾਰ ਪ੍ਰਚਾਰਕ ਵੀ ਮੋਦੀ ਹੀ ਹੈ। ਸੰਘ ਦੇ ਚਿਹਰੇ ਦੇ ਤੌਰ 'ਤੇ ਵੀ ਪ੍ਰਚਾਰਕ ਮੋਦੀ ਹੈ। ਦੁਨੀਆ ਭਰ ਵਿਚ ਭਾਰਤ ਦੀ ਵਿਦੇਸ਼ ਨੀਤੀ ਦਾ ਬਰੈਂਡ ਐਂਬੈਸਡਰ ਮੋਦੀ ਹੈ। ਦੇਸ਼ ਦੀ ਹਰ ਨੀਤੀ ਦੇ ਕੇਂਦਰ ਵਿਚ ਮੋਦੀ ਹੈ ਤਾਂ ਫਿਰ ਦਰਜਨ ਭਰ ਹਿੰਦੀ ਰਾਸ਼ਟਰੀ ਨਿਊਜ਼ ਚੈਨਲਾਂ ਦੀ ਭੀੜ ਵਿਚੋਂ ਪੰਜਵੇਂ-ਛੇਵੇਂ ਨੰਬਰ ਦੇ ਰਾਸ਼ਟਰੀ ਨਿਊਜ਼ ਚੈਨਲ ਏ.ਬੀ.ਪੀ. ਦੇ ਪ੍ਰਾਈਮ ਟਾਈਮ ਵਿਚ ਸਿਰਫ ਘੰਟੇ ਭਰ ਦੇ ਪ੍ਰੋਗਰਾਮ 'ਮਾਸਟਰ ਸਟਰੋਕ' ਨੂੰ ਲੈ ਕੇ ਸਰਕਾਰ ਅੰਦਰ ਐਨੇ ਸਵਾਲ ਕਿਉਂ ਹਨ? ਜਾਂ ਕਹਿ ਲਓ, ਉਹ ਕਿਹੜੀ ਮੁਸ਼ਕਿਲ ਹੈ ਜਿਸ ਨੂੰ ਲੈ ਕੇ ਏ.ਬੀ.ਪੀ. ਨਿਊਜ਼ ਚੈਨਲ ਦੇ ਮਾਲਕਾਂ ਉਪਰ ਦਬਾਓ ਪਾਇਆ ਜਾ ਰਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਮੋਦੀ ਦਾ ਨਾਂ ਨਾ ਲੈਣ ਜਾਂ ਫਿਰ ਤਸਵੀਰ ਵੀ ਨਾ ਦਿਖਾਉਣ।

ਦਰਅਸਲ ਮੋਦੀ ਸਰਕਾਰ ਵਿਚ ਚਾਰ ਸਾਲ ਤਕ ਜਿਸ ਤਰ੍ਹਾਂ ਸਿਰਫ ਅਤੇ ਸਿਰਫ ਪ੍ਰਧਾਨ ਮੰਤਰੀ ਮੋਦੀ ਨੂੰ ਹੀ ਕੇਂਦਰ ਵਿਚ ਰੱਖਿਆ ਗਿਆ ਅਤੇ ਭਾਰਤ ਵਰਗੇ ਦੇਸ਼ ਵਿਚ ਟੀ.ਵੀ. ਨਿਊਜ਼ ਚੈਨਲਾਂ ਨੇ ਜਿਸ ਤਰ੍ਹਾਂ ਸਿਰਫ ਤੇ ਸਿਰਫ ਉਸੇ ਨੂੰ ਦਿਖਾਇਆ ਅਤੇ ਸਹਿਜੇ-ਸਹਿਜੇ ਪ੍ਰਧਾਨ ਮੰਤਰੀ ਮੋਦੀ ਦੀ ਤਸਵੀਰ, ਉਸ ਦੇ ਵੀਡੀਓ, ਉਸ ਦੇ ਭਾਸ਼ਣ ਕਿਸੇ ਨਸ਼ੇ ਵਾਂਗ ਨਿਊਜ਼ ਚੈਨਲਾਂ ਦੇ ਦਰਸ਼ਕਾਂ ਅੰਦਰ ਘਰ ਕਰਦੇ ਗਏ।

ਉਸ ਦਾ ਅਸਰ ਇਹ ਹੋਇਆ ਕਿ ਪ੍ਰਧਾਨ ਮੰਤਰੀ ਮੋਦੀ ਹੀ ਚੈਨਲਾਂ ਦੀ ਟੀ.ਆਰ.ਪੀ. ਦੀ ਜ਼ਰੂਰਤ ਬਣ ਗਏ। ਪ੍ਰਧਾਨ ਮੰਤਰੀ ਦੇ ਚਿਹਰੇ ਦੇ ਸਾਥ ਸਭ ਕੁਝ ਅੱਛਾ ਹੈ ਜਾਂ ਕਹਿ ਲਓ, ਦੇਸ਼ ਅੱਛੇ ਦਿਨਾਂ ਦੀ ਦਿਸ਼ਾ ਵਿਚ ਵਧ ਰਿਹਾ ਹੈ, ਇਹ ਦੱਸਿਆ ਜਾਣ ਲੱਗਿਆ ਤਾਂ ਚੈਨਲਾਂ ਦੇ ਲਈ ਵੀ ਇਹ ਨਸ਼ਾ ਬਣ ਗਿਆ ਅਤੇ ਇਹ ਨਸ਼ਾ ਨਾ ਉਤਰੇ, ਇਸ ਦੇ ਲਈ ਬਾਕਾਇਦਾ ਮੋਦੀ ਸਰਕਾਰ ਦੇ ਸੂਚਨਾ ਮੰਤਰਾਲੇ ਨੇ 200 ਲੋਕਾਂ ਦੀ ਨਿਗਰਾਨ (ਮਾਨਿਟਰਿੰਗ) ਟੀਮ ਲਗਾ ਦਿੱਤੀ। ਬਾਕਾਇਦਾ, ਪੂਰਾ ਕੰਮ ਸੂਚਨਾ ਮੰਤਰਾਲੇ ਦੇ ਏ.ਡੀ.ਜੀ. (ਐਡੀਸ਼ਨਲ ਡਾਇਰੈਕਟਰ ਜਨਰਲ) ਦੇ ਮਤਹਿਤ ਹੋਣਾ ਸ਼ੁਰੂ ਹੋ ਗਿਆ ਜੋ ਸਿੱਧੀ ਰਿਪੋਰਟ ਸੂਚਨਾ ਪ੍ਰਸਾਰਨ ਮੰਤਰੀ ਨੂੰ ਕਰਦਾ ਅਤੇ ਜੋ 200 ਲੋਕ ਦੇਸ਼ ਦੇ ਕੁਲ ਰਾਸ਼ਟਰੀ ਨਿਊਜ਼ ਚੈਨਲਾਂ ਦੀ ਮਾਨਿਟਰਿੰਗ ਕਰਦੇ ਹਨ, ਉਹ ਤਿੰਨ ਪੱਧਰ 'ਤੇ ਹੁੰਦਾ। 150 ਲੋਕਾਂ ਦੀ ਟੀਮ ਸਿਰਫ ਮਾਨਿਟਰਿੰਗ ਕਰਦੀ ਹੈ, 25 ਜਣੇ ਮਾਨਿਟਰਿੰਗ ਕੀਤੀ ਰਿਪੋਰਟ ਨੂੰ ਸਰਕਾਰ ਦੇ ਅਨੁਕੂਲ ਖਾਸ ਸ਼ਕਲ ਦਿੰਦੇ ਹਨ ਅਤੇ ਬਾਕੀ 25 ਫਾਈਨਲ ਮਾਨਿਟਰਿੰਗ ਦੀ ਸਮੱਗਰੀ ਦੀ ਸਮੀਖਿਆ ਕਰਦੇ ਹਨ।

ਉਨ੍ਹਾਂ ਦੀ ਇਸ ਰਿਪੋਰਟ ਉਪਰ ਸੂਚਨਾ ਤੇ ਪ੍ਰਸਾਰਨ ਮੰਤਰਾਲਾ ਦੇ ਡਿਪਟੀ ਸਕੱਤਰ ਪੱਧਰ ਦੇ ਤਿੰਨ ਅਧਿਕਾਰੀ ਰਿਪੋਰਟ ਤਿਆਰ ਕਰਦੇ ਹਨ ਅਤੇ ਫਾਈਨਲ ਰਿਪੋਰਟ ਸੂਚਨਾ ਤੇ ਪ੍ਰਸਾਰਨ ਮੰਤਰੀ ਨੂੰ ਭੇਜੀ ਜਾਂਦੀ ਹੈ। ਇਸ ਦੇ ਜ਼ਰੀਏ ਪ੍ਰਧਾਨ ਮੰਤਰੀ ਦਫਤਰ ਦੇ ਅਧਿਕਾਰੀ ਸਰਗਰਮ ਹੁੰਦੇ ਹਨ ਅਤੇ ਨਿਊਜ਼ ਚੈਨਲਾਂ ਦੇ ਸੰਪਾਦਕਾਂ ਨੂੰ ਦਿਸ਼ਾ-ਨਿਰਦੇਸ਼ ਦਿੰਦੇ ਰਹਿੰਦੇ ਹਨ ਕਿ ਕੀ ਕਰਨਾ ਹੈ, ਕਿਵੇਂ ਕਰਨਾ ਹੈ।

ਕੋਈ ਸੰਪਾਦਕ ਜਦੋਂ ਸਿਰਫ ਖਬਰਾਂ ਦੇ ਲਿਹਾਜ਼ ਨਾਲ ਚੈਨਲ ਨੂੰ ਚਲਾਉਣ ਦੀ ਗੱਲ ਕਰਦਾ ਤਾਂ ਚੈਨਲ ਦੇ ਮਾਲਕ ਨਾਲ ਸੂਚਨਾ ਤੇ ਪ੍ਰਸਾਰਨ ਮੰਤਰਾਲਾ ਜਾਂ ਪੀ.ਐਮ.ਓ. ਦੇ ਅਧਿਕਾਰੀ ਗੱਲ ਕਰਕੇ ਉਸ ਨੂੰ ਦੱਸ ਦਿੰਦੇ ਕਿ ਕਿੰਜ ਕਰਨਾ ਹੈ। ਦਬਾਓ ਬਣਾਉਣ ਲਈ ਮਾਨਿਟਰਿੰਗ ਦੀ ਰਿਪੋਰਟ ਨੱਥੀ ਕਰਕੇ ਫਾਈਲ ਭੇਜਦੇ ਅਤੇ ਫਾਈਲ ਵਿਚ ਇਸ ਦਾ ਜ਼ਿਕਰ ਹੁੰਦਾ ਕਿ ਆਖਿਰ ਕਿਵੇਂ ਪ੍ਰਧਾਨ ਮੰਤਰੀ ਮੋਦੀ ਵਲੋਂ 2014 ਵਿਚ ਕੀਤੇ ਗਏ ਚੋਣ ਵਾਇਦਿਆਂ ਤੋਂ ਲੈ ਕੇ ਨੋਟਬੰਦੀ ਜਾਂ ਸਰਜੀਕਲ ਸਟਰਾਈਕ ਜਾਂ ਜੀ.ਐਸ.ਟੀ. ਲਾਗੂ ਕਰਦੇ ਵਕਤ ਦਾਅਵਿਆਂ ਭਰੇ ਬਿਆਨਾਂ ਨੂੰ ਦੁਬਾਰਾ ਦਿਖਾਇਆ ਜਾ ਸਕਦਾ ਹੈ; ਜਾਂ ਫਿਰ ਕਿਵੇਂ ਮੌਜੂਦਾ ਦੌਰ ਦੀ ਕਿਸੇ ਯੋਜਨਾ ਉਪਰ ਹੋਣ ਵਾਲੀ ਰਿਪੋਰਟ ਵਿਚ ਪ੍ਰਧਾਨ ਮੰਤਰੀ ਦੇ ਪੁਰਾਣੇ ਦਾਅਵੇ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਦਰਅਸਲ ਮੋਦੀ ਰਾਜ ਦੀ ਸਫਲਤਾ ਦਾ ਨਜ਼ਰੀਆ ਹੀ ਹਰ ਤਰੀਕੇ ਨਾਲ ਰੱਖਿਆ ਜਾਂਦਾ ਰਿਹਾ ਹੈ, ਇਸ ਦੇ ਲਈ ਖਾਸ ਤੌਰ 'ਤੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਤੋਂ ਲੈ ਕੇ ਪੀ.ਐਮ.ਓ. ਦੇ ਦਰਜਨ ਭਰ ਅਧਿਕਾਰੀ ਪਹਿਲੇ ਪੱਧਰ 'ਤੇ ਕੰਮ ਕਰਦੇ ਹਨ।

ਦੂਸਰੇ ਪੱਧਰ 'ਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਦਾ ਸੁਝਾਅ ਹੁੰਦਾ ਹੈ, ਜੋ ਇਕ ਤਰ੍ਹਾਂ ਦਾ ਨਿਰਦੇਸ਼ ਹੁੰਦਾ ਹੈ ਅਤੇ ਤੀਸਰੇ ਪੱਧਰ 'ਤੇ ਭਾਜਪਾ ਦਾ ਲਹਿਜ਼ਾ, ਜੋ ਕਈ ਪੱਧਰ 'ਤੇ ਕੰਮ ਕਰਦਾ ਹੈ। ਮਸਲਨ ਜੇ ਕੋਈ ਚੈਨਲ ਸਿਰਫ ਮੋਦੀ ਰਾਜ ਦੀ ਹਾਂ-ਪੱਖੀ ਪੇਸ਼ਕਾਰੀ ਨਹੀਂ ਕਰਦਾ ਜਾਂ ਕਦੇ-ਕਦੇ ਨਾਂਹ-ਪੱਖੀ ਖਬਰ ਦਿੰਦਾ ਹੈ ਜਾਂ ਫਿਰ ਤੱਥਾਂ ਸਹਿਤ ਮੋਦੀ ਸਰਕਾਰ ਦੇ ਸੱਚ ਨੂੰ ਝੂਠ ਕਰਾਰ ਦਿੰਦਾ ਹੈ ਤਾਂ ਫਿਰ ਭਾਜਪਾ ਦੇ ਬੁਲਾਰਿਆਂ ਨੂੰ ਉਸ ਚੈਨਲ ਉਪਰ ਭੇਜਣ 'ਤੇ ਪਾਬੰਦੀ ਲੱਗ ਜਾਂਦੀ ਹੈ; ਯਾਨੀ ਨਿਊਜ਼ ਚੈਨਲ ਉਪਰ ਹੋਣ ਵਾਲੀਆਂ ਰਾਜਨੀਤਕ ਚਰਚਾਵਾਂ ਵਿਚ ਭਾਜਪਾ ਦੇ ਬੁਲਾਰੇ ਨਹੀਂ ਆਉਂਦੇ। ਏ.ਬੀ.ਪੀ. ਉਪਰ ਭਾਜਪਾ ਦੇ ਬੁਲਾਰਿਆਂ ਦੇ ਨਾ ਆਉਣ ਦੀ ਸ਼ੁਰੂਆਤ ਜੂਨ ਦੇ ਆਖਰੀ ਹਫਤੇ ਤੋਂ ਹੀ ਹੋ ਗਈ। ਦੋ ਦਿਨ ਬਾਅਦ ਭਾਜਪਾ ਆਗੂਆਂ ਨੇ ਚੈਨਲ ਨੂੰ ਬਾਈਟ ਦੇਣੀ ਬੰਦ ਕਰ ਦਿੱਤੀ ਅਤੇ ਜਿਸ ਦਿਨ ਪ੍ਰਧਾਨ ਮੰਤਰੀ ਮੋਦੀ ਦੇ 'ਮਨ ਕੀ ਬਾਤ' ਦਾ ਸੱਚ 'ਮਾਸਟਰ ਸਟਰੋਕ' ਵਿਚ ਦਿਖਾਇਆ ਗਿਆ, ਉਸ ਤੋਂ ਬਾਅਦ ਭਾਜਪਾ ਦੇ ਨਾਲ-ਨਾਲ ਆਰ.ਐਸ.ਐਸ. ਨਾਲ ਜੁੜੇ ਵਿਚਾਰਕਾਂ ਨੂੰ ਵੀ ਏ.ਬੀ.ਪੀ. ਨਿਊਜ਼ ਚੈਨਲ ਉਪਰ ਆਉਣ ਤੋਂ ਰੋਕ ਦਿੱਤਾ ਗਿਆ।

'ਮਨ ਕੀ ਬਾਤ' ਅਤੇ ਉਸ ਤੋਂ ਬਾਅਦ ਦੇ ਘਟਨਾਕ੍ਰਮ ਨੂੰ ਸਮਝਣ ਤੋਂ ਪਹਿਲਾਂ ਇਹ ਵੀ ਜਾਣ ਲਿਆ ਜਾਵੇ ਕਿ ਭਾਜਪਾ ਦਾ ਪਿਤਰੀ ਸੰਗਠਨ ਆਰ.ਐਸ.ਐਸ. ਮੋਦੀ ਰਾਜ ਉਪਰ ਨਿਰਭਰ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ 9 ਜੁਲਾਈ 2018 ਨੂੰ ਉਦੋਂ ਨਜ਼ਰ ਆਈ ਜਦੋਂ ਸ਼ਾਮ ਚਾਰ ਵਜੇ ਦੇ ਪ੍ਰੋਗਰਾਮ ਦੌਰਾਨ ਸੰਘ ਦੇ ਵਿਚਾਰਕ ਵਜੋਂ ਬੈਠੇ ਪ੍ਰੋਫੈਸਰ ਦੇ ਮੋਬਾਈਲ ਦੀ ਘੰਟੀ ਖੜਕੀ ਅਤੇ ਉਧਰੋਂ ਹੁਕਮ ਹੋ ਗਿਆ ਕਿ ਸਟੂਡੀਓ ਵਿਚੋਂ ਬਾਹਰ ਆ ਜਾਓ ਅਤੇ ਉਹ ਸ਼ਖਸ ਆਨ ਏਅਰ ਪ੍ਰੋਗਰਾਮ ਦੇ ਵਿਚਾਲਿਓਂ ਹੀ ਉਠ ਕੇ ਤੁਰ ਗਿਆ। ਫੋਨ ਆਉਣ ਤੋਂ ਬਾਅਦ ਉਸ ਦੇ ਚਿਹਰੇ ਦਾ ਹਾਵ-ਭਾਵ ਐਸਾ ਸੀ, ਮਾਨੋ ਉਸ ਤੋਂ ਕੋਈ ਬਹੁਤ ਵੱਡਾ ਜੁਰਮ ਹੋ ਗਿਆ ਹੈ, ਉਸ ਵਕਤ ਜੋ ਨਜ਼ਰ ਆਇਆ, ਉਹ ਬੇਹਦ ਸਹਿਮੇ ਹੋਏ ਸ਼ਖਸ ਦਾ ਚਿਹਰਾ ਸੀ।

ਲੇਕਿਨ ਇਸ ਨਾਲ ਵੀ ਗੱਲ ਨਾ ਬਣੀ ਕਿਉਂਕਿ ਇਸ ਤੋਂ ਪਹਿਲਾਂ ਚੈਨਲ ਉਪਰ ਜੋ ਖਬਰਾਂ ਲਗਾਤਾਰ ਦਿਖਾਈਆਂ ਜਾ ਰਹੀਆਂ ਸਨ, ਉਸ ਦਾ ਅਸਰ ਦੇਖਣ ਵਾਲਿਆਂ ਉਪਰ ਹੋ ਰਿਹਾ ਸੀ। ਭਾਜਪਾ ਦੇ ਬੁਲਾਰੇ ਚਾਹੇ ਚੈਨਲ ਉਪਰ ਨਾ ਆ ਰਹੇ ਹੋਣ ਲੇਕਿਨ ਖਬਰਾਂ ਨੂੰ ਲੈ ਕੇ ਚੈਨਲ ਦੀ ਟੀ.ਆਰ.ਪੀ. ਵਧਣ ਲੱਗੀ। ਟੀ.ਆਰ.ਪੀ. ਦੀ ਜੋ ਰਿਪੋਰਟ 5 ਤੋਂ 12 ਜੁਲਾਈ ਨੂੰ ਆਈ, ਉਸ ਵਿਚ ਏ.ਬੀ.ਪੀ. ਨਿਊਜ਼ ਚੈਨਲ ਦੇਸ਼ ਦਾ ਦੂਜੇ ਨੰਬਰ ਦਾ ਚੈਨਲ ਬਣ ਗਿਆ।

ਖਾਸ ਗੱਲ ਇਹ ਵੀ ਸੀ ਕਿ ਇਸ ਦੌਰ ਵਿਚ 'ਮਾਸਟਰ ਸਟਰੋਕ' ਵਿਚ ਖਾਸ ਰਿਪੋਰਟ ਝਾਰਖੰਡ ਦੇ ਗੋਡਾ ਵਿਚ ਲੱਗਣ ਵਾਲੇ ਥਰਮਲ ਪਾਵਰ ਪ੍ਰੋਜੈਕਟ ਉਪਰ ਕੀਤੀ ਗਈ। ਇਹ ਥਰਮਲ ਤਮਾਮ ਕਾਇਦੇ-ਕਾਨੂੰਨਾਂ ਨੂੰ ਦਰਕਿਨਾਰ ਕਰਕੇ ਹੀ ਨਹੀਂ ਲਗਾਇਆ ਜਾ ਰਿਹਾ ਸੀ, ਬਲਕਿ ਇਹ ਅਡਾਨੀ ਸਮੂਹ ਦਾ ਹੈ ਅਤੇ ਪਹਿਲੀ ਵਾਰ ਉਨ੍ਹਾਂ ਕਿਸਾਨਾਂ ਦਾ ਦਰਦ ਇਸ ਰਿਪੋਰਟ ਦੇ ਜ਼ਰੀਏ ਉਭਰਿਆ ਕਿ ਅਡਾਨੀ ਕਿਵੇਂ ਪ੍ਰਧਾਨ ਮੰਤਰੀ ਦੇ ਕਰੀਬ ਹੈ। ਝਾਰਖੰਡ ਸਰਕਾਰ ਨੇ ਨਿਯਮ ਹੀ ਬਦਲ ਦਿੱਤੇ ਅਤੇ ਕਿਸਾਨਾਂ ਨੂੰ ਧਮਕੀ ਦਿੱਤੀ ਜਾਣ ਲੱਗੀ ਕਿ ਜੇ ਉਨ੍ਹਾਂ ਨੇ ਆਪਣੀ ਜ਼ਮੀਨ ਥਰਮਲ ਪ੍ਰੋਜੈਕਟ ਲਈ ਨਾ ਦਿੱਤੀ ਤਾਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਵੇਗੀ।

ਇਕ ਕਿਸਾਨ ਨੇ ਬਾਕਾਇਦਾ ਕੈਮਰੇ ਉਪਰ ਕਿਹਾ, 'ਅਡਾਨੀ ਸਮੂਹ ਦੇ ਅਧਿਕਾਰੀ ਨੇ ਧਮਕੀ ਦਿੱਤੀ ਹੈ ਕਿ ਜ਼ਮੀਨ ਨਹੀਂ ਦਿਓਗੇ ਤਾਂ ਜ਼ਮੀਨ ਵਿਚ ਗੱਡ ਦਿਆਂਗੇ। ਪੁਲਿਸ ਨੂੰ ਸ਼ਿਕਾਇਤ ਕੀਤੀ ਤਾਂ ਪੁਲਿਸ ਬੋਲੀ, ਸ਼ਿਕਾਇਤ ਕਰਨਾ ਫਜ਼ੂਲ ਹੈ। ਇਹ ਵੱਡੇ ਲੋਕ ਹਨ, ਪ੍ਰਧਾਨ ਮੰਤਰੀ ਦੇ ਕਰੀਬੀ ਹਨ।'

ਇਸ ਦਿਨ ਦੇ ਪ੍ਰੋਗਰਾਮ ਦੀ ਟੀ.ਆਰ.ਪੀ. ਬਾਕੀ ਦੇ ਔਸਤ 'ਮਾਸਟਰ ਸਟਰੋਕ' ਨਾਲੋਂ ਪੰਜ ਪੁਆਇੰਟ ਜ਼ਿਆਦਾ ਸੀ; ਯਾਨੀ ਏ.ਬੀ.ਪੀ. ਦੇ ਪ੍ਰਾਈਮ ਟਾਈਮ (ਰਾਤ 9-10 ਵਜੇ) ਵਿਚ ਚੱਲਣ ਵਾਲੇ 'ਮਾਸਟਰ ਸਟਰੋਕ' ਦੀ ਜੋ ਔਸਤ ਟੀ.ਆਰ.ਪੀ. 12 ਸੀ, ਉਹ ਅਡਾਨੀ ਵਾਲੇ ਪ੍ਰੋਗਰਾਮ ਦੇ ਦਿਨ 17 ਹੋ ਗਈ; ਯਾਨੀ ਤਿੰਨ ਅਗਸਤ ਨੂੰ ਜਦੋਂ ਸੰਸਦ ਵਿਚ ਵਿਰੋਧੀ ਧਿਰ ਦੇ ਆਗੂ ਮਲਿਕਅਰਜੁਨ ਖੜਗੇ ਨੇ ਮੀਡੀਆ ਉਪਰ ਬੰਦਸ਼ ਅਤੇ ਏ.ਬੀ.ਪੀ. ਨਿਊਜ਼ ਨੂੰ ਧਮਕਾਉਣ ਅਤੇ ਪੱਤਰਕਾਰਾਂ ਨੂੰ ਨੌਕਰੀ ਤੋਂ ਬਰਖਾਸਤ ਕਰਵਾਏ ਜਾਣ ਦਾ ਜ਼ਿਕਰ ਕੀਤਾ ਤਾਂ ਸੂਚਨਾ ਤੇ ਪ੍ਰਸਾਰਨ ਮੰਤਰੀ ਨੇ ਕਹਿ ਦਿੱਤਾ, 'ਮਾਸਟਰ ਸਟਰੋਕ ਪ੍ਰੋਗਰਾਮ ਤੋਂ ਚੈਨਲ ਦੀ ਟੀ.ਆਰ.ਪੀ. ਹੀ ਨਹੀਂ ਆ ਰਹੀ ਸੀ, ਉਸ ਨੂੰ ਕੋਈ ਦੇਖਣਾ ਹੀ ਨਹੀਂ ਚਾਹੁੰਦਾ ਸੀ ਤਾਂ ਚੈਨਲ ਨੇ ਉਸ ਨੂੰ ਬੰਦ ਕਰ ਦਿੱਤਾ।'

ਅਸਲ ਹਾਲਾਤ ਇਥੋਂ ਹੀ ਪੈਦਾ ਹੁੰਦੇ ਹਨ ਕਿਉਂਕਿ ਏ.ਬੀ.ਪੀ. ਦੀ ਟੀ.ਆਰ.ਪੀ. ਤਾਂ ਵਧ ਰਹੀ ਸੀ। ਉਸ ਦਾ ਪ੍ਰੋਗਰਾਮ 'ਮਾਸਟਰ ਸਟਰੋਕ' ਮਕਬੂਲ ਵੀ ਹੋ ਰਿਹਾ ਸੀ ਅਤੇ ਪਹਿਲਾਂ ਦੇ ਮੁਕਾਬਲੇ ਪਹਿਲੇ ਮੁੱਢਲੇ ਚਾਰ ਮਹੀਨਿਆਂ ਵਿਚ ਹੀ ਟੀ.ਆਰ.ਪੀ. ਵਾਹਵਾ ਦੇਣ ਲੱਗਿਆ ਸੀ ('ਮਾਸਟਰ ਸਟਰੋਕ' ਤੋਂ ਪਹਿਲਾਂ 'ਜਨ ਗਣ ਮਨ' ਪ੍ਰੋਗਰਾਮ ਚੱਲਦਾ ਹੁੰਦਾ ਸੀ ਜਿਸ ਦੀ ਔਸਤ ਟੀ.ਆਰ.ਪੀ. 7 ਸੀ, 'ਮਾਸਟਰ ਸਟਰੋਕ' ਦੀ ਔਸਤ ਟੀ.ਆਰ.ਪੀ. 12 ਹੋ ਗਈ); ਯਾਨੀ 'ਮਾਸਟਰ ਸਟਰੋਕ' ਦੀਆਂ ਖਬਰਾਂ ਦਾ ਮਿਜ਼ਾਜ ਮੋਦੀ ਸਰਕਾਰ ਦੀਆਂ ਉਨ੍ਹਾਂ ਯੋਜਨਾਵਾਂ ਜਾਂ ਕਹਿ ਲਓ ਦਾਅਵਿਆਂ ਦੀ ਪਰਖ ਕਰਨ ਵਾਲਾ ਸੀ ਜੋ ਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਰਿਪੋਰਟਰਾਂ ਦੇ ਜ਼ਰੀਏ ਆਉਂਦੀਆਂ ਸਨ। 'ਮਾਸਟਰ ਸਟਰੋਕ' ਜ਼ਰੀਏ ਲਗਾਤਾਰ ਸਾਫ ਹੋ ਰਿਹਾ ਸੀ ਕਿ ਸਰਕਾਰ ਦੇ ਦਾਅਵਿਆਂ ਅੰਦਰ ਕਿੰਨਾ ਖੋਖਲਾਪਣ ਹੈ ਅਤੇ ਇਸ ਨੂੰ ਉਘਾੜਨ ਲਈ ਸਰਕਾਰੀ ਅੰਕੜਿਆਂ ਦੇ ਅੰਤਰ-ਵਿਰੋਧ ਨੂੰ ਹੀ ਆਧਾਰ ਬਣਾਇਆ ਜਾਂਦਾ ਸੀ। ਤੇ ਸਰਕਾਰ ਦੇ ਸਾਹਮਣੇ ਇਹ ਸੰਕਟ ਵੀ ਉਭਰਿਆ ਕਿ ਜਦੋਂ ਉਨ੍ਹਾਂ ਦੇ ਦਾਅਵਿਆਂ ਨੂੰ ਪਰਖਦਿਆਂ ਉਨ੍ਹਾਂ ਖਿਲਾਫ ਹੋ ਰਹੀ ਰਿਪੋਰਟ ਨੂੰ ਵੀ ਲੋਕ ਪਸੰਦ ਕਰਨ ਲੱਗੇ ਹਨ ਤਾਂ ਫਿਰ ਆਉਣ ਵਾਲੇ ਵਕਤ ਵਿਚ ਹੋਰ ਚੈਨਲ ਕੀ ਕਰਨਗੇ?

***(ਦੂਜਾ ਤੇ ਆਖਰੀ ਭਾਗ ਅਗਲੇ ਹਫਤੇ)***

# ਤੀਸਰਾ ਟ੍ਰੈਜਿਡੀ ਕਿੰਗ: ਪ੍ਰੋ. ਹਰਮੇਸ਼ ਕੁਮਾਰ ਸ਼ਰਮਾ

**ਤੁਰ ਗਿਆਂ ਨੂੰ ਚੇਤੇ ਕਰਦਿਆਂ**

ਪਤਾ ਸੀ, ਇਹ ਖਬਰ ਆਉਣੀ ਹੀ ਹੈ। ਫਿਰ ਵੀ ਦਿਲ ਸਦਮੇ 'ਚ ਲਹਿ ਗਿਆ। ਉਹ ਨਾਮੁਰਾਦ ਰੋਗ ਨਾਲ ਜੂਝ ਰਹੇ ਸਨ; ਮਨ ਵਿਚ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਮੁਹੱਬਤ ਦਾ ਬਲ ਚੰਦਰੇ ਰੋਗ 'ਤੇ ਕਾਬੂ ਪਾ ਲਵੇਗਾ। ਅਜਿਹਾ ਹੋ ਨਹੀਂ ਸਕਿਆ; ਇਸ ਲਈ ਨਹੀਂ ਕਿ ਉਨ੍ਹਾਂ ਦੀ ਮੁਹੱਬਤ ਦੇ ਜੋਸ਼ ਵਿਚ ਕੋਈ ਕਮੀ ਸੀ, ਦਰਅਸਲ ਉਨ੍ਹਾਂ ਨੂੰ ਰੋਗ ਹੀ ਅਜਿਹਾ ਚਿੰਬੜਿਆ ਸੀ, ਜੋ ਹਰ ਕਿਸੇ ਨੂੰ ਨਾਲ ਲੈ ਕੇ ਹੀ ਜਾਂਦਾ ਹੈ; ਰਾਉ ਹੋਵੇ, ਰੰਕ ਹੋਵੇ। ਤੁਸੀਂ ਸੋਚ ਰਹੇ ਹੋਵੋਗੇ, ਕੌਣ ਸੀ ਉਹ!

ਅੰਗਰੇਜ਼ੀ ਦਾ ਅਧਿਆਪਕ ਸੀ ਉਹ, ਹਰਮੇਸ਼ ਕੁਮਾਰ ਸ਼ਰਮਾ। ਸਿੱਖ ਨੈਸ਼ਨਲ ਕਾਲਜ, ਚਰਨ ਕੰਵਲ ਬੰਗਾ ਉਸ ਦੀ ਕਰਮ-ਗਾਹ ਸੀ,

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਜਿਥੇ ਉਸ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਦੀ ਮੁਹਾਰਤ ਪ੍ਰਦਾਨ ਕੀਤੀ।

ਆਈਲੈਟਸ ਕਿਸ ਬਲਾ ਦਾ ਨਾਂ ਹੈ, ਉਨ੍ਹਾਂ ਦਿਨਾਂ 'ਚ ਕਿਸੇ ਨੂੰ ਪਤਾ ਨਹੀਂ ਸੀ। ਬੰਗਿਆਂ ਵਿਥੇ ਸੁਸ਼ੋਭਿਤ, ਚਰਨ ਕੰਵਲ ਕਾਲਜ ਦੇ ਕੇਂਦਰ 'ਚ, ਪ੍ਰਕਾਰ ਦੀ ਸੂਈ ਰੱਖ ਕੇ, ਬਾਰਾਂ ਤੇਰਾਂ ਮੀਲ ਰੇਡੀਅਸ ਵਾਲਾ ਗੋਲ ਦਾਇਰਾ ਵਾਹਿਆ ਜਾਵੇ ਤਾਂ ਇਸ ਪੱਚੀ ਛੱਬੀ ਮੀਲ ਦੇ ਦਾਇਰੇ ਵਿਚ ਵਸਦੇ ਰਹੇ ਮੁੰਡੇ-ਕੁੜੀਆਂ ਵਿਦੇਸ਼ਾਂ 'ਚ ਬੇਹੱਦ ਸੰਜੀਦਾ ਅਤੇ ਕਾਮਯਾਬ ਜ਼ਿੰਦਗੀ ਬਤੀਤ ਕਰ ਰਹੇ ਹਨ। ਇਥੋਂ ਦੇ ਵਿਦਿਆਰਥੀ ਵਿਦੇਸ਼ਾਂ ਵਿਚ, ਦੂਸਰੇ ਇਲਾਕਿਆਂ ਦੇ 'ਇੰਟਰਨੈਸ਼ਨਲ ਵਿਦਿਆਰਥੀਆਂ' ਵਾਂਗ ਬਦਨਾਮ ਨਹੀਂ ਹੋਏ।

ਵਿਦੇਸ਼ਾਂ 'ਚ ਵੱਸਦੇ ਇਸ ਇਲਾਕੇ ਦੇ ਵਿਦਿਆਰਥੀਆਂ ਦੀ ਸੰਜੀਦਗੀ ਅਤੇ ਨੈਤਿਕ ਉਪਲਬਧੀ, ਕਾਮਯਾਬੀ ਜਾਂ ਕਾਰਗੁਜ਼ਾਰੀ ਦਾ ਸਿਹਰਾ ਪ੍ਰੋ. ਹਰਮੇਸ਼ ਕੁਮਾਰ ਸ਼ਰਮਾ ਦੇ ਸਿਰ ਜ਼ਰੂਰ ਬੱਝਦਾ ਹੈ। ਉਹ ਆਪਣੇ ਵਿਦਿਆਰਥੀਆਂ ਵਿਚ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਦੇ ਨਾਲ ਨਾਲ ਸੰਜੀਦਾ ਅਤੇ ਖੁਸ਼ਮਿਜ਼ਾਜ ਜ਼ਿੰਦਗੀ ਬਸਰ ਕਰਨ ਦੀ ਸੱਧਰ ਜਗਾ ਦਿੰਦੇ ਸਨ।

ਕਿਸੇ ਦੇ ਜੀਵਨ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਨ ਵਾਲੇ ਅਧਿਆਪਕਾਂ ਦੀ ਲੜੀ ਲੰਬੀ ਹੁੰਦੀ ਹੈ। ਇਸੇ ਕਰਕੇ ਵਿਦਿਆਰਥੀ ਦੇ ਤਸੱਵਰ ਵਿਚ ਅਨੇਕ ਅਧਿਆਪਕਾਂ ਦੀ ਤਸਵੀਰ ਹੁੰਦੀ ਹੈ। ਅਧਿਆਪਕ ਦਾ ਤਸੱਵਰ ਤਾਂ ਕੋਲਾਜ ਹੀ ਹੁੰਦਾ ਹੈ, ਪਰ ਜਦ ਮੈਂ ਅਧਿਆਪਨ ਦਾ ਤਸੱਵਰ ਕਰਦਾ ਹਾਂ ਤਾਂ ਮੇਰੇ ਮਨ ਵਿਚ ਇਕ ਹੀ, ਪ੍ਰੋ. ਹਰਮੇਸ਼ ਕੁਮਾਰ ਦੀ ਤਸਵੀਰ ਬਣਦੀ ਹੈ। ਉਹ ਇਕ ਜ਼ਿੰਦਾ-ਦਿਲ ਅਧਿਆਪਕ ਤੋਂ ਵਧੇਰੇ ਅਧਿਆਪਨ ਦੇ ਸੰਕਲਪ ਦੀ ਮੂਰਤ ਸਨ।

ਪਹਿਲੀ ਵਾਰ, ਕਿਸੇ ਸਮਾਗਮ ਵਿਚ ਮੈਂ ਆਪਣੇ ਯੂਨੀਵਰਸਿਟੀ ਅਧਿਆਪਕ ਨਾਲ ਉਨ੍ਹਾਂ ਦਾ ਤੁਆਰਫ ਕਰਾਇਆ ਤਾਂ ਮੇਰੇ ਅਧਿਆਪਕ ਉਨ੍ਹਾਂ ਦੇ ਚਿਹਰੇ ਦੀ ਤਾਜ਼ਗੀ ਅਤੇ ਜਿਸਮਾਨੀ ਫਿਟਨੈਸ ਦੇਖ ਕੇ ਦੰਗ ਰਹਿ ਗਏ ਸਨ। ਉਨ੍ਹਾਂ ਦੇ ਮਨ ਵਿਚ ਬਾਲੀਵੁੱਡ ਦੇ ਸਦਾ-ਬਹਾਰ ਅਭਿਨੇਤਾ ਦੇਵ ਅਨੰਦ ਦਾ ਬਿੰਬ ਉਭਰ ਆਇਆ ਸੀ, ਜਿਸ ਦਾ ਉਨ੍ਹਾਂ ਨੇ ਪ੍ਰੋ. ਸ਼ਰਮਾ ਲਈ ਕੰਪਲੀਮੈਂਟ ਵਜੋਂ ਇਸਤੇਮਾਲ ਵੀ ਕੀਤਾ ਸੀ।

ਕਾਲਜ ਦੇ ਸੱਤ ਨੰਬਰ ਕਮਰੇ ਵਿਚ ਸਭ ਤੋਂ ਮੂਹਰਲੇ ਬੈਂਚ 'ਤੇ ਬੈਠਾ ਮੈਂ ਉਨ੍ਹਾਂ ਨੂੰ ਸੁਣਨ ਦੇ ਨਾਲ ਨਾਲ ਨਿਹਾਰਦਾ ਵੀ ਰਹਿੰਦਾ ਸਾਂ। ਹਮੇਸ਼ਾ ਸਵੱਛ ਅਤੇ ਪ੍ਰੈਸ ਕੀਤੀ ਪੈਂਟ, ਕਫ ਬੰਦ ਸ਼ਰਟ, ਕਾਲੇ ਬੂਟ ਤੇ ਉਪਰ ਵੱਲ ਨੂੰ ਵਾਹੇ ਹੋਏ ਨਰਮ ਜਿਹੇ ਵਾਲ। ਨਿੱਕੇ ਨਿੱਕੇ ਸ਼ਬਦ ਅਤੇ ਖਿਆਲ ਤੋਂ ਵੀ ਬਾਰੀਕ ਦ੍ਰਿਸ਼ ਸਿਰਜਦੇ ਸੰਖੇਪ ਵਾਕ ਉਨ੍ਹਾਂ ਦੇ ਮੁਖਾਰਬਿੰਦ 'ਤੇ ਇੰਜ ਸੋਭਦੇ ਜਿਵੇਂ ਦੁਪਹਿਰਖਿੜੀ ਦੇ ਫੁੱਲ ਖਿੜਦੇ ਹੋਣ।

ਕਲਾਸ ਰੂਮ ਵਿਚ ਕੁਰਸੀ ਹੋਣ ਦੇ ਬਾਵਜੂਦ ਉਹ ਕਦੀ ਬੈਠ ਕੇ ਨਹੀਂ ਸੀ ਪੜ੍ਹਾਉਂਦੇ। ਉਹ ਕਦੀ ਡਾਇਸ 'ਤੇ ਪਏ ਲੈਕਚਰ ਸਟੈਂਡ ਦਾ ਇਸਤੇਮਾਲ ਵੀ ਨਹੀਂ ਸਨ ਕਰਦੇ। ਉਹ ਹਮੇਸ਼ਾ ਡਾਇਸ ਤੋਂ ਹੇਠਾਂ ਉਤਰ ਵਿਦਿਆਰਥੀਆਂ ਦੇ ਵੱਧ ਤੋਂ ਵੱਧ ਨੇੜੇ ਹੋ ਕੇ ਪੜ੍ਹਾਉਂਦੇ। ਕੋਈ ਉਨ੍ਹਾਂ ਨੂੰ ਦੇਖ ਕੇ ਦੱਸ ਸਕਦਾ ਸੀ ਕਿ ਉਹ ਕੀ ਪੜ੍ਹਾਉਂਦੇ ਹਨ। ਵਰਡਜ਼ਵਰਥ, ਕੀਟਸ, ਸ਼ੈਲੇ ਜਾਂ ਕੌਲਰਿਜ ਦੀ ਕਵਿਤਾ ਪੜ੍ਹਾ ਰਹੇ ਹੁੰਦੇ ਤਾਂ ਉਹ ਨਿਰੀ ਕਵਿਤਾ ਬਣ ਜਾਂਦੇ। ਉਨ੍ਹਾਂ ਦੇ ਹੱਥ ਫੜੀ 'ਵਿਊਲੈਸ ਵਿੰਗਸ' ਇੰਜ ਲੱਗਦੀ ਜਿਵੇਂ ਉਨ੍ਹਾਂ ਨੇ ਹੱਥ ਵਿਚ ਉਡਣ ਲਈ ਉਤਾਵਲਾ ਚਿੱਟਾ ਕਬੂਤਰ ਫੜਿਆ ਹੋਵੇ। ਉਸ ਵੇਲੇ ਸੱਚਮੁੱਚ ਉਨ੍ਹਾਂ ਦੇ ਮੁੱਖ 'ਚੋਂ ਸ਼ਬਦ ਇੰਜ ਨਿਕਲਦੇ ਜਿਵੇਂ ਕਬੂਤਰ ਅਸਮਾਨ ਵੱਲ ਉਡਾਰੀਆਂ ਭਰਦੇ ਹੋਣ।

ਸ਼ੇਕਸਪੀਅਰ ਦਾ 'ਮਰਚੈਂਟ ਔਫ ਵੀਨਸ' ਪੜ੍ਹਾਉਂਦਿਆਂ ਦੇਖ ਕੋਈ ਕਹਿ ਨਹੀਂ ਸੀ ਸਕਦਾ ਕਿ ਨਾਟਕ ਖੇਡਿਆ ਜਾ ਰਿਹਾ ਹੈ ਕਿ ਪੜ੍ਹਾਇਆ ਜਾ ਰਿਹਾ ਹੈ। ਉਹ ਨਾਟਕ ਦੇ ਹਰ ਪਾਤਰ ਦੇ ਧੁਰ ਅੰਦਰ ਤੱਕ ਲਹਿ ਜਾਂਦੇ ਤੇ ਟ੍ਰੈਜਿਡੀ ਦੇ ਸੂਖਮ ਬਿਰਤਾਂਤ ਵਿਦਿਆਰਥੀਆਂ ਦੇ ਜ਼ਿਹਨ 'ਚ ਉਤਾਰ ਦਿੰਦੇ। ਵਿਦਿਆਰਥੀਆਂ ਦੀਆਂ ਰੂਹਾਂ ਕਾਲਜ ਦੇ ਸੱਤ ਨੰਬਰ ਕਮਰੇ 'ਚੋਂ ਨਿਕਲ ਕੇ ਇੰਗਲੈਂਡ ਦੇ ਥੀਏਟਰ 'ਚ ਨਾਟਕ ਦੇ ਨਜ਼ਾਰੇ ਤੱਕਦੀਆਂ।

ਜੌਨਾਥਨ ਸਵਿਫਟ ਦਾ ਲੇਖ 'ਹਿੰਟਸ ਆਨ ਕਨਵਰਸੇਸ਼ਨ' ਪੜ੍ਹਾਉਂਦਿਆਂ ਉਹ ਦਾਨਿਸ਼ਵਰੀ ਦੀਆਂ ਸਭ ਹੱਦਾਂ ਪਾਰ ਕਰ ਜਾਂਦੇ। ਸਾਡੇ ਸਮਾਜ ਵਿਚ ਲੋਕਾਂ ਨੂੰ ਗੱਲਬਾਤ ਕਰਨ ਦੀ ਤਮੀਜ਼ ਬਹੁਤ ਘੱਟ ਹੈ। ਕਿੱਥੇ, ਕਦੋਂ ਤੇ ਕਿੰਨਾ ਬੋਲਣਾ ਹੈ, ਇਸ ਦਾ ਖਿਆਲ ਬਹੁਤ ਘੱਟ ਰੱਖਿਆ ਜਾਂਦਾ ਹੈ। ਹਰ ਕਿਸੇ ਦੀ ਘੁੰਡੀ ਆਪਣੀ ਗੱਲ 'ਤੇ ਅੜੀ ਰਹਿੰਦੀ ਹੈ। ਬੋਲਣ ਦੇ ਉਤਾਵਲੇਪਨ 'ਚ ਕੋਈ ਕਿਸੇ ਦੂਸਰੇ ਨੂੰ ਨਹੀਂ ਸੁਣਦਾ। ਇਹ ਲੇਖ ਪੜ੍ਹਾਉਂਦਿਆਂ ਪ੍ਰੋ. ਸ਼ਰਮਾ ਨੇ ਗੱਲਬਾਤ ਜਾਂ ਬੋਲਚਾਲ ਦੀਆਂ ਉਹ ਬਾਰੀਕੀਆਂ ਤੇ ਨੁਕਤੇ ਸਮਝਾਏ ਕਿ ਉਸ ਪ੍ਰਭਾਵ ਨੇ ਮੈਨੂੰ ਸਰੋਤਾ ਹੀ ਬਣਾ ਦਿੱਤਾ। ਮੈਂ ਹਮੇਸ਼ਾ ਉਡੀਕਦਾ ਕਿ ਕਦ ਕੋਈ ਬੋਲਣ ਦਾ ਮੌਕਾ ਦੇਵੇ। ਪਰ ਕਿੱਥੇ, ਮੈਂ ਉਡੀਕਦਾ ਹੀ ਰਹਿ ਜਾਂਦਾ। ਸਰੋਤੇ ਨੇ ਮੇਰੇ ਅੰਦਰਲੇ ਵਕਤਾ ਨੂੰ ਦੱਬ ਲਿਆ ਸੀ। ਜੇ ਮੈਂ ਅਧਿਆਪਕ ਨਾ ਬਣਦਾ ਤਾਂ ਮੇਰੇ ਅੰਦਰਲਾ ਵਕਤਾ ਅੰਦਰ ਹੀ ਮਰ ਜਾਣਾ ਸੀ।



ਪ੍ਰੋ. ਹਰਮੇਸ਼ ਕੁਮਾਰ ਸ਼ਰਮਾ

ਪ੍ਰੋ. ਸ਼ਰਮਾ 'ਚ ਦੋਵੇਂ ਗੁਣ ਠੀਕ ਤਵਾਜ਼ਨ ਵਿਚ ਸਨ। ਉਨ੍ਹਾਂ ਅੰਦਰ ਸੁਣਨ ਦਾ ਬੇਮਿਸਾਲ ਸਬਰ ਵੀ ਸੀ ਤੇ ਬੋਲਣ ਦਾ ਲਾਸਾਨੀ ਹੁਨਰ ਵੀ। ਕੋਈ ਵਿਦਿਆਰਥੀ ਉਨ੍ਹਾਂ ਦੀ ਕਲਾਸ ਨਹੀਂ ਸੀ ਛੱਡਦਾ। ਚਹੇਤੇ ਵਿਦਿਆਰਥੀ ਕਲਾਸ ਰੂਮ ਦੇ ਬਾਹਰ ਵੀ ਉਨ੍ਹਾਂ ਨੂੰ ਘੇਰੀ ਰੱਖਦੇ ਤੇ ਕਿਤਾਬੀ ਜਾਣਕਾਰੀਆਂ ਦੇ ਇਲਾਵਾ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੀਆਂ ਜਾਣਕਾਰੀਆਂ ਵਿਚੋਂ ਕੁਝ ਹੋਰ ਹੋਰ ਟਟੋਲਣ ਦੀ ਕੋਸ਼ਿਸ਼ ਕਰਦੇ।

ਇਹ ਨਹੀਂ ਕਿ ਪ੍ਰੋ. ਸ਼ਰਮਾ ਹਮੇਸ਼ਾ ਕਲਾਸ ਰੂਮ ਵਿਚ ਹੀ ਰਹਿੰਦੇ ਸਨ। ਦਰਅਸਲ ਕਲਾਸ ਰੂਮ ਹਮੇਸ਼ਾ ਉਨ੍ਹਾਂ ਦੇ ਆਸ-ਪਾਸ ਰਹਿੰਦਾ ਸੀ, ਜਿਥੇ ਉਹ ਦਲੀਪ ਕੁਮਾਰ ਦੀ ਕਲਾਤਮਿਕਤਾ ਦੀਆਂ ਮਹੀਨ ਗੱਲਾਂ ਦੱਸਦੇ। ਉਹ ਫਿਲਮੀ ਕਹਾਣੀਆਂ ਨਹੀਂ ਸਨ ਸੁਣਾਉਂਦੇ ਬਲਕਿ ਦਲੀਪ ਕੁਮਾਰ ਦੀਆਂ ਫਿਲਮਾਂ ਵਿਚੋਂ ਸਾਹਿਤ ਨਿਤਾਰ ਨਿਤਾਰ ਕੇ ਪੜ੍ਹਾਉਂਦੇ। ਟ੍ਰੈਜਿਡੀ ਕਿੰਗ ਦੀਆਂ ਕਲਾਤਮਕ ਪਰਤਾਂ ਖੋਲ੍ਹਦਿਆਂ ਉਨ੍ਹਾਂ ਦੇ ਚਿਹਰੇ 'ਤੇ ਟ੍ਰੈਜਿਡੀ ਦੇ ਨਿਸ਼ਾਨ ਨਜ਼ਰ ਆਉਣ ਲੱਗ ਜਾਂਦੇ।

ਬੰਗੇ ਦੇ ਬੱਸ ਅੱਡੇ ਨਜ਼ਦੀਕ ਗਾਂਧੀ ਨਗਰ ਵਿਚ ਉਹ ਚੁਬਾਰੇ 'ਤੇ ਰਹਿੰਦੇ ਸਨ। ਕਾਲਜ ਤੋਂ ਚੁਬਾਰੇ ਵੱਲ ਜਾਂਦਿਆਂ ਵੀ ਵਿਦਿਆਰਥੀ ਉਨ੍ਹਾਂ ਨਾਲ ਤੁਰਦਿਆਂ ਗੱਲਾਂ ਦਾ ਅਨੰਦ ਮਾਣਦੇ। ਮੈਂ ਹਮੇਸ਼ਾ ਕਾਲਜ ਦੇ ਗੇਟ ਅੱਗਿਓਂ ਹੀ ਨਵੇਂ ਸ਼ਹਿਰ ਦੀ ਬੱਸ ਫੜ੍ਹਦਾ, ਪਰ ਕਈ ਵਾਰ ਬੱਸ ਫੜ੍ਹਨਾ ਭੁੱਲਨ੍ਹ ਪ੍ਰੋ. ਸ਼ਰਮਾ ਨਾਲ ਬੱਸ ਅੱਡੇ ਵੱਲ ਤੁਰ ਪੈਣਾ ਤੇ ਗੱਲਾਂ ਦਾ ਲੁਤਫ ਲੈਣਾ। ਉਨ੍ਹਾਂ ਦੇ ਨਾਲ ਅਕਸਰ ਇਕ ਹੋਰ ਅਧਿਆਪਕ ਪ੍ਰੋ. ਹਰਪਾਲ ਸਿੰਘ ਹੁੰਦੇ ਤਾਂ ਗੱਲਬਾਤ ਦਾ ਲੁਤਫ ਦੂਣਾ-ਚੌਣਾ ਹੋ ਜਾਂਦਾ।

ਬਹੁਤ ਘੱਟ ਅਧਿਆਪਕ ਹੁੰਦੇ ਹਨ ਜੋ ਆਪਣੇ ਪਾਸ ਆਊਟ ਵਿਦਿਆਰਥੀਆਂ ਨਾਲ ਸੰਪਰਕ ਰੱਖਦੇ ਹਨ। ਤੇ ਅਜਿਹੇ ਵਿਦਿਆਰਥੀ ਉਸ ਤੋਂ ਵੀ ਘੱਟ ਹੁੰਦੇ ਹਨ ਜੋ ਵਿਦਿਆਰਥੀ ਜੀਵਨ ਪਿਛੋਂ ਵੀ ਆਪਣੇ ਅਧਿਆਪਕਾਂ ਦੇ ਸੰਪਰਕ ਵਿਚ ਰਹਿੰਦੇ ਹਨ। ਇਹ ਸਭ ਦਾਨਿਸ਼ਵਰੀ ਮੁਹੱਬਤ ਦੇ ਕ੍ਰਿਸ਼ਮੇ ਹਨ। ਮੈਂ ਇਹ ਕ੍ਰਿਸ਼ਮਾ ਖੂਬ ਮਾਣਿਆ ਹੈ। ਪੰਜਾਬ ਯੂਨੀਵਰਸਿਟੀ ਵਿਚ ਪੜ੍ਹਦਿਆਂ ਮੈਨੂੰ ਉਨ੍ਹਾਂ ਨੇ ਕਈ ਵਾਰ ਆਪਣੇ ਘਰ ਬੁਲਾਇਆ। ਚੰਡੀਗੜ੍ਹ ਰਹਿਣ ਵਾਲੇ ਪ੍ਰੋ. ਹਰਪਾਲ ਸਿੰਘ ਦੀ ਸੁਹਬਤ ਵਿਚ ਪ੍ਰੋ. ਸ਼ਰਮਾ ਦੀ ਸੰਗਤ ਦਾ ਸੰਗਮ ਕਿਸੇ ਕ੍ਰਿਸ਼ਮੇ 'ਚ ਪਲਟ ਜਾਂਦਾ। ਉਨ੍ਹਾਂ ਨੇ ਘਰੇ ਵੀ. ਸੀ. ਆਰ. ਰੱਖਿਆ ਹੋਇਆ ਸੀ, ਜਿਸ ਵਿਚ ਸਿਰਫ ਦਲੀਪ ਕੁਮਾਰ ਦੀ ਫਿਲਮ ਚੱਲ ਸਕਦੀ ਸੀ। ਜਾਦੂ ਉਹ, ਜੋ ਸਿਰ ਚੜ੍ਹ ਬੋਲੇ। ਦਲੀਪ ਕੁਮਾਰ ਦੇ ਮਹੀਨ ਨਕਸ਼ ਪ੍ਰੋ. ਸ਼ਰਮਾ ਦੇ ਚਿਹਰੇ 'ਤੇ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ।

ਇਕ ਵਾਰ ਉਨ੍ਹਾਂ ਦੇ ਘਰੇ ਦਲੀਪ ਕੁਮਾਰ ਦੀ ਫਿਲਮ 'ਦੇਵਦਾਸ' ਦੇਖਣ ਦਾ ਸਬੱਬ ਬਣਿਆ। ਕਮਰੇ ਵਿਚ ਉਨ੍ਹਾਂ ਪਰਦੇ ਤਾਣ ਦਿੱਤੇ। ਥੀਏਟਰੀ ਹਨੇਰੇ ਵਿਚ ਪਾਰੋ, ਚੰਦਰਮੁਖੀ ਤੇ ਦੇਵਦਾਸ ਦੇ ਪ੍ਰੇਮ ਰੋਗੀ ਨੂੰ ਰੱਜ ਰੱਜ ਨਿਹਾਰਿਆ ਤੇ ਉਨ੍ਹਾਂ ਦੇ ਗਮ ਵਿਚ ਧੁਰ ਅੰਦਰ ਤੱਕ ਗਮਗੀਨ ਹੋ ਗਏ। ਫਿਲਮ ਮੁੱਕੀ 'ਤੇ ਪ੍ਰੋ. ਸ਼ਰਮਾ ਨੇ ਬੱਤੀ ਜਗਾਈ ਤਾਂ ਦੇਖਿਆ ਕਿ ਉਹ ਰੋ ਰਹੇ ਸਨ, ਪ੍ਰੋ. ਹਰਪਾਲ ਸਿੰਘ ਵੀ ਅੱਖਾਂ ਮਲ ਰਹੇ ਸਨ ਤੇ ਮੇਰੀਆਂ ਗੱਲ੍ਹਾਂ 'ਤੇ ਉਦਾਸ ਅੱਥਰੂਆਂ ਦਾ ਨਮਕੀਨ ਪਾਣੀ ਜੰਮਿਆ ਹੋਇਆ ਸੀ। ਉਦਾਸ ਮੁਹੱਬਤ ਦੇ ਵੈਰਾਗ ਵਿਚ ਅਸੀਂ ਸਾਰੇ ਇੱਕੋ ਜਿਹੇ ਸਾਂ। ਕਿਸੇ ਤੋਂ ਕੁਝ ਵੀ ਗੁੱਝਾ ਨਹੀਂ ਸੀ।

ਜਦ ਮੈਂ ਫਗਵਾੜੇ ਰਾਮਗੜ੍ਹੀਆ ਕਾਲਜ ਵਿਚ ਆਣ ਲੱਗਾ ਤਾਂ ਮੇਰੇ ਜੀ ਵਿਚ ਰਹਿੰਦਾ ਕਿ ਪ੍ਰੋ. ਸ਼ਰਮਾ ਕਿਤੇ ਮੇਰੇ ਘਰੇ ਆਉਣ। ਰੱਬ ਨੇ ਸਬੱਬ ਬਣਾਇਆ ਤਾਂ ਉਹ ਘਰੇ ਆਏ, ਨਾਲ ਪ੍ਰੋ. ਹਰਪਾਲ ਸਿੰਘ ਵੀ। ਉਨ੍ਹਾਂ ਫਗਵਾੜੇ ਤੋਂ ਸ਼ਤਾਬਦੀ ਫੜ੍ਹਨੀ ਸੀ। ਗਈ ਰਾਤ ਤੱਕ ਅਸੀਂ ਚਰਨ ਕੰਵਲ ਕਾਲਜ ਦੀਆਂ ਯਾਦਾਂ ਤਾਜ਼ੀਆਂ ਕਰਦੇ ਰਹੇ। ਬੜੇ ਹੀ ਭੁੱਲੇ-ਵਿਸਰੇ ਦ੍ਰਿਸ਼ ਅਤੇ ਰੌਚਕ ਕਿੱਸੇ ਚਟਕੋਰੇ ਲੈ ਲੈ ਯਾਦ ਆਏ। ਉਨ੍ਹਾਂ ਦੀ ਚੌਕਸ ਚੇਤੰਨਤਾ ਤੋਂ ਮੈਂ ਹੈਰਾਨ ਹੋਇਆ ਕਿ ਉਨ੍ਹਾਂ ਨੇ ਅਮਰੀਕਨ ਪੰਜਾਬੀ ਅਖਬਾਰਾਂ 'ਚ ਲਿਖਣ ਵਾਲੇ ਮੇਰੇ ਭਾਈ ਸਾਹਿਬ ਤਰਲੋਚਨ ਸਿੰਘ ਦੁਪਾਲਪੁਰ ਦੀ ਵੀ ਰੱਜ ਕੇ ਤਾਰੀਫ ਕੀਤੀ। ਪਹਿਲੀ ਵਾਰ ਪਤਾ ਲੱਗਾ ਕਿ ਅਜਿਹਾ ਹੁੰਦਾ ਹੈ, ਸਜੱਗ ਅਧਿਆਪਕ।

ਰਿਟਾਇਰ ਹੋਣ ਪਿਛੋਂ ਉਹ ਅਮਰੀਕਾ ਜਾ ਵਸੇ। ਉਥੇ ਉਨ੍ਹਾਂ ਨੂੰ ਚੰਦਰਾ ਰੋਗ ਚਿੰਬੜ ਗਿਆ। ਉਹ ਹਰ ਸਾਲ ਚੰਡੀਗੜ੍ਹ ਆਉਂਦੇ ਤੇ ਇਕ ਵਾਰ ਚਰਨ ਕੰਵਲ ਕਾਲਜ ਜ਼ਰੂਰ ਆਉਂਦੇ। ਹਰ ਵਾਰ ਮੇਰੇ ਨਾਲ ਫੋਨ 'ਤੇ ਗੱਲਬਾਤ ਕਰਦੇ, ਬੱਚਿਆਂ ਦੀ ਰਾਜ਼ੀ ਖੁਸ਼ੀ ਤੇ ਪੜ੍ਹਾਈ ਬਾਰੇ ਪੁੱਛਦੇ।

ਉਨ੍ਹਾਂ ਦੀ ਬਿਮਾਰੀ ਮੋੜਾ ਪਾਉਣ ਦਾ ਨਾਂ ਨਹੀਂ ਸੀ ਲੈਂਦੀ। ਡਾਕਟਰਾਂ ਨੂੰ ਕੀਮੋਥੈਰਪੀ ਦੀ ਡੋਜ਼ ਹਰ ਵਾਰ ਵਧਾਉਣੀ ਪੈਂਦੀ। ਰਤਾ ਕੁ ਠੀਕ ਮਹਿਸੂਸ ਕਰਦੇ ਤਾਂ ਚੰਡੀਗੜ੍ਹ ਆ ਜਾਂਦੇ। ਇੱਥੇ ਆਉਂਦੇ ਤਾਂ ਬਿਮਾਰੀ ਵਧ ਜਾਂਦੀ। ਫਿਰ ਵਾਪਸ ਪਰਤ ਜਾਂਦੇ। ਪਿਛੇ ਜਿਹੇ ਚੰਡੀਗੜ੍ਹ ਆਏ ਤਾਂ ਪ੍ਰੋ. ਹਰਪਾਲ ਸਿੰਘ ਨੇ ਫੋਨ 'ਤੇ ਮੇਰੀ ਗੱਲ ਕਰਾਈ। ਉਨ੍ਹਾਂ ਤੋਂ ਦੋ ਤਿੰਨ ਮਿੰਟ ਹੀ ਗੱਲ ਹੋਈ ਤਾਂ ਮੇਰੀਆਂ ਅੱਖਾਂ 'ਚੋਂ ਪਰਲ ਪਰਲ ਅੱਥਰੂ ਵਹਿ ਤੁਰੇ।

ਮੈਂ ਆਪਣੇ ਬੇਟੇ ਨੂੰ ਉਨ੍ਹਾਂ ਕੋਲ ਮਿਲਣ ਭੇਜਿਆ। ਉਹ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਮੇਰੇ ਵਿਦਿਆਰਥੀ ਸਮੇਂ ਦੀਆਂ ਬਹੁਤ ਸਾਰੀਆਂ ਗੱਲਾਂ ਸੁਣਾਈਆਂ। ਉਨ੍ਹਾਂ ਉਸ ਨੂੰ ਕਿਤਾਬ 'ਤੇ ਆਟੋਗ੍ਰਾਫ ਦਿੱਤੇ ਤੇ ਢੇਰ ਸਾਰਾ ਪਿਆਰ ਦਿੱਤਾ।

ਅਚਾਨਕ ਪਤਾ ਲੱਗਾ ਕਿ ਉਨ੍ਹਾਂ ਦੀ ਤਬੀਅਤ ਵਿਗੜ ਗਈ ਹੈ ਤੇ ਡਾਕਟਰ ਕੀਮੋਥੈਰਪੀ ਦੀ ਮਿਕਦਾਰ ਹੋਰ ਨਹੀਂ ਵਧਾ ਸਕਦੇ। ਪਤਾ ਲੱਗਾ ਕਿ ਉਹ ਬੇਹੋਸ਼ੀ ਵਿਚ ਸ਼ੇਕਸਪੀਅਰ ਤੇ ਦਲੀਪ ਕੁਮਾਰ ਦੀਆਂ ਗੱਲਾਂ ਕਰਨ ਲੱਗ ਪੈਂਦੇ ਹਨ। ਇਹ ਵੀ ਪਤਾ ਲੱਗਾ ਕਿ ਉਨ੍ਹਾਂ ਡਾਕਟਰਾਂ ਨੂੰ ਕਿਹਾ ਕਿ ਉਸ ਨੂੰ ਇਕ ਵਾਰ ਚੰਡੀਗੜ੍ਹ ਜਾ ਕੇ ਪ੍ਰਾਣ ਤਿਆਗਣ ਜੋਗਾ ਹੀ ਠੀਕ ਕਰ ਦੇਣ; ਓਪਰੀ ਧਰਤੀ 'ਤੇ ਉਹ ਆਪਣੀ ਆਖਰੀ ਵਿਦਾ ਨਹੀਂ ਸੀ ਲੈਣਾ ਚਾਹੁੰਦੇ। ਪਰ ਵਿਧਾਤਾ ਨੂੰ ਉਨ੍ਹਾਂ ਦੀ ਆਖਰੀ ਇੱਛਾ ਦਾ ਪਾਲਣ ਮਨਜ਼ੂਰ ਨਹੀਂ ਸੀ। ਉਨ੍ਹਾਂ ਆਪਣਾ ਆਖਰੀ ਸਾਹ ਅਮਰੀਕਾ 'ਚ ਹੀ ਲਿਆ।

ਧਰਤੀ 'ਤੇ ਅਜਿਹੇ ਅਧਿਆਪਕ ਵਾਰ ਵਾਰ ਨਹੀਂ ਆਉਂਦੇ। ਮੇਰੇ ਲਈ ਸ਼ੇਕਸਪੀਅਰ ਤੇ ਦਲੀਪ ਕੁਮਾਰ ਦੇ ਨਾਲ ਤੀਜਾ ਨਾਂ ਪ੍ਰੋ. ਹਰਮੇਸ਼ ਸ਼ਰਮਾ ਦਾ ਜੁੜ ਗਿਆ ਹੈ। ਹੁਣ ਮੇਰੇ ਲਈ ਟ੍ਰੈਜਿਡੀ ਕਿੰਗ ਦੋ ਤੋਂ ਤਿੰਨ ਹੋ ਗਏ ਹਨ। ਆਓ, ਉਨ੍ਹਾਂ ਦੀ ਟ੍ਰੈਜਿਡੀ ਵਿਚ ਸ਼ਾਮਿਲ ਹੋ ਕੇ ਨੇਤਰਾਂ 'ਚੋਂ ਨੀਰ ਵਹਾ ਲਈਏ!

## ਪੰਜਾਬ 'ਚ ਮੁੜ ਲੱਗਣਗੀਆਂ ਘੋੜਿਆਂ ਦੀਆਂ ਮੰਡੀਆਂ

**ਮੁਹਾਲੀ:** ਪੰਜਾਬ ਦੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਬਾਹਰ ਕੱਢਣ ਲਈ ਸੂਬੇ ਵਿਚ ਪਸ਼ੂ ਪਾਲਣ ਧੰਦੇ ਦੇ ਨਾਲ ਨਾਲ ਸਹਾਇਕ ਧੰਦਿਆਂ ਨੂੰ ਵੀ ਜ਼ਮੀਨੀ ਪੱਧਰ 'ਤੇ ਪ੍ਰਫੁੱਲਿਤ ਕੀਤਾ ਜਾਵੇਗਾ ਅਤੇ ਪੰਜਾਬ ਵਿਚ ਘੋੜਿਆਂ ਦੇ ਕਾਰੋਬਾਰ ਨੂੰ ਬੜਾਵਾ ਦੇਣ ਲਈ ਮੁੜ ਤੋਂ ਮੰਡੀਆਂ ਲਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੀ ਨਵੇਂ ਰੂਪ ਵਿਚ ਲਾਂਚ ਕੀਤੀ ਇਸ ਵੈੱਬਸਾਈਟ ਵਿਚ ਪਸ਼ੂ ਪਾਲਣ ਵਿਭਾਗ ਅਤੇ ਪਸ਼ੂਆਂ ਦੇ ਹਸਪਤਾਲਾਂ, ਡਿਸਪੈਂਸਰੀਆਂ ਅਤੇ ਇਨ੍ਹਾਂ ਅਦਾਰਿਆਂ ਵਿਚ



ਤਾਇਨਾਤ ਡਾਕਟਰਾਂ, ਸਟਾਫ ਅਤੇ ਵਿਭਾਗ ਦੇ ਸੀਮਨਜ਼ ਬੈਂਕਾਂ ਤੋਂ ਇਲਾਵਾ ਸਵੈ ਰੁਜ਼ਗਾਰ ਧੰਦਿਆਂ ਦੀ ਸਿਖਲਾਈ ਲੈਣ ਸਬੰਧੀ ਮੁਕੰਮਲ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

ਇਸ 'ਤੇ ਸਵੈ ਰੁਜ਼ਗਾਰ ਧੰਦਿਆਂ ਦੀ ਸਿਖਲਾਈ ਲੈਣ ਵਾਲੇ ਸਿਖਿਆਰਥੀ ਵੀ ਆਨ ਲਾਈਨ ਅਪਲਾਈ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਇਸ ਵੈੱਬਸਾਈਟ ਨਾਲ ਮੱਛੀ ਪਾਲਣ ਅਤੇ ਡੇਅਰੀ ਵਿਕਾਸ ਨੂੰ ਵੀ ਜੋੜਿਆ ਜਾਵੇਗਾ ਤਾਂ ਜੋ ਵੈੱਬਸਾਈਟ ਰਾਹੀਂ ਸਹਾਇਕ ਧੰਦਿਆਂ ਬਾਰੇ ਪੂਰਨ ਜਾਣਕਾਰੀ ਹਾਸਲ ਹੋ ਸਕੇ। ਇਸ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਵੱਲੋਂ ਫੇਸਬੁੱਕ ਪੇਜ ਵੀ ਬਣਾਇਆ ਗਿਆ ਹੈ।

## ਅਟਾਰੀ ਵਾਹਗਾ ਸਰਹੱਦ ਦੇ ਬਦਲੇ ਜਾਣਗੇ ਗੇਟ

**ਅਟਾਰੀ:** ਭਾਰਤ ਪਾਕਿਸਤਾਨ ਸਰਹੱਦ 'ਤੇ ਅਟਾਰੀ ਵਾਹਗਾ ਸਾਂਝੀ ਜਾਂਚ ਚੌਕੀ 'ਤੇ ਨਿਭਾਈ ਜਾਂਦੀ ਝੰਡਾ ਉਤਾਰਨ ਦੀ ਰਸਮ ਮੌਕੇ ਸੁਰੱਖਿਆ ਬਲਾਂ ਵੱਲੋਂ ਦੇਸ਼ ਭਗਤੀ ਦੇ ਜਜ਼ਬੇ 'ਚ ਜਾਨੂੰਨੀ ਤਰੀਕੇ ਨਾਲ ਖੋਲ੍ਹੇ ਜਾਂਦੇ ਗੇਟ ਜਿਸ 'ਤੇ ਸੈਲਾਨੀ ਉਠ ਕੇ ਤਾੜੀਆਂ ਮਾਰਨ ਲਈ ਮਜਬੂਰ ਹੋ ਜਾਂਦੇ ਸਨ, ਹੁਣ ਇਕ ਯਾਦਗਾਰ ਬਣ ਕੇ ਰਹਿ ਜਾਣਗੇ।

ਦੋਵਾਂ ਦੇਸ਼ਾਂ ਦੀ ਸਹਿਮਤੀ ਨਾਲ ਹੁਣ ਅਟਾਰੀ ਵਾਹਗਾ ਸਰਹੱਦ ਉਤੇ ਪੁਰਾਣੇ ਗੇਟਾਂ ਦੀ ਥਾਂ ਨਵੇਂ ਗੇਟ ਲਾਏ ਜਾ ਰਹੇ ਹਨ, ਇਹ ਨਵੇਂ ਗੇਟ ਲੱਗਣ ਨਾਲ ਪਰੇਡ ਵੇਖਣ ਵਾਲੇ ਦੋਵਾਂ ਦੇਸ਼ਾਂ ਦੇ ਸੈਲਾਨੀ ਇਕ-ਦੂਸਰੇ ਦੇਸ਼ਾਂ ਦੇ ਜਵਾਨਾਂ ਦੀ ਪਰੇਡ ਦਾ ਨਜ਼ਾਰਾ ਮਾਣ ਸਕਣਗੇ।

ਅਟਾਰੀ ਸਰਹੱਦ 'ਤੇ ਜਿਥੇ ਭਾਰਤ ਵਾਲੇ ਪਾਸੇ 2 ਤਖਤਿਆਂ ਵਾਲਾ ਗੇਟ ਹੈ, ਉਥੇ ਹੀ ਪਾਕਿਸਤਾਨ ਵਾਲੇ ਪਾਸੇ ਸਲਾਈਡਿੰਗ ਗੇਟ ਹੈ ਜੋ ਵੱਡੇ-ਵੱਡੇ ਥੰਮ੍ਹਾਂ ਨਾਲ ਜੁੜੇ ਹੋਏ ਹਨ। ਦੋਵਾਂ ਦੇਸ਼ਾਂ ਦੇ ਸਰਹੱਦੀ ਸੁਰੱਖਿਆ ਬਲਾਂ ਦੇ ਡਾਇਰੈਕਟਰ ਜਨਰਲ ਪੱਧਰ ਦੀਆਂ ਮੀਟਿੰਗਾਂ 'ਚ ਇਹ ਮੁੱਦਾ ਉਠਾਇਆ ਗਿਆ ਸੀ, ਜਿਸ ਦੇ ਚੱਲਦਿਆਂ ਹੁਣ ਦੋਵੇਂ ਦੇਸ਼ ਗੇਟਾਂ ਨੂੰ ਆਧੁਨਿਕ ਰੂਪ ਦੇਣ ਜਾ ਰਹੇ ਹਨ। ਇਨ੍ਹਾਂ ਗੇਟਾਂ ਦੇ ਥੰਮ੍ਹ ਬਹੁਤ ਪਤਲੇ ਹੋਣਗੇ ਅਤੇ ਇਨ੍ਹਾਂ ਦੀ ਉਚਾਈ ਵੀ ਉਸ ਮੁਤਾਬਕ ਰੱਖੀ ਜਾਵੇਗੀ ਕਿ ਦੋਵਾਂ ਦੇਸ਼ਾਂ ਦੇ ਸੈਲਾਨੀਆਂ ਨੂੰ ਵੇਖਣ 'ਚ ਕੋਈ ਔਕੜ ਨਾ ਆਵੇ। ਇਹ ਗੇਟ 32 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਦਰਸ਼ਕ ਗੈਲਰੀ ਜਿਸ 'ਚ 25000 ਦਰਸ਼ਕ ਬੈਠ ਸਕਦੇ ਹਨ, ਦਾ ਹੀ ਇਕ ਹਿੱਸਾ ਹੈ ਅਤੇ ਇਨ੍ਹਾਂ ਨੂੰ ਦੋਵਾਂ ਦੇਸ਼ਾਂ ਦੀ ਸਹਿਮਤੀ ਨਾਲ ਬਣਾਇਆ ਜਾ ਰਿਹਾ ਹੈ। ਪਾਕਿਸਤਾਨ ਰੇਂਜਰਜ਼ ਵੱਲੋਂ ਵੀ ਆਪਣੇ ਗੇਟਾਂ ਦੇ ਥੰਮ੍ਹ ਪਤਲੇ ਅਤੇ ਛੋਟੇ ਕੀਤੇ ਜਾਣਗੇ।

## ਪੰਜਾਬ 'ਚ ਟੀ.ਬੀ. ਦੇ ਖਾਤਮੇ ਬਾਰੇ ਦਾਅਵੇ ਦੀ ਖੁੱਲ੍ਹੀ ਪੋਲ

**ਪਟਿਆਲਾ:** ਸਿਹਤ ਵਿਭਾਗ ਵੱਲੋਂ ਟੀ.ਬੀ. ਦਾ ਖਾਤਮਾ ਕਰਨ ਲਈ ਚਲਾਈ ਗਈ ਮੁਹਿੰਮ ਵਿਚ ਐਕਟਿਵ ਕੇਸ ਫਾਈਡਿੰਗ ਤਹਿਤ ਪੰਜਾਬ ਦੇ 10 ਜ਼ਿਲ੍ਹਿਆਂ 'ਚ ਚਾਰ ਮਹੀਨਿਆਂ ਦੌਰਾਨ ਟੀ.ਬੀ. ਦੀ ਬਿਮਾਰੀ ਤੋਂ ਪੀੜਤ 420 ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ। ਇਹ ਮੁਹਿੰਮ ਸੂਬੇ ਦੇ ਸਾਰੇ ਜ਼ਿਲ੍ਹਿਆਂ 'ਚ ਹੁਣ ਵੀ ਚੱਲ ਰਹੀ ਹੈ। ਇਸ ਪ੍ਰੋਗਰਾਮ ਅਨੁਸਾਰ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਸਿਹਤ ਵਿਭਾਗ ਵੱਲੋਂ ਭੇਜੀ ਆਧੁਨਿਕ ਮਸ਼ੀਨਰੀ ਨਾਲ ਲੈਸ ਵੈਨ ਟੀ.ਬੀ. ਦੇ ਰਿਸਕੀ ਇਲਾਕਿਆਂ 'ਚ ਲਿਜਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪੜਾਅ ਦਰ ਪੜਾਅ ਟੀ.ਬੀ. ਦੇ ਸ਼ੱਕੀ ਮਰੀਜ਼ ਦੀ ਪਛਾਣ ਕਰ ਕੇ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਜਾਵੇਗਾ।

ਇਹ ਸਿਲਸਿਲਾ ਇਸ ਸਾਲ ਦੇ ਸਤੰਬਰ ਮਹੀਨੇ ਤੱਕ ਜਾਰੀ ਰਹੇਗੀ। ਸਿਹਤ ਵਿਭਾਗ ਦੇ ਅਪਰੈਲ 2018 ਤੱਕ ਦੇ ਅੰਕੜਿਆਂ ਮੁਤਾਬਕ ਪੰਜਾਬ ਦੇ 10 ਜ਼ਿਲ੍ਹਿਆਂ 'ਚ 14 ਲੱਖ 77 ਹਜ਼ਾਰ 259 ਵਿਅਕਤੀਆਂ ਦਾ ਟੀ.ਬੀ. ਦੀ ਬਿਮਾਰੀ ਸਬੰਧੀ ਨਿਰੀਖਣ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ 10 ਹਜ਼ਾਰ 199 ਵਿਅਕਤੀਆਂ ਦਾ ਥੁੱਕ ਦਾ ਟੈਸਟ ਕਰਨ ਤੋਂ ਬਾਅਦ 420 ਵਿਅਕਤੀ ਟੀ.ਬੀ. ਤੋਂ ਪੀੜਤ ਪਾਏ ਗਏ। ਇਨ੍ਹਾਂ ਅੰਕੜਿਆਂ ਮੁਤਾਬਕ ਇਸ ਮੁਹਿੰਮ ਦੌਰਾਨ ਫਰੀਦਕੋਟ 68 ਵਿਅਕਤੀ ਟੀ.ਬੀ. ਦੀ ਬਿਮਾਰੀ ਤੋਂ ਗ੍ਰਸਤ ਪਾਏ ਗਏ, ਪਟਿਆਲਾ 'ਚ 60, ਸ੍ਰੀ ਅੰਮ੍ਰਿਤਸਰ ਵਿਚ 59, ਲੁਧਿਆਣਾ 'ਚ 55, ਹੁਸ਼ਿਆਰਪੁਰ 'ਚ 51, ਸੰਗਰੂਰ 34, ਰੂਪਨਗਰ 30, ਮਾਨਸਾ 23, ਫਾਜ਼ਿਲਕਾ 'ਚ 20 ਅਤੇ ਤਰਨਤਾਰਨ 20 ਮਰੀਜ਼ ਟੀ.ਬੀ. ਤੋਂ ਪੀੜਤ ਸੀ।

## ਸੈਲਫੀ ਦੇ ਚੱਕਰ 'ਚ ਗਈ ਦੋ ਨੌਜਵਾਨਾਂ ਦੀ ਜਾਨ

**ਦੋਰਾਹਾ:** ਸੈਲਫੀ ਖਿੱਚਣ ਦੇ ਚੱਕਰ ਵਿਚ ਦੋ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਲੁਧਿਆਣਾ-ਚੰਡੀਗੜ੍ਹ ਦੱਖਣੀ ਬਾਈਪਾਸ ਮਾਰਗ 'ਤੇ ਕਟਾਣਾ ਸਾਹਿਬ ਨੇੜੇ ਰੇਲਵੇ ਫਲਾਈਓਵਰ 'ਤੇ ਤਿੰਨ ਨੌਜਵਾਨ ਸੈਲਫੀ ਲੈਣ ਗਏ।

ਇਸ ਦੌਰਾਨ ਚੰਡੀਗੜ੍ਹ ਤੋਂ ਲੁਧਿਆਣਾ ਜਾਂਦੀ ਰੇਲ ਗੱਡੀ ਦੀ ਲਪੇਟ ਵਿਚ ਆਉਣ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ ਜਦਕਿ ਤੀਜਾ ਘਟਨਾ ਤੋਂ ਡਰ ਕੇ ਮੌਕੇ ਤੋਂ ਭੱਜ ਗਿਆ। ਮ੍ਰਿਤਕ ਬੱਚਿਆਂ ਦੇ ਨਾਂ ਯੁਵਰਾਜ ਸਿੰਘ ਅਤੇ ਗੌਰਵ ਹਨ। ਦੋਵੇਂ ਅੱਠਵੀਂ ਕਲਾਸ ਦੇ ਵਿਦਿਆਰਥੀ ਸਨ। ਦੋਵੇਂ ਨੌਜਵਾਨ ਰਾਮਪੁਰ ਪਿੰਡ ਦੇ ਵਾਸੀ ਸਨ।

# ਉਰਦੂ-ਪੰਜਾਬੀ ਸ਼ਾਇਰਾ ਰਖਸ਼ੰਦਾ ਨਵੀਦ ਨਾਲ ਇਕ ਸ਼ਾਮ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੀ ਵਿਸ਼ੇਸ਼ ਮੀਟਿੰਗ ਡਾ. ਰਾਮਜੀ ਦਾਸ ਸੇਠੀ ਦੇ ਉਦਮ ਨਾਲ ਕੀਤੀ ਗਈ ਜਿਸ ਦੀ ਪ੍ਰਧਾਨਗੀ ਉਰਦੂ ਸ਼ਾਇਰ ਮਮੂਨ ਏਮਨ ਨੇ ਕੀਤੀ ਅਤੇ ਇਸ ਸਮੇਂ ਮੁੱਖ ਮਹਿਮਾਨ ਉਰਦੂ-ਪੰਜਾਬੀ ਸ਼ਾਇਰਾ ਡਾ. ਰਖਸ਼ੰਦਾ ਨਵੀਦ ਸਨ।



ਇਸ ਮੌਕੇ ਡਾ. ਰਖਸ਼ੰਦਾ ਦੀ ਪੰਜਾਬੀ ਸ਼ਾਇਰੀ ਦੀ ਕਿਤਾਬ 'ਹਾਲੀ ਆਟਾ ਵਿਸਮਿਆ ਨਾਹੀਂ' ਅਤੇ ਪ੍ਰਸਿੱਧ ਬੁਲਾਰੇ ਅਤੇ ਵਕੀਲ ਗੁਰਮੀਤ ਸਿੰਘ ਸ਼ੁਗਲੀ ਦੀ ਕਿਤਾਬ 'ਕਾਨੂੰਨੀ ਨੁਕਤੇ ਤੇ ਆਮ ਆਦਮੀ' ਰਿਲੀਜ਼ ਕੀਤੀਆਂ ਗਈਆਂ। ਡਾ. ਰਖਸ਼ੰਦਾ ਨਵੀਦ ਦਾ ਸਨਮਾਨ ਬਲਦੇਵ ਸਿੰਘ ਗਰੇਵਾਲ ਨੇ ਕੀਤਾ।

ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸੁਰਿੰਦਰ ਸੋਹਲ ਨੇ ਡਾ ਰਖਸ਼ੰਦਾ ਨਵੀਦ ਦੀ ਸ਼ਾਇਰੀ 'ਚ ਪੇਸ਼ ਮਾਨਵੀ ਸਰੋਕਾਰਾਂ, ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਸ਼ਿਅਰਾਂ 'ਚ ਢਾਲਣ ਦੇ ਹੁਨਰ ਦੀ ਮੁਹਾਰਤ ਅਤੇ ਖੂਬੀਆਂ ਦੀ ਚਰਚਾ ਉਸ ਦੇ ਸ਼ਿਅਰਾਂ ਦੇ ਹਵਾਲੇ ਨਾਲ ਕੀਤੀ।

ਸਥਾਨਕ ਸ਼ਾਇਰਾਂ ਉਂਕਾਰ ਸਿੰਘ ਡੁਮੇਲੀ, ਬਲਬੀਰ ਸਿੰਘ ਡੁਮੇਲੀ, ਤਰਲੋਕਬੀਰ, ਡਾ. ਰਾਮਜੀ ਦਾਸ ਸੇਠੀ, ਜੱਸੀ ਢਿੱਲੋਂ ਆਦਿ ਨੇ ਆਪਣੀ ਸ਼ਾਇਰੀ ਨਾਲ ਹਾਜ਼ਰੀ ਲੁਆਈ। ਕਲਾਸੀਕਲ ਸੰਗੀਤ 'ਚ ਆਪਣੀ ਵਿਸ਼ੇਸ਼ ਪਛਾਣ ਰੱਖਣ ਵਾਲੀ ਰੀਟਾ ਕੋਹਲੀ ਨੇ ਮਿਰਜ਼ਾ ਗਾਲਿਬ ਦੀ ਗਜ਼ਲ ਪੇਸ਼ ਕੀਤੀ।

ਮਨਮੋਹਨ ਪੂਨੀ ਨੇ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਪਹਿਲੀ ਸਤੰਬਰ ਨੂੰ ਕਰਵਾਏ ਜਾ ਰਹੇ ਗਦਰੀ ਬਾਬਿਆਂ ਦੇ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਹਾਜ਼ਰ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਸ਼ਿਰਕਤ ਕਰਨ ਦਾ ਸੱਦਾ ਦਿੱਤਾ।

ਡਾ. ਰਖਸ਼ੰਦਾ ਨਵੀਦ ਨੇ ਉਰਦੂ ਤੇ ਪੰਜਾਬੀ ਦੀ ਸ਼ਾਇਰੀ ਨਾਲ ਭਰਪੂਰ ਹਾਜ਼ਰੀ ਲਵਾਈ। ਕੁਝ ਸ਼ੇਅਰ:

ਮੈਂ ਉਸ ਕੀ ਖਾਮੋਸ਼ੀ ਕੋ ਸੁਨ ਰਹੀ ਥੀ,<br>
ਵੋ ਇਜ਼ਹਾਰੇ ਮੁਹੱਬਤ ਕਰ ਰਹਾ ਥਾ।

ਤੇਜ਼ ਬਾਰਿਸ਼ ਮੇ ਬਹੁਤ ਭੀਗੀ ਹੈ<br>
ਮੇਰੇ ਦਿਲ ਕੀ ਛਤ,<br>
ਕੁਛ ਨਮੀ ਆਖਿਰ ਦਰੋ-ਦੀਵਾਰ<br>
ਮੇ ਤੋ ਆਏਗੀ।

ਤਿੱਖੀ ਗੱਲ ਤੋ ਪਾੜ ਵੰਡਾਵੇ<br>
ਸੱਜੇ-ਖੱਬੇ ਦਿਲ ਨੂੰ<br>
ਇਹ ਕੰਮ 'ਕੱਲਾ ਕਰ ਨਈਂ<br>
ਸਕਦਾ ਵੱਢਣ ਜੋਗਾ ਟੋਕਾ।<br>
ਪਰਖਣ ਨਿਕਲੇ ਇਕ ਦੂਜੇ ਨੂੰ<br>
ਆਪਾਂ ਔਖੜ ਵੇਲੇ<br>
ਗਾਚੀ ਵਾਂਗੂੰ ਮੈਂ ਵੀ ਖੁਰ ਗਈ<br>
ਓਹ ਵੀ ਅੰਦਰੋਂ ਫੋਕਾ।

ਉਪਰੰਤ ਸਾਹਿਬੇ-ਸਦਰ ਮਮੂਨ ਏਮਨ ਨੇ ਆਪਣੀਆਂ ਗਜ਼ਲਾਂ ਅਤੇ ਨਜ਼ਮਾਂ ਨਾਲ ਹਾਜ਼ਰੀ ਲਵਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਬੀਰ ਸਿੰਘ ਉਭੀ, ਰੇਸ਼ਮ ਸਿੰਘ ਡੁਮੇਲੀ, ਗੁਰਮੀਤ ਸਿੰਘ ਸ਼ੁਗਲੀ ਤੇ ਬਲਵਿੰਦਰ ਸਿੰਘ ਜੰਡਿਆਲਾ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਸੁਰਿੰਦਰ ਸੋਹਲ ਨੇ ਚਲਾਈ।

# ਖਾਲਿਦਾ ਜ਼ਿਆ ਨੂੰ ਮਿਲੀ ਜ਼ਮਾਨਤ



**ਢਾਕਾ:** ਬੰਗਲਾਦੇਸ਼ ਹਾਈ ਕੋਰਟ ਨੇ ਮੁਲਕ ਦੀ ਸਾਬਕਾ ਪ੍ਰਧਾਨ ਮੰਤਰੀ ਤੇ ਵਿਰੋਧੀ ਧਿਰ ਬੀ.ਐਨ.ਪੀ. ਦੀ ਆਗੂ ਖ਼ਾਲਿਦਾ ਜ਼ਿਆ ਨੂੰ ਸਾਲ 2015 ਵਿਚ ਬੱਸ ਦੀ ਸਾੜ ਫੂਕ ਨਾਲ ਸਬੰਧਤ ਇਕ ਮਾਮਲੇ 'ਚ ਛੇ ਮਹੀਨਿਆਂ ਦੀ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ।

ਬੰਗਲਾਦੇਸ਼ ਨੈਸ਼ਨਲ ਪਾਰਟੀ (ਬੀ.ਐਨ.ਪੀ.) ਵੱਲੋਂ 2 ਫਰਵਰੀ 2015 ਨੂੰ ਕੀਤੇ ਪ੍ਰਦਰਸ਼ਨ ਦੌਰਾਨ ਕੋਮਿਲਾ ਸ਼ਹਿਰ ਦੇ ਚੌੜਾ ਗ੍ਰਾਮ ਖੇਤਰ ਵਿਚ ਪ੍ਰਦਰਸ਼ਨਕਾਰੀਆਂ ਨੇ ਇਕ ਬੱਸ ਫੂਕ ਦਿੱਤੀ ਸੀ, ਜਿਸ ਵਿਚ ਅੱਠ ਜਣੇ ਹਲਾਕ ਤੇ ਕਈ ਜਖ਼ਮੀ ਹੋ ਗਏ ਸਨ। ਉਂਜ ਹੋਰਨਾਂ ਕੇਸਾਂ ਦੇ ਚਲਦਿਆਂ ਸਾਬਕਾ ਪ੍ਰਧਾਨ ਮੰਤਰੀ ਨੂੰ ਅਜੇ ਜੇਲ੍ਹ 'ਚ ਹੀ ਰਹਿਣਾ ਪਏਗਾ।

# ਸੋਸ਼ਲ ਮੀਡੀਆ ਦੀ ਨਿਗਰਾਨੀ ਤੋਂ ਪਿੱਛੇ ਹਟੀ ਮੋਦੀ ਸਰਕਾਰ

**ਨਵੀਂ ਦਿੱਲੀ:** ਸੋਸ਼ਲ ਮੀਡੀਆ ਦੀ ਨਿਗਰਾਨੀ ਲਈ ਸੋਸ਼ਲ ਮੀਡੀਆ ਹੱਬ ਬਣਾਉਣ ਦੇ ਫੈਸਲੇ ਤੋਂ ਸਰਕਾਰ ਪਿੱਛੇ ਹਟ ਗਈ ਹੈ। ਕੇਂਦਰ ਸਰਕਾਰ ਨੇ 'ਯੂ ਟਰਨ' ਲੈਂਦਿਆਂ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ ਸੋਸ਼ਲ ਮੀਡੀਆ ਹੱਬ ਬਣਾਉਣ ਦੇ ਪ੍ਰਸਤਾਵ ਵਾਲੀ ਆਪਣੀ ਅਧਿਸੂਚਨਾ ਨੂੰ ਵਾਪਸ ਲੈ ਰਹੀ ਹੈ।

ਕੁਝ ਲੋਕਾਂ ਨੇ ਦੋਸ਼ ਲਾਇਆ ਹੈ ਕਿ ਇਹ ਹੱਬ ਨਾਗਰਿਕਾਂ ਦੀ ਆਨਲਾਈਨ ਸਰਗਰਮੀਆਂ 'ਤੇ ਨਜ਼ਰ ਰੱਖਣ ਦਾ ਹਥਿਆਰ ਬਣ ਸਕਦਾ ਹੈ। ਸੋਸ਼ਲ ਮੀਡੀਆ ਦੀ ਨਿਗਰਾਨੀ ਕਰਨ ਨੂੰ ਲੈ ਕੇ ਦਾਖਲ ਪਟੀਸ਼ਨ ਦੇ ਮਾਮਲੇ 'ਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ 'ਚ ਕਿਹਾ ਕਿ ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ ਸਥਾਪਤ ਕਰਨ ਦੀ ਤਜਵੀਜ਼ ਨੂੰ ਵਾਪਸ ਲੈ ਲਿਆ ਗਿਆ ਹੈ। ਸੁਪਰੀਮ ਕੋਰਟ ਵਿਚ ਸਰਕਾਰ ਵੱਲੋਂ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਸੋਸ਼ਲ ਮੀਡੀਆ ਦੀ ਨਿਗਰਾਨੀ ਨਹੀਂ ਕਰੇਗੀ ਅਤੇ ਸਰਕਾਰ ਪੂਰੇ ਪ੍ਰੋਗਰਾਮ ਬਾਰੇ ਮੁੜ ਵਿਚਾਰ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਦੀ ਸਖਤੀ ਤੋਂ ਬਾਅਦ ਸਰਕਾਰ ਨੇ ਇਸ ਮਸਲੇ 'ਤੇ ਕਦਮ ਪਿੱਛੇ ਖਿੱਚੇ ਹਨ। ਪਿਛਲੀ ਸੁਣਵਾਈ ਵਿਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰਦੇ ਹੋਏ ਆਖਿਆ ਸੀ ਕਿ, ਕੀ ਸਰਕਾਰ ਸਰਵਿਲਾਂਸ ਸਟੇਟ ਬਣਾਉਣਾ ਚਾਹੁੰਦੀ ਹੈ? ਅਦਾਲਤ ਨੇ ਇਹ ਵੀ ਆਖਿਆ ਸੀ ਕਿ ਇਹ 'ਨਿਗਰਾਨੀ ਰਾਜ' ਵਰਗਾ ਹੋਵੇਗਾ।

# ਪਾਕਿਸਤਾਨ ਸਰਕਾਰ ਨੇ ਹੁਣ ਗੁਲਾਬ ਸਿੰਘ ਦੀ ਨੌਕਰੀ ਵੀ ਖੋਹੀ

**ਇਸਲਾਮਾਬਾਦ:** ਕੁਝ ਹਫਤੇ ਪਹਿਲਾਂ ਘਰੋਂ ਬੇਘਰ ਕੀਤੇ ਪਾਕਿਸਤਾਨ ਦੇ ਪਹਿਲੇ ਸਿੱਖ ਟਰੈਫਿਕ ਪੁਲਿਸ ਅਫਸਰ ਗੁਲਾਬ ਸਿੰਘ ਸ਼ਾਹੀਨ ਨੂੰ ਨੌਕਰੀ ਤੋਂ ਵੀ ਬਰਤਰਫ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਗੁਲਾਬ ਸਿੰਘ 116 ਦਿਨਾਂ ਤੋਂ ਆਪਣੇ ਉਚ ਅਫਸਰਾਂ ਦੀ ਪ੍ਰਵਾਨਗੀ ਤੋਂ ਬਗੈਰ ਡਿਊਟੀ ਤੋਂ ਗੈਰਹਾਜ਼ਰ ਚਲਿਆ ਆ ਰਿਹਾ ਸੀ ਤੇ ਵਰਦੀ ਦੇ ਜ਼ਾਬਤੇ ਦੀ ਵੀ ਪਾਲਣਾ ਨਹੀਂ ਕਰ ਰਿਹਾ ਸੀ। ਦੂਜੇ ਪਾਸੇ, ਗੁਲਾਬ ਸਿੰਘ ਨੇ ਦੋਸ਼ ਲਾਇਆ ਕਿ ਉਸ ਨੂੰ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਹੋਣ ਕਰ ਕੇ ਤੇ ਉਸ ਨੂੰ ਬੇਘਰ ਕਰਨ ਵਿਚ ਪਾਕਿ ਔਕਾਫ ਬੋਰਡ ਦੇ ਅਧਿਕਾਰੀਆਂ ਦੀ ਵਧੀਕੀ ਦਾ ਮਾਮਲਾ ਵਿਦੇਸ਼ੀ ਮੀਡੀਆ ਕੋਲ ਉਠਾਉਣ ਬਦਲੇ ਨਿਸ਼ਾਨਾ ਬਣਾਇਆ ਗਿਆ ਹੈ।

ਕੁਝ ਪਾਕਿਸਤਾਨੀ ਨਿਊਜ਼ ਚੈਨਲਾਂ ਦੀਆਂ ਰਿਪੋਰਟਾਂ ਵਿਚ ਕਿਹਾ ਜਾ ਰਿਹਾ ਹੈ ਕਿ ਗੁਲਾਬ ਸਿੰਘ 2006 ਵਿਚ ਆਪਣੀ ਨਿਯੁਕਤੀ ਵੇਲੇ ਤੋਂ ਹੀ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਸੀ ਤੇ ਉਸ ਦਾ ਵਤੀਰਾ ਸਰਕਾਰੀ ਮੁਲਾਜ਼ਮ ਵਾਲਾ ਨਹੀਂ ਸੀ। ਨੌਕਰੀ ਤੋਂ ਹਟਾਉਣ ਦੀ ਖਬਰ ਸੁਣ ਕੇ ਗੁਲਾਬ ਸਿੰਘ ਨੂੰ ਗਹਿਰਾ ਸਦਮਾ ਲੱਗਿਆ ਹੈ ਤੇ ਉਸ ਨੂੰ ਇਕ ਮੁਕਾਮੀ ਹਸਪਤਾਲ ਲਿਜਾਇਆ ਗਿਆ।

ਉਸ ਨੇ ਫੋਨ 'ਤੇ ਦੱਸਿਆ, "ਮੈਨੂੰ ਸ਼ੁਰੂ ਤੋਂ ਹੀ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਤੇ ਪਰੇਸ਼ਾਨ ਕੀਤਾ ਜਾਂਦਾ ਰਿਹਾ। ਤਿੰਨ ਮਹੀਨੇ ਪਹਿਲਾਂ ਇਕ ਹਾਦਸੇ 'ਚ ਮੇਰੀ ਬਾਂਹ ਟੁੱਟਣ ਕਰ ਕੇ ਮੈਂ ਬਾਕਾਇਦਾ ਮੈਡੀਕਲ ਛੁੱਟੀ ਲਈ ਸੀ।"

ਪਿਛਲੀ ਵਾਰ ਉਸ ਨੂੰ ਲਾਹੌਰ ਦੇ ਮੁਗ਼ਲਪੁਰਾ ਇਲਾਕੇ ਵਿਚ ਟਰੈਫਿਕ ਵਾਰਡਨ (ਐਸ.ਆਈ.) ਵਜੋਂ ਤਾਇਨਾਤ ਕੀਤਾ ਗਿਆ ਸੀ। ਉਸ ਦੀ ਬਰਤਰਫ਼ੀ ਦੇ ਹੁਕਮਾਂ 'ਤੇ ਐਸ.ਪੀ. (ਟਰੈਫਿਕ) ਆਸਿਫ਼ ਸਾਦਿਕ ਦੇ ਦਸਤਖਤ ਹਨ।


Downsizing my Business
Gas Station and Convenience Stores
For Sale or Lease
In Indianapolis, Indiana
Ph: (317) 308-1050
adhoyee@gmail.com
ਇੰਡੀਆਨਾ ਵਿਚ ਗੈਸ ਸਟੇਸ਼ਨ ਤੇ ਕਨਵੀਨੀਐਂਸ ਸਟੋਰ ਲੈਣ ਲਈ ਸੰਪਰਕ ਕਰੋ
ਫੋਨ: 317-308-1050
28-31

LX Group LLC
NOW HIRING!
Drivers Wanted

We are looking for professional CDL Drivers
Indiana to Texas Runs
Dedicated Routes
New Well Maintained Trucks & Trailers
Home Time Every Weekend
Opportunity to make up to $1800 Per Week
Contact: Raj
Cell: 317-374-0386
Requirements: At least 1 year of experience required and good at following instruction.
29-32

# ਸ਼ਹੀਦ ਊਧਮ ਸਿੰਘ 78ਵਾਂ ਸ਼ਹੀਦੀ ਦਿਹਾੜਾ ਮਨਾਇਆ

**ਰਿਚਮੰਡ ਹਿੱਲ, ਨਿਊ ਯਾਰਕ:** ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ। ਕੌਮਾਂ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਰੱਖਿਆ ਜਾਵੇ। ਇਸੇ ਲੀਹ 'ਤੇ ਚਲਦਿਆਂ ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਜਲਿਆਂ ਵਾਲਾ ਬਾਗ ਸਾਕੇ ਦੇ ਦੋਸ਼ੀ ਜਨਰਲ ਓਡਵਾਇਰ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਸ਼ਹੀਦ ਊਧਮ ਸਿੰਘ ਦਾ 78ਵਾਂ ਸ਼ਹੀਦੀ ਸਮਾਗਮ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਮਨਾਇਆ ਗਿਆ। 5 ਅਗਸਤ, ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ। ਇਸ ਸਮਾਗਮ ਵਿਚ ਟਰਾਈ ਸਟੇਟ ਦੀਆਂ ਸੰਗਤਾਂ ਨੇ ਭਾਗ ਲਿਆ। ਸ਼ੁਰੂਆਤ ਵਿਚ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਗੁਰਬਾਣੀ ਦੀ ਕਥਾ ਦੇ ਨਾਲ-ਨਾਲ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਬਾਰੇ ਵਿਸਥਾਰ ਨਾਲ ਸੰਗਤਾਂ ਨੂੰ ਦਸਿਆ।

ਇਸ ਮੌਕੇ ਗਿਆਨੀ ਅਵਤਾਰ ਸਿੰਘ ਦੇ ਰਾਗੀ ਜਥੇ ਨੇ ਸਿੱਖ ਇਤਿਹਾਸ, ਗੁਰਬਾਣੀ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗਿਆਨੀ ਨਗਿੰਦਰ ਸਿੰਘ ਨੇ ਕਥਾ ਰਾਹੀਂ ਗੁਰ ਇਤਿਹਾਸ ਅਤੇ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਬਲਬੀਰ ਸਿੰਘ ਨੇ ਸਰਕਾਰ ਵਲੋਂ ਸਿੱਖ ਕੌਮ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਗੱਲ ਕਰਦਿਆਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਗਿਆਨੀ ਗੁਰਪ੍ਰੀਤ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਕਵੀਸ਼ਰੀ ਜਥੇ ਨੇ ਜੋਸ਼ੀਲੀਆਂ ਵਾਰਾਂ ਗਾ ਕੇ ਸੰਗਤਾਂ ਵਿਚ ਜੋਸ਼ ਭਰਿਆ।

ਅੰਤ ਵਿਚ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਜੱਸਾ ਅਤੇ ਸਕੱਤਰ ਮਾਸਟਰ ਫੁੰਮਣ ਸਿੰਘ ਨੇ ਸਭਾ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਦੀਆਂ ਗੁਰੂ ਘਰ ਪ੍ਰਤੀ ਸੇਵਾਵਾਂ ਲਈ ਸਮੁੱਚੀ ਸਭਾ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ਼ਵਿੰਦਰ ਸਿੰਘ ਜੋਸਨ ਸਰਪ੍ਰਸਤ, ਜਗੀਰ ਸਿੰਘ ਮੀਤ ਪ੍ਰਧਾਨ (ਨਿਊ ਜਰਸੀ), ਪ੍ਰੀਤਮ ਸਿੰਘ, ਜਸਬੀਰ ਸਿੰਘ ਲਾਲੀ, ਦੇਵਿੰਦਰ ਸਿੰਘ, ਪਰਮਜੀਤ ਜੋਸਨ, ਭਜਨ ਸਿੰਘ ਅਤੇ ਬੌਬੀ (ਪੱਟੀ ਕੰਸਟਰੱਕਸ਼ਨ) ਅਤੇ ਸਮੂਹ ਸਭਾ ਦੇ ਮੈਂਬਰਾਂ ਨੇ ਵੱਧ ਤੋਂ ਵੱਧ ਸੇਵਾ ਕਰ ਕੇ ਹਿੱਸਾ ਪਾਇਆ। ਸੁਨਾਮ ਵਾਲੇ ਸੇਵਾਦਾਰਾਂ ਨੇ ਚਾਹ ਪਾਣੀ ਨਾਲ ਸੰਗਤਾਂ ਦੀ ਭਰਪੂਰ ਸੇਵਾ ਕੀਤੀ। ਟਰਾਈ ਸਟੇਟ ਦੀਆਂ ਸੰਗਤਾਂ ਵਲੋਂ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਆਈਆਂ ਸੰਗਤਾਂ ਨੇ ਇਸ ਸਮਾਗਮ ਦੇ ਨਾਲ ਨਾਲ ਮਾਰਸ਼ਲ ਆਰਟ ਗੱਤਕਾ ਦੇ ਮੁਕਾਬਲਿਆਂ ਦਾ ਵੀ ਅਨੰਦ ਮਾਣਿਆ।



















## ਡੇਢ ਲੱਖ ਕਿਸਾਨਾਂ ਨੂੰ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਤੋਂ ਨਾਂਹ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਧਰਤੀ ਹੇਠਲੇ ਡਿੱਗਦੇ ਪਾਣੀ ਦੇ ਪੱਧਰ ਨੂੰ ਵੇਖਦਿਆਂ ਕਿਸਾਨਾਂ ਨੂੰ ਹੋਰ ਟਿਊਬਵੈੱਲ ਕੁਨੈਕਸ਼ਨ ਦੇਣ ਉਤੇ ਪਾਬੰਦੀ ਲਾ ਦਿੱਤੀ ਹੈ। ਇਸ ਫੈਸਲੇ ਨਾਲ ਕਰੀਬ ਡੇਢ ਲੱਖ ਕਿਸਾਨ ਪ੍ਰਭਾਵਿਤ ਹੋਣਗੇ ਅਤੇ ਉਨ੍ਹਾਂ ਨੂੰ ਹੋਰ ਸਾਧਨਾਂ ਰਾਹੀ ਸਿੰਜਾਈ ਕਰਨੀ ਪਏਗੀ। ਤਾਜ਼ਾ ਫੈਸਲੇ ਅਨੁਸਾਰ ਕਿਸੇ ਨੂੰ ਅਖਤਿਆਰੀ ਕੋਟੇ ਵਿਚੋਂ ਵੀ ਕੁਨੈਕਸ਼ਨ ਨਹੀਂ ਦਿੱਤੇ ਜਾਣਗੇ। ਪਿਛਲੀ ਸਰਕਾਰ ਨੇ ਸਾਲ 2016 ਵਿਚ ਟਿਊਬਵੈੱਲ ਕੁਨੈਕਸ਼ਨ ਦੇਣ ਲਈ 'ਖੇਤੀਬਾੜੀ ਟਿਊਬਵੈੱਲ ਨੀਤੀ' ਬਣਾਈ ਸੀ ਜਿਸ ਤਹਿਤ ਦੋ ਲੱਖ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣੇ ਸਨ। ਉਂਜ ਉਨ੍ਹਾਂ ਵਿਚੋਂ ਸਿਰਫ 50 ਹਜ਼ਾਰ ਨੂੰ ਹੀ ਕੁਨੈਕਸ਼ਨ ਦਿੱਤੇ ਗਏ ਸਨ ਤੇ ਬਾਕੀ ਕਿਸਾਨਾਂ ਨੂੰ ਕੁਨੈਕਸ਼ਨ ਅਜੇ ਦਿੱਤੇ ਜਾਣੇ ਸਨ।

ਪੰਜਾਬ ਦੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਨਵੇਂ ਟਿਊਬਵੈੱਲ ਕੁਨੈਕਸ਼ਨ ਨਾ ਦੇਣ ਬਾਰੇ ਸਰਕਾਰ ਦੇ ਫੈਸਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਜਾ ਰਿਹਾ ਹੈ ਜਿਸ ਕਰ ਕੇ ਹੋਰ ਟਿਊਬਵੈੱਲ ਕੁਨੈਕਸ਼ਨ ਨਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਯਾਦ ਰਹੇ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਹੇਠਾਂ ਜਾਣ ਬਾਰੇ ਇਕ ਰਿਪੋਰਟ ਕੁਝ ਸਮਾਂ ਪਹਿਲਾਂ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਪੇਸ਼ ਕੀਤੀ ਗਈ ਸੀ ਜਿਸ ਵਿਚ ਕਿਹਾ ਗਿਆ ਸੀ ਜਿਸ ਰਫਤਾਰ ਨਾਲ ਧਰਤੀ ਵਿਚੋਂ ਪਾਣੀ ਕੱਢਿਆ ਜਾ ਰਿਹਾ ਹੈ, ਉਸ ਨਾਲ ਸਾਲ 2026 ਤੱਕ ਪੰਜਾਬ ਦਾ ਧਰਤੀ ਹੇਠਲਾ 60 ਫੀਸਦੀ ਪਾਣੀ ਪੀਣ ਯੋਗ ਨਹੀਂ ਰਹਿ ਜਾਵੇਗਾ। ਸੂਬੇ ਦਾ ਦੱਖਣੀ ਹਿੱਸਾ ਰੇਗਿਸਤਾਨ ਬਣ ਜਾਵੇਗਾ।

## ਸ਼ਿਕਾਗੋ ਦੀਆਂ ਸੜਕਾਂ 'ਤੇ ਗੋਲੀਬਾਰੀ; ਪੰਜ ਹਲਾਕ

**ਸ਼ਿਕਾਗੋ:** ਸ਼ਿਕਾਗੋ ਵਿਚ ਗੋਲੀਬਾਰੀ ਦੀਆਂ ਵਾਪਰੀਆਂ ਵੱਖ-ਵੱਖ ਘਟਨਾਵਾਂ ਵਿਚ ਪੰਜ ਜਣੇ ਹਲਾਕ ਅਤੇ ਦਰਜਨਾਂ ਲੋਕ ਜ਼ਖ਼ਮੀ ਹੋ ਗਏ। ਪੁਲਿਸ ਮੁਤਾਬਕ ਗੋਲੀਬਾਰੀ ਦੀਆਂ ਇਨ੍ਹਾਂ ਘਟਨਾਵਾਂ 'ਚੋਂ ਕੁਝ ਨੂੰ 'ਨਿਸ਼ਾਨਾ' ਬਣਾ ਕੇ ਅੰਜਾਮ ਦਿੱਤਾ ਗਿਆ ਹੈ ਜਦੋਂਕਿ ਕੁਝ ਗਰੋਹਾਂ ਦੀ ਆਪਸੀ ਤਕਰਾਰ ਦਾ ਨਤੀਜਾ ਸਨ। ਸੀ.ਐਨ.ਐਨ. ਦੀ ਰਿਪੋਰਟ ਮੁਤਾਬਕ ਸੜਕਾਂ 'ਤੇ ਗੋਲੀਬਾਰੀ ਦਾ ਇਹ ਸਿਲਸਿਲਾ ਅੱਧੀ ਰਾਤ ਪਿੱਛੋਂ ਸ਼ੁਰੂ ਹੋਇਆ। ਤੜਕੇ ਡੇਢ ਵਜੇ ਤੋਂ ਤਿੰਨ ਘੰਟਿਆਂ ਦੇ ਅਰਸੇ ਦੌਰਾਨ ਦਸ ਥਾਈਂ ਗੋਲੀਆਂ ਚੱਲੀਆਂ। ਬੰਦੂਕਧਾਰੀਆਂ ਨੇ ਅੰਤਿਮ ਰਸਮਾਂ ਲਈ ਜੁੜੇ ਲੋਕਾਂ ਸਮੇਤ ਕਈ ਸਮੂਹਾਂ ਨੂੰ ਨਿਸ਼ਾਨਾ ਬਣਾਇਆ। ਰਿਪੋਰਟਾਂ ਮੁਤਾਬਕ ਜ਼ਖ਼ਮੀਆਂ 'ਚ ਇਕ ਗਿਆਰਾਂ ਸਾਲ ਦਾ ਲੜਕਾ ਵੀ ਸ਼ਾਮਲ ਹੈ। ਯਾਦ ਰਹੇ, ਸ਼ਿਕਾਗੋ ਵਿਚ ਸਾਲ 2016 ਵਿਚ ਰਿਕਾਰਡ 20 ਕਤਲਾਂ ਮਗਰੋਂ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਸ ਸ਼ਹਿਰ ਨੂੰ ਬਾਕਾਇਦਾ ਆਪਣੀ ਆਲੋਚਨਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

## ਵੈਨਜ਼ੂਏਲਾ ਦੇ ਰਾਸ਼ਟਰਪਤੀ ਮਾਡੂਰੋ 'ਤੇ ਡਰੋਨ ਹਮਲਾ

**ਕਰਾਕਸ:** ਵੈਨਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਡੂਰੋ ਨੇ ਕਿਹਾ ਕਿ ਕਰਾਕਸ ਫੌਜੀ ਪਰੇਡ ਦੌਰਾਨ ਧਮਾਕਾਖੇਜ਼ ਸਮੱਗਰੀ ਨਾਲ ਲੈਸ ਡਰੋਨ ਰਾਹੀਂ ਕੀਤੇ ਗਏ ਹਮਲੇ ਵਿਚ ਬਚਣ ਮਗਰੋਂ ਉਹ ਹੋਰ ਮਜ਼ਬੂਤ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਹਮਲੇ 'ਚ 7 ਫੌਜੀ ਜ਼ਖ਼ਮੀ ਹੋਏ ਹਨ। ਮਾਦੁਰੋ ਨੇ ਪਹਿਲਾਂ ਇਸ ਹਮਲੇ ਲਈ ਕੋਲੰਬੀਆ ਨੂੰ ਤੇ ਫਿਰ ਬਾਗੀ ਗਰੁੱਪਾਂ ਨੂੰ ਜ਼ਿੰਮੇਵਾਰ ਦੱਸਿਆ ਸੀ।

ਨਿਕੋਲਸ ਮਾਡੂਰੋ ਨੇ ਕਿਹਾ, 'ਮੈਂ ਠੀਕ ਠਾਕ ਤੇ ਜਿਉਂਦਾ ਹਾਂ ਅਤੇ ਇਸ ਹਮਲੇ ਮਗਰੋਂ ਮੈਂ ਇਨਕਲਾਬ ਦੇ ਰਾਹ 'ਤੇ ਚੱਲਣ ਲਈ ਹੋਰ ਮਜ਼ਬੂਤ ਹੋ ਗਿਆ ਹਾਂ।' ਉਨ੍ਹਾਂ ਦੇਸ਼ ਨੂੰ ਸੰਬੋਧਨ ਕਰਦਿਆਂ ਚਿਤਾਵਨੀ ਜਾਰੀ ਕੀਤੀ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਨੂੰ ਮੁਕੰਮਲ ਸਜ਼ਾ ਦਿੱਤੀ ਜਾਵੇਗੀ।

## ਮੋਦੀ ਸਰਕਾਰ ਦੀ ਮੇਹੁਲ ਚੌਕਸੀ ਨਾਲ ਲਿਹਾਜ਼ਦਾਰੀ ਦੀ ਖੁੱਲ੍ਹੀ ਪੋਲ

**ਨਵੀਂ ਦਿੱਲੀ:** ਐਂਟਿਗਾ ਨੇ ਦਾਅਵਾ ਕੀਤਾ ਹੈ ਕਿ ਜਦੋਂ ਕੈਰੇਬਿਆਈ ਦੇਸ਼ ਨੇ 2017 'ਚ ਮੇਹੁਲ ਚੋਕਸੀ ਨੂੰ ਨਾਗਰਿਕਤਾ ਦੇਣ ਤੋਂ ਪਹਿਲਾਂ ਉਸ ਦੇ ਪਿਛੋਕੜ ਦੀ ਜਾਂਚ ਕੀਤੀ ਸੀ ਤਾਂ ਭਾਰਤੀ ਏਜੰਸੀਆਂ ਨੇ ਦੱਸਿਆ ਸੀ ਕਿ ਭਗੌੜੇ ਅਰਬਪਤੀ ਖਿਲਾਫ ਕੋਈ ਮਾਮਲਾ ਦਰਜ ਨਹੀਂ ਹੈ। ਨਿਵੇਸ਼ ਨਾਲ ਸਬੰਧਤ ਨਾਗਰਿਕਤਾ ਦੇਣ ਲਈ ਜ਼ਿੰਮੇਵਾਰ ਐਂਟੀਗੁਆ ਦੀ ਅਥਾਰਿਟੀ ਨੇ ਚੋਕਸੀ ਦੇ ਮਾਮਲੇ 'ਚ ਮਨਜ਼ੂਰੀ ਦੇਣ ਵਾਲੀ ਭਾਰਤੀ ਏਜੰਸੀ 'ਚ ਭਾਰਤੀ ਸੁਰੱਖਿਆ ਤੇ ਵਟਾਂਦਰਾ ਬੋਰਡ (ਸੇਬੀ) ਦਾ ਵੀ ਨਾਂ ਲਿਆ ਹੈ।

ਐਂਟਿਗਾ ਦੇ ਅਖਬਾਰ ਡੇਲੀ ਅਬਜ਼ਰਵਰ ਨੇ 'ਸਿਟੀਜ਼ਨਸ਼ਿਪ ਬਾਈ ਇਨਵੈਸਟਮੈਂਟ ਯੂਨਿਟ ਆਫ ਐਂਟਿਗਾ ਐਂਡ ਬਾਰਬੂਡਾ' ਦੇ ਇਕ ਬਿਆਨ ਦੇ ਹਵਾਲੇ ਨਾਲ ਦੱਸਿਆ ਕਿ ਮਈ 2017 'ਚ ਐਂਟੀਗੁਆ 'ਚ ਨਾਗਰਿਕਤਾ ਲਈ ਚੋਕਸੀ ਦੀ ਅਰਜ਼ੀ ਨਾਲ ਸਥਾਨਕ ਪੁਲਿਸ ਤੋਂ ਮਨਜ਼ੂਰੀ ਵੀ ਦਿੱਤੀ ਗਈ ਸੀ। ਚੋਕਸੀ ਪੰਜਾਬ ਨੈਸ਼ਨਲ ਬੈਂਕ



'ਚ ਦੋ ਅਰਬ ਡਾਲਰ ਦੇ ਘਪਲੇ ਦੇ ਮੁੱਖ ਸਰਗਣਿਆਂ 'ਚੋਂ ਇਕ ਹੈ ਤੇ ਉਹ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦਾ ਰਿਸ਼ਤੇਦਾਰ ਵੀ ਹੈ। ਖਬਰ ਮੁਤਾਬਕ ਭਾਰਤ ਸਰਕਾਰ ਦੇ ਖੇਤਰੀ ਪਾਸਪੋਰਟ ਦਫਤਰ, ਮੁੰਬਈ ਵੱਲੋਂ ਮਿਲੇ ਪੁਲਿਸ ਮਨਜ਼ੂਰੀ ਸਰਟੀਫਿਕੇਟ ਅਨੁਸਾਰ ਮੇਹੁਲ ਚੀਨੂਭਾਈ ਚੋਕਸੀ ਖਿਲਾਫ ਅਜਿਹਾ ਕੋਈ ਕੇਸ ਦਰਜ ਨਹੀਂ ਹੈ ਜੋ ਉਸ ਨੂੰ ਐਂਟੀਗੁਆ ਤੇ ਬਾਰਬੂਡਾ ਲਈ ਵੀਜ਼ਾ ਸਮੇਤ ਹੋਰ ਸਹੂਲਤਾਂ ਦੇਣ ਲਈ ਅਯੋਗ ਠਹਿਰਾਉਂਦਾ ਹੋਵੇ।

## ਲੁੱਟੋ ਤੇ ਭੱਜ ਜਾਵੋ, ਮੋਦੀ ਸਰਕਾਰ ਦੀ ਨੀਤੀ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਕਿ ਐਂਟਿਗਾ ਵੱਲੋਂ ਜਾਰੀ ਕੀਤੀ ਰਿਪੋਰਟ ਤੋਂ ਇਸ ਗੱਲ ਦਾ ਖੁਲਾਸਾ ਹੋ ਗਿਆ ਹੈ ਅਰਬਾਂ ਦਾ ਘਪਲਾ ਕਰਨ ਵਾਲੇ ਮੇਹੁਲ ਚੋਕਸੀ ਨੂੰ ਸੁਰੱਖਿਅਤ ਭਜਾਉਣ 'ਚ ਮੋਦੀ ਸਰਕਾਰ ਦੀ ਮਿਲੀਭੁਗਤ ਹੈ। ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਐਂਟੀਗੁਆ ਨੇ ਸਪੱਸ਼ਟ ਕੀਤਾ ਹੈ ਕਿ ਚੋਕਸੀ ਦੇ ਪਿਛੋਕੜ ਬਾਰੇ ਜਾਣਕਾਰੀ ਮੰਗਣ ਸਮੇਂ ਭਾਰਤੀ ਏਜੰਸੀਆਂ ਨੇ ਉਸ ਖਿਲਾਫ ਕੋਈ ਵੀ ਇਤਰਾਜ਼ ਨਹੀਂ ਲਾਇਆ ਸੀ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਲੁੱਟੋ ਤੇ ਇਥੋਂ ਭੱਜ ਜਾਵੋ, ਮੋਦੀ ਸਰਕਾਰ ਦੀ ਨੀਤੀ ਹੈ।

ਖੇਡ ਤੇ ਖਿਡਾਰੀ

# ਬਲੇਡ ਰਨਰ-ਆਸਕਰ ਪਿਸਟਰੀਓਸ

ਇਨਸਾਨ ਹਮੇਸ਼ਾ ਆਪਣੇ ਅਤੇ ਨੇੜਲੇ ਚਾਹੁਣ ਵਾਲਿਆਂ ਲਈ ਤੰਦਰੁਸਤੀ ਦੀ ਦੁਆ ਕਰਦਾ ਹੈ। ਪਰ ਜ਼ਿੰਦਗੀ ਦੇ ਸਫਰ ਵਿਚ ਬੰਦਾ ਕਈ ਵਾਰ ਬੀਮਾਰੀ ਜਾਂ ਹਾਦਸੇ ਕਾਰਨ ਅਪਾਹਜ ਵੀ ਹੋ ਜਾਂਦਾ ਹੈ। ਉਸ ਦੀ ਇਹ ਅੰਗਹੀਣਤਾ ਉਸ ਲਈ ਤਾਂ ਦਰਦਨਾਕ ਹੁੰਦੀ ਹੀ ਹੈ ਪਰ ਉਸ ਨੂੰ ਚਾਹੁਣ ਵਾਲਿਆਂ ਨੂੰ ਵੀ ਪ੍ਰੇਸ਼ਾਨ ਕਰਦੀ ਹੈ। ਵ੍ਹੀਲਚੇਅਰ 'ਤੇ ਬੈਠੇ ਇਕ ਇਨਸਾਨ ਦੇ ਸਰੀਰਕ ਕਸ਼ਟ ਵੇਖ ਕੇ ਤੁਸੀਂ ਹਮਦਰਦੀ ਤਾਂ ਜਾਹਰ ਕਰ ਸਕਦੇ ਹੋ ਪਰ ਉਸ ਦੀ ਮਾਨਸਿਕ ਪੀੜ ਨੂੰ ਮਹਿਸੂਸ ਕਰਨਾ ਮੁਸ਼ਕਿਲ ਹੈ। ਉਹ ਹਰ ਰੋਜ਼ ਸਵੇਰੇ ਉਠ ਕੇ, ਆਪਣੇ ਸਰੀਰ ਅਤੇ ਮਨ ਨੂੰ ਮਜ਼ਬੂਤ ਕਰਕੇ ਮੁਸਕਰਾਉਣ ਦੀ ਕੋਸ਼ਿਸ਼ ਕਰਦਾ ਹੈ, ਨਹੀਂ ਚਾਹੁੰਦਾ ਕਿ ਉਸ ਕਾਰਨ ਕੋਈ ਪ੍ਰੇਸ਼ਾਨ ਹੋਵੇ। ਇਹ ਸਿੱਦਕ ਉਸ ਦੀ ਬਾਕੀ ਰਹਿੰਦੀ ਜ਼ਿੰਦਗੀ ਦਾ ਹਿੱਸਾ ਹੈ। ਤੁਸੀਂ ਉਸ ਨੂੰ ਜਿੰਨਾ

**ਪਰਦੀਪ, ਸੈਨ ਹੋਜੇ**
ਫੋਨ: 408-540-4547

ਮਰਜ਼ੀ ਪਿਆਰ ਕਰਦੇ ਹੋਵੋ ਅਤੇ ਮਦਦਗਾਰ ਵੀ ਹੋਵੋ ਪਰ ਉਸ ਦੇ ਮਨ ਦੀ ਪੀੜ ਨਹੀਂ ਘਟਾ ਸਕਦੇ। ਮੈਂ ਆਪਣੀ ਜ਼ਿੰਦਗੀ ਦੇ ਅਹਿਸਾਸ ਨਾਲ ਇਸ ਪੀੜ ਨੂੰ ਜਾਣਦਾ ਹਾਂ।

ਜੋ ਇਨਸਾਨ ਬੀਮਾਰੀ ਜਾਂ ਹਾਦਸੇ ਕਰਕੇ ਅੰਗਹੀਣਤਾ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਨੂੰ ਤੰਦਰੁਸਤੀ ਦਾ ਅਹਿਸਾਸ ਵੀ ਹੁੰਦਾ ਹੈ। ਜੋ ਬੱਚੇ ਜਨਮ ਤੋਂ ਹੀ ਅਪਾਹਜ ਹੋਣ, ਉਨ੍ਹਾਂ ਤੰਦਰੁਸਤ ਜੀਵਨ ਕਦੀਂ ਵੀ ਨਹੀਂ ਵੇਖਣਾ। ਆਸਕਰ ਪਿਸਟਰੀਓਸ ਦਾ ਇਸ ਦੁਨੀਆਂ ਵਿਚ ਪਰਵੇਸ਼ ਹੀ ਅੰਗਹੀਣਤਾ ਨਾਲ ਹੋਇਆ ਸੀ। ਉਸ ਨੇ ਆਪਣੇ ਹੌਂਸਲੇ ਅਤੇ ਹਿੰਮਤ ਨਾਲ ਅਸਮਾਨ ਨੂੰ ਛੋਹਿਆ। ਸ਼ੋਹਰਤ, ਦੌਲਤ ਅਤੇ ਰੋਮਾਂਸ ਦਾ ਅਨੰਦ ਵੀ ਮਾਣਿਆ। ਪਰ ਉਸ ਦੇ ਗੁੱਸੇ ਨੇ ਉਸ ਨੂੰ ਕਾਤਲ ਬਣਾ ਕੇ ਜੇਲ੍ਹ ਦੀਆਂ ਸਲਾਖਾਂ ਪਿਛੇ ਸੁੱਟ ਦਿੱਤਾ।

ਆਸਕਰ ਦਾ ਜਨਮ 22 ਨਵੰਬਰ 1986 ਨੂੰ ਦੱਖਣੀ ਅਫਰੀਕਾ ਦੇ ਸ਼ਹਿਰ ਜੌਹਨਸਬਰਗ ਨੇੜੇ ਹੋਇਆ। ਉਸ ਦੀ ਮਾਂ ਦਾ ਨਾਮ ਸ਼ੀਲਾ ਅਤੇ ਪਿਉ ਦਾ ਹੈਨਕੇ ਪਿਸਟਰੀਓਸ ਸੀ। ਆਸਕਰ ਦਾ ਭਾਰ ਜਨਮ ਸਮੇਂ ਤਿੰਨ ਕਿੱਲੋ 300 ਗਰਾਮ ਸੀ। ਉਸ ਦੀਆਂ ਲੱਤਾਂ ਫਾਈਬੁਲਾ ਹੇਮਿਮੇਲੀਆ ਦਾ ਸ਼ਿਕਾਰ ਸਨ, ਪੈਰ ਉਂਗਲਾਂ ਤੋਂ ਬਗੈਰ ਸਨ। ਲਗਦਾ ਸੀ, ਉਹ ਕਦੀ ਵੀ ਤੁਰ ਨਹੀਂ ਸਕੇਗਾ। ਡਾਕਟਰਾਂ ਦਾ ਕਹਿਣਾ ਸੀ ਕਿ ਜੇ ਇਸ ਦੀਆਂ ਲੱਤਾਂ ਬਚਪਨ ਵਿਚ ਹੀ ਕੱਟ ਦਿੱਤੀਆਂ ਜਾਣ ਤਾਂ ਇਹ ਪੈਰਾਂ ਤੋਂ ਬਿਨਾ ਤੁਰਨਾ ਸਿੱਖ ਜਾਵੇਗਾ। ਇਸ ਕਰਕੇ ਗਿਆਰਾਂ ਮਹੀਨੇ ਦੀ ਉਮਰ ਵਿਚ ਆਸਕਰ ਦੀਆਂ ਦੋਵੇਂ ਲੱਤਾਂ, ਗੋਡਿਆਂ ਅਤੇ ਗਿਟਿਆਂ ਵਿਚਕਾਰੋਂ ਕੱਟ ਦਿੱਤੀਆਂ। ਅਠਾਰਾਂ ਮਹੀਨੇ ਦੀ ਉਮਰ ਵਿਚ ਉਸ ਦੇ ਬਣਾਉਟੀ ਲੱਤਾਂ ਲੱਗ ਗਈਆਂ।

ਆਸਕਰ ਦਾ ਭਰਾ ਕਾਰਲ ਉਸ ਤੋਂ 18 ਮਹੀਨੇ ਵੱਡਾ ਸੀ। ਜਦੋਂ 1989 ਵਿਚ ਉਸ ਦੀ ਭੈਣ ਐਮੀ ਪੈਦਾ ਹੋਈ ਤਾਂ ਆਸਕਰ ਉਸ ਦੇ ਨਿੱਕੇ ਪੈਰਾਂ ਨੂੰ ਹੈਰਾਨੀ ਨਾਲ ਵੇਖਦਾ ਕਿਉਂਕਿ ਉਸ ਨੇ ਆਪਣੇ ਪੈਰ ਤਾਂ ਕਦੀ ਵੀ ਨਹੀਂ ਸਨ ਵੇਖੇ। ਇੱਕ ਵਾਰ ਉਹ ਸਮੁੰਦਰ ਕੰਢੇ ਰੇਤ 'ਤੇ ਖੇਡ ਰਿਹਾ ਸੀ ਤਾਂ ਹੋਰ ਬੱਚੇ ਪੁੱਛਣ ਲੱਗੇ, ਤੇਰੇ ਪੈਰਾਂ ਦੇ ਨਿਸ਼ਾਨ ਦੀ ਥਾਂ ਡੂੰਘੇ ਟੋਏ ਕਿਉਂ ਪੈਂਦੇ ਹਨ? ਉਦੋਂ ਆਸਕਰ ਤਿੰਨ ਸਾਲ ਦਾ ਸੀ ਜਦ ਉਸ ਨੂੰ ਪਤਾ ਲੱਗਾ ਕਿ ਉਹ ਲੋਕਾਂ ਨਾਲੋਂ ਵੱਖਰਾ ਹੈ। ਉਸ ਦਾ ਭਰਾ ਕਾਰਲ ਹਮੇਸ਼ਾ ਉਸ ਦਾ ਧਿਆਨ ਰੱਖਦਾ।

ਆਸਕਰ ਆਪਣੀ ਸਵੈ-ਜੀਵਨੀ 'ਬਲੇਡ ਰਨਰ' ਵਿਚ ਦੱਸਦਾ ਹੈ ਕਿ ਉਸ ਦਾ ਬਾਪ ਅਮੀਰ ਸੀ। ਉਨ੍ਹਾਂ ਕੋਲ ਵੱਡਾ ਰੈਂਚ ਸੀ, ਜਿਸ ਵਿਚ ਉਹ ਖੇਡਦੇ ਸਨ। ਉਹ ਸ਼ਰਾਰਤੀ ਸੀ। ਬਣਾਉਟੀ ਲੱਤਾਂ ਨਾਲ ਦੌੜਦਿਆਂ ਕਦੀ ਵੀ ਮਦਦ ਦੀ ਲੋੜ ਨਹੀਂ ਸੀ ਪਈ, ਹਮੇਸ਼ਾ ਪਰਿਵਾਰ ਦੇ ਮੈਂਬਰਾਂ ਤੋਂ ਅੱਗੇ ਦੌੜਦਾ। ਆਸਕਰ ਲਈ ਔਖਾ ਸਮਾ ਉਦੋਂ ਆਇਆ ਜਦ ਉਸ ਦੇ ਮਾਂ ਪਿਉ ਦਾ ਤਲਾਕ ਹੋ ਗਿਆ। ਉਹ ਸਿਰਫ ਸੱਤ ਸਾਲ ਦਾ ਸੀ। ਉਨ੍ਹਾਂ ਨੂੰ ਆਪਣੀ ਮਾਂ ਨਾਲ ਰਹਿਣਾ ਪਿਆ। ਭਾਵੇਂ ਉਨ੍ਹਾਂ ਦਾ ਪਿਉ ਨਾਲ ਮੇਲ ਹੁੰਦਾ ਰਹਿੰਦਾ ਅਤੇ ਉਹ ਮਦਦ ਵੀ ਕਰਦਾ ਪਰ ਜ਼ਿੰਦਗੀ ਪਹਿਲਾਂ ਵਰਗੀ ਨਹੀਂ ਸੀ ਰਹੀ। ਉਨ੍ਹਾਂ ਦੀ ਮਾਂ ਨੂੰ ਕੰਮ ਕਰਨ ਲਈ ਮਜ਼ਬੂਰ ਹੋਣਾ ਪਿਆ। ਪਰ ਉਹ ਹਮੇਸ਼ਾ ਆਸਕਰ ਦਾ ਧਿਆਨ ਰੱਖਦੀ।

ਆਸਕਰ ਜਦੋਂ ਸਕੂਲ ਗਿਆ ਤਾਂ ਉਹ ਖੇਡਾਂ ਵਿਚ ਹਿੱਸਾ ਲੈਣ ਲੱਗਾ, ਕ੍ਰਿਕਟ, ਕੁਸ਼ਤੀ ਅਤੇ ਫੁਟਬਾਲ ਖੇਡਦਾ। ਕ੍ਰਿਕਟ ਖੇਡਦੇ ਸਮੇਂ ਪੈਡ ਨਹੀਂ ਸੀ ਪਾਉਂਦਾ, ਆਪਣੀਆਂ ਬਣਾਉਟੀ ਲੱਤਾਂ ਨਾਲ ਹੀ ਕੰਮ ਚਲਾ ਲੈਂਦਾ। ਪਰ ਬਣਾਉਟੀ ਲੱਤਾਂ ਬਹੁਤ ਮਹਿੰਗੀਆਂ ਹੋਣ ਕਰਕੇ ਉਨ੍ਹਾਂ ਦੇ ਟੁੱਟਣ ਦਾ ਡਰ ਵੀ ਸੀ। ਆਸਕਰ ਨੇ ਇੱਕ ਵਾਰ ਦੌੜਾਂ ਦੇ ਮੁਕਾਬਲੇ ਵਿਚ ਹਿੱਸਾ ਲਿਆ ਤਾਂ 100 ਮੀਟਰ ਦੀ ਦੌੜ 11.72 ਦੇ ਟਾਈਮ ਨਾਲ ਜਿੱਤ ਲਈ। ਜਦੋਂ ਪਤਾ ਲੱਗਾ ਕਿ ਇਹ ਵਧੀਆ ਟਾਈਮ ਹੈ ਤਾਂ ਉਸ ਨੇ ਦੌੜਾਂ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਛੇਤੀ ਹੀ ਉਹ ਦੌੜਾਂ ਵਿਚ ਮਸ਼ਹੂਰ ਹੋ ਗਿਆ ਤਾਂ ਸਾਰੇ ਪਾਸੇ ਉਸ ਦੀ ਚਰਚਾ ਹੋਣ ਲੱਗੀ। ਜਿਸ ਕੰਪਨੀ ਦੀਆਂ ਉਹ ਬਣਾਉਟੀ ਲੱਤਾਂ ਪਾਉਂਦਾ ਸੀ, ਉਹ ਉਸ ਨੂੰ ਮਸ਼ਹੂਰੀ ਦੇ ਪੈਸੇ ਦੇਣ ਲੱਗੀ। ਟੈਲੀਵਿਜ਼ਨ 'ਤੇ ਉਹ ਮਸ਼ਹੂਰੀਆਂ ਕਰਨ ਲੱਗਾ। ਇਨ੍ਹਾਂ ਪੈਸਿਆਂ ਨਾਲ ਉਸ ਨੇ ਆਪਣੇ ਲਈ ਨਵੀਂ ਕਾਰ ਖਰੀਦੀ।

ਆਸਕਰ ਭਾਵੇਂ ਸਫਲਤਾ ਵੱਲ ਨੂੰ ਵਧ ਰਿਹਾ ਸੀ ਪਰ ਮੁਸ਼ਕਿਲਾਂ ਨੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਿਆ। ਤਲਾਕ ਪਿਛੋਂ ਉਸ ਦੀ ਮਾਂ ਨੇ 2001 ਵਿਚ ਦੂਜੀ ਸ਼ਾਦੀ ਕਰ ਲਈ। ਉਦੋਂ ਆਸਕਰ ਹੋਸਟਲ ਵਿਚ ਰਹਿੰਦਾ ਸੀ। ਪਰ ਉਸ ਨੂੰ ਉਸ ਸਮੇਂ ਬਹੁਤ ਦੁੱਖ ਹੋਇਆ ਜਦ 2006 ਵਿਚ ਬੀਮਾਰੀ ਨਾਲ ਉਸ ਦੀ ਮਾਂ ਦੀ ਮੌਤ ਹੋ ਗਈ। ਆਸਕਰ ਆਪਣੀ ਮਾਂ ਨੂੰ ਬਹੁਤ ਪਿਆਰ ਕਰਦਾ ਸੀ। ਉਸ ਨੇ ਮਾਂ ਦੇ ਜਨਮ ਅਤੇ ਮੌਤ ਦੀ ਤਰੀਕ ਆਪਣੀ ਬਾਂਹ ਉਪਰ ਉਕਰੀ ਹੋਈ ਹੈ। ਇਸ ਸਦਮੇ 'ਚੋਂ ਮੁਸ਼ਕਿਲ ਨਾਲ ਨਿਕਲ ਕੇ ਆਸਕਰ ਨੇ ਫਿਰ ਦੌੜਾਂ ਵਾਲੇ ਪਾਸੇ ਧਿਆਨ ਦੇਣਾ ਸ਼ੁਰੂ ਕੀਤਾ।

ਆਸਕਰ 2004 ਵਿਚ ਏਥਨਜ਼ ਵਿਚ ਹੋਣ ਵਾਲੀਆਂ ਪੈਰਾਲਿੰਪਿਕਸ ਖੇਡਾਂ ਲਈ ਆਪਣੇ ਦੇਸ਼ ਦੀ ਟੀਮ ਲਈ ਚੁਣਿਆ ਗਿਆ। ਉਸ ਨੇ ਖਾਸ



ਦੌੜਨ ਵਾਲੀਆਂ ਲੱਤਾਂ ਨਾਲ ਇਨ੍ਹਾਂ ਖੇਡਾਂ ਵਿਚ ਹਿੱਸਾ ਲਿਆ ਤੇ 17 ਸਾਲ ਦੀ ਉਮਰ ਵਿਚ 200 ਮੀਟਰ ਦੌੜ 'ਚ ਸੋਨੇ ਦਾ ਤਮਗਾ ਜਿੱਤਿਆ, ਜਿਸ ਨੇ ਉਸ ਨੂੰ ਮਸ਼ਹੂਰ ਕਰ ਦਿੱਤਾ। ਆਪਣੇ ਦੇਸ਼ ਵਾਪਸ ਆਉਣ 'ਤੇ ਲੋਕਾਂ ਦੀ ਭੀੜ ਉਸ ਨੂੰ ਵੇਖਣ ਲਈ ਇੱਕਠੀ ਹੋ ਜਾਂਦੀ। ਮੀਡੀਆ ਵਾਲੇ ਗੱਲ ਕਰਨ ਲਈ ਉਸ ਦੇ ਪਿੱਛੇ ਘੁੰਮਦੇ। ਆਸਕਰ ਨੇ ਅੰਗਹੀਣ ਲੋਕਾਂ ਦੀ ਮਦਦ ਲਈ ਇੱਕ ਦਾਨੀ ਸੰਸਥਾ ਖੋਲ੍ਹੀ ਤੇ ਬਣਾਉਟੀ ਲੱਤਾਂ ਸਸਤੀ ਕੀਮਤ 'ਤੇ ਦੇਣ ਦਾ ਉਪਰਾਲਾ ਕੀਤਾ। ਜਦੋਂ ਉਹ ਅੰਗਹੀਣਾਂ ਦੀ ਮਦਦ ਕਰਦਾ ਤਾਂ ਸੋਚਦਾ, ਚੰਗਾ ਹੋਇਆ ਉਸ ਦੀਆਂ ਲੱਤਾਂ ਨਹੀਂ ਹਨ। ਜੇ ਉਹ ਤੰਦਰੁਸਤ ਜਨਮ ਲੈਂਦਾ ਤਾਂ ਲੋਕਾਂ ਦੀ ਲੋੜ ਨੂੰ ਸਮਝਣਾ ਨਹੀਂ ਸੀ।

ਹੁਣ ਆਸਕਰ ਹੋਰ ਮਿਹਨਤ ਕਰਨ ਲੱਗਾ। ਉਸ ਨੇ ਦੌੜਨ ਵਾਲੀਆਂ ਵਧੀਆਂ ਲੱਤਾਂ ਦਾ ਇੰਤਜ਼ਾਮ ਕਰਕੇ, ਚੰਗੇ ਕੋਚਾਂ ਤੋਂ ਟਰੇਨਿੰਗ ਲਈ। ਬੀਜ਼ਿੰਗ ਵਿਚ ਸੰਨ 2008 ਦੀਆਂ ਪੈਰਾਲਿੰਪਿਕਸ ਖੇਡਾਂ ਵਿਚ ਆਸਕਰ ਨੇ ਆਪਣੀ ਯੋਗਤਾ ਦਾ ਲੋਹਾ ਮੰਨਵਾ ਦਿੱਤਾ। ਉਸ ਨੇ 100, 200 ਅਤੇ 400 ਮੀਟਰ ਦੌੜ ਵਿਚ ਸੋਨੇ ਦੇ ਤਮਗੇ ਜਿੱਤੇ। 400 ਮੀਟਰ ਵਿਚ ਤਾਂ ਉਸ ਨੇ ਨਵਾਂ ਵਿਸ਼ਵ ਰਿਕਾਰਡ ਵੀ ਬਣਾਇਆ। ਇਸ ਪਿਛੋਂ ਆਸਕਰ ਦੀ ਸ਼ੋਹਰਤ ਹੋਰ ਵੀ ਵਧ ਗਈ। ਉਸ ਨੂੰ ਹੁਣ ਮਹਿਸੂਸ ਹੋਣ ਲੱਗਾ ਕਿ ਉਹ ਤੰਦਰੁਸਤ ਦੌੜਾਕਾਂ ਨਾਲ ਵੀ ਮੁਕਾਬਲਾ ਕਰ ਸਕਦਾ ਹੈ। ਪਰ ਇਹ ਸਫਰ ਇੰਨਾ ਅਸਾਨ ਨਹੀਂ ਸੀ। ਉਸ ਅੱਗੇ ਬਹੁਤ ਮੁਸ਼ਕਿਲਾਂ ਸਨ।

ਆਸਕਰ ਨੇ 2012 ਵਿਚ ਲੰਡਨ ਹੋਣ ਵਾਲੀਆਂ ਓਲਿੰਪਿਕ ਖੇਡਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਸ ਦੀਆਂ ਕਾਰਬਨ ਬਲੇਡ ਵਾਲੀਆਂ ਲੱਤਾਂ 'ਤੇ ਇਤਰਾਜ਼ ਹੋਣ ਲੱਗਾ। ਆਈ. ਏ. ਏ. ਐਫ. (ਇੰਟਰਨੈਸ਼ਨਲ ਐਸੋਸੀਏਸ਼ਨ ਆਫ ਅਥਲੈਟਿਕਸ ਫੈਡਰੇਸ਼ਨ) ਨੇ ਉਸ ਨੂੰ ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣ ਦੀ ਇਜਾਜਤ ਨਾ ਦਿੱਤੀ। ਕਮੇਟੀ ਨੇ ਹੋਰ ਦੌੜਾਕਾਂ ਨਾਲ ਕੈਮਰੇ ਲਾ ਕੇ ਜਰਮਨੀ ਵਿਚ ਉਸ ਦਾ ਟੈਸਟ ਲਿਆ। ਇਹ ਰਿਪੋਰਟ ਆਸਕਰ ਦੇ ਹੱਕ ਵਿਚ ਨਾ ਆਈ, ਪਰ ਉਸ ਨੇ ਉਮੀਦ ਨਾ ਛੱਡੀ ਅਤੇ ਆਪਣੀ ਲੜਾਈ ਜਾਰੀ ਰੱਖੀ। ਉਸ ਨੂੰ ਕਮੇਟੀ ਦੇ ਖਿਲਾਫ ਮੁਕੱਦਮਾ ਲੜਨਾ ਪਿਆ। ਇਟਲੀ ਦੀ ਅਦਾਲਤ ਵਿਚ ਉਸ ਦੇ ਵਕੀਲਾਂ ਨੇ ਕੇਸ ਲੜਿਆ ਅਤੇ ਅਮਰੀਕਾ ਦੇ ਡਾਕਟਰਾਂ ਨੇ ਉਸ ਦਾ ਪੱਖ ਲਿਆ। ਅੰਤ ਵਿਚ ਉਸ ਦੀ ਜਿੱਤ ਹੋਈ ਅਤੇ ਉਸ ਨੂੰ ਲੰਡਨ ਓਲਿੰਪਿਕਸ ਵਿਚ ਹਿੱਸਾ ਲੈਣ ਦੀ ਆਗਿਆ ਮਿਲ ਗਈ। ਉਹ ਦੁਨੀਆਂ ਦਾ ਦਸਵਾਂ ਐਥਲੀਟ ਬਣਿਆ ਜਿਸ ਨੇ ਅਪਾਹਜ ਹੁੰਦਿਆਂ ਵੀ ਓਲਿੰਪਿਕਸ ਵਿਚ ਹਿੱਸਾ ਲਿਆ।

ਆਸਕਰ ਲੰਡਨ ਓਲਿੰਪਿਕਸ ਵਿਚ ਦੌੜਿਆ ਪਰ ਕੋਈ ਤਮਗਾ ਨਾ ਜਿੱਤ ਸਕਿਆ। ਉਹ ਬਲੇਡ ਰਨਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਟੈਲੀਵਿਜ਼ਨ ਸ਼ੋਆਂ ਵਿਚ ਆਉਣ ਲੱਗਾ ਅਤੇ ਮਸ਼ਹੂਰੀਆਂ ਕਰਕੇ ਬਹੁਤ ਪੈਸੇ ਕਮਾਉਣ ਲੱਗਾ। ਉਸ ਨੇ ਅਮੀਰ ਇਲਾਕੇ ਵਿਚ ਮਹਿੰਗਾ ਘਰ ਖਰੀਦਿਆ ਅਤੇ ਵਧੀਆ ਕਾਰਾਂ ਰੱਖੀਆਂ। ਖੂਬਸੂਰਤ ਕੁੜੀਆਂ ਨਾਲ ਸਬੰਧ ਬਣਾਏ ਅਤੇ ਐਸ਼ ਦੀ ਜ਼ਿੰਦਗੀ ਜਿਉਣ ਲੱਗਾ। ਆਸਕਰ ਬਚਪਨ ਤੋਂ ਹੀ ਗੁੱਸੇਖੋਰ ਸੀ, ਜਿਸ ਕਰਕੇ ਜਵਾਨੀ ਵਿਚ ਉਸ ਨੂੰ ਕਈ ਵਾਰ ਕਾਨੂੰਨ ਦਾ ਸਾਹਮਣਾ ਕਰਨਾ ਪਿਆ। ਪਰ ਆਪਣੇ ਦੇਸ਼ ਦੇ ਲੋਕਾਂ ਦਾ ਉਹ ਨਾਇਕ ਸੀ। ਓਲਿੰਪਿਕਸ ਤੋਂ ਬਾਅਦ ਆਸਕਰ ਨੇ ਲੰਡਨ ਪੈਰਾਲਿੰਪਿਕਸ ਵਿਚ ਵੀ ਹਿੱਸਾ ਲਿਆ। ਹੁਣ ਤਕ ਉਹ ਪੈਰਾਲਿੰਪਿਕਸ ਖੇਡਾਂ ਵਿਚ ਛੇ ਸੋਨੇ ਦੇ, ਇੱਕ ਚਾਂਦੀ ਦਾ ਅਤੇ ਇੱਕ ਕਾਂਸੇ ਦਾ ਮੈਡਲ ਜਿੱਤ ਚੁਕਾ ਸੀ। ਭਾਵੇਂ ਉਸ ਦਾ ਅਸਲੀ ਕੱਦ 5 ਫੁੱਟ, 4 ਇੰਚ ਸੀ ਪਰ ਉਸ ਦੀ ਸ਼ੋਹਰਤ ਸਿਖਰ 'ਤੇ ਸੀ। ਉਸ ਕੋਲ ਦੁਨੀਆਂ ਭਰ ਦੀ ਹਰ ਖੁਸ਼ੀ ਸੀ ਅਤੇ ਅਜੇ ਉਹ ਸਿਰਫ 26 ਸਾਲ ਦਾ ਸੀ।

ਆਸਕਰ ਦੇ ਕਈ ਖੂਬਸੂਰਤ ਕੁੜੀਆਂ ਨਾਲ ਸਬੰਧ ਰਹੇ ਸਨ ਪਰ ਲੰਡਨ ਓਲਿੰਪਿਕਸ ਤੋਂ ਬਾਅਦ ਉਸ ਨੂੰ ਰੇਵਾ ਸਟੈਨਕੈਂਪ ਨਾਂ ਦੀ ਮਾਡਲ ਕੁੜੀ ਨਾਲ ਪਿਆਰ ਹੋ ਗਿਆ। ਉਹ ਦੋਵੇਂ ਇੱਕ ਦੂਜੇ ਨੂੰ ਇੰਨਾ ਚਾਹੁੰਦੇ ਸਨ ਕਿ ਕਈ ਵਾਰ ਰੇਵਾ ਆਸਕਰ ਦੇ ਘਰ ਹੀ ਠਹਿਰ ਜਾਂਦੀ। ਰੇਵਾ ਬਹੁਤ ਖੂਬਸੂਰਤ ਸੀ ਅਤੇ ਆਸਕਰ ਉਸ 'ਤੇ ਸ਼ੱਕ ਵੀ ਕਰਦਾ ਸੀ। ਕਈ ਵਾਰ ਦੋਹਾਂ ਦਾ ਤਕਰਾਰ ਵੀ ਹੋਇਆ, ਪਰ 14 ਫਰਵਰੀ 2013 ਨੂੰ ਉਨ੍ਹਾਂ ਦੀ ਜ਼ਿੰਦਗੀ ਵਿਚ ਭੁਚਾਲ ਆ ਗਿਆ। ਉਸ ਰਾਤ ਰੇਵਾ ਆਸਕਰ ਦੇ ਘਰ ਸੀ। ਅੱਧੀ ਰਾਤ ਤੋਂ ਬਾਅਦ ਆਸਕਰ ਨੇ ਗੋਲੀਆਂ ਮਾਰ ਕੇ ਆਪਣੀ ਪ੍ਰੇਮਿਕਾ ਰੇਵਾ ਨੂੰ ਮਾਰ ਦਿੱਤਾ। ਪੁਲਿਸ ਕੋਲ ਆਸਕਰ ਨੇ ਦੱਸਿਆ ਕਿ ਉਹ ਅਤੇ ਰੇਵਾ ਸੁੱਤੇ ਪਏ ਸਨ, ਕੋਈ ਲੁਟੇਰਾ ਉਨ੍ਹਾਂ ਦੇ ਬਾਥਰੂਮ ਦੀ ਖਿੜਕੀ ਰਾਹੀਂ ਅੰਦਰ ਦਾਖਲ ਹੋਇਆ ਤਾਂ ਉਸ ਨੇ ਗੋਲੀਆਂ ਮਾਰ ਦਿੱਤੀਆਂ, ਪਰ ਬਾਥਰੂਮ ਵਿਚ ਰੇਵਾ ਸੀ। ਇਹ ਉਸ ਕੋਲੋਂ ਭੁਲੇਖੇ ਨਾਲ ਹੋਇਆ। ਜਦੋਂ ਇਹ ਕੇਸ ਅਦਾਲਤ ਵਿਚ ਗਿਆ ਤਾਂ ਆਸਕਰ ਦੀ ਭੁਲੇਖੇ ਵਾਲੀ ਗੱਲ ਨੂੰ ਮੰਨ ਕੇ ਉਸ ਨੂੰ ਸਿਰਫ ਪੰਜ ਸਾਲ ਦੀ ਸਜ਼ਾ ਦਿੱਤੀ ਗਈ। ਪਰ ਸੁਪਰੀਮ ਕੋਰਟ ਨੇ ਉਸ ਨੂੰ ਕਾਤਲ ਕਰਾਰ ਦੇ ਕੇ 13 ਸਾਲ ਦੀ ਸਜ਼ਾ ਸੁਣਾਈ। ਹੁਣ ਆਸਕਰ ਜੇਲ੍ਹ ਦੀਆਂ ਸਲਾਖਾਂ ਪਿੱਛੇ ਜ਼ਿੰਦਗੀ ਕੱਟ ਰਿਹਾ ਹੈ ਅਤੇ 2023 ਵਿਚ ਬਾਹਰ ਆ ਕੇ ਆਜ਼ਾਦ ਹਵਾ ਵਿਚ ਸਾਹ ਲੈ ਸਕੇਗਾ।

# ਵਿਸ਼ਵ ਫੁਟਬਾਲ ਕੱਪ ਨੇ ਸਿਰਜੀਆਂ ਜੀਵਨ ਕਦਰਾਂ-ਕੀਮਤਾਂ

ਹਾਲ ਹੀ 'ਚ ਰੂਸ ਵਿਖੇ ਹੋਏ ਫੀਫਾ ਵਿਸ਼ਵ ਫੁਟਬਾਲ ਕੱਪ ਬਾਰੇ ਵੱਖ ਵੱਖ ਖੇਡ ਆਲੋਚਕਾਂ/ਲੇਖਕਾਂ ਨੇ ਆਪੋ ਆਪਣੇ ਨਜ਼ਰੀਏ ਤੋਂ ਇਸ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਕਰ ਰਹੇ ਹਨ। ਇਹ ਸੱਚ ਹੈ ਕਿ ਦੁਨੀਆਂ 'ਚ ਜੇ ਕੋਈ ਖੇਡ ਸਭ ਤੋਂ ਵੱਧ ਹਰਮਨ ਪਿਆਰੀ ਹੋ ਚੁਕੀ ਹੈ ਤਾਂ ਉਹ ਫੁਟਬਾਲ ਹੀ ਹੈ। ਇਹ ਖੇਡ ਇਸ ਕਦਰ ਵਣਜੀ ਜਾਂ ਤਜ਼ਾਰਤੀ ਹੋ ਚੁਕੀ ਹੈ ਕਿ ਅਮੀਰ ਕਲੱਬ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਲੱਖ ਲੱਖ ਕੇ ਵੱਡੇ ਮੁੱਲ ਤਾਰਦੇ ਹਨ। ਜਦੋਂ ਸਾਨਾਂ ਦੇ ਭੇੜ

**ਰੌਸ਼ਨ ਖੈੜਾ**
ਫੋਨ: 91-98766-33216

ਹੁੰਦੇ ਹਨ ਤਾਂ ਫੁਟਬਾਲ ਦੇ ਸ਼ੌਕੀਨ ਸੌ ਕੰਮ ਛੱਡ ਕੇ ਮਹਿੰਗੀਆਂ ਟਿਕਟਾਂ ਹੀ ਨਹੀਂ ਖਰੀਦਦੇ, ਸਗੋਂ ਕਈ ਕਈ ਦਿਨ ਹੋਟਲਾਂ 'ਚ ਹੀ ਰਹਿੰਦੇ ਅਤੇ ਸਟਾਰ ਖਿਡਾਰੀਆਂ ਦੀ ਵਿਲੱਖਣ ਕਲਾ ਨੂੰ ਦੇਖਣ-ਮਾਣਨ ਲਈ ਨਵੀਆਂ ਨਵੀਆਂ ਯਾਰੀਆਂ ਵੀ ਸਿਰਜ ਲੈਂਦੇ ਹਨ।

ਕੇਵਲ ਤੇ ਕੇਵਲ ਮਨੋਰੰਜਨ ਕਰਨ ਵਾਲੇ ਸਟੇਡੀਅਮਾਂ ਵਿਚ ਹੀ ਆਪਣੇ ਖਾਣ-ਪੀਣ ਦਾ ਜੁਗਾੜ ਕਰਕੇ 'ਪਟਿਆਲਾ ਪੈਗ' ਦਾ ਮਾਹੌਲ ਸਿਰਜਦੇ ਉਨ੍ਹਾਂ ਲਾਹਨਤੀ ਲੋਕਾਂ ਲਈ ਇਨਸਾਨੀ ਵੰਗਾਰ ਬਣ ਜਾਂਦੇ ਹਨ ਜੋ ਹੱਦਾਂ, ਸਰਹੱਦਾਂ, ਜਾਤਾਂ, ਵਰਗਾਂ ਅਤੇ ਧਰਮਾਂ 'ਚ ਉਲਝੇ ਆਪਣੀ ਕੁਦਰਤੀ ਸਰੂਪਤਾ ਗਵਾ ਕੇ ਵਿਨਾਸ਼ਕਾਰੀ ਕਰੂਪਤਾ ਦੇ ਮੁਦੱਈ ਬਣੇ ਬੈਠੇ ਹਨ।

ਖੇਡ ਨਿਯਮਾਂ ਤਹਿਤ ਖੇਡਣ ਦਾ ਸਿਲਸਿਲਾ ਮਨੁੱਖੀ ਪੱਠਿਆਂ ਜਾਂ ਜਿਸਮਾਨੀ ਤਾਕਤ ਨੂੰ ਨਿਰਖਣ-ਪਰਖਣ ਲਈ ਹੀ ਸ਼ੁਰੂ ਨਹੀਂ ਹੋਇਆ ਸਗੋਂ ਜ਼ਿੰਦਗੀ ਦੀਆਂ ਸਮਾਜਕ ਜੀਵਨ ਕਦਰਾਂ-ਕੀਮਤਾਂ ਨੂੰ ਸਿਰਜਣ ਦਾ ਅਮਲੀ ਵਰਤਾਰਾ ਵੀ ਹੈ। ਕਿਉਂਕਿ ਸਰੀਰਕ ਕ੍ਰਿਆਵਾਂ ਰਾਹੀਂ ਸਿੱਖੇ ਅਨੁਭਵਾਂ ਨਾਲ ਸਰੀਰਕ, ਮਾਨਸਿਕ ਅਤੇ ਸੰਵੇਗਾਤਮਕ ਤੰਦਰੁਸਤੀ ਨਾਲ ਜ਼ਿੰਦਗੀ ਜਿਉਣ ਦੀ ਕਲਾ ਨੂੰ ਵੀ ਉਜਾਗਰ ਕਰਨਾ ਹੁੰਦਾ ਹੈ। ਸੁਆਮੀ ਵਿਵੇਕਾਨੰਦ ਨੇ ਕਿਹਾ ਸੀ ਕਿ ਅੱਜ ਦੇ ਬੱਚੇ ਦੀ ਸੰਪੂਰਨ ਸ਼ਖਸੀਅਤ ਸਿਰਜਣ ਲਈ ਉਸ ਨੂੰ ਭਗਵਤ ਗੀਤਾ ਦੀ ਨਹੀਂ ਸਗੋਂ ਫੁਟਬਾਲ ਦੀ ਜ਼ਰੂਰਤ ਹੈ। ਫਿਰ ਦੇਖਣਾ, ਉਸ ਦੀ ਸ਼ਖਸੀਅਤ ਦੇ ਗਮਲੇ 'ਚ ਸੂਹੇ ਫੁੱਲ ਕਿਵੇਂ ਖਿੜਦੇ ਹਨ!

ਇਸ ਆਲਮੀ ਫੁਟਬਾਲ ਕੱਪ ਦੇ ਖੇਡ ਰਿਕਾਰਡ 'ਚ ਇਹ ਸਭ ਕੁਝ ਲਿਖਤੀ ਰਿਕਾਰਡ 'ਚ ਮਿਲੇਗਾ ਕਿ ਪਹਿਲੇ ਕੱਪਾਂ ਦੇ ਮੁਕਾਬਲੇ ਕਿਨ੍ਹਾਂ ਟੀਮਾਂ ਜਾਂ ਸਟਾਰ ਖਿਡਾਰੀਆਂ ਨੇ ਕਿਹੜੇ ਕਿਹੜੇ ਰਿਕਾਰਡ ਬਣਾਏ ਹਨ? ਕਿਹੜੀ ਟੀਮ ਵਿਸ਼ਵ ਦੀ ਪਹਿਲਾਂ ਆਹਲਾ ਟੀਮ ਰਹੀ ਹੈ ਅਤੇ ਕਿਹਨੂੰ ਹੁਣ ਆਹਲਾ ਬਣਨ ਦਾ ਸੁਭਾਗ ਹਾਸਲ ਹੋਇਆ ਹੈ? ਇਤਿਹਾਸ ਹਮੇਸ਼ਾ ਜੇਤੂ ਦੇ ਹੀ ਗੁਣਗਾਣ ਕਰਨ ਲਈ ਲਿਖੇ ਜਾਂਦੇ ਹਨ, ਹਾਰਨ ਵਾਲਿਆਂ ਨੂੰ ਮੂਲੋਂ ਹੀ ਵਿਸਾਰ ਦਿੱਤਾ ਜਾਂਦਾ ਹੈ, ਜਿਵੇਂ ਉਨ੍ਹਾਂ ਨੇ ਆਪਣੇ ਜੀਵਨ ਦੀ ਜਦੋ ਜਹਿਦ ਲਈ ਕੋਈ ਪੂਣੀ ਕੱਤੀ ਹੀ ਨਾ ਹੋਵੇ। ਜੇਤੂ ਜਸ਼ਨ ਮਨਾਉਂਦੇ ਹਨ ਅਤੇ ਜੇਤੂ ਨਾਲ ਆਖਰੀ ਦਮ ਤੱਕ ਲੜਨ-ਭਿੜਨ ਵਾਲੇ ਹਾਰਨ ਪਿਛੋਂ ਜਾਂ ਤਾਂ ਉਦਾਸੀ ਦੇ ਆਲਮ 'ਚ ਚਲੇ ਜਾਂਦੇ ਹਨ ਜਾਂ ਭਵਿੱਖ ਵਿਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਹੋਰ ਘਾਲਣਾ ਘਾਲਦੇ ਹਨ।

ਇਹ ਖੇਡ ਭਾਵਨਾ ਸਦਕਾ ਹੀ ਹੈ ਕਿ ਹਾਰਨ ਵਾਲਾ ਖਿਡਾਰੀ ਜਿੱਤਣ ਵਾਲੇ ਨੂੰ ਮੁਬਾਰਕ ਦਿੰਦਾ ਹੈ ਅਤੇ ਜਿੱਤਣ ਵਾਲਾ ਵੀ ਹਾਰਨ ਵਾਲੇ ਨੂੰ ਗਲ ਲਾ ਹੋਰ ਮਿਹਨਤ ਕਰਨ ਲਈ ਹੌਸਲਾ ਦਿੰਦਾ ਹੈ। ਅਜਿਹਾ ਹੀ ਆਲਮ ਇਸ ਕੱਪ 'ਚ ਦੇਖਣ ਨੂੰ ਮਿਲਿਆ। ਮੈਚ ਦੌਰਾਨ ਦੁਸ਼ਮਣਾਂ ਵਾਂਗ ਲੜਨ-ਭਿੜਨ ਵਾਲੇ ਮੈਚ ਪਿਛੋਂ ਸਕੇ ਭਰਾਵਾਂ ਵਾਂਗ ਜਦੋਂ ਮਿਲਦੇ ਹਨ ਤਾਂ ਇਨਸਾਨੀ ਕਦਰਾਂ-ਕੀਮਤਾਂ ਦੇ ਸਾਫ-ਸੁਫਾਫ ਚਸ਼ਮੇ ਵਹਿ ਤੁਰਦੇ ਹਨ।

ਕਿਸੇ ਵੀ ਸੰਗਠਨ ਦੀ ਸਫਲਤਾ ਦੀ ਕੁੰਜੀ ਫੁਟਬਾਲ ਦੀ ਖੇਡ ਨੂੰ ਮੰਨ ਕੇ ਮਿਸਾਲ ਦਿੱਤੀ ਜਾਂਦੀ ਹੈ ਕਿ ਜਦੋਂ ਸਹੀ ਖਿਡਾਰੀ ਸਹੀ ਸਥਾਨ 'ਤੇ ਖੇਡੇਗਾ ਤਾਂ ਸਫਲਤਾ ਦਾ ਗੋਲ ਵੀ ਇੱਕ ਦੂਜੇ ਦੇ ਸਹਿਯੋਗ ਨਾਲ ਟੀਮ ਦਾ ਹਾਸਲ ਬਣ ਜਾਂਦਾ ਹੈ। ਪਰ ਜਦੋਂ ਕੋਈ ਟੀਮ ਵਰਕ ਛੱਡ ਇੱਕਲਾ ਹੀ ਨਾਢੂ ਖਾਂ ਬਣਿਆ ਫਿਰੇਗਾ ਤਾਂ ਟੀਮ ਬਣਦੇ ਖਿਤਾਬ ਤੋਂ ਖੁੰਝ ਜਾਂਦੀ ਹੈ। ਇਹ ਮੰਜ਼ਰ ਇਸ ਵੱਕਾਰੀ ਕੱਪ 'ਚ ਵੀ ਦੇਖਣ ਨੂੰ ਮਿਲਿਆ। ਜਿਨ੍ਹਾਂ ਟੀਮਾਂ 'ਚ ਵੱਡੇ ਨਾਂ ਜਿਵੇਂ ਮੈਸੀ, ਕੇਨ, ਰੋਨਾਲਡੋ, ਨੇਮਰ ਆਦਿ ਖੇਡਦੇ ਸਨ, ਉਹ ਟੀਮਾਂ ਰਾਹ 'ਚ ਦਮ ਤੋੜ ਗਈਆਂ। ਉਹ ਭਾਵੇਂ ਗੋਲਡਨ ਬੂਟ, ਸਿਲਵਰ ਜਾਂ ਤਾਂਬੇ ਦੇ ਬਾਲ ਤਾਂ ਲੈ ਗਏ ਪਰ ਜਿਸ ਕੱਪ ਨੂੰ ਚੁੰਮਣ ਲਈ ਟੀਮਾਂ ਭਿੜਦੀਆਂ ਸਨ, ਉਸ ਲਈ ਅੰਤ 'ਚ ਫਰਾਂਸ ਅਤੇ ਕਰੋਸ਼ੀਆ ਦੀਆਂ ਟੀਮਾਂ ਨੇ ਫੁਟਬਾਲ ਪ੍ਰੇਮੀਆਂ ਦੀ ਅੱਖ ਵੀ ਝਪਕਣ ਨਾ ਦਿੱਤੀ। ਦੋਹਾਂ ਟੀਮਾਂ 'ਚ ਕਿਰਾਏ ਵਾਲੇ ਜਾਂ ਖਰੀਦੇ ਸਟਾਰ ਨਹੀਂ ਸਨ ਸਗੋਂ ਫਾਈਨਲ ਮੈਚ ਦੌਰਾਨ ਦੋਹਾਂ ਟੀਮਾਂ ਦੇ ਆਪਣੇ ਸਟਾਰ ਖਿਡਾਰੀ ਉਭਰੇ। ਜੇਤੂ ਭਾਵੇਂ ਫਰਾਂਸ ਰਿਹਾ ਪਰ ਦੋਹਾਂ ਟੀਮਾਂ ਨੇ ਜਿਸ ਢੰਗ ਨਾਲ ਆਪਸੀ ਮੁਹੱਬਤਾਂ ਵੰਡੀਆਂ, ਉਹ ਫੁੱਟਬਾਲ ਖੇਡ ਲਈ ਸੋਨੇ 'ਤੇ ਸੁਹਾਗੇ ਦਾ ਕੰਮ ਕਰ ਗਈਆਂ।

ਉਸ ਦਿਨ ਨੂੰ ਇਤਿਹਾਸਕ ਬਣਾਉਣ ਲਈ ਕੁਦਰਤ ਵੀ ਮਾਣਮੱਤੇ ਜੇਤੂ ਤੇ ਉਪ ਜੇਤੂ ਖਿਡਾਰੀਆਂ ਅਤੇ ਪ੍ਰਬੰਧਕਾਂ ਦੀ ਕਾਰਗੁਜ਼ਾਰੀ ਤੋਂ ਏਨੀ ਖੁਸ਼ ਹੋਈ ਕਿ ਮੈਚ ਖਤਮ ਹੁੰਦਿਆਂ ਹੀ ਅਜਿਹਾ ਮੇਘ ਬਰਸਿਆ ਕਿ ਸ਼ਗਨਾਂ ਦਾ ਹੀ ਕੁੰਭ ਹੋ ਗਿਆ। ਫਰਾਂਸ ਅਤੇ ਕਰੋਸ਼ੀਆ ਦੇ ਰਾਸ਼ਟਰਪਤੀਆਂ ਨੇ ਦੋਹਾਂ ਟੀਮਾਂ ਦੇ ਖਿਡਾਰੀਆਂ ਅਤੇ ਕੋਚਾਂ ਨੂੰ ਮੀਂਹ ਪੈਂਦੇ 'ਚ ਹੀ ਆਪਣੀਆਂ ਮੁਹੱਬਤੀ ਗਲਵੱਕੜੀਆਂ ਦਾ ਨਿੱਘ ਦਿੱਤਾ। ਦੋਹਾਂ ਰਾਸ਼ਟਰਪਤੀਆਂ ਨੇ ਹੀ ਸੋਨ ਕੱਪ ਨੂੰ ਚੁੰਮ ਕੇ ਖੇਡ ਜਗਤ ਦੀ ਚੜ੍ਹਦੀ ਕਲਾ ਲਈ ਖੁਸ਼ੀ ਦੇ ਅੱਥਰੂਆਂ ਨਾਲ ਰੱਜ ਕੇ ਦੁਆਵਾਂ ਮੰਗਦਿਆਂ ਸੰਦੇਸ਼ ਦਿੱਤਾ ਕਿ ਜਿੱਤਾਂ ਦੇ ਜਸ਼ਨ ਨਾਗਾਸਾਕੀ, ਹੀਰੋਸ਼ੀਮਾ ਦੀ ਤਬਾਹੀ ਨਾਲ ਨਹੀਂ ਮਨਾਏ ਜਾਂਦੇ, ਧਰਤੀ ਗ੍ਰਹਿ ਉਤੇ ਮੁਹੱਬਤੀ ਆਲਮੀ ਸੋਚ ਬਣਾ ਕੇ ਜੇਤੂਆਂ ਦੀਆਂ ਸਨਮਾਨਾਂ ਨਾਲ ਝੋਲੀਆਂ ਭਰ ਕੇ ਹੀ ਜ਼ਿੰਦਗੀ ਜ਼ਿੰਦਾਬਾਦ ਦੇ ਜਸ਼ਨ ਮਨਾਏ ਜਾ ਸਕਦੇ ਹਨ।

# ਪੰਜਾਬੀਏ ਜ਼ੁਬਾਨੇ ਨੀ...

## ਕਲਾ ਪਰਿਕਰਮਾ

**ਡਾ. ਸੁਦਰਸ਼ਨ ਗਾਸੋ**
ਫੋਨ: 91-98962-01036

ਇਕ ਦਿਨ ਮੈਂ ਪੰਜਾਬੀ ਯੂਨੀਵਰਸਿਟੀ ਤੋਂ ਪਟਿਆਲਾ ਸ਼ਹਿਰ ਜਾਣ ਵਾਲੀ ਇਕ ਪ੍ਰਾਈਵੇਟ ਮਿਨੀ ਬੱਸ ਵਿਚ ਸਫ਼ਰ ਕਰ ਰਿਹਾਂ ਸਾਂ। ਉਸ ਬੱਸ ਵਿਚ ਉਘੇ ਗਾਇਕ ਗੁਰਦਾਸ ਮਾਨ ਦਾ ਲਿਖਿਆ ਤੇ ਗਾਇਆ ਗੀਤ ਵੱਜ ਰਿਹਾ ਸੀ:

ਪੰਜਾਬੀਏ ਜ਼ੁਬਾਨੇ ਨੀ
ਰਕਾਨੇ ਮੇਰੇ ਦੇਸ਼ ਦੀਏ
ਫ਼ਿੱਕੀ ਪੈ ਗਈ ਚਿਹਰੇ ਦੀ ਨੁਹਾਰ।
ਮੀਢੀਆਂ ਖਿਲਾਰੀ ਫਿਰੇਂ
ਨੀ ਬੁੱਲ੍ਹੇ ਦੀਏ ਕਾਫ਼ੀਏ ਨੀ
ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ।
ਗੁਰੂ ਗੋਰਖ ਦੀ ਗੁੜ੍ਹਤੀ ਲੈ ਕੇ
ਨਾਥਾਂ ਟਿਲੇ ਜਾਈ
ਤੂੰ ਬਾਬੇ ਦੀ ਬਾਣੀ ਬਣ ਕੇ
ਗੁਰੂਆਂ ਦੇ ਘਰ ਆਈ
ਸੰਗਤਾਂ ਨੇ ਲਾਡ ਤੇ
ਪਿਆਰ ਦਿੱਤਾ ਐਸਾ ਤੈਨੂੰ
ਦਿਨਾਂ ਵਿਚ ਹੋਗੀ ਮੁਟਿਆਰ ਨੀ
ਸੂਫ਼ੀ ਸੰਤ ਫਕੀਰਾਂ ਤੈਨੂੰ
ਦਿੱਤੀ ਘੁੰਢ ਚੁਕਾਈ
ਹਰ ਪੰਜਾਬੀ ਦੀ ਮਾਂ ਬਣ ਕੇ
ਘਰ ਘਰ ਕਦਰ ਪਵਾਈ।

ਗੀਤ ਬਹੁਤ ਸੋਹਣਾ ਲਿਖਿਆ ਅਤੇ ਗਾਇਆ ਹੋਣ ਕਰਕੇ ਮੇਰੇ ਮਨ 'ਤੇ ਬਹੁਤ ਡੂੰਘਾ ਅਸਰ ਪਾ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਇੰਨੀ ਸੋਹਣੀ, ਪਿਆਰੀ, ਮਠਿਆਰੀ, ਸਚਿਆਰੀ ਤੇ ਸੁਚੱਜੀ ਭਾਸ਼ਾ ਦੀ ਨੁਹਾਰ ਫਿੱਕੀ ਕਿਉਂ ਪੈ ਗਈ? ਫਿੱਕੀ ਕਿਉਂ ਪੈ ਰਹੀ ਹੈ? ਇਹ ਪ੍ਰਸ਼ਨ ਸਾਡੇ ਸਾਰਿਆਂ ਲਈ ਸੋਚਣ ਵਾਲੇ ਹਨ ਅਤੇ ਵੇਲੇ ਸਿਰ ਇਨ੍ਹਾਂ ਦਾ ਹੱਲ ਵੀ ਕੱਢਣਾ ਚਾਹੀਦਾ ਹੈ।

ਦੁਨੀਆਂ ਦੇ ਤਕਰੀਬਨ ਡੇਢ ਸੌ ਦੇਸ਼ਾਂ ਵਿਚ ਪੰਜਾਬੀ ਜਾ ਵਸੇ ਹਨ ਤੇ ਉਥੇ ਆਪਣੀ ਭਾਸ਼ਾ ਲੈ ਕੇ ਗਏ ਹਨ। ਆਪਣੇ ਸਭਿਆਚਾਰ ਦਾ ਵਿਸਥਾਰ ਵੀ ਉਹ ਕਰ ਰਹੇ ਹਨ। ਪੰਜਾਬੀਆਂ ਨੇ ਉਥੇ ਆਪਣੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਬੌਧਿਕਤਾ ਦੀ ਭਰਪੂਰ ਹਾਜ਼ਰੀ ਲਵਾਈ ਹੈ।

ਪੰਜਾਬ, ਦੁਨੀਆਂ ਦੀ ਉਹ ਧਰਤੀ ਹੈ ਜਿਥੇ ਗਿਆਨ ਦੀ ਗੰਗਾ ਵਹਿੰਦੀ ਰਹੀ ਹੈ। ਜੇ ਪੰਜਾਬੀ ਪੂਰੀ ਦੁਨੀਆਂ ਵਿਚ ਫੈਲ ਰਹੀ ਹੈ ਤਾਂ ਆਪਣੇ ਘਰ ਪੰਜਾਬ ਵਿਚ ਇਹ ਸੁੰਗੜਨੀ ਨਹੀਂ ਚਾਹੀਦੀ ਅਤੇ ਨਾ ਹੀ ਤਰਸ ਦੀ ਪਾਤਰ ਬਣਨੀ ਚਾਹੀਦੀ ਹੈ। ਅੱਜ ਜਦੋਂ ਸੰਸਾਰੀਕਰਨ, ਵਪਾਰੀਕਰਨ, ਲੁਟੇਰਾਕਰਨ ਤੇ ਟੁਚੇਰਾਕਰਨ ਭਾਸ਼ਾਵਾਂ, ਮਾਨਤਾਵਾਂ ਤੇ ਮਾਤਾਵਾਂ ਨੂੰ ਫਨਾਹ ਕਰਨ ਦੇ ਰਾਹ ਤੁਰਿਆ ਹੈ; ਉਸ ਸਮੇਂ ਪੰਜਾਬੀ ਮਾਂ ਬੋਲੀ ਦੀ ਸਲਾਮਤੀ ਲਈ ਉਠ ਖੜ੍ਹੇ ਹੋਣ ਦਾ ਵੇਲਾ ਹੈ। ਦੇਸ਼ ਵੰਡ ਤੋਂ ਪਹਿਲਾਂ ਅਸੀਂ ਭਾਸ਼ਾਈ ਗੁਲਾਮੀ ਦੇ ਸੰਗਲਾਂ ਵਿਚ ਜਕੜੇ ਹੋਏ ਸਾਂ। ਦੇਸ਼ ਵੰਡ ਤੋਂ ਬਾਅਦ ਭਾਸ਼ਾਵਾਂ ਦੀ ਦੁਰਗਤੀ ਬੰਦ ਹੋਣੀ ਚਾਹੀਦੀ ਸੀ, ਪਰ ਇਹ ਹਾਲੇ ਵੀ ਜਾਰੀ ਹੈ। ਪੰਜਾਬ ਵਿਚ ਮਾਂ ਬੋਲੀ ਪੰਜਾਬੀ ਦੇ ਵਿਕਾਸ ਤੇ ਵਿਸਥਾਰ ਵਾਸਤੇ ਵਿਆਪਕ ਯੋਜਨਾਵਾਂ ਉਲੀਕੀਆਂ ਜਾਣੀਆਂ ਚਾਹੀਦੀਆਂ ਹਨ, ਤੁਰੰਤ ਪੰਜਾਬੀ ਪੱਖੀ ਭਾਸ਼ਾਈ ਨੀਤੀ ਬਣਾਉਣੀ ਤੇ ਅਪਣਾਉਣੀ ਚਾਹੀਦੀ ਹੈ। ਉਸੇ ਵਿਚੋਂ ਸਭਿਆਚਾਰਕ ਨੀਤੀ, ਸਦਾਚਾਰ ਨੀਤੀ, ਸੰਗੀਤ ਨੀਤੀ, ਵਪਾਰ ਨੀਤੀ ਤੇ ਗੀਤ ਨੀਤੀ ਦੀਆਂ ਲੜੀਆਂ ਨਿਕਲਣੀਆਂ ਚਾਹੀਦੀਆਂ ਹਨ। ਪੰਜਾਬ ਸਰਕਾਰ ਨੂੰ ਮਾਂ ਬੋਲੀ ਦੇ ਵਿਕਾਸ ਲਈ ਭਰਪੂਰ ਫੰਡ ਮੁਹੱਈਆ ਕਰਨਾ ਚਾਹੀਦਾ ਹੈ। ਮਾਂ ਬੋਲੀ ਨੂੰ ਰੁਜ਼ਗਾਰ ਨਾਲ ਜੋੜਨਾ ਚਾਹੀਦਾ ਹੈ। ਸਥਾਨਕ ਭਾਸ਼ਾ ਵਿਚ ਸਥਾਨਕ ਕਿੱਤਿਆਂ ਦਾ ਵਿਕਾਸ ਹੋਣਾ ਚਾਹੀਦਾ ਹੈ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦਾ ਜਿਹੜਾ ਬੁਰਾ ਹਾਲ ਅਜੋਕੇ ਸਮੇਂ ਵਿਚ ਹੋਇਆ ਹੈ, ਇਹ ਪਹਿਲਾਂ ਵੇਖਣ ਨੂੰ ਨਹੀਂ ਮਿਲਿਆ ਸੀ। ਮਾਂ ਬੋਲੀ ਤੋਂ ਉਸ ਦਾ ਰੈਣ-ਬਸੇਰਾ ਹੀ ਖੋਹਿਆ ਜਾ ਰਿਹਾ ਹੈ।

ਭਾਸ਼ਾ ਵਿਭਾਗ ਦੇ ਕਮਰੇ ਵੇਚੇ ਜਾ ਰਹੇ ਹਨ। ਬੜੇ ਅਫ਼ਸੋਸ ਦੀ ਗੱਲ ਹੈ ਕਿ ਇਹ ਸਭ ਦੇਖ ਕੇ ਪੰਜਾਬੀ ਪੁੱਤਰਾਂ 'ਤੇ ਕੋਈ ਅਸਰ ਨਾ ਹੋਵੇ। ਭਾਸ਼ਾ ਵਿਭਾਗ ਦੀ ਸ਼ਾਨ ਨੂੰ ਚਾਰ ਚੰਨ ਲਾਉਣੇ ਸਮੇਂ ਦੀ ਵੱਡੀ ਮੰਗ ਹੈ ਜਿਹੜੀ ਤੁਰੰਤ ਪੂਰੀ ਹੋਣੀ ਚਾਹੀਦੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਹੋਂਦ ਦਾ ਮਕਸਦ ਵੀ ਪੂਰਾ ਹੋਣਾ ਚਾਹੀਦਾ ਹੈ। ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਗਿਆਨ ਦੇ ਰੋਲ ਮਾਡਲ ਵੀ ਇਥੋਂ ਹੀ ਸਥਾਪਤ ਹੋਣੇ ਚਾਹੀਦੇ ਹਨ। ਪੰਜਾਬੀ ਸਾਹਿਤਕਾਰਾਂ, ਵਿਦਵਾਨਾਂ ਦੀ ਸਤਿਕਾਰਤ ਸ਼ਮੂਲੀਅਤ ਅਜਿਹੀਆਂ ਸੰਸਥਾਵਾਂ ਦੇ ਮਿਆਰ ਨੂੰ ਬੁਲੰਦੀਆਂ ਬਖ਼ਸ਼ਣ ਵਿਚ ਸਹਾਇਕ ਸਾਬਤ ਹੋਵੇਗੀ।

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ 1954 ਵਿਚ ਬਣੀ ਪੰਜਾਬੀ ਅਕਾਦਮੀ, ਲੁਧਿਆਣਾ ਵੀ ਪੰਜਾਬੀ ਮਾਂ ਬੋਲੀ ਲਈ ਅਨੇਕਾਂ ਵਡੇਰੇ ਮਹੱਤਵ ਵਾਲੇ ਕਾਰਜ ਕਰਦੀ ਆ ਰਹੀ ਹੈ। ਪੰਜਾਬੀ ਦੇ ਵੱਡੇ ਸਾਹਿਤਕਾਰਾਂ ਡਾ. ਭਾਈ ਜੋਧ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਪ੍ਰੋ. ਪ੍ਰੀਤਮ ਸਿੰਘ, ਗਿਆਨੀ ਲਾਲ ਸਿੰਘ, ਡਾ. ਐਸ.ਐਸ. ਜੌਹਲ, ਡਾ. ਸੁਰਜੀਤ ਪਾਤਰ, ਡਾ. ਦਲੀਪ ਕੌਰ ਟਿਵਾਣਾ, ਅਮਰੀਕ ਸਿੰਘ ਪੂਨੀ, ਪ੍ਰੋ. ਮੋਹਨ ਸਿੰਘ, ਡਾ. ਪਰਮਿੰਦਰ ਸਿੰਘ, ਪ੍ਰੋ. ਗੁਰਭਜਨ ਗਿੱਲ ਦੀ ਵੱਡਮੁੱਲੀ ਅਗਵਾਈ ਅਕਾਦਮੀ ਨੂੰ ਮਿਲਦੀ ਰਹੀ ਹੈ। ਅਕਾਦਮੀ ਦੇ ਵਰਤਮਾਨ ਪ੍ਰਧਾਨ ਸ਼੍ਰੋਮਣੀ ਸ਼ਾਇਰ ਪ੍ਰੋ. ਰਵਿੰਦਰ ਭੱਠਲ ਅਤੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਵਾਲੀ ਟੀਮ ਨੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਲਈ ਅਨੇਕਾਂ ਯੋਜਨਾਵਾਂ ਉਲੀਕੀਆਂ ਹਨ। ਅਕਾਦਮੀ ਨੇ ਪਿੱਛੇ ਜਿਹੇ ਮਹਾਂਕਵੀ ਰਾਬਿੰਦਰ ਨਾਥ ਟੈਗੋਰ ਦੀਆਂ ਰਚਨਾਵਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਿਤ ਕਰਨ ਦਾ ਮਹੱਤਵਪੂਰਨ ਇਤਿਹਾਸਕ ਕਾਰਜ ਕੀਤਾ ਹੈ। ਅਕਾਦਮੀ ਦੇ ਵਡੇਰੇ ਮੰਤਵਾਂ ਦੀ ਪੂਰਤੀ ਲਈ ਪੰਜਾਬ ਸਰਕਾਰ ਨੂੰ ਦਿਲ ਖੋਲ੍ਹ ਕੇ ਅਕਾਦਮੀ ਦੀ ਆਰਥਿਕ ਤੌਰ 'ਤੇ ਪਿੱਠ ਥਾਪੜਨੀ ਚਾਹੀਦੀ ਹੈ।

ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸਬੰਧਿਤ ਸਾਰੇ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਪ੍ਰਕਾਸ਼ਕਾਂ, ਪੱਤਰਕਾਰਾਂ, ਅਖ਼ਬਾਰਾਂ, ਦੇਸ਼-ਵਿਦੇਸ਼ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪੰਜਾਬੀ ਭਾਸ਼ਾ ਦੁਆਰਾ ਵਿਕਾਸ ਦੇ ਨਵੇਂ ਮਾਰਗਾਂ, ਢੰਗਾਂ, ਤਰੀਕਿਆਂ ਨੂੰ ਅਪਣਾਉਣ ਅਤੇ ਉਨ੍ਹਾਂ ਤੋਂ ਮਨ-ਇੱਛਿਤ ਨਤੀਜੇ ਪ੍ਰਾਪਤ ਕਰਨ ਲਈ 'ਪੰਜਾਬੀ ਵਿਕਾਸ ਬੋਰਡ' ਦੇ ਨਾਂ ਹੇਠ ਨਵੀਂ ਸੰਸਥਾ ਬਣਾਉਣੀ ਚਾਹੀਦੀ ਹੈ ਜਿਹੜੀ ਪੰਜਾਬ ਵਿਚ ਪੁਸਤਕ ਸਭਿਆਚਾਰ ਦੇ ਵਿਕਾਸ ਵਿਸਥਾਰ ਦੇ ਨਾਲ-ਨਾਲ ਪੰਜਾਬੀ ਮਾਂ ਬੋਲੀ ਦੇ ਬਹੁਪੱਖੀ ਅਤੇ ਬਹੁਪਾਸਾਰੀ ਵਿਕਾਸ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਨਿਭਾਵੇ।

ਪੰਜਾਬ ਦੀ ਤਰ੍ਹਾਂ ਹਰਿਆਣਾ ਵਿਚ ਵੀ ਪੰਜਾਬੀ ਭਾਸ਼ਾ ਦੇ ਵਿਕਾਸ, ਵਿਸਥਾਰ ਤੇ ਹੋਂਦ ਦਾ ਮੁੱਦਾ ਹਮੇਸ਼ਾਂ ਹੀ ਗੰਭੀਰ ਰਿਹਾ ਹੈ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਪਿਛਲੇ ਸਮੇਂ ਦੌਰਾਨ ਪੰਜਾਬੀ ਦੇ ਵਿਕਾਸ ਲਈ ਕਈ ਜ਼ਿਕਰਯੋਗ ਗਤੀਵਿਧੀਆਂ ਕੀਤੀਆਂ ਹਨ। ਪਰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਅਧਿਆਪਕ ਅਤੇ ਪ੍ਰੋਫ਼ੈਸਰ ਭਰਤੀ ਕਰਨ ਦਾ ਮੁੱਦਾ ਜਿਉਂ ਦਾ ਤਿਉਂ ਲਟਕ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਈ ਮਹੀਨੇ ਪਹਿਲਾਂ ਕਰਨਾਲ ਵਿਚ ਪੰਜਾਬੀ ਦੇ ਕੋਈ 720 ਸਕੂਲੀ ਅਧਿਆਪਕ ਭਰਤੀ ਕਰਨ ਦਾ ਐਲਾਨ ਕੀਤਾ ਸੀ। ਇਨ੍ਹਾਂ ਨਿਯੁਕਤੀਆਂ ਦੀ ਫਾਈਲ ਕਿਥੇ ਕੁ ਤਕ ਪਹੁੰਚੀ ਹੈ, ਇਹ ਤਾਂ ਸਰਕਾਰ ਹੀ ਦੱਸ ਸਕਦੀ ਹੈ। ਪੰਜਾਬੀ ਭਾਸ਼ਾ ਨਾਲ ਸਬੰਧਿਤ ਅਜਿਹੀਆਂ ਅਨੇਕਾਂ ਮੰਗਾਂ ਦੇ ਸਥਾਈ ਹੱਲ ਲਈ ਪੰਜਾਬੀ ਪ੍ਰੇਮੀ 'ਪੰਜਾਬੀ ਭਾਸ਼ਾ ਵਿਕਾਸ ਬੋਰਡ' ਬਣਾਉਣ ਦੀ ਮੰਗ ਕਰਦੇ ਆ ਰਹੇ ਹਨ। ਪ੍ਰਾਂਤ ਦੇ ਸਾਰੇ ਰੇਡੀਓ ਸਟੇਸ਼ਨਾਂ ਅਤੇ ਇਕੋ-ਇਕ ਦੂਰਦਰਸ਼ਨ ਕੇਂਦਰ, ਹਿਸਾਰ ਉਤੇ ਪੰਜਾਬੀ ਪ੍ਰੋਗਰਾਮਾਂ ਨੂੰ ਬਣਦਾ ਸਮਾਂ ਦੇਣ ਦੀ ਮੰਗ ਵੀ ਹਰਿਆਣਾ ਦੇ ਮੁੱਖ ਮੰਤਰੀ ਨੂੰ ਕੇਂਦਰ ਸਰਕਾਰ ਤੋਂ ਮਨਵਾਉਣੀ ਚਾਹੀਦੀ ਹੈ।

ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਪੰਜਾਬੀ ਸਾਹਿਤ ਅਕਾਦਮੀਆਂ ਦੀ ਸਥਾਪਨਾ ਕਰਨ ਕਰਵਾਉਣ ਨਾਲ ਮਾਂ-ਬੋਲੀ ਪੰਜਾਬੀ ਦੇ ਵਿਕਾਸ ਦੀਆਂ ਸੰਭਾਵਨਾਵਾਂ ਸਥਾਈ ਰੂਪ ਗ੍ਰਹਿਣ ਕਰਨਗੀਆਂ। ਇਨ੍ਹਾਂ ਸੂਬਿਆਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ ਤੇ ਇਤਫਾਕਵਸ ਕੇਂਦਰ ਵਿਚ ਵੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੈ। ਭਾਜਪਾ ਨੇ ਹਰਿਆਣਾ ਵਿਚ ਪੰਜਾਬੀ ਸਹਿਤ ਅਕਾਦਮੀ ਦੇ ਅਹੁਦੇਦਾਰ ਨਿਯੁਕਤ ਕੀਤੇ ਹਨ। ਅਜਿਹੀ ਸੋਚ ਅਤੇ ਪੰਹੁਚ ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਅਪਨਾਉਣੀ ਚਾਹੀਦੀ ਹੈ।




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਅਗਸਤ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-338



*ਜੀਵ-ਜਾਨਵਰਾਂ ਦੀ ਦੁਨੀਆਂ ਵਿਚ ਸਭ ਤੋਂ ਵੱਡਾ ਹਾਥੀ।*
*ਪਰ ਮਨੋਰੰਜਨ ਲਈ 'ਅਕਲ' ਨੇ ਕਿਵੇਂ ਬਣਾਇਆ ਸਾਥੀ!*

## ਕੈਪਸ਼ਨ ਮੁਕਾਬਲਾ-336



ਲਾ ਪਨੀਰੀ ਪਾਣੀ ਸੀ ਲਾਇਆ
ਵੱਗ ਗਾਂਵਾਂ ਵੜ ਬਣਾਇਆ ਰਾਹ।
ਵੱਟਾਂ, ਬੰਨੇ ਭੰਨਦੀਆਂ ਜਾਵਣ
ਉਗਣ ਤੋਂ ਪਹਿਲਾਂ ਕਰੀ ਤਬਾਹ।
ਦਿਨ-ਰਾਤ ਰਾਖੀ ਕਰ ਥੱਕੇ
ਹਾਰ ਗਏ, ਦੇਖ ਨਿਕਲੇ ਤ੍ਰਾਹ।
**-ਦਵਿੰਦਰ ਕੌਰ**

---

ਗਰਜਾਂ ਦਾ ਗੁਲਾਮ ਇਹ ਬੰਦਾ
ਹੁਣ ਨਾ ਕਰੇ ਸਲਾਮ ਇਹ ਬੰਦਾ।
ਦੁੱਧ-ਪੁੱਤ ਏਹਦੇ ਕਰੋ ਹਵਾਲੇ
ਤੂੰ ਕੀ ਸਮਝਿਆ ਸ਼ਾਮ ਇਹ ਬੰਦਾ?
ਕੁੱਖੋਂ ਜੰਮਣ ਵਾਲੀ ਨੂੰ ਵੀ
ਹੁਣ ਤਾਂ ਇਸ ਨੇ ਖੁੱਡੇ ਲਾ'ਤਾ
ਕੌਣ ਕਹਿੰਦਾ ਹੈ ਗਊ ਨੂੰ ਮਾਤਾ?
**-ਮਲਕੀਤ ਸਿੰਘ ਧਾਲੀਵਾਲ**

---

ਸ਼ਹਿਰਾਂ ਪਿੰਡਾਂ ਵਿਚ
ਅਵਾਰਾ ਪਸ਼ੂਆਂ ਦੀ ਹੈ ਭਰਮਾਰ।
ਇਨ੍ਹਾਂ ਦੀ ਰੱਖਿਆ ਕਰੋ
ਕਾਨੂੰਨ ਬਣਾਉਂਦੀ ਹੈ ਸਰਕਾਰ।
ਆਖਦੇ ਸਾਰੇ ਗਊ ਮਾਤਾ ਹਨ
ਜਦ ਤੱਕ ਦੁੱਧ ਨੇ ਦੇਵਣ।
ਫੰਡਰ ਹੋ ਜਾਵੇ ਤਾਂ ਅਕ੍ਰਿਤਘਣ
ਡੰਡਾ ਮਾਰ ਕੱਢ ਦੇਵਣ।
**-ਸੇਵਾ ਸਿੰਘ ਨੂਰਪੁਰੀ**

---

ਪੀ ਕੇ ਦੁੱਧ ਫੰਡਰ ਹੋਣ 'ਤੇ
ਘਰ ਚੋਂ ਇੰਨਾ ਨੂੰ ਕੱਢਦੇ।
ਪਿੰਡੋਂ ਬਾਹਰ-ਬਾਹਰ ਲਿਜਾ ਕੇ
ਰੱਸਾ ਇਨ੍ਹਾਂ ਦਾ ਵੱਢਦੇ।
ਫਿਰ ਭੁੱਖੀਆਂ ਮਰਦੀਆਂ ਖੇਤਾਂ ਦੀਆਂ
ਜਦ ਇਹ ਤੋੜਨ ਵਾੜਾਂ।
ਫਿਰ ਹਰ ਕੋਈ ਆਖੇ ਇਹ
ਕਰਦੀਆਂ ਫਸਲਾਂ ਦਾ ਉਜਾੜਾ।
**-ਹਰਜਿੰਦਰ ਸਿੰਘ**

---

ਠੰਡੇ ਮੁਲਕਾਂ ਦੀਆਂ ਜੰਮੀਆਂ ਜਾਈਆਂ।
ਗਰਮੀ ਨਾਲ ਫਿਰਨ ਕੁਮਲਾਈਆਂ।
ਬਿਨਾ ਕਸੂਰ ਤੋਂ ਧੱਕੇ ਖਾਵਣ।
ਰੱਬਾ ਦੱਸ ਇਹ ਕਿੱਧਰ ਜਾਵਣ।
ਬੰਦਾ ਮਤਲਵੀ, ਫਿਰਦੈ ਹੋਇਆ।
ਤੁਪਕਾ ਤੁਪਕਾ ਇਨ੍ਹਾਂ ਦਾ ਚੋਇਆ।
ਬੇਜ਼ੁਬਾਨ ਨੇ, ਕੁਝ ਕਹਿ ਨ੍ਹੀਂ ਸਕਦੇ।
ਘਰੋਂ ਕੱਢ'ਤੇ, ਭੁੱਖੇ ਰਹਿ ਨ੍ਹੀਂ ਸਕਦੇ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

---

ਬੰਦੇ ਮਾਰਨ, ਕਰਨ ਉਜਾੜਾ
ਛਤਰ ਛਾਇਆ ਹੈ ਸਰਕਾਰੀ।
ਚਾਰੇ ਪਾਸੇ ਦਹਿਸ਼ਤ ਫੈਲੀ
ਪੁੱਠ ਧਰਮ ਦੀ ਐਸੀ ਚਾੜ੍ਹੀ।
ਬਿਜਲੀ ਬਿਲ ਨਾਲ ਸੈਸ ਭਰਾਉਂਦੇ
ਪਤਾ ਨ੍ਹੀਂ ਕਿੱਧਰ ਜਾਣ ਡੱਕਾਰੀ।
**-ਜਗਮੀਤ ਸਿੰਘ ਪੰਧੇਰ**

---

ਫਸਲ ਲੱਗਣ-ਵੱਢਣ ਤੋਂ ਵੇਚਣ ਤੱਕ
ਬਿਪਤਾ ਇਕ ਆਵੇ, ਇਕ ਜਾਵੇ।
ਅੰਨਦਾਤਾ ਹਰ ਵੇਲੇ ਰਹੇ ਕੁੜਿੱਕੀ 'ਚ
ਅਵਾਰਾ ਪਸ਼ੂਆਂ ਦਾ ਕਾਫਲਾ
ਜਦ ਖੇਤਾਂ ਨੂੰ ਹਾਈਵੇ ਬਣਾਵੇ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਕਿੰਨਾ ਛਲ, ਕਪਟ, ਅਨਰਥ ਹੈ
ਹੋ ਗਈ ਤੋਕੜ ਗਾਂ ਜਿਉਂ
ਮਾਰੋ ਡੰਡਾ, ਕੱਢੋਂ ਖੇਤੋਂ ਬਾਹਰ।
ਕਿੰਨੀ ਖੁਦਗਰਜ਼ ਸੋਚ ਹੈ।
ਨੋਚ ਲਿਆ ਸਾਰਾ ਸਰੀਰ ਉਸ ਦਾ
ਖਿੱਚ ਖਿੱਚ ਆਖਰੀ ਧਾਰਾਂ।
ਕਿੱਥੇ ਜਾਣ? ਘੁੰਮਦੀਆਂ ਫਿਰਦੀਆਂ
ਅਵਾਰਾਗਰਦ, ਰੱਸੇ ਖੁੱਲ੍ਹੇ।
**-ਦਰਸ਼ਨਪਾਲ ਦੋਸਾਂਝ**

---

ਗੁਣਕਾਰੀ ਜਾਨਵਰ ਹੈ ਗਊ
ਮਤਲਬੀ ਮਨੁੱਖਾਂ ਨੇ ਛੱਡਿਆ ਅਵਾਰਾ।
ਪਹਿਲਾਂ ਹੀ ਕਰਜਿਆਂ 'ਚ ਡੁੱਬੇ
ਕਿਸਾਨਾਂ ਦੀਆਂ ਫਸਲਾਂ ਦਾ ਕੀਤਾ ਉਜਾੜਾ।
ਘਿਓ ਦੁੱਧ ਵਾਂਗ ਕੀਮਤੀ
ਇਸ ਦਾ ਮਲ-ਮੂਤਰ
ਆਰਗੈਨਿਕ ਖੇਤੀ ਦਾ ਲੱਗਣਾ ਜਦੋਂ ਨਾਅਰਾ।
**-ਅਮਰਜੀਤ ਸਿੰਘ ਤੂਰ**

# ਪਨਾਮਾ ਦੇ ਜੰਗਲਾਂ 'ਚੋਂ ਮੌਤ ਦੇ ਮੂੰਹੋਂ ਪਰਤੇ ਨਾਨਕ ਸਿੰਘ ਦੀ ਡਰਾਉਣੀ ਦਾਸਤਾਨ

**ਜਲੰਧਰ:** ਅਮਰੀਕਾ ਜਾਣ ਦਾ ਸੁਪਨਾ ਪੰਜਾਬ ਦਾ ਹਰ ਉਹ ਚੌਥਾ ਨੌਜਵਾਨ ਇਕ ਵਾਰ ਜ਼ਰੂਰ ਵੇਖਦਾ ਹੈ ਜਿਹੜਾ 20-25 ਲੱਖ ਰੁਪਏ ਖਰਚਣ ਜੋਗਾ ਹੁੰਦਾ ਹੈ। ਅਮਰੀਕਾ ਜਾਣਾ ਇੰਨਾ ਵੀ ਸੌਖਾ ਨਹੀਂ। ਗੈਰ ਕਾਨੂੰਨੀ ਰਸਤੇ ਰਾਹੀਂ ਅਮਰੀਕਾ ਜਾਣ ਵਾਲਿਆਂ ਦਾ ਸਿੱਧਾ ਟਾਕਰਾ ਮੌਤ ਨਾਲ ਹੁੰਦਾ ਹੈ। ਲੁਧਿਆਣਾ ਦੀ ਬਸਤੀ ਜੋਧੇਵਾਲ ਦਾ ਇਕ ਨੌਜਵਾਨ ਪਨਾਮਾ ਦੇ ਜੰਗਲਾਂ ਵਿਚੋਂ ਮੌਤ ਦਾ ਮੂੰਹ ਵੇਖ ਕੇ ਪਰਤਿਆ ਹੈ।

ਪੱਚੀ ਲੱਖ ਰੁਪਏ ਖਰਚ ਕੇ ਲੁਧਿਆਣਾ ਤੋਂ ਅਮਰੀਕਾ ਲਈ ਰਵਾਨਾ ਹੋਇਆ ਨਾਨਕ ਜਦੋਂ 15 ਦਿਨ ਦਿਨ ਇਕੱਲਾ ਪਨਾਮਾ ਦੇ ਜੰਗਲਾਂ ਵਿਚ ਭੁੱਖਾ ਪਿਆਸਾ ਭਟਕਿਆ ਤਾਂ ਉਸ ਦੀ ਦਿਮਾਗੀ ਹਾਲਤ ਠੀਕ ਨਾ ਰਹੀ। ਏਜੰਟ ਨੇ 25 ਲੱਖ ਰੁਪਏ ਵਿਚ ਸਹੀ ਤਰੀਕੇ ਨਾਲ ਅਮਰੀਕਾ ਭੇਜਣ ਦਾ ਕਹਿ ਕੇ ਨਾਨਕ ਨੂੰ ਗੈਰ ਕਾਨੂੰਨੀ ਰਸਤੇ ਰਾਹੀਂ ਅਮਰੀਕਾ ਭੇਜਣ ਲਈ 7 ਅਪਰੈਲ ਨੂੰ ਨਵੀਂ ਦਿੱਲੀ ਤੋਂ ਦੱਖਣੀ ਅਫਰੀਕਾ ਲਈ ਜਹਾਜ਼ 'ਤੇ ਚੜ੍ਹਾ ਦਿੱਤਾ। ਟਰੈਵਲ ਏਜੰਟ ਨੇ ਨਾਨਕ ਨੂੰ ਨਵੀਂ ਦਿੱਲੀ ਤੋਂ ਪਹਿਲਾਂ ਦੱਖਣੀ ਅਫਰੀਕਾ ਦੇ ਇਕਵਾਡੋਰ ਭੇਜਿਆ। ਇਸ ਤੋਂ ਬਾਅਦ ਕੋਲੰਬੀਆ ਤੇ ਫਿਰ ਪਨਾਮਾ। ਇਸ ਤੋਂ ਬਾਅਦ ਪਨਾਮਾ ਦੇ ਜੰਗਲ ਪਾਰ ਕਰਦੇ ਹੋਏ ਨਾਨਕ ਦਾ ਸਾਹਮਣਾ ਮੌਤ ਨਾਲ ਹੋਇਆ। ਹੁਣ ਨਾਨਕ ਦਾ ਲੁਧਿਆਣਾ ਵਿਚ ਦਿਮਾਗੀ ਇਲਾਜ ਚੱਲ ਰਿਹਾ ਹੈ।

ਗੱਲ ਕਰਦੇ-ਕਰਦੇ ਉਹ ਕਈ ਗੱਲਾਂ ਭੁੱਲ ਵੀ ਜਾਂਦਾ ਹੈ। ਨਾਨਕ ਦਾ ਸਭ ਤੋਂ ਵੱਡਾ ਸੰਘਰਸ਼ ਸ਼ੁਰੂ ਹੋਇਆ ਪਨਾਮਾ ਦੇ ਜੰਗਲ ਪਾਰ ਕਰਨ ਵੇਲੇ। ਉਸ ਵੇਲੇ ਨਾਨਕ ਨਾਲ 60 ਤੋਂ 80 ਨੌਜਵਾਨ ਸਨ। ਇਨ੍ਹਾਂ ਵਿਚ ਜ਼ਿਆਦਾਤਰ ਪੰਜਾਬੀ, ਕੁਝ ਹਿੰਦੁਸਤਾਨ ਦੇ ਦੂਜੇ ਸੂਬਿਆਂ ਤੇ ਕੁਝ ਪਾਕਿਸਤਾਨ ਤੇ ਅਫ਼ਗਾਨਿਸਤਾਨ ਵਾਲੇ ਵੀ ਸੀ। ਆਮ ਤੌਰ 'ਤੇ ਪਨਾਮਾ ਦੇ ਡਰਾਉਣੇ ਜੰਗਲ 7 ਦਿਨਾਂ ਵਿਚ ਪਾਰ ਹੋ ਜਾਂਦੇ ਹਨ। ਸਫਰ ਦੌਰਾਨ ਨਾਨਕ ਨੂੰ ਸੱਪ ਵਰਗੀ ਕਿਸੇ ਚੀਜ਼ ਨੇ ਵੱਢ ਲਿਆ। ਉਸ ਦੇ ਜ਼ਖਮ ਹੋ ਗਿਆ। ਨਾਨਕ ਮੁੰਡਿਆਂ ਨਾਲ ਅੱਗੇ ਨਾ ਜਾ ਸਕਿਆ। ਕਾਫਲਾ ਕਾਫੀ ਦੂਰ ਚਲਾ ਗਿਆ। ਏਜੰਟ ਪਨਾਮਾ ਤੋਂ ਕੋਸਟਾ ਰਿਕਾ ਟਾਪੂ ਤੇ ਫਿਰ ਮੈਕਸੀਕੋ ਭੇਜਦੇ ਹਨ। ਮੈਕਸੀਕੋ ਤੋਂ ਅਮਰੀਕਾ ਦਾ ਬਾਰਡਰ ਪਾਰ ਕਰਵਾਇਆ ਜਾਂਦਾ ਹੈ।

ਅਮਰੀਕਾ ਜਾਣ ਤੋਂ ਪਹਿਲਾਂ ਨਾਨਕ ਨੇ ਬਹੁਤ ਸਾਰਾ ਸਾਮਾਨ ਵੀ ਪੰਜਾਬ ਤੋਂ ਖਰੀਦ ਲਿਆ ਸੀ। ਕੱਪੜੇ, ਤਿੰਨ ਜੋੜੇ ਬੂਟਾਂ ਤੇ ਦੋ ਮੋਬਾਈਲ ਫੋਨ। ਇਹ ਸਾਰਾ ਕੁਝ ਏਜੰਟ ਦੇ ਕਿਸੇ ਬੰਦੇ ਨੇ ਇਕਵਾਡੋਰ ਵਿਚ ਹੀ ਲੈ ਲਿਆ ਸੀ। ਉਸ ਨੇ ਕਿਹਾ ਸੀ ਕਿ ਇਹ ਸਾਰਾ ਕੁਝ ਉਹ ਅਮਰੀਕਾ ਪਹੁੰਚਾ ਦੇਵੇਗਾ। ਭੁੱਖਾ, ਪਿਆਸਾ ਨਾਨਕ ਦੋ ਹਫਤੇ ਜੰਗਲ ਵਿਚ ਭਟਕਦਾ ਰਿਹਾ। ਇਸ ਦੌਰਾਨ ਪਿੱਛੋਂ ਆਏ ਨੌਜਵਾਨਾਂ ਦੇ ਦੂਜੇ ਜਥੇ ਨੇ ਨਾਨਕ ਨੂੰ ਆਪਣੇ ਨਾਲ ਅੱਗੇ ਲਿਜਾਣ ਦੀ ਗੱਲ ਕੀਤੀ ਪਰ ਨਾਨਕ ਜਾਣਦਾ ਸੀ ਕਿ ਉਹ ਜ਼ਖਮ ਨਾਲ ਉਨ੍ਹਾਂ ਦਾ ਹਾਣੀ ਨਹੀਂ ਬਣ ਸਕੇਗਾ।

ਨੌਜਵਾਨਾਂ ਦਾ ਦੂਜਾ ਜੱਥਾ ਵੀ ਅੱਗੇ ਚਲਾ ਗਿਆ। ਸ਼ਾਇਦ 15 ਦਿਨਾਂ ਵਿਚ ਨਾਨਕ ਨੇ ਇਹ ਜੰਗਲ ਪਾਰ ਕੀਤਾ ਤੇ ਕੋਸਟਾ ਰਿਕਾ ਟਾਪੂ 'ਤੇ ਪਹੁੰਚ ਗਿਆ। ਨਾਨਕ ਨੂੰ ਸੜਕ ਉਤੇ ਪਏ ਵੇਖ ਕੇ ਉਥੋਂ ਦੇ ਇਕ ਬੰਦੇ ਨੇ ਉਸ ਦੀ ਮਦਦ ਬਾਰੇ ਪੁੱਛਿਆ ਪਰ ਨਾਨਕ ਨੂੰ ਜਰਮਨ ਭਾਸ਼ਾ ਨਾ ਆਉਣ ਕਰ ਕੇ ਕੋਈ ਗੱਲ ਸਮਝ ਨਹੀਂ ਆਈ। ਨਾਨਕ ਨੇ ਆਪਣੀ ਜੇਬ ਵਿਚ ਪਏ ਕਾਗਜ਼ 'ਤੇ ਆਪਣੇ ਵੱਡੇ ਭਰਾ ਦਾ ਨੰਬਰ ਲਿਖਿਆ ਹੋਇਆ ਸੀ। ਨਾਨਕ ਨੇ ਉਹ ਉਸ ਬੰਦੇ ਨੂੰ ਫੜਾ ਦਿੱਤਾ। ਇਸ ਤੋਂ ਬਾਅਦ ਨਾਨਕ ਬੇਹੋਸ਼ ਹੋ ਗਿਆ। ਇਸ ਤੋਂ ਬਾਅਦ ਦਾ ਉਸ ਨੂੰ ਬਹੁਤਾ ਕੁਝ ਯਾਦ ਨਹੀਂ। ਨਾਨਕ ਦੇ ਵੱਡੇ ਭਰਾ ਵਿੱਕੀ ਨੇ ਦੱਸਿਆ ਕਿ



ਅੰਗਰੇਜ਼ ਨੇ ਉਸ ਨੂੰ ਫੋਨ ਕਰਕੇ ਨਾਨਕ ਬਾਰੇ ਦੱਸਿਆ। ਅੰਗਰੇਜ਼ ਨੇ ਪੁੱਛਿਆ ਕਿ ਕੀ ਉਹ ਨਾਨਕ ਨੂੰ ਆਪਣੇ ਘਰ ਲਿਜਾ ਸਕਦਾ ਹੈ। ਪਰਿਵਾਰ ਵੱਲੋਂ ਹਾਂ ਕਹਿਣ ਉਤੇ ਉਸ ਨੇ ਨਾਨਕ ਦੀਆਂ ਤਸਵੀਰਾਂ ਪਰਿਵਾਰ ਨੂੰ ਭੇਜੀਆਂ ਤੇ ਫਿਰ ਉਸ ਨੂੰ ਆਪਣੇ ਘਰ ਲੈ ਗਿਆ ਤੇ ਸਵਾਂ ਦਿੱਤਾ। ਉਸ ਨੇ ਕਿਹਾ ਕਿ ਨਾਨਕ ਜਦੋਂ ਸਵੇਰੇ ਉਠੇਗਾ ਤਾਂ ਉਸ ਦੀ ਗੱਲ ਕਰਵਾ ਦੇਵੇਗਾ।

ਇਹ ਪਹਿਲੀ ਵਾਰ ਸੀ ਜਦੋਂ ਨਾਨਕ ਦੇ ਪਰਿਵਾਰ ਨੂੰ ਪਤਾ ਲੱਗਾ ਕਿ ਉਨ੍ਹਾਂ ਦਾ ਮੁੰਡਾ ਅਮਰੀਕਾ ਜਾਣ ਦੀ ਥਾਂ ਕੋਸਟਾ ਰਿਕਾ ਦੀਆਂ ਸੜਕਾਂ ਉਤੇ ਰੁਲ ਰਿਹਾ ਹੈ। ਸਵੇਰੇ ਮਦਦ ਕਰਨ ਵਾਲੇ ਬੰਦੇ ਨੇ ਜਦੋਂ ਨਾਨਕ ਨੂੰ ਫੋਨ 'ਤੇ ਪਰਿਵਾਰ ਨਾਲ ਗੱਲ ਕਰਨ ਲਈ ਕਿਹਾ ਤਾਂ ਨਾਨਕ ਦਾ ਦਿਮਾਗੀ ਸੰਤੁਲਨ ਵਿਗੜ ਚੁੱਕਾ ਸੀ। ਉਹ ਪੁੱਠੀਆਂ ਸਿੱਧੀਆਂ ਗੱਲਾਂ ਕਰ ਰਿਹਾ ਸੀ। ਇਸ ਤੋਂ ਬਾਅਦ ਮਦਦਗਾਰ ਬੰਦੇ ਨੇ ਪੁਲਿਸ ਬੁਲਾਈ ਤੇ ਨਾਨਕ ਨੂੰ ਹਸਪਤਾਲ ਦਾਖਲ ਕਰਵਾਇਆ। ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟਾ ਨਾਨਕ ਦੋ ਮਹੀਨੇ ਇਲਾਜ ਲਈ ਕੋਸਟਾ ਰਿਕਾ ਦੇ ਹਸਪਤਾਲ ਵਿਚ ਦਾਖਲ ਰਿਹਾ। ਜਦੋਂ ਥੋੜ੍ਹਾ ਬੋਲਣ ਜੋਗਾ ਹੋਇਆ ਤਾਂ ਉਥੇ ਰਹਿ ਰਹੇ ਬੰਗਲੌਰ ਦੇ ਇਕ ਹਿੰਦੁਸਤਾਨੀ ਨੇ ਆ ਕੇ ਨਾਨਕ ਨਾਲ ਗੱਲ ਕੀਤੀ। ਇਸ ਦੌਰਾਨ ਹਿੰਦੁਸਤਾਨ ਵਿਚ ਉਸ ਦਾ ਪਰਿਵਾਰ ਪੰਜਾਬ ਪੁਲਿਸ, ਬੀ.ਜੇ.ਪੀ. ਦੇ ਲੀਡਰ ਅਵਿਨਾਸ਼ ਰਾਏ ਖੰਨਾ ਰਾਹੀਂ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਤੱਕ ਗੇੜੇ ਮਾਰਨ ਲੱਗੇ। ਅਖੀਰ ਨਾਨਕ ਦੀ ਹਾਲਤ ਕੁਝ ਸੁਧਰੀ ਤਾਂ ਉਸ ਨੇ ਪਰਿਵਾਰ ਨਾਲ ਗੱਲ ਕਰਕੇ ਆਪਣੇ ਬਾਰੇ ਦੱਸਿਆ। ਹੌਜ਼ਰੀ ਦਾ ਕਾਰੋਬਾਰ ਕਰਨ ਵਾਲੇ ਨਾਨਕ ਦੇ ਪਿਤਾ ਸੁਰਿੰਦਰ ਨੇ ਆਪਣੀ ਜ਼ਿੰਦਗੀ ਦੀ ਬਚਤ ਨਾਨਕ ਨੂੰ ਅਮਰੀਕਾ ਭੇਜਣ ਲਈ ਲਾ ਦਿੱਤਾ। ਖਾਸ ਗੱਲ ਇਹ ਹੈ ਕਿ ਅਮਰੀਕਾ ਭੇਜਣ ਬਾਰੇ ਉਨ੍ਹਾਂ ਦੇ ਗੁਆਂਢੀ ਨੇ ਹੀ ਨਾਨਕ ਨਾਲ ਗੱਲ ਕੀਤੀ ਸੀ ਪਰ ਉਸ ਵੇਲੇ ਪਰਿਵਾਰ ਨੂੰ ਇਹ ਅੰਦਾਜ਼ਾ ਬਿਲਕੁਲ ਵੀ ਨਹੀਂ ਹੋ ਸਕਿਆ ਕਿ ਨਾਨਕ ਨੂੰ ਮੌਤ ਦੇ ਮੂੰਹ ਵਿਚ ਭੇਜਿਆ ਜਾ ਰਿਹਾ ਹੈ।

ਨਾਨਕ ਹਸਪਤਾਲ ਵਿਚ ਜਦੋਂ ਥੋੜ੍ਹਾ ਠੀਕ ਹੋਇਆ ਤਾਂ ਕੋਸਟਾ ਰਿਕਾ ਵਿਚ ਭਾਰਤੀ ਅੰਬੈਸੀ ਨੇ ਉਸ ਨੂੰ ਵਾਪਸ ਭਾਰਤ ਭੇਜਣ ਬਾਰੇ ਗੱਲ ਸ਼ੁਰੂ ਕੀਤੀ। ਇਸ ਦੌਰਾਨ ਤੱਕ ਹਸਪਤਾਲ ਦਾ ਬਿੱਲ 10 ਲੱਖ ਰੁਪਏ ਬਣ ਚੁੱਕਿਆ ਸੀ। ਪਰਿਵਾਰ ਕੋਲ ਇੰਨੇ ਪੈਸੇ ਨਹੀਂ ਸਨ। ਵਿਦੇਸ਼ ਮੰਤਰੀ ਨੇ ਅੰਬੈਸੀ ਰਾਹੀਂ ਇਹ ਬਿੱਲ ਮੁਆਫ ਕਰਵਾਇਆ ਤੇ ਨਾਨਕ ਨੂੰ ਐਮਰਜੈਂਸੀ ਪਾਸਪੋਰਟ ਜਾਰੀ ਕੀਤਾ ਗਿਆ। ਪਰਿਵਾਰ ਨੇ ਦੋ ਲੱਖ ਰੁਪਏ ਦੀਆਂ ਟਿਕਟਾਂ ਲੈ ਕੇ ਭੇਜੀਆਂ ਤੇ ਨਾਨਕ ਮੌਤ ਦੇ ਮੂੰਹ ਵਿਚੋਂ ਵਾਪਸ ਆਪਣੇ ਘਰ ਲੁਧਿਆਣਾ ਪਰਤ ਆਇਆ।

ਨਾਨਕ ਦਾ ਇਕ ਵੱਡਾ ਭਰਾ ਫਿਲੀਪੀਨਸ ਵਿਚ ਰਹਿੰਦਾ ਹੈ। ਹੁਣ ਨਾਨਕ ਹੱਥ ਜੋੜ ਕੇ ਕਹਿੰਦਾ ਹੈ ਕਿ ਕੋਈ ਵੀ ਅਮਰੀਕਾ ਦੋ ਨੰਬਰ ਦੇ ਰਸਤੇ ਵਿਚੋਂ ਨਾ ਜਾਵੇ। ਜੇ ਮਾਂਵਾਂ ਨੇ ਆਪਣੇ ਪੁੱਤ ਗੁਆਉਣੇ ਹਨ ਤਾਂ ਹੀ ਅਮਰੀਕਾ ਭੇਜਣ। ਨਾਨਕ ਦੀ ਮਾਂ ਸੰਧਿਆ ਨੂੰ ਦੋ ਵਾਰ ਦਿਲ ਦਾ ਦੌਰਾ ਪੈ ਚੁੱਕਿਆ ਹੈ। ਹੁਣ ਉਹ ਇਹੋ ਕਹਿੰਦੇ ਹਨ ਕਿ ਉਨ੍ਹਾਂ ਦਾ ਬੱਚਾ ਵਾਪਸ ਆ ਗਿਆ, ਹੋਰ ਉਨ੍ਹਾਂ ਨੂੰ ਕੀ ਚਾਹੀਦਾ ਹੈ।

## *100 ਤੋਂ ਵੱਧ ਨੌਜਵਾਨ ਬੰਗਲੂਰੂ ਦੇ ਜੰਗਲਾਂ 'ਚ ਬੰਧਕ*

**ਬਰਨਾਲਾ:** ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਟ੍ਰੈਵਲ ਏਜੰਟਾਂ ਨੇ 15 ਪੰਜਾਬੀਆਂ ਸਮੇਤ ਕੁੱਲ 100 ਤੋਂ ਜ਼ਿਆਦਾ ਨੌਜਵਾਨਾਂ ਨੂੰ ਬੰਗਲੂਰੂ ਦੇ ਜੰਗਲਾਂ ਵਿਚ ਬੰਧਕ ਬਣਾ ਕੇ ਰੱਖਿਆ ਹੋਇਆ ਹੈ। ਬਰਨਾਲਾ ਦੇ ਗੁਰਪ੍ਰੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਵੀ ਉਨ੍ਹਾਂ ਪੰਜਾਬੀਆਂ ਨਾਲ ਬੰਧਕ ਬਣਾਇਆ ਗਿਆ ਸੀ ਪਰ ਉਹ ਜਾਨ ਬਚਾ ਕੇ ਭੱਜ ਆਇਆ। ਉਸ ਨੇ ਕਿਹਾ ਕਿ ਏਜੰਟ ਅਗਵਾ ਕੀਤੇ ਨੌਜਵਾਨਾਂ ਦੇ ਘਰੋਂ ਪੈਸੇ ਮੰਗਵਾਉਂਦੇ ਹਨ ਤੇ ਅਜਿਹਾ ਨਾ ਹੋਣ 'ਤੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਏਜੰਟ ਹੁਣ ਤੱਕ ਤਿੰਨ ਨੌਜਵਾਨਾਂ ਨੂੰ ਮਾਰ ਚੁੱਕੇ ਹਨ। ਗੁਰਪ੍ਰੀਤ ਨੇ ਦੱਸਿਆ ਕਿ ਬੰਧਕ ਬਣਾਏ ਗਏ ਨੌਜਵਾਨਾਂ ਵਿਚੋਂ ਪੰਜਾਬ ਤੋਂ ਇਲਾਵਾ ਦੇਸ਼ ਦੇ ਹੋਰ ਸੂਬਿਆਂ ਤੇ ਨੇਪਾਲ ਤੇ ਬੰਗਲਾਦੇਸ਼ ਦੇ ਵਸਨੀਕ ਵੀ ਹਨ। ਜ਼ਿਲ੍ਹੇ ਦੇ ਪਿੰਡ ਕਾਹਨੇਕੇ ਦੇ ਰਹਿਣ ਵਾਲੇ ਗੁਰਪ੍ਰੀਤ ਨੇ ਇਹ ਸਾਰੀ ਕਹਾਣੀ ਬਰਨਾਲਾ ਦੇ ਸੀਨੀਅਰ ਪੁਲਿਸ ਕਪਤਾਨ ਨੂੰ ਦੱਸੀ ਹੈ। ਪੁਲਿਸ ਨੇ ਉਸ ਦੀ ਸ਼ਿਕਾਇਤ 'ਤੇ ਅੱਠ ਏਜੰਟਾਂ 'ਤੇ ਕੇਸ ਦਰਜ ਕਰਕੇ ਦੋ ਨੂੰ ਗ੍ਰਿਫਤਾਰ ਵੀ ਕਰ ਲਿਆ ਹੈ।

# ਪਰਵਾਸੀ ਕਾਮਿਆਂ ਦਾ ਸ਼ੋਸ਼ਣ ਰੋਕੇਗੀ ਆਸਟਰੇਲੀਆ ਸਰਕਾਰ

**ਸਿਡਨੀ:** ਪਰਵਾਸੀ ਕਾਮਿਆਂ ਦਾ ਆਰਥਿਕ ਸ਼ੋਸ਼ਣ ਰੋਕਣ ਲਈ ਆਸਟਰੇਲੀਆ ਸਰਕਾਰ ਸਖਤੀ ਕਰ ਰਹੀ ਹੈ। ਸਰਕਾਰ ਨੇ ਆਡਿਟ ਕਰ ਕੇ ਕਾਰੋਬਾਰੀਆਂ ਨੂੰ 616 ਕਾਮਿਆਂ ਦੇ ਕਰੀਬ 471904 ਡਾਲਰ ਵਾਪਸ ਦੇਣ ਲਈ ਮਜਬੂਰ ਕਰ ਦਿੱਤਾ ਹੈ। ਤਕਰੀਬਨ 72 ਫੀਸਦੀ ਕਾਰੋਬਾਰੀਆਂ ਨੇ ਕੰਮ ਦੇ ਸਥਾਨ ਉਤੇ ਨਿਯਮਾਂ ਦੀ ਉਲੰਘਣਾ ਕੀਤੀ ਸੀ। ਪਰਵਾਸੀ ਕਾਮਿਆਂ ਦਾ ਸ਼ੋਸ਼ਣ ਕਰਨ ਵਾਲਿਆਂ ਵਿਚ ਵੱਡੀ ਗਿਣਤੀ ਭਾਰਤੀ ਪਿਛੋਕੜ ਵਾਲਿਆਂ ਦੀ ਹੈ।

ਜਾਣਕਾਰੀ ਅਨੁਸਾਰ ਫੇਅਰ ਵਰਕ ਇੰਸਪੈਕਟਰਾਂ ਨੇ ਸਿਡਨੀ ਸਮੇਤ ਹੋਰ ਸ਼ਹਿਰਾਂ ਵਿਚ 243 ਵਪਾਰਕ ਥਾਵਾਂ ਦਾ ਦੌਰਾ ਕੀਤਾ। ਇੰਸਪੈਕਟਰਾਂ ਨੇ ਸਟਾਫ ਨਾਲ ਇੰਟਰਵਿਊ ਕੀਤੀ ਤੇ ਰੁਜ਼ਗਾਰ ਦੇ ਰਿਕਾਰਡਾਂ ਦੀ ਜਾਂਚ ਕੀਤੀ, ਜਿਸ ਦੌਰਾਨ ਬੇਨੇਮੀਆਂ ਪਾਈਆਂ ਗਈਆਂ। ਫੇਅਰ ਵਰਕ ਇੰਸਪੈਕਟਰਾਂ ਨੇ ਐਲਾਨ ਕੀਤਾ ਕਿ ਉਹ ਪੀੜਤ ਵਰਕਰ ਸਾਹਮਣੇ ਆਉਣ ਜਿਨ੍ਹਾਂ ਦਾ ਆਰਥਿਕ ਸ਼ੋਸ਼ਣ ਹੋਇਆ ਹੈ ਤੇ ਨਿਰਧਾਰਿਤ ਨਾਲੋਂ ਘੱਟ ਤਨਖਾਹ ਮਿਲੀ ਹੈ। ਸਬੰਧਤ ਅਧਿਕਾਰੀ ਨੈਟਾਲੀ ਜੇਮਜ਼ ਨੇ ਕਿਹਾ ਕਿ ਜਿਨ੍ਹਾਂ ਨੂੰ ਉਨ੍ਹਾਂ ਦਾ ਮਿਹਨਤਾਨਾ ਪੂਰਾ ਨਹੀਂ ਮਿਲਿਆ, ਉਹ ਅੱਗੇ ਆਉਣ ਅਤੇ ਆਪਣੀ ਰਾਸ਼ੀ ਪ੍ਰਾਪਤ ਕਰਨ ਲਈ ਅਰਜ਼ੀ ਦਾਖਲ ਕਰਨ।

## *ਮਨਾਂਗਾਗਵਾ ਬਣੇ ਜ਼ਿੰਬਾਬਵੇ ਦੇ ਰਾਸ਼ਟਰਪਤੀ*

**ਹਰਾਰੇ:** ਜ਼ਿੰਬਾਬਵੇ ਦੇ ਰਾਸ਼ਟਰਪਤੀ ਐਮਰਸਨ ਮਨਾਂਗਾਗਵਾ ਨੇ ਦੇਸ਼ ਦੀਆਂ ਇਤਿਹਾਸਕ ਚੋਣਾਂ ਵਿਚ 50 ਫੀਸਦੀ ਤੋਂ ਕੁਝ ਜ਼ਿਆਦਾ ਵੋਟਾਂ ਨਾਲ ਜਿੱਤ ਦਰਜ ਕੀਤੀ ਹੈ। ਸਾਬਕਾ ਰਾਸ਼ਟਰਪਤੀ ਰੌਬਰਟ ਮੁਗਾਬੇ ਦੇ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਪਹਿਲੀ ਵਾਰ ਆਮ ਚੋਣਾਂ ਵਿਚ ਸੱਤਾਧਾਰੀ ਪਾਰਟੀ ਦਾ ਸਰਕਾਰ ਉਤੇ ਕੰਟਰੋਲ ਬਰਕਰਾਰ ਰਿਹਾ।

ਜ਼ਿੰਬਾਬਵੇ ਚੋਣ ਕਮਿਸ਼ਨ ਨੇ ਦੱਸਿਆ ਕਿ ਮਨਾਂਗਾਗਵਾ ਨੇ ਵਿਰੋਧੀ ਪਾਰਟੀ ਐਮ.ਡੀ.ਸੀ. ਦੇ ਨੈਲਸਨ ਚਮੀਸਾ ਦੇ 44.3 ਫੀਸਦੀ ਵੋਟਾਂ ਦੇ ਮੁਕਾਬਲੇ 50.8 ਫੀਸਦੀ ਵੋਟਾਂ ਨਾਲ ਜਿੱਤ ਦਰਜ ਕੀਤੀ।

# ਠੱਗ ਟਰੈਵਲ ਏਜੰਟਾਂ ਨੇ ਲੁੱਟ ਲਿਆ ਪੰਜਾਬ

**ਜਲੰਧਰ:** ਪੰਜਾਬ ਵਿਚ ਨਾਜਾਇਜ਼ ਤਰੀਕੇ ਨਾਲ ਵਿਦੇਸ਼ ਭੇਜਣ ਦਾ ਧੰਦਾ ਲਗਾਤਾਰ ਵਧਦਾ ਜਾ ਰਿਹਾ ਹੈ। ਪੈਸੇ ਕਮਾਉਣ ਲਈ ਫਰਜ਼ੀ ਏਜੰਟ ਅਗਵਾ ਕਰਨ ਤੋਂ ਲੈ ਕੇ ਕਤਲ ਤੱਕ ਕਰਨ ਲੱਗੇ ਹਨ। ਕੈਨੇਡਾ, ਆਸਟਰੇਲੀਆ, ਅਮਰੀਕਾ, ਇੰਗਲੈਂਡ, ਖਾੜੀ ਦੇਸ਼ਾਂ ਤੋਂ ਲੈ ਕੇ ਹੋਰ ਯੂਰਪੀ ਦੇਸ਼ਾਂ ਵਿਚ ਭੇਜਣ ਦੇ ਨਾਂ ਉਤੇ ਏਜੰਟ ਇਕ ਬੰਦੇ ਤੋਂ 15 ਤੋਂ ਲੈ ਕੇ 35 ਲੱਖ ਰੁਪਏ ਤੱਕ ਠੱਗ ਰਹੇ ਹਨ। ਜਨਵਰੀ 2016 ਤੋਂ ਜੂਨ 2018 ਤੱਕ 92,000 ਲੋਕਾਂ ਤੋਂ 17,480 ਕਰੋੜ ਰੁਪਏ ਠੱਗੇ ਜਾ ਚੁੱਕੇ ਹਨ। 'ਭਾਸਕਰ' ਦੀ ਰਿਪੋਰਟ ਮੁਤਾਬਕ ਠੱਗੀ ਦਾ ਸ਼ਿਕਾਰ ਸਭ ਤੋਂ ਵੱਧ ਦਿਹਾਤੀ ਲੋਕ ਤੇ ਬੇਰੁਜ਼ਗਾਰ ਹੋਏ ਹਨ।




ਵੱਡੇ ਮਾਮਲਿਆਂ ਵਿਚ ਔਸਤਨ ਵਿਦੇਸ਼ ਜਾਣ ਦੇ ਹਰ ਚਾਹਵਾਨ ਤੋਂ 19 ਲੱਖ ਰੁਪਏ ਠੱਗੇ ਜਾ ਰਹੇ ਹਨ। ਇਹ ਖੁਲਾਸਾ 220 ਥਾਣਿਆਂ ਵਿਚ ਦਰਜ 1200 ਐਫ. ਆਈ. ਆਰਜ਼. ਤੋਂ ਇਲਾਵਾ ਕੌਮੀ ਤੇ ਕੌਮਾਂਤਰੀ ਚਾਰ ਏਜੰਸੀਆਂ ਦੀ ਰਿਸਰਚ ਰਿਪੋਰਟਾਂ ਤੋਂ ਪਤਾ ਲੱਗਾ ਹੈ। ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਪਰਿਵਾਰਾਂ ਦਾ ਕਹਿਣਾ ਹੈ ਕਿ ਸਾਡਾ ਪੈਸਾ ਤਾਂ ਫਸਦਾ ਹੀ ਹੈ ਉਤੋਂ ਪੁਲਿਸ ਵੀ ਉਨ੍ਹਾਂ ਦੀ ਨਹੀਂ ਸੁਣਦੀ। ਇਥੋਂ ਤੱਕ ਕਿ ਕੇਸ ਵੀ ਦਰਜ ਨਹੀਂ ਹੁੰਦਾ। ਜ਼ਿਆਦਾਤਰ ਮਾਮਲੇ ਅਦਾਲਤ ਤੱਕ ਵੀ ਨਹੀਂ ਪਹੁੰਚਦੇ। ਜਾਅਲੀ ਏਜੰਟ ਲੋਕਾਂ ਨੂੰ ਇਹ ਕਹਿ ਕੇ ਫਸਾਉਂਦੇ ਹਨ ਕਿ ਵੀਜ਼ਾ ਅਪਲਾਈ ਕਰ ਕੇ ਦੇਖ ਲੈਂਦੇ ਹਾਂ, ਜੇਕਰ ਲੱਗ ਗਿਆ ਤਾਂ ਠੀਕ, ਨਹੀਂ ਅੱਧੇ ਪੈਸੇ ਵਾਪਸ ਕਰ ਦਿਆਂਗੇ। ਇਸੇ ਦੌਰਾਨ ਹੀ ਏਜੰਟ ਉਨ੍ਹਾਂ ਤੋਂ ਪੰਜ ਲੱਖ ਰੁਪਏ ਤੱਕ ਲੈ ਲੈਂਦੇ ਹਨ ਤੇ ਹੌਲੀ-ਹੌਲੀ ਹੋਰ ਪੈਸਾ ਵੀ ਕਢਵਾਉਂਦੇ ਰਹਿੰਦੇ ਹਨ। ਕਈ ਪਰਿਵਾਰ ਕਰਜ਼ੇ ਚੁੱਕ ਕੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ। ਏਜੰਟ ਉਨ੍ਹਾਂ ਨੂੰ ਵਰਕ ਵੀਜ਼ਾ ਦੀ ਬਜਾਇ ਟੂਰਿਸਟ ਵੀਜ਼ਾ ਉਤੇ ਭੇਜ ਦਿੰਦੇ ਹਨ। ਇਸ ਤਰ੍ਹਾਂ ਉਹ ਉਥੇ ਜਾ ਕੇ ਕੰਮ ਨਹੀਂ ਕਰ ਪਾਉਂਦੇ ਤੇ ਇੱਧਰ ਕਰਜ਼ਾਈ ਪਰਿਵਾਰ ਦਾ ਜਿਉਣਾ ਦੁੱਭਰ ਹੋ ਜਾਂਦਾ ਹੈ।

ਮਾਨਤਾ ਪ੍ਰਾਪਤ ਏਜੰਟਾਂ ਦਾ ਕਹਿਣਾ ਹੈ ਕਿ ਸਰਕਾਰ ਫਰਜ਼ੀ ਏਜੰਟਾਂ ਵਿਰੁੱਧ ਸਖਤ ਕਾਰਵਾਈ ਨਹੀਂ ਕਰਦੀ। ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਸੂਬੇ ਵਿਚ ਟ੍ਰੈਵਲ ਏਜੰਟਾਂ ਦੀ ਰਜਿਸਟ੍ਰੇਸ਼ਨ ਨੂੰ ਸਹੀ ਤਰੀਕੇ ਨਾਲ ਅਮਲ ਵਿਚ ਨਹੀਂ ਲਿਆ ਰਹੀ। ਬਾਦਲ ਸਰਕਾਰ ਨੇ ਪੰਜਾਬ ਪ੍ਰਿਵੈਨਸ਼ਨ ਆਫ ਹਿਊਮਨ ਸਮਗਲਿੰਗ ਐਕਟ (2012) ਬਣਾ ਕੇ ਖਾਨਾਪੂਰਤੀ ਤਾਂ ਕਰ ਦਿੱਤੀ ਸੀ। ਹੁਣ ਕੈਪਟਨ ਸਰਕਾਰ ਨੇ ਵੀ ਇਕ ਸਾਲ ਵਿਚ ਫਰਜ਼ੀ ਟ੍ਰੈਵਲ ਏਜੰਟਾਂ ਨੂੰ ਨੱਥ ਨਹੀਂ ਪਾਈ ਹੈ।

## ਰਾਜ ਸਭਾ 'ਚ ਉਠਿਆ ਫਰਜ਼ੀ ਟਰੈਵਲ ਏਜੰਟਾਂ ਦਾ ਮੁੱਦਾ

**ਨਵੀਂ ਦਿੱਲੀ:** ਪੰਜਾਬ ਵਿਚ ਫਰਜ਼ੀ ਟਰੈਵਲ ਏਜੰਸੀਆਂ ਵੱਲੋਂ ਗੈਰਕਾਨੂੰਨੀ ਤਰੀਕੇ ਨਾਲ ਕਾਮਿਆਂ ਨੂੰ ਵਿਦੇਸ਼ ਭੇਜਣ ਦੀ ਸਮੱਸਿਆ ਦਾ ਮੁੱਦਾ ਰਾਜ ਸਭਾ ਵਿਚ ਉਠਿਆ। ਹੁਣ ਇਸ ਦਾਇਰੇ ਵਿਚ ਵਿਦਿਆਰਥੀਆਂ ਵੀ ਆ ਗਏ ਹਨ। ਸਿਫਰ ਕਾਲ ਵਿਚ ਭਾਜਪਾ ਦੇ ਸ਼ਵੇਤ ਮਲਿਕ ਨੇ ਪੰਜਾਬ ਦੇ ਫਰਜ਼ੀ ਟਰੈਵਲ ਏਜੰਸੀਆਂ ਦੀ ਗਿਣਤੀ ਅਚਾਨਕ ਵਧਣ ਦਾ ਮੁੱਦਾ ਚੁੱਕਦੇ ਹੋਏ ਸਰਕਾਰ ਤੋਂ ਇਸ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਅਧਿਕਾਰਤ ਰੂਪ ਵਿਚ ਸਿਰਫ 1100 ਰਜਿਸਟਰਡ ਟਰੈਵਲ ਏਜੰਟ ਹਨ। ਜਦੋਂ ਕਿ ਪੂਰੇ ਰਾਜ ਵਿਚ ਫਰਜ਼ੀ ਏਜੰਸੀਆਂ ਦੀ ਭਰਮਾਰ ਹੈ।

# ਗੈਰਕਾਨੂੰਨੀ ਪਰਵਾਸੀਆਂ ਵਿਰੁੱਧ ਸਖਤੀ 'ਤੇ ਘਿਰੇ ਟਰੰਪ

**ਰਿਵਰਸਾਈਡ:** ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ-ਮੈਕਸਿਕੋ ਸਰਹੱਦ ਉਤੇ ਗੈਰਕਾਨੂੰਨੀ ਪਰਵਾਸੀਆਂ ਵਿਰੁੱਧ ਸਖਤੀ ਕਰਨ ਬਾਅਦ ਪਰਵਾਸੀਆਂ ਨੂੰ ਜੇਲ੍ਹ ਵਿਚ ਮਾੜੀ ਹਾਲਤ 'ਚ ਰੱਖਣ ਦੇ ਵਿਰੁੱਧ ਗੈਰਕਾਨੂੰਨੀ ਪਰਵਾਸੀਆਂ ਨੇ



ਅਮਰੀਕੀ ਸਰਕਾਰ ਦੇ ਵਿਰੁੱਧ ਕੇਸ ਕਰ ਦਿੱਤਾ ਹੈ।

ਰਿਵਰਸਾਈਡ ਵਿਚ ਅਦਾਲਤ ਵਿਚ ਪਾਏ ਕੇਸ 'ਚ ਦੋਸ਼ ਲਾਇਆ ਗਿਆ ਹੈ ਕਿ ਕੈਲੀਫੋਰਨੀਆ ਦੀ ਵਿਕਟਰਵਿਲੈ ਜੇਲ੍ਹ ਵਿਚ ਇਮੀਗ੍ਰੇਸ਼ਨ ਅਦਾਲਤ ਦੇ ਫੈਸਲੇ ਦੀ ਉਡੀਕ ਕਰਦੇ ਗੈਰਕਾਨੂੰਨੀ ਪਰਵਾਸੀਆਂ ਨੂੰ ਬੇਹੱਦ ਮਾੜੀਆਂ ਸਥਿਤੀਆਂ ਵਿਚ ਬੰਦ ਕੀਤਾ ਹੋਇਆ ਹੈ ਤੇ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਵਧੇਰੇ ਸਮਾਂ ਜੇਲ੍ਹ ਵਿਚ ਬੰਦ ਰੱਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨੇ ਅਮਰੀਕਾ ਵਿਚ ਸ਼ਰਨ ਲੈਣ ਲਈ ਕੇਸ ਪਾਇਆ ਹੋਇਆ ਹੈ। ਜੇਲ੍ਹ ਵਿਚ ਬੰਦੀਆਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵੀ ਵਾਂਝੇ ਕੀਤਾ ਹੋਇਆ ਹੈ। ਇਥੋਂ ਤੱਕ ਕਿ ਪੱਗ ਬੰਨ੍ਹਣ ਦੀ ਵੀ ਇਜਾਜ਼ਤ ਨਹੀਂ ਹੈ। ਉਨ੍ਹਾਂ ਨੂੰ ਜੇਲ੍ਹ ਵਿਚ ਦੋ ਤੋਂ ਤਿੰਨ ਹਫਤਿਆਂ ਤੱਕ ਕੱਪੜੇ ਵੀ ਨਹੀਂ ਦਿੱਤੇ ਗਏ।

ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਅਨੁਸਾਰ ਜੇਲ੍ਹ ਵਿਚ 700 ਬੰਦੀ ਹਨ। ਇਥੇ ਭੀੜ ਨਾਲ ਨਜਿੱਠਣ ਲਈ ਜੂਨ ਵਿਚ ਵਿਭਾਗ ਨੇ ਹਵਾਲਾਤੀਆਂ ਨੂੰ ਔਰੇਗਨ, ਵਾਸ਼ਿੰਗਟਨ ਅਤੇ ਹੋਰ ਜੇਲ੍ਹਾਂ ਵਿਚ ਭੇਜਣਾ ਸ਼ੁਰੂ ਕੀਤਾ ਸੀ। ਫੈਡਰਲ ਬਿਊਰੋ ਆਫ ਪ੍ਰਿਜ਼ਨਜ਼ ਅਨੁਸਾਰ ਸਰਕਾਰ ਵੱਲੋਂ ਸਰਹੱਦ ਪਾਰ ਕਰ ਕੇ ਆਉਣ ਵਾਲੇ ਗੈਰਕਾਨੂੰਨੀ ਪਰਵਾਸੀਆਂ ਨਾਲ ਸਖਤੀ ਕੀਤੇ ਜਾਣ ਦੇ ਫੈਸਲੇ ਬਾਅਦ ਜੇਲ੍ਹਾਂ ਵਿਚ 1600 ਬੈੱਡ ਲਾਏ ਗਏ ਹਨ। ਔਰੇਗਨ ਵਿਚ ਵੀ ਪਰਵਾਸੀਆਂ ਇਸ ਤਰ੍ਹਾਂ ਦਾ ਹੀ ਕੇਸ ਪਾਇਆ ਗਿਆ ਹੈ। ਦੋਵੇਂ ਕੇਸਾਂ ਵਿਚ ਲਾਇਰਜ਼ ਫਾਰ ਦਾ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਸਹਾਇਤਾ ਕਰ ਰਹੀ ਹੈ।

# ਪੰਜਾਬ, ਪਰਵਾਸ ਅਤੇ ਵਿਦੇਸ਼ਾਂ ਵਿਚ ਪੜ੍ਹਾਈਆਂ

ਡਾ. ਸੁਰਜੀਤ ਸਿੰਘ
ਫੋਨ: 91-93564-62593

ਚਰਚਾ ਹੈ ਕਿ ਕਾਲਜਾਂ, ਯੂਨੀਵਰਸਟੀਆਂ 'ਚ ਦਾਖ਼ਲਿਆਂ ਵਿਚ ਭਾਰੀ ਕਮੀ ਆਈ ਹੈ। ਬਹੁਤ ਸਾਰੇ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਇੰਨੀ ਨਿਗੂਣੀ ਹੈ ਕਿ ਇਨ੍ਹਾਂ ਦਾ ਭਵਿਖ ਵਿਚ ਬੰਦ ਹੋਣਾ ਤੈਅ ਹੈ। ਇਹ ਗੱਲ ਸਿਰਫ਼ ਸਾਧਾਰਨ ਡਿਗਰੀ ਕਾਲਜਾਂ ਬਾਰੇ ਹੀ ਸੱਚ ਨਹੀਂ ਸਗੋਂ ਪ੍ਰੋਫ਼ੈਸ਼ਨਲ ਕਾਲਜਾਂ ਬਾਰੇ ਵੀ ਸੱਚ ਹੈ ਜਿਥੇ ਇੰਜਨੀਅਰਿੰਗ, ਮੈਡੀਕਲ, ਮੈਨੇਜਮੈਂਟ ਅਤੇ ਕਾਮਰਸ ਵਰਗੇ ਵਿਸ਼ੇ ਪੜ੍ਹਾਏ ਜਾਂਦੇ ਹਨ। ਇਨ੍ਹਾਂ ਕਾਲਜਾਂ ਵਿਚ ਅਸਥਾਈ ਜਾਂ ਠੇਕੇ 'ਤੇ ਕੰਮ ਕਰ ਰਹੇ ਅਧਿਆਪਕਾਂ ਉਤੇ ਛਾਂਟੀ ਦੀ ਤਲਵਾਰ ਲਟਕ ਗਈ ਹੈ। ਬਹੁਤ ਸਾਰੇ ਕਾਲਜਾਂ ਵਿਚ ਸਾਲ-ਦਰ-ਸਾਲ ਨੌਕਰੀ ਉਤੇ ਰੱਖੇ ਜਾਂਦੇ ਬਹੁਤ ਸਾਰੇ ਅਧਿਆਪਕਾਂ ਨੂੰ ਜਵਾਬ ਮਿਲ ਗਿਆ ਹੈ। ਇਸ ਵਰਤਾਰੇ ਦਾ ਫ਼ੌਰੀ ਕਾਰਨ ਇਹ ਹੈ ਕਿ ਇਨ੍ਹਾਂ ਕਾਲਜਾਂ ਵਿਚ ਚੱਲਦੇ ਵੱਖ ਵੱਖ ਕੋਰਸਾਂ ਵਿਚ ਦਾਖ਼ਿਲ ਹੋਣ ਦੀ ਬਜਾਏ ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਆਇਲੈੱਟਸ ਦੇ ਇਮਤਿਹਾਨ ਦੀ ਟਰੇਨਿੰਗ ਦੇਣ ਵਾਲੇ ਸੈਂਟਰਾਂ ਵਿਚ ਦਾਖ਼ਿਲ ਹੋ ਰਹੇ ਹਨ। ਇਸ ਇਮਤਿਹਾਨ ਵਿਚ ਲੋੜੀਂਦੇ ਬੈਂਡ ਆਉਣ ਨਾਲ ਉਨ੍ਹਾਂ ਦੀ ਵਿਦੇਸ਼ ਜਾਣ ਦੀ ਦੂਜੀ ਸ਼ਰਤ ਪੂਰੀ ਹੋ ਜਾਂਦੀ ਹੈ ਜਿਸ ਨਾਲ ਉਹ 12ਵੀਂ (ਪਹਿਲੀ ਸ਼ਰਤ) ਤੋਂ ਬਾਅਦ ਵੱਖ ਵੱਖ ਮੁਲਕਾਂ ਵਿਚ ਵਿਦਿਆਰਥੀ ਵੀਜ਼ੇ 'ਤੇ ਜਾਣ ਦੇ ਕਾਬਿਲ ਹੋ ਜਾਂਦੇ ਹਨ। ਇਉਂ ਜ਼ਿਆਦਾਤਰ ਨੌਜਵਾਨ ਵੱਖ ਵੱਖ ਮੁਲਕਾਂ ਵਿਚ ਵਿਦਿਆਰਥੀ ਵੀਜ਼ੇ ਉਤੇ ਜਾਂਦੇ ਹਨ ਪਰ ਉਨ੍ਹਾਂ ਦਾ ਮਕਸਦ ਉਥੇ ਪੜ੍ਹਾਈ ਦੀ ਬਜਾਏ ਕਿਰਤ ਕਮਾਈ ਕਰਨਾ ਅਤੇ ਪੈਸੇ ਕਮਾਉਣਾ ਹੁੰਦਾ ਹੈ। ਪਿਛਲੇ 2-3 ਸਾਲਾਂ ਤੋਂ ਇਹ ਰੁਝਾਨ ਲਗਾਤਾਰ ਵਧ ਰਿਹਾ ਹੈ।

ਪਿਛਲੇ ਸਾਲ ਤਕਰੀਬਨ ਇਕ ਲੱਖ ਨੌਜਵਾਨ ਵਿਦੇਸ਼ਾਂ ਵਿਚ ਵਿਦਿਆਰਥੀ ਵੀਜ਼ਿਆਂ ਉਤੇ ਗਿਆ ਹੈ। ਸਾਡੇ ਵਿਦਿਆਰਥੀ ਮੁੱਖ ਤੌਰ 'ਤੇ ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਵਿਚ ਦਾਖ਼ਲਾ ਲੈਂਦੇ ਹਨ। ਕੁਝ ਕੁ ਅਮਰੀਕਾ, ਇੰਗਲੈਂਡ ਅਤੇ ਯੂਰਪੀ ਮੁਲਕਾਂ ਵਿਚ ਵੀ ਜਾਂਦੇ ਹਨ ਪਰ ਉਨ੍ਹਾਂ ਦੀ ਗਿਣਤੀ ਬਹੁਤੀ ਨਹੀਂ। ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਵਿਚ ਬਹੁਤ ਸਾਰੀਆਂ ਅਜਿਹੀਆਂ ਵਿੱਦਿਅਕ ਸੰਸਥਾਵਾਂ ਹਨ ਜਿਨ੍ਹਾਂ ਦਾ ਮਕਸਦ ਏਸ਼ਿਆਈ-ਅਫ਼ਰੀਕੀ ਮੁਲਕਾਂ ਦੇ ਲੋਕਾਂ ਦੀ ਇਨ੍ਹਾਂ ਮੁਲਕਾਂ ਵਿਚ ਵੱਸਣ ਦੀ ਚਾਹਤ ਪੂਰਾ ਕਰਨਾ ਹੈ। ਇਨ੍ਹਾਂ ਕੋਲ ਨਾ ਲੋੜੀਂਦਾ ਬੁਨਿਆਦੀ ਢਾਂਚਾ ਹੈ ਤੇ ਨਾ ਸਥਾਈ ਅਧਿਆਪਨ ਅਮਲਾ ਹੈ। ਇਹ ਵੀ ਭਾਰਤ ਵਿਚ ਡਿਗਰੀਆਂ ਦੇਣ ਲਈ ਖੁੱਲ੍ਹੀਆਂ ਦੁਕਾਨਨੁਮਾ ਯੂਨੀਵਰਸਟੀਆਂ ਵਾਂਗ ਕੰਮ ਚਲਾਉਂਦੇ ਹਨ ਪਰ ਇਸ ਨਾਲ ਉਹ ਆਪਣੇ ਮੁਲਕ ਨੂੰ ਚੰਗਾ ਸਰਮਾਇਆ ਕਮਾ ਕੇ ਦਿੰਦੇ ਹਨ ਅਤੇ ਸਸਤੀ ਕਿਰਤ ਸ਼ਕਤੀ ਮੁਹੱਈਆ ਕਰਵਾਉਂਦੇ ਹਨ। ਪੰਜਾਬ ਇਨ੍ਹਾਂ ਮੁਲਕਾਂ ਨੂੰ ਸਸਤੀ ਕਿਰਤ ਸ਼ਕਤੀ ਮੁਹੱਈਆ ਕਰਵਾਉਣ ਵਾਲਾ ਮੁੱਖ ਸੂਬਾ ਬਣ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਦਾ ਕਰੋੜਾਂ ਰੁਪਇਆ ਵੀ ਬਾਹਰ ਜਾ ਰਿਹਾ ਹੈ।

ਜਦੋਂ ਕਿਸੇ ਖਿੱਤੇ ਦਾ ਕਰੋੜਾਂ ਰੁਪਏ ਆਏ ਸਾਲ ਉਡ ਜਾਂਦਾ ਹੈ ਤਾਂ ਉਸ ਖਿੱਤੇ ਦੀ ਆਰਥਿਕਤਾ ਬਰਬਾਦੀ ਵੱਲ ਯਾਤਰਾ ਸ਼ੁਰੂ ਕਰ ਲੈਂਦੀ ਹੈ ਜਿਸ ਦਾ ਖ਼ਮਿਆਜ਼ਾ ਸਮਾਜ ਦੇ ਸਭ ਵਰਗਾਂ ਨੂੰ ਭੁਗਤਣਾ ਪੈਂਦਾ ਹੈ। ਪੰਜਾਬ ਵਿਚ ਨੌਜਵਾਨਾਂ ਦੇ ਪੰਜਾਬ ਦੇ ਸਰਮਾਏ ਦੇ ਬਾਹਰ ਜਾਣ ਨਾਲ ਬਹੁਤ ਸਾਰੇ ਛੋਟੇ ਵੱਡੇ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ। ਕਿਤਾਬਾਂ-ਕਾਪੀਆਂ ਦੀਆਂ ਦੁਕਾਨਾਂ ਤੋਂ ਲੈ ਕੇ ਚਾਹ-ਸਮੋਸੇ ਵੇਚਣ ਵਾਲਿਆਂ ਦਾ ਕਾਰੋਬਾਰ ਨਿਘਾਰ ਵੱਲ ਜਾ ਰਿਹਾ ਹੈ। ਵਿਆਪਕ ਪੱਧਰ 'ਤੇ ਗਰੀਬੀ ਅਤੇ ਭੁੱਖਮਰੀ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਇਸ ਸਭ ਨੇ ਪੰਜਾਬ ਦੀ ਸਮੁੱਚੀ ਆਰਥਿਕਤਾ ਨੂੰ ਜਲਦੀ ਹੀ ਆਪਣੀ ਜਕੜ ਵਿਚ ਲੈ ਲੈਣਾ ਹੈ ਤੇ ਇਸ ਵਿਚੋਂ ਬਾਹਰ ਨਿੱਕਲਣਾ ਬਹੁਤ ਮੁਸ਼ਕਿਲ ਹੋ ਜਾਵੇਗਾ।



ਅਸੀਂ ਇਸ ਵਰਤਾਰੇ ਬਾਰੇ ਫ਼ਿਕਰ ਤਾਂ ਕਰਦੇ ਹਾਂ ਪਰ ਇਹ ਸਮਝਣ ਦੀ ਕੋਸ਼ਿਸ਼ ਘੱਟ ਕਰਦੇ ਹਾਂ ਕਿ ਅਜਿਹਾ ਕਿਉਂ ਹੋ ਰਿਹਾ ਹੈ। ਇਸ ਦਾ ਸਿੱਧਾ ਕਾਰਨ ਹੈ ਕਿ ਪੰਜਾਬ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਵਿਚ 'ਵਧੀਆ ਰੁਜ਼ਗਾਰ' ਦੇ ਮੌਕੇ ਤਕਰੀਬਨ ਖ਼ਤਮ ਕਰ ਦਿੱਤੇ ਹਨ। ਨੌਜਵਾਨ ਪੜ੍ਹ ਲਿਖ ਕੇ ਚੰਗੀ ਉਜਰਤ ਵਾਲੇ ਰੁਜ਼ਗਾਰ ਦੇ ਸੁਪਨੇ ਦੇਖਦਾ ਹੈ। ਇਸ ਸਮੇਂ ਪੰਜਾਬ ਦੀਆਂ ਸਾਰੀਆਂ ਸਰਕਾਰੀ/ਅਰਧ ਸਰਕਾਰੀ ਨੌਕਰੀਆਂ ਵਿਚ ਬੰਦੇ ਨੂੰ ਮੂਲ ਤਨਖ਼ਾਹ 'ਤੇ (ਪਹਿਲੇ ਤਿੰਨ ਸਾਲਾਂ ਲਈ ਬਿਨਾਂ ਕਿਸੇ ਵਾਧੇ ਤੋਂ) ਰੱਖਿਆ ਜਾਂਦਾ ਹੈ। ਇਸ ਦਾ ਮਤਲਬ ਪੰਜਾਬ ਵਿਚ ਡਾਕਟਰ, ਇੰਜਨੀਅਰ, ਪੁਲੀਸ ਅਫ਼ਸਰ, ਅਸਿਸਟੈਂਟ ਪ੍ਰੋਫ਼ੈਸਰ ਅਤੇ ਹੋਰ ਸਾਰੀਆਂ ਪਹਿਲੇ ਦਰਜੇ ਦੀਆਂ ਅਸਾਮੀਆਂ ਉਤੇ 15600 ਰੁਪਏ (ਇਸ ਵਿਚੋਂ 1560 ਰੁਪਏ ਸੀਪੀਐਫ਼ ਦੇ ਕੱਟੇ ਜਾਂਦੇ ਹਨ, ਮਤਲਬ ਅਸਲ ਤਨਖ਼ਾਹ 14540 ਰੁਪਏ) ਮਹੀਨਾਵਾਰ ਤਨਖ਼ਾਹ ਦਿੱਤੀ ਜਾਂਦੀ ਹੈ। ਇਹ ਹਾਲ ਪਹਿਲੇ ਦਰਜੇ ਦੀਆਂ ਅਸਾਮੀਆਂ ਦੀ ਹੈ ਜਿਸ ਵਿਚ ਪੀਸੀਐਸ ਅਫ਼ਸਰ ਵੀ ਆਉਂਦੇ ਹਨ, ਡੀਐਸਪੀ ਵੀ ਅਤੇ ਹੋਰ ਪ੍ਰਸ਼ਾਸਕੀ ਅਹੁਦਿਆਂ ਉਤੇ ਕੰਮ ਕਰਦੇ ਅਧਿਕਾਰੀ ਵੀ। ਇਸ ਵਿਚ ਅਧਿਆਪਕ ਵੀ ਆਉਂਦੇ ਹਨ, ਦਰਜਾ ਦੋ ਦੇ ਅਨੇਕਾਂ ਅਧਿਕਾਰੀ ਵੀ ਅਤੇ ਵੱਖ ਵੱਖ ਸਕੀਮਾਂ ਵਿਚ ਕੰਮ ਕਰਦੇ ਹਜ਼ਾਰਾਂ ਅਧਿਆਪਕ ਵੀ ਜਿਨ੍ਹਾਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ। ਸਵਾਲ ਹੈ ਕਿ ਵੱਡੀਆਂ ਡਿਗਰੀਆਂ ਲੈਣ, ਮੁਕਾਬਲੇ ਦੇ ਇਮਤਿਹਾਨ ਪਾਸ ਕਰਨ ਅਤੇ ਕੋਰਸਾਂ ਉਤੇ ਲੱਖਾਂ ਰੁਪਏ ਖ਼ਰਚ ਕਰਨ ਉਪਰੰਤ ਸਾਡੇ ਮਿਹਨਤੀ ਅਤੇ ਪੜ੍ਹੇ ਲਿਖੇ ਨੌਜਵਾਨ ਬੱਸ ਇਹੀ ਹੱਕ ਰੱਖਦੇ ਹਨ? ਇਹ ਵੀ ਜਾਣ ਲਿਆ ਜਾਵੇ ਕਿ ਤਨਖ਼ਾਹ ਦਾ ਇਹ ਸਿਸਟਮ ਪੰਜਾਬ ਤੋਂ ਬਾਹਰ ਕਿਸੇ ਵੀ ਸੂਬੇ ਵਿਚ ਨਹੀਂ ਹੈ। ਬਾਕੀ ਸਭ ਰਾਜਾਂ ਵਿਚ ਪਹਿਲੇ ਦਰਜੇ ਦੀਆਂ ਨੌਕਰੀਆਂ ਉਤੇ ਮੁੱਢ ਵਿਚ ਹੀ 50 ਤੋਂ 60 ਹਜ਼ਾਰ ਮਹੀਨਾ ਤਨਖ਼ਾਹ ਦਿੱਤੀ ਜਾਂਦੀ ਹੈ। ਇਸ ਹਾਲਤ ਵਿਚ ਪੰਜਾਬ ਦਾ ਨੌਜਵਾਨ ਕਿਥੇ ਜਾਵੇ? ਆਉਣ ਵਾਲੇ ਸਮੇਂ ਵਿਚ ਇਹ ਵੀ ਹੋਣਾ ਹੈ ਕਿ ਜਿਹੜੇ ਬਾਹਰ ਨਹੀਂ ਜਾ ਸਕਦੇ ਪਰ ਉਂਜ ਲਾਇਕ ਤੇ ਸਮਰੱਥ ਹਨ, ਉਹ ਭਾਰਤ ਦੇ ਹੋਰ ਸੂਬਿਆਂ ਵਿਚ ਜਾਣ ਲਈ ਮਜਬੂਰ ਹੋਣਗੇ। ਇਉਂ ਪੰਜਾਬ ਦਾ ਬੌਧਿਕ ਤੇ ਵਿੱਤੀ ਦਿਵਾਲਾ ਨਿੱਕਲ ਜਾਵੇਗਾ।

ਇਹ ਵਰਤਾਰਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੀ ਸਿਆਸਤ ਵਿਚ ਭਾਈਵਾਲ ਧਿਰਾਂ ਪੰਜਾਬ ਅਤੇ ਪੰਜਾਬੀਆਂ ਦੀਆਂ ਕੁਝ ਨਹੀਂ ਲੱਗਦੀਆ ਕਿਉਂਕਿ ਇਨ੍ਹਾਂ ਮਸਲਿਆਂ ਬਾਰੇ ਇਨ੍ਹਾਂ ਦੀ ਪਹੁੰਚ/ਨੀਤੀ ਵਿਚ ਏਕਤਾ ਹੈ। ਪਿਛਲੀ ਯੂ.ਪੀ.ਏ. ਸਰਕਾਰ ਨੇ ਪੰਜਾਬ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੀਆਂ ਗਰਾਂਟਾਂ ਉਤੇ ਕੱਟ ਲਾਉਣੇ ਸ਼ੁਰੂ ਕੀਤੇ ਗਏ ਸਨ ਅਤੇ 95% ਗਰਾਂਟ ਇਨ ਏਡ ਦੀਆਂ ਅਸਾਮੀਆਂ ਭਰਨ ਉਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਦੀਆਂ ਸਾਰੀਆਂ ਸਰਕਾਰੀ ਨੌਕਰੀਆਂ ਉਤੇ ਠੇਕੇ 'ਤੇ ਭਰਤੀ ਕਰਨ ਦਾ ਸਿਸਟਮ ਬਣਾ ਕੇ ਇਸ ਨੂੰ ਵਿਧਾਨ ਸਭਾ ਵਿਚ ਪਾਸ ਕਰਵਾ ਲਿਆ। ਜ਼ਾਹਿਰ ਹੈ ਕਿ ਇਸ ਠੇਕਾ ਪ੍ਰਣਾਲੀ ਰਾਹੀਂ ਪੰਜਾਬ ਵਿਚ ਪ੍ਰਾਈਵੇਟ ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲ ਅਤੇ ਹੋਰ ਕੰਪਨੀਆਂ ਚਲਾ ਰਹੇ ਵਪਾਰੀਆਂ/ਧਨਾਢਾਂ ਨੂੰ ਕਰੋੜਾਂ ਰੁਪਏ ਦਾ ਮੁਨਾਫ਼ਾ ਦਿੱਤਾ ਜਾ ਰਿਹਾ ਹੈ। ਇਹ ਉਨ੍ਹਾਂ ਦੀ ਸਹੂਲਤ ਲਈ ਹੀ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਸਰਕਾਰੀ ਪ੍ਰਵਾਣਿਤ ਸਕੇਲਾਂ ਉਤੇ ਮੁਲਾਜ਼ਮ ਨਾ ਰੱਖਣੇ ਪੈਣ। ਇਹ ਪ੍ਰਣਾਲੀ ਸ਼ੁਰੂ ਹੋਣ ਤੋਂ ਬਾਅਦ ਪੰਜਾਬ ਵਿਚ ਪ੍ਰਾਈਵੇਟ ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ, ਵਪਾਰਕ ਕੰਪਨੀਆਂ, ਸਰਵਿਸ ਪ੍ਰੋਵਾਈਡਰ ਕੰਪਨੀਆਂ ਦੀ ਗਿਣਤੀ ਵਿਚ ਇਕਦਮ ਵਾਧਾ ਹੋਇਆ ਹੈ। ਇਹ ਸਭ ਪੰਜਾਬੀਆਂ ਦੀ ਹੋਣੀ ਨੂੰ ਵੇਚ-ਵੱਟ ਕੇ ਆਪਣੇ ਘਰ ਭਰਨ ਦੀ ਯੋਜਨਾਬੰਦੀ ਹੈ।

ਪੰਜਾਬ ਵਿਚ ਵਧੀਆ ਰੁਜ਼ਗਾਰ ਖ਼ਤਮ ਕਰਨ ਦੀ ਪ੍ਰਕਿਰਿਆ ਨੂੰ ਠੱਲ੍ਹਣ ਲਈ ਕਾਲਜਾਂ ਦੀਆਂ ਪ੍ਰਬੰਧਕੀ ਕਮੇਟੀਆਂ, ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀਆਂ ਜਥੇਬੰਦੀਆਂ ਦੁਆਰਾ ਅਦਾਲਤ ਵਿਚ ਪਹੁੰਚ ਕੀਤੀ ਗਈ। ਅਦਾਲਤ ਵੱਲੋਂ ਦਿੱਤੇ ਨਿਰਦੇਸ਼ਾਂ ਅਤੇ ਪੰਜਾਬ ਸਰਕਾਰ ਵੱਲੋਂ ਹਲਫ਼ਨਾਮਾ ਦੇਣ ਉਪਰੰਤ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿਚ ਫ਼ਰੀਜ਼ ਕੀਤੀਆਂ 1928 ਅਸਾਮੀਆਂ ਉਤੇ ਪੰਜਾਬ ਸਰਕਾਰ ਨੇ ਮੁੱਢਲੇ ਤੌਰ 'ਤੇ ਤਿੰਨ ਸਾਲ ਦੇ ਠੇਕੇ ਉਤੇ ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ (ਇਨ੍ਹਾਂ ਅਧਿਆਪਕਾਂ ਦੇ ਤਿੰਨ ਸਾਲ ਪੂਰੇ ਹੋ ਗਏ ਹਨ ਪਰ ਇਨ੍ਹਾਂ ਨੂੰ ਪੱਕੇ ਕਰਨ ਦੀ ਕੋਈ ਨੀਅਤ ਨਜ਼ਰ ਨਹੀਂ ਆ ਰਹੀ)। ਪਿਛਲੀਆਂ ਚੋਣਾਂ ਦੌਰਾਨ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਲਿਖਿਆ ਸੀ ਕਿ ਸਾਰੀਆਂ ਨੌਕਰੀਆਂ ਵਿਚ ਠੇਕੇ ਉਤੇ ਭਰਤੀ ਕਰਨ ਦੀ ਪ੍ਰਣਾਲੀ ਖ਼ਤਮ ਕੀਤੀ ਜਾਵੇਗੀ ਅਤੇ ਸਾਰੀਆਂ ਭਰਤੀਆਂ ਪੱਕੇ ਤੌਰ 'ਤੇ ਬਾਕਾਇਦਾ ਤਨਖ਼ਾਹ ਸਕੇਲਾਂ ਵਿਚ ਕੀਤੀਆਂ ਜਾਣਗੀਆਂ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ 'ਉਚੇਰੀ ਸਿੱਖਿਆ ਬਚਾਉ ਮੰਚ' ਦੇ ਵਫ਼ਦ ਨਾਲ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਆਪਕ ਠੇਕੇ ਉਤੇ ਰੱਖਣ ਦੀ ਬਜਾਏ ਪੱਕੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ, ਯੂਨੀਵਰਸਿਟੀਆਂ ਨੂੰ ਸਾਲਾਨਾ ਗਰਾਂਟਾਂ ਦਿੱਤੀਆਂ ਜਾਣਗੀਆਂ, ਕਾਲਜਾਂ ਵਿਚ ਵਿਦਿਆਰਥੀਆਂ ਦੀ ਮੌਜੂਦਾ ਗਿਣਤੀ ਦੇ ਆਧਾਰ 'ਤੇ ਨਵੀਆਂ ਅਸਾਮੀਆਂ ਦਿੱਤੀਆਂ ਜਾਣਗੀਆਂ। ਪਰ ਚੋਣਾਂ ਤੋਂ ਬਾਅਦ ਉਹੀ ਹੋਇਆ ਜੋ ਸਾਰੀਆਂ ਪਾਰਟੀਆਂ ਚੋਣਾਂ ਤੋਂ ਪਹਿਲਾਂ ਕੀਤੇ ਆਪਣੇ ਵਾਅਦਿਆਂ ਦਾ ਕਰਦੀਆਂ ਹਨ।

ਕੀ ਅਸੀਂ ਨਿੱਘਰ ਰਹੇ ਹਾਲਤ ਬਾਰੇ ਚਰਚਾ ਕਰਕੇ, ਰੋ-ਧੋ ਕੇ, ਇਵੇਂ ਹੀ ਹੱਥ 'ਤੇ ਹੱਥ ਧਰ ਕੇ ਬੈਠੇ ਰਹਾਂਗੇ ਜਾਂ ਕੋਈ ਅਜਿਹੀ ਲਹਿਰ ਖੜ੍ਹੀ ਕਰਨ ਦੀ ਚਾਰਾਜੋਈ ਕਰਾਂਗੇ ਜਿਸ ਨਾਲ ਪੰਜਾਬ ਦਾ ਨੌਜਵਾਨ ਇੱਥੇ ਹੀ ਮਾਣਮੱਤੀ ਜ਼ਿੰਦਗੀ ਜੀਅ ਸਕੇ ਅਤੇ ਪੰਜਾਬ ਨੂੰ ਹਰ ਪੱਖੋਂ ਕੰਗਾਲ ਹੋਣ ਤੋਂ ਬਚਾਇਆ ਜਾ ਸਕੇ? ਕਈ ਮੰਨਦੇ ਹਨ ਕਿ ਪੰਜਾਬ ਵਿਚ ਮਰਨ ਨਾਲੋਂ ਤਾਂ ਬਾਹਰ ਜਾਣਾ ਜ਼ਿਆਦਾ ਚੰਗਾ ਹੈ ਪਰ ਸਵਾਲ ਹੈ ਕਿ ਪੰਜਾਬ ਦੀ ਸਾਰੀ ਵਸੋਂ ਕੀ ਵਿਦੇਸ਼ਾਂ ਵਿਚ ਜਾ ਸਕਦੀ ਹੈ? ਕੀ ਪੰਜਾਬ ਦੀ ਇਸ ਹੋਣੀ ਦਾ ਹੱਲ ਪਰਵਾਸ ਹੈ? ਮੇਰੀ ਜਾਚੇ ਪਰਵਾਸ ਇਕ ਹੱਦ ਤਕ ਬੰਦਿਆਂ ਦੀਆਂ ਸਮੱਸਿਆਵਾਂ ਦਾ ਸੀਮਤ ਜਿਹਾ ਹੱਲ ਤਾਂ ਹੈ, ਇਹ ਪੂਰੀ ਕੌਮ ਦਾ ਰਸਤਾ ਨਹੀਂ ਹੋ ਸਕਦਾ। ਇਹ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਬਹੁਤ ਸਾਰੇ ਮੁਲਕਾਂ ਵਿਚ ਵੱਡੇ ਪੱਧਰ 'ਤੇ ਪਰਵਾਸੀਆਂ ਦੇ ਪਹੁੰਚਣ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਬਣ ਰਹੀ ਹੈ ਅਤੇ ਪੰਜਾਬੀਆਂ ਨੂੰ ਵੀ ਉਥੇ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵਰਤਾਰਾ ਦਿਨੋ-ਦਿਨ ਵਧ ਰਿਹਾ ਹੈ। ਇਸ ਲਈ ਪਰਵਾਸ ਸਾਡੀਆਂ ਸਮੱਸਿਆਵਾਂ ਦਾ ਸਥਾਈ ਅਤੇ ਸਦੀਵੀ ਹੱਲ ਨਹੀਂ ਹੋ ਸਕਦਾ। ਸਦੀਵੀ ਅਤੇ ਸਥਾਈ ਹੱਲ ਪੰਜਾਬ ਵਿਚ ਹੀ ਹੋਣਾ ਹੈ ਅਤੇ ਇਹ ਅਸੀਂ ਹੀ ਕਰਨਾ ਹੈ; ਇਹ ਸਾਡੇ ਪ੍ਰਤੀਨਿਧ ਸਿਆਸਤਦਾਨਾਂ ਅਤੇ ਸਰਕਾਰਾਂ ਨੇ ਕਰਨਾ ਹੈ। ਪੰਜਾਬ ਦੇ ਲੋਕ ਬੇਰੁਜ਼ਗਾਰੀ, ਬੌਧਿਕ ਕੰਗਾਲੀ, ਨਸ਼ਾਖ਼ੋਰੀ, ਖ਼ੁਦਕਸ਼ੀ, ਹਿੰਸਾ ਅਤੇ ਜੁਰਮ ਤੋਂ ਤਾਂ ਬਚ ਸਕਦੇ ਹਨ, ਜੇ ਉਨ੍ਹਾਂ ਨੂੰ ਉਤਪਾਦਕੀ-ਸਿਰਜਣਾਤਮਕ ਕੰਮਾਂ ਉਤੇ ਲਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਹੀ ਮਾਣਯੋਗ ਜ਼ਿੰਦਗੀ ਜਿਉਣ ਦੇ ਕਾਬਿਲ ਬਣਾਉਣ ਲਈ ਕੁਸ਼ਲ ਬਣਾਇਆ ਜਾਵੇਗਾ, ਉਨ੍ਹਾਂ ਨੂੰ ਆਪਣੀ ਕੁਸ਼ਲਤਾ, ਯੋਗਤਾ ਮੁਤਾਬਿਕ ਨੌਕਰੀਆਂ ਦਿੱਤੀਆਂ ਜਾਣਗੀਆਂ, ਉਨ੍ਹਾਂ ਨੂੰ ਵਾਜਿਬ ਤਨਖ਼ਾਹਾਂ ਉਤੇ ਸਥਾਈ ਨਿਯੁਕਤੀਆਂ ਦਿੱਤੀਆਂ ਜਾਣਗੀਆਂ। ਜੇ ਪੰਜਾਬ ਦੇ ਸਿਆਸਤਦਾਨਾਂ, ਬੁੱਧੀਮਾਨਾਂ ਅਤੇ ਹੋਰ ਸੰਵੇਦਨਸ਼ੀਲ ਲੋਕਾਂ ਨੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਵੱਲ ਪਿੱਠ ਕੀਤੀ ਰੱਖੀ ਤਾਂ ਇਸ ਦੇ ਜੋ ਸਿੱਟੇ ਨਿੱਕਲਣੇ, ਉਸ ਦੀ ਕਲਪਨਾ ਵੀ ਦਿਲ ਨੂੰ ਕੰਬਾ ਕੇ ਰੱਖ ਦਿੰਦੀ ਹੈ।

ਸਵਾਲਾਂ ਦਾ ਸਵਾਲ: ਇਹ ਸਭ ਕਿਵੇਂ ਹੋਵੇਗਾ? ਇਸ ਦੇ ਨਾਲ ਹੀ ਸਾਡੇ ਸਾਹਮਣੇ ਇਹ ਸਵਾਲ ਵੀ ਹੈ ਕਿ ਸੰਵੇਦਨਸ਼ੀਲ ਅਤੇ ਵੱਡੇ ਸੁਪਨੇ ਦੇਖਣ ਵਾਲੇ ਪੰਜਾਬੀਓ! ਅਸੀਂ ਹੋਰ ਬਹੁਤ ਸਾਰੇ ਮਸਲਿਆਂ ਉਤੇ ਬੜੀ ਗਰਮੀ-ਸਰਗਰਮੀ ਦਿਖਾਉਂਦੇ ਹਾਂ, ਕੀ ਅਸੀਂ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਲਈ ਕੋਈ ਪਹਿਲਕਦਮੀ ਨਹੀਂ ਕਰ ਸਕਦੇ?

---

# ਲੀਡਰ ਬਰੀ, ਫਿਰ ਮੁਕੱਦਮਾ ਕਿਸ ਦੇ ਸਿਰ?

ਕੁਲਜੀਤ ਬੈਂਸ

ਇਹ ਨਿਤਾਰਨਾ ਮੁਸ਼ਕਿਲ ਹੈ ਕਿ ਸਭ ਤੋਂ ਵੱਧ ਮੂਰਖ ਕੌਣ ਹੈ: ਕਾਨੂੰਨ ਜਾਂ ਸੂਬੇ ਵਿਚ ਵੱਸਦੇ ਲੋਕ। ਸਿਆਸੀ ਸੁਆਮੀਆਂ ਨੇ ਦੋਹਾਂ ਨੂੰ ਹੀ ਲਤਾੜਿਆ, ਮੂਰਖ ਬਣਾਇਆ, ਆਪਣੇ ਹਿਤਾਂ ਲਈ ਵਰਤਿਆ ਅਤੇ ਖ਼ੂਬ ਮਖੌਲ ਉਡਾਇਆ ਹੈ। ਇਨ੍ਹਾਂ ਸਿਆਸੀ ਸੁਆਮੀਆਂ ਨੇ ਆਪਣੇ ਸ਼ਰੀਕਾਂ ਖਿਲਾਫ ਸਿਆਸੀ ਜਜ਼ਬਾਤ ਭੜਕਾਉਣ ਲਈ ਕਾਨੂੰਨ ਅਤੇ ਨਿਆਂ ਪ੍ਰਣਾਲੀ ਨੂੰ ਵਰਤਿਆ ਅਤੇ ਫਿਰ ਇਹ ਯਕੀਨੀ ਬਣਾ ਕੇ, ਕਿ ਕਿਸੇ ਵੀ ਧਿਰ ਨੂੰ ਕੋਈ ਨੁਕਸਾਨ ਨਾ ਪਹੁੰਚੇ, ਬੜੇ ਆਰਾਮ ਨਾਲ ਹੀ ਸਭ ਮਾਮਲੇ ਰਫਾ-ਦਫਾ ਕਰ ਲਏ। ਹਰ ਨਵੀਂ ਸਰਕਾਰ ਫਰੇਬ ਦੇ ਅਜਿਹੇ ਤਾਜ਼ਾ-ਤਰੀਨ ਦਾਈਏ ਨਾਲ ਸ਼ੁਰੂਆਤ ਕਰਦੀ ਹੈ।

ਬਾਦਲਾਂ ਤੋਂ ਲੈ ਕੇ ਕੈਪਟਨ ਅਮਰਿੰਦਰ ਸਿੰਘ ਤੱਕ ਅਤੇ ਸੁੱਚਾ ਸਿੰਘ ਲੰਗਾਹ ਤੇ ਤੋਤਾ ਸਿੰਘ ਤੋਂ ਲੈ ਕੇ ਬੇਅਦਬੀ ਨਾਲ ਜੁੜੇ ਸਭ ਕੇਸਾਂ ਤੱਕ, ਵੱਖ ਵੱਖ ਵਕਤ 'ਤੇ ਇਨ੍ਹਾਂ ਸਾਰੇ ਮਸਲਿਆਂ ਨੇ ਸੂਬੇ ਦੀ ਸਿਆਸਤ ਉਤੇ ਬਹੁਤ ਵੱਡੇ ਪੱਧਰ 'ਤੇ ਅਸਰ ਪਾਇਆ। ਫਿਰ ਵੀ, ਸੂਬੇ ਦੇ ਬੇਹਿਸਾਬ ਵਸੀਲੇ ਬਰਬਾਦ ਕਰਨ ਦੇ ਬਾਵਜੂਦ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਹਰ ਵਾਰ, ਆਮ ਲੋਕਾਂ ਨੂੰ ਜਬਰ ਜਨਾਹ ਅਤੇ ਕਤਲ ਵਰਗੇ ਕੇਸਾਂ ਵਿਚ ਵੀ ਨਿਆਂ ਨਹੀਂ ਮਿਲਦਾ, ਕਿਉਂਕਿ ਤਮਾਮ ਜਾਂਚ-ਪੜਤਾਲਾਂ ਲਈ ਪੁਲੀਸ ਕੋਲ ਲੋੜੀਂਦੇ ਵਸੀਲੇ ਹੀ ਨਹੀਂ ਹੁੰਦੇ।

ਕੈਪਟਨ ਅਮਰਿੰਦਰ ਸਿੰਘ ਨੇ ਬਤੌਰ ਮੁੱਖ ਮੰਤਰੀ ਆਪਣਾ ਪਹਿਲਾ ਕਾਰਜਕਾਲ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਵਿਚ ਨਿਯੁਕਤੀਆਂ ਦੇ ਫਰਾਡ ਦੇ ਚਰਚਿਤ ਕੇਸ ਨਾਲ ਸ਼ੁਰੂ ਕੀਤਾ ਸੀ। ਕਾਨੂੰਨ ਮੁਤਾਬਿਕ ਇਸ ਵਿਚ ਲੋੜੀਂਦੀ ਪ੍ਰਗਤੀ ਵੀ ਹੋਈ। ਇਸ ਨਾਲ ਇਹ ਉਮੀਦ ਬੱਝੀ ਕਿ ਹੁਣ ਸ਼ਾਇਦ ਨਿਆਂ ਮਿਲਣ ਦਾ ਅਮਲ ਆਰੰਭ ਹੋ ਗਿਆ ਹੈ। ਉਨ੍ਹਾਂ ਦੀ ਅਗਲੀ ਕਾਰਵਾਈ ਬਾਦਲ ਪਰਿਵਾਰ ਦੇ ਜੀਆਂ ਖਿਲਾਫ ਭ੍ਰਿਸ਼ਟਾਚਾਰ ਅਤੇ ਵਸੀਲਿਆਂ ਤੋਂ ਵਧੇਰੇ ਜਾਇਦਾਦਾਂ ਬਣਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕਰਨ ਦੇ ਰੂਪ ਵਿਚ ਹੋਈ। ਇਸ ਦੇ ਨਾਲ ਹੀ ਸਿਆਸੀ ਹਿਤਾਂ ਦੀ ਪੂਰਤੀ ਲਈ ਕਾਨੂੰਨ ਨੂੰ ਵਰਤਣ ਦਾ ਕਦੀ ਵੀ ਨਾ ਮੁੱਕਣ ਵਾਲਾ ਅਮਲ ਸ਼ੁਰੂ ਹੋ ਗਿਆ। ਇਸ ਕਾਰਜਕਾਲ ਦੌਰਾਨ ਹੀ ਕੈਪਟਨ ਅਮਰਿੰਦਰ ਸਿੰਘ ਖੁਦ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਦੇ ਲਪੇਟੇ ਵਿਚ ਆ ਗਏ। ਅਗਲੀ ਸਰਕਾਰ ਦੀ ਕਾਇਮੀ ਤੋਂ ਐਨ ਪਹਿਲਾਂ ਇਹ ਕੇਸ ਵਿਜੀਲੈਂਸ ਕੋਲ ਪਹੁੰਚਣ ਕਾਰਨ ਉਨ੍ਹਾਂ ਦੀ ਹਾਲਤ ਕਮਜ਼ੋਰ ਹੋ ਗਈ।

ਵੋਟਰਾਂ ਨੇ ਬਾਦਲ-ਕੈਪਟਨ ਜੋੜੀ ਦੇ ਇਨ੍ਹਾਂ ਰੰਗ-ਤਮਾਸ਼ਿਆਂ ਨੂੰ ਸਮਝਣ-ਬੁਝਣ ਵਿਚ ਬੜੀ ਉਤਸੁਕਤਾ ਦਿਖਾਈ। ਕੁਝ ਸਾਲ ਹੋਰ ਲੰਘੇ ਤਾਂ ਵੋਟਰਾਂ ਨੂੰ ਅਹਿਸਾਸ ਹੋਇਆ ਕਿ ਇਹ ਤਾਂ ਰਲ ਕੇ ਖੇਡ ਰਹੇ ਹਨ- ਇਨ੍ਹਾਂ ਵਿਚੋਂ ਤਾਂ ਕਿਸੇ ਨੇ ਵੀ ਨਹੀਂ ਜਿੱਤਣਾ; ਤੇ ਹਾਰਨਾ ਸਿਰਫ ਵੋਟਰਾਂ ਨੇ ਹੀ ਹੈ। ਸਾਲ 2007 'ਚ ਬਾਦਲਾਂ ਦੀ ਜਿੱਤ ਦਾ ਇਕ ਕਾਰਨ ਸਿਟੀ ਸੈਂਟਰ ਘੁਟਾਲਾ ਵੀ ਸੀ। ਇਸ ਦੇ ਬਾਵਜੂਦ ਇਸ ਕੇਸ ਵਿਚ ਦੋਸ਼ ਪੱਤਰ ਕਦੀ ਦਾਖਲ ਨਾ ਕੀਤੇ ਗਏ। 2010 ਵਿਚ ਬਾਦਲ, ਵਸੀਲਿਆਂ ਨਾਲੋਂ ਵੱਧ ਜਾਇਦਾਦਾਂ ਬਣਾਉਣ ਵਾਲੇ ਕੇਸ ਤੋਂ ਮੁਕਤ ਹੋ ਗਏ। ਇਨ੍ਹਾਂ ਕੇਸਾਂ 'ਚ ਰਿਪੋਰਟਾਂ ਤੋਂ ਪਿਛਾਂਹ ਹਟਣ ਵਾਲੇ ਜਿਨ੍ਹਾਂ ਜਾਂਚ ਅਫਸਰਾਂ ਦੀ ਅਦਾਲਤਾਂ ਅੰਦਰ ਧੂਹ-ਘੜੀਸ ਹੋ ਰਹੀ ਸੀ, ਉਨ੍ਹਾਂ ਦਾ ਖਹਿੜਾ ਵੀ ਛੇਤੀ ਹੀ ਛੁੱਟ ਗਿਆ।

ਸਿਟੀ ਸੈਂਟਰ ਵਾਲਾ ਕੇਸ ਭਾਵੇਂ ਕਦੀ ਅਗਾਂਹ ਤੁਰਿਆ ਹੀ ਨਹੀਂ ਪਰ ਬਾਦਲ ਖੁਸ਼ ਸਨ। ਇਸ ਨਾਲ ਕੈਪਟਨ ਅਮਰਿੰਦਰ ਸਿੰਘ ਉਤੇ ਮੋੜਵਾਂ ਵਾਰ ਵੀ ਹੋ ਸਕਦਾ ਸੀ, ਜਾਂ ਕੁਝ ਹੋਰ ਵਕਤ ਲਈ ਲੋਕਾਂ ਨੂੰ ਵੀ ਮੂਰਖ ਬਣਾਇਆ ਜਾ ਸਕਦਾ ਸੀ। ਇਸ ਲਈ 2008 ਵਿਚ, ਅੰਮ੍ਰਿਤਸਰ ਸੁਧਾਰ ਟਰਸਟ ਕੇਸ ਦਰਜ ਕਰ ਲਿਆ ਗਿਆ। ਉਂਜ, ਬਾਦਲਾਂ ਵੱਲੋਂ 2017 ਵਿਚ ਸੱਤਾ ਛੱਡਣ ਤੋਂ ਪਹਿਲਾਂ ਇਹ ਸਾਰੇ ਕੇਸ ਲਪੇਟ ਦਿੱਤੇ ਗਏ। ਕੈਪਟਨ ਅਮਰਿੰਦਰ ਸਿੰਘ ਨੂੰ ਜਾਂ ਤਾਂ ਦੋਸ਼ ਮੁਕਤ ਕਰ ਦਿੱਤਾ ਗਿਆ, ਤੇ ਜਾਂ ਫਿਰ ਉਹ ਦੋਸ਼ ਮੁਕਤੀ ਦੇ ਕਿਨਾਰੇ ਪੁੱਜ ਗਏ।

ਇਨ੍ਹਾਂ ਅਸਲ ਗਲੈਡੀਏਟਰਾਂ ਵਿਚਕਾਰ ਹੋ ਰਹੀਆਂ ਇਨ੍ਹਾਂ ਲੜਾਈਆਂ ਦੌਰਾਨ ਦੌਰਾਨ ਤੋਤਾ ਸਿੰਘ ਦੇ ਕਥਿਤ ਭਰਤੀ ਘੁਟਾਲਾ ਅਤੇ ਕੁੱਝ ਸਮੇਂ ਬਾਅਦ ਸੁੱਚਾ ਸਿੰਘ ਲੰਗਾਹ ਖਿਲਾਫ ਜਬਰ ਜਨਾਹ ਦੇ ਦੋਸ਼ਾਂ ਵਾਲੇ ਕੇਸ ਆ ਗਏ; ਬੇਸ਼ੱਕ, ਮਗਰੋਂ ਦੋਵੇਂ ਬੇਕਸੂਰ ਸਾਬਤ ਹੋ ਗਏ।

ਇਨ੍ਹਾਂ ਸਾਰੇ ਕੇਸਾਂ ਦੌਰਾਨ ਤਿੰਨ ਚੋਣਾਂ ਹੋਈਆਂ ਅਤੇ ਵੱਖ ਵੱਖ ਸਮਿਆਂ ਦੌਰਾਨ ਇੱਕ ਜਾਂ ਦੂਜੇ ਲੀਡਰ ਦੇ ਭ੍ਰਿਸ਼ਟ ਹੋਣ ਬਾਰੇ ਲੋਕਾਂ ਨੂੰ ਡਟ ਕੇ ਜਚਾਇਆ ਗਿਆ। ਕੁਝ ਲੋਕ ਇਸ ਨੂੰ ਜਮਹੂਰੀਅਤ ਦਾ ਹਿੱਸਾ ਮੰਨਦੇ ਹੋਣਗੇ ਜਾਂ ਵਧੇਰੇ ਮਾੜੀਆਂ ਸਰਕਾਰਾਂ ਨੂੰ ਲਾਂਭੇ ਰੱਖਣ ਦੀ ਕੀਮਤ ਆਖਦੇ ਹੋਣਗੇ। ਉਂਜ, ਦੂਜੇ ਕਾਰਜਕਾਲ ਦੌਰਾਨ ਬਾਦਲਾਂ ਨੇ ਆਮ "ਬਦਲਾਖੋਰੀ' ਨਾਲੋਂ ਕੁੱਝ ਵਧੇਰੇ ਕੁਸ਼ਗਨਾ ਦੇਖਿਆ। ਬੇਅਦਬੀ ਵਾਲੀਆਂ ਘਟਨਾਵਾਂ ਵਾਪਰ ਗਈਆਂ ਅਤੇ ਇਹ ਲੰਮਾ ਸਮਾਂ ਲਗਾਤਾਰ ਵਾਪਰਦੀਆਂ ਰਹੀਆਂ, ਤੇ "ਕੇਸ ਹੱਲ ਹੋਣ" ਦੀ ਕਿਤੇ ਕੋਈ ਕਨਸੋਅ ਨਹੀਂ ਸੀ। ਇਸ ਦੇ ਨਾਲੋ-ਨਾਲ ਡੇਰਾ ਸੱਚਾ ਸੌਦਾ ਵੱਲੋਂ ਮੁਆਫੀ ਮੰਗਣ ਅਤੇ ਮੁਆਫੀ ਦੇਣ ਨਾਲ ਇਸ ਮਸਲੇ ਅੰਦਰ ਧਰਮ ਅਤੇ ਸਿਆਸਤ ਵੀ ਵਾੜ ਦਿੱਤੀ ਗਈ। ਬੇਅਦਬੀ ਦੀਆਂ ਇਹ ਵਿਅਕਤੀਗਤ ਘਟਨਾਵਾਂ, ਸਮਾਜਿਕ ਤੇ ਸਿਆਸੀ ਤੌਰ 'ਤੇ ਤੂਲ ਫੜ ਗਈਆਂ ਤੇ ਸੂਬੇ 'ਚ ਗੜਬੜ ਤੇ ਅਸ਼ਾਂਤੀ ਬਹੁਤ ਵਧ ਗਈ।

ਇਸ ਬਾਬਤ ਜਾਂਚ ਆਖਿਰਕਾਰ ਕੈਪਟਨ ਅਮਰਿੰਦਰ ਸਿੰਘ ਸਿਰ ਆਣ ਪਈ। ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ ਗਈ, ਜਾਂਚ ਕਮਿਸ਼ਨ ਵੀ ਬਿਠਾ ਦਿੱਤਾ। ਕੁਝ ਘਟਨਾਵਾਂ ਵਿਚ ਡੇਰਾ ਪ੍ਰੇਮੀਆਂ ਉਤੇ ਦੋਸ਼ ਲਾ ਦਿੱਤੇ ਗਏ। ਜੇ ਸਮੁੱਚਾ ਮਾਮਲਾ ਸੱਚਮੁੱਚ ਇੰਜ ਹੀ ਸੀ ਤਾਂ ਕੀ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਅਤੇ ਬੇਅਦਬੀ ਦੀਆਂ ਘਟਨਾਵਾਂ ਵਿਚਕਾਰ ਕੋਈ ਸਬੰਧ ਜੋੜਿਆ ਜਾ ਸਕਦਾ ਹੈ? ਕੀ ਹਾਲਾਤ ਨਾਲ ਸਹੀ ਤਰੀਕੇ ਨਾਲ ਨਾ ਨਜਿੱਠਣ ਦੇ ਮਾਮਲੇ ਵਿਚ ਸੀਨੀਅਰ ਪੁਲੀਸ ਅਫਸਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ? ਪਿਛਲੇ ਤਜਰਬਿਆਂ ਅਤੇ ਜਿਸ ਢੰਗ ਨਾਲ ਜਾਂਚ ਰਿਪੋਰਟਾਂ ਵਿਚਾਰੀਆਂ ਗਈਆਂ ਹਨ, ਤੋਂ ਤਾਂ ਅਜਿਹਾ ਅਸੰਭਵ ਹੀ ਜਾਪਦਾ ਹੈ। ਇਹ ਤਾਂ ਸਿਰਫ ਤਾਜ਼ਾ ਰੰਗ-ਤਮਾਸ਼ੇ ਦੀ ਸ਼ੁਰੂਆਤ ਹੀ ਹੋ ਸਕਦੀ ਹੈ।

ਪਿਛਲੇ ਸਾਲ ਵਿਧਾਨ ਸਭਾ ਚੋਣ ਜਿੱਤਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਜਮਹੂਰੀਅਤ ਵਿਚ ਬਦਲਾਖੋਰੀ ਲਈ ਕੋਈ ਥਾਂ ਨਹੀਂ ਹੁੰਦੀ। ਹੁਣ ਸ਼ਾਇਦ ਕਿਸੇ ਨੂੰ ਉਚਾ ਚੜ੍ਹ ਕੇ ਕੂਕਣ ਦੀ ਲੋੜ ਹੈ ਕਿ ਜਮਹੂਰੀਅਤ ਅੰਦਰ ਸਾਜ਼ਿਸ਼ ਲਈ ਵੀ ਕੋਈ ਥਾਂ ਨਹੀਂ ਹੁੰਦੀ।

# ਮਾਪਿਆਂ ਦੀਆਂ ਮਿਹਰਾਂ

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪੀੜ ਦੀ ਪੀੜਾ ਅਤੇ ਇਸ ਦੀਆਂ ਪਰਤਾਂ ਫਰੋਲੀਆਂ ਸਨ ਕਿ ਸਰੀਰਕ ਪੀੜਾ ਤਾਂ ਜਲਦੀ ਭੁੱਲ ਜਾਂਦੀ ਹੈ, ਪਰ ਮਨ ਦੀ ਪੀੜਾ ਜੁਗਾਂ ਤੱਕ ਨਾਲ ਨਿਭਦੀ।...ਪੀੜ, ਜਦ ਪਰਾਏ ਦਿੰਦੇ ਤਾਂ ਬਹੁਤਾ ਦਰਦ ਨਾ ਹੁੰਦਾ ਕਿਉਂਕਿ ਪਰਾਇਆਂ 'ਤੇ ਕਾਹਦਾ ਰੋਸਾ। ਪਰ ਜਦ ਆਪਣੇ ਹੀ ਪੀੜ ਬਣ ਜਾਣ ਤਾਂ ਇਕ ਗਿਲਾ ਖੁਦ 'ਤੇ ਹੁੰਦਾ, ਦੂਸਰਾ ਰਿਸ਼ਤੇ ਦੀ ਨਕਾਬਪੋਸ਼ੀ 'ਤੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਾਪਿਆਂ ਦੀ ਬੱਚਿਆਂ ਲਈ ਘਾਲਣਾ ਨੂੰ ਸਜ਼ਦਾ ਕੀਤਾ ਹੈ ਅਤੇ ਕਿਹਾ ਹੈ, "ਬੱਚੇ ਸਿਰਫ ਮਾਪਿਆਂ ਦੀ ਹੋਂਦ ਵਿਚ ਹੀ ਮੌਲਦੇ, ਵਰਨਾ ਬੇਮੌਸਮੀ ਪੱਤਝੜਾਂ ਉਨ੍ਹਾਂ ਦੀਆਂ ਬਚਪਨੀ ਬਹਾਰਾਂ ਨੂੰ ਬੇਰੌਣਕੀ, ਬੇਗਾਨਗੀ ਅਤੇ ਵੈਰਾਨਗੀ ਵਿਚ ਵਿਚਰਨ ਜੋਗਾ ਕਰ ਜਾਂਦੀਆਂ।" ਡਾ. ਭੰਡਾਲ ਕਹਿੰਦੇ ਹਨ, "ਹਰ ਰਿਸ਼ਤਾ ਈਰਖਾ ਤੇ ਸਾੜਾ ਕਰ ਸਕਦਾ। ਪਰ ਮਾਪੇ ਹਮੇਸ਼ਾ ਬੱਚੇ ਦੀ ਪ੍ਰਗਤੀ ਤੇ ਪ੍ਰਾਪਤੀ 'ਤੇ ਨਾਜ਼ ਕਰਦੇ, ਹੁਲਾਸ ਨਾਲ ਭਰਦੇ ਅਤੇ ਸ਼ੁਕਰ-ਗੁਜਾਰੀ 'ਚ ਧਰਤ ਨਮਸਕਾਰਦੇ।" ਉਨ੍ਹਾਂ ਦੇ ਸ਼ਬਦਾਂ ਵੱਲ ਧਿਆਨ ਦਿਓ, ਕਿੱਡੀ ਠੋਸ ਗੱਲ ਹੈ, "ਕਦੇ ਮੌਤ ਨਾਲ ਜੂਝਦੇ ਬੱਚਿਆਂ ਲਈ ਮਾਪਿਆਂ ਦੀ ਅਰਜੋਈ ਨੂੰ ਸੁਣਨਾ ਜੋ ਖੁਦ ਦੀ ਮੌਤ ਵਿਚੋਂ ਬੱਚੇ ਲਈ ਜ਼ਿੰਦਗੀ ਦਾ ਦਾਨ ਮੰਗਦੇ।" -ਸੰਪਾਦਕ*

ਮਾਪੇ, ਸਾਡੇ ਬੀਜ ਤੇ ਬੀਜ-ਧਰਾਤਲ। ਮੁੱਢ ਦਾ ਸਬੱਬ। ਹੋਂਦ ਦਾ ਕੇਂਦਰ ਬਿੰਦੂ, ਹੋਣ ਦੇ ਜਾਮਨ, ਹਸਤੀ ਦੇ ਹਸਤਾਖਰ, ਅੰਤਰੀਵੀ ਗੁਣ-ਵਿਲੱਖਣਤਾ ਅਤੇ ਸ਼ਖਸੀ ਬਿੰਬ ਦੇ ਪ੍ਰਤੀਬਿੰਬ।

ਮਾਪੇ, ਸੋਚ-ਪੁੰਗਾਰੇ ਦੀ ਪਹਿਲ, ਤੁਰਨ ਦਾ ਜਾਚ-ਜਾਦੂ, ਮੂਕ ਹੁੰਗਾਰੇ ਦਾ ਅੰਦਾਜ਼, ਤੋਤਲੇ ਬੋਲਾਂ ਦੀ ਮਾਸੂਮੀਅਤ, ਰਿਹਾੜ ਦਾ ਰਿਆਜ਼ ਅਤੇ ਅੜੀ ਦੀ ਅਧੀਨਗੀ।

ਮਾਪੇ, ਸੁਪਨ-ਉਡਾਣ ਦਾ ਪ੍ਰਛਾਵਾਂ, ਸੁਖਨ-ਨਗਰੀ ਦਾ ਸਿਰਨਾਵਾਂ ਅਤੇ ਸੁਪਨ-ਪੈਂਡਿਆਂ ਨੂੰ ਜਾਂਦੀਆਂ ਰਾਹਾਂ ਜਿਨ੍ਹਾਂ ਨੂੰ ਮਾਪਿਆਂ ਦੀ ਰਹਿਮਤ ਸਦਕਾ ਮਿਲੀਆਂ ਯੁੱਗ-ਜਿਉਣ ਦੀਆਂ ਦੁਆਵਾਂ। ਮਾਪੇ ਨੇ ਤਾਂ ਸਾਡੀ ਹੋਂਦ ਏ, ਸਾਡੀ ਸੁਪਨ-ਗੀਰੀ ਤੇ ਸੁਪਨਸਾਜ਼ੀ ਸਲਾਮਤ, ਸੁਪਨ-ਸੰਸਾਰ ਦੀ ਸਫਲਤਾ ਅਤੇ ਸੁਪਨ-ਸਰਦਲ 'ਤੇ ਨਤਮਸਤਕਤਾ।

ਮਾਪੇ ਅਜਿਹੀ ਨਿਆਮਤ ਜੋ ਨਿਆਮਤਾਂ ਦੇ ਕਰਮਦਾਤੇ। ਮਾਪਿਆਂ ਤੋਂ ਮਿਲਦੀਆਂ ਅਸੀਮ ਨਿਆਮਤਾਂ, ਬਖਸ਼ਿਸ਼ਾਂ, ਵਰਦਾਨ ਅਤੇ ਸੁਹ-ਸਮਾਨ।

ਮਾਪਿਆਂ ਦੀ ਮੋਹ ਭਿੱਜੀ ਘੂਰੀ, ਕੁਨੈਨ ਲਪੇਟੀ ਘਿਓ ਦੀ ਚੂਰੀ। ਮਾਪੇ ਹੁੰਦੇ ਮੱਥੇ ਦਾ ਸੂਰਜ, ਤੇ ਸਾਹਾਂ 'ਚ ਵੱਸਦੀ ਕਸਤੂਰੀ। ਮੱਥੇ 'ਤੇ ਜਦ ਤਿਉੜੀ ਉਗਦੀ, ਹੋਣੀ ਮਾਪਿਆਂ ਦੀ ਮਜਬੂਰੀ। ਫੁੱਲ ਬਣ ਕੇ ਖਿੜਦੇ ਬੱਚੇ, ਮਾਪਿਆਂ ਦੀ ਮਾਣ-ਮਗਰੂਰੀ। ਬੱਚੇ ਦੇ ਮੁੱਖ 'ਤੇ ਵੱਸਦਾ ਖੇੜਾ, ਮਾਪਿਆਂ ਦੀ ਸ਼ੁਕਰ-ਸਰੂਰੀ। ਮਾਪੇ ਪਾਉਂਦੇ ਮੰਜ਼ਲ ਰਾਹੇ, ਤਾਂ ਕਦਮਾਂ ਦੀ ਮਿਟਦੀ ਦੂਰੀ। ਮਾਪਿਆਂ ਦੇ ਆਗੋਸ਼ 'ਚ ਬਹਿ, ਹਰ ਆਸ ਹੀ ਹੋਵੇ ਪੂਰੀ। ਉਨ੍ਹਾਂ ਦੀ ਛਾਂ 'ਚ ਮੌਲੇ, ਤਿੱਖੜ-ਦੁਪਹਿਰੀਂ ਠੰਢ-ਹਲੂਰੀ, ਮਾਪਿਆਂ ਦੀ ਮੋਹਵੰਤੀ ਆਭਾ, ਜਿਉਣ-ਪੈੜ 'ਚ ਹਾਜ਼ਰ-ਹਜ਼ੂਰੀ, ਮਾਪਿਆਂ ਦੀ ਉਮਰ ਵਧਾਵੇ, ਬੱਚਿਆਂ ਵਿਹੜੇ ਫੁੱਲ-ਕਸੂਰੀ।

ਮਾਪੇ ਨਾ ਹੁੰਦੇ ਤਾਂ ਮਾਂ ਤੇ ਪਿਉ ਅੱਖਰ ਖੁਦਕੁਸ਼ੀ ਕਰਦੇ। ਇਨ੍ਹਾਂ ਹਰਫਾਂ 'ਚ ਘੁਲੀ ਮਿਠਾਸ ਦਮ ਤੋੜਦੀ। ਅਰਥਾਂ ਵਿਚ ਸਿੰਮਦਾ ਮਾਯੂਸੀ ਦਾ ਆਲਮ ਤੇ ਉਦਾਸੀ ਦੀ ਡੂੰਘੀ ਪਰਤ। ਧੁਆਂਖੇ ਜਾਂਦੇ ਖੇੜੇ। ਜਦ ਕਦੇ ਮੈਂ ਮਾਪਿਉਂ ਵਾਹਰੇ ਅਤਿ-ਕਰੀਬੀ ਮਿੱਤਰ ਦੇ ਮੁਖੜੇ 'ਤੇ ਦਰਦ ਦੀ ਅਸੀਮਤਾ, ਖਾਲੀਪਣ ਦੀ ਖੁਨਾਮੀ ਅਤੇ ਗਮ ਦੀ ਗਰਦਿਸ਼ ਦੇਖਦਾ ਤਾਂ ਮਾਪਿਆਂ ਦੀ ਸਲਾਮਤੀ ਦੀ ਦੁਆ ਸੋਚ-ਦਰ ਮੱਲਦੀ। ਬੱਚੇ ਸਿਰਫ ਮਾਪਿਆਂ ਦੀ ਹੋਂਦ ਵਿਚ ਹੀ ਮੌਲਦੇ, ਵਰਨਾ ਬੇਮੌਸਮੀ ਪੱਤਝੜਾਂ ਉਨ੍ਹਾਂ ਦੀਆਂ ਬਚਪਨੀ ਬਹਾਰਾਂ ਨੂੰ ਬੇਰੌਣਕੀ, ਬੇਗਾਨਗੀ ਅਤੇ ਵੈਰਾਨਗੀ ਵਿਚ ਵਿਚਰਨ ਜੋਗਾ ਕਰ ਜਾਂਦੀਆਂ। ਉਹ ਬਣ ਜਾਂਦੇ ਤਾਅ ਉਮਰ ਲਈ ਧੁਖਦਾ ਗੋਹਟਾ।

ਮਾਪੇ, ਦਾਈਏ ਦਾ ਦਰਿਆ, ਮੋਹ ਦਾ ਮਾਣ, ਮੁਹੱਬਤੀ-ਆਬਸ਼ਾਰ, ਕੋਮਲਤਾ ਦੀ ਕਲ ਕਲ ਕਰਦੀ ਕੂਲ ਅਤੇ ਅਪਣੱਤ ਦੀ ਵੇਗਮਈ ਨਦੀ।

ਮਾਪੇ, ਹਰ ਆਸ ਦੀ ਪੂਰਤੀ, ਮੰਗ ਦੀ ਸੰਪੂਰਨਤਾ, ਅੜੀ ਦਾ ਪੁਗਾਅ, ਰੋਸਿਆਂ ਦਾ ਸਹਿਲਾ ਅਤੇ ਹਰ ਮਰਜ਼ ਦੀ ਦੁਆ।

ਮਾਪੇ, ਮੰਨਤ-ਆਧਾਰ। ਮਾਪਿਆਂ ਦੀ ਦਰਗਾਹੋਂ, ਹਰ ਮੰਨਤ ਪੂਰੀ। ਬੱਚੇ ਕੀ ਸੋਚਦੇ, ਸਿਰਫ ਮਾਪੇ ਜਾਣੀ-ਜਾਣ ਤੇ ਪੂਰਤੀ ਦਾ ਸੱਚ। ਮਾਪਿਆਂ ਦੇ ਰੂਪ ਵਿਚ ਕੁਦਰਤ ਮਿਹਰਬਾਨ। ਅਸੀਮਤਾ ਦਾ ਸਿਖਰ। ਸੱਭੇ ਦਾਤਾਂ ਬੱਚਿਆਂ ਦੀ ਝੋਲੀ। ਭੁੱਖੇ ਰਹਿ ਕੇ ਬੱਚਿਆਂ ਦੇ ਰੱਜ ਵਿਚੋਂ ਖੁਦ ਦੀ ਸੰਤੁਸ਼ਟੀ। ਬੱਚਿਆਂ ਵਿਚੋਂ ਖੁਦ ਦਾ ਆਧਾਰ ਅਤੇ ਵਿਸਥਾਰ।

ਮਾਪੇ, ਬੱਚਿਆਂ ਦੀ ਖੁਸ਼ੀ ਦਾ ਜਸ਼ਨ। ਉਨ੍ਹਾਂ ਦੀ ਬੁਲੰਦੀ ਦਾ ਸ਼ਗਨ। ਨਵੇਂ ਕੀਰਤੀਮਾਨਾਂ ਲਈ ਕਾਮਨਾ। ਬੱਚਿਆਂ ਦੇ ਸੁਪਨਿਆਂ ਦੇ ਸੱਚ ਵਿਚੋਂ ਮਾਪਿਆਂ ਦਾ ਝਲਕਾਰਾ ਅਤੇ ਅਸੀਸਾਂ ਦਾ ਬੇਪਨਾਹ ਪਸਾਰਾ।

ਮਾਪਿਆਂ ਲਈ ਬੱਚੇ ਦੀ ਸਿਸਕੀ, ਸੋਗ-ਸੰਦੇਸ਼। ਭਰਦੇ ਡੂੰਘੀ ਆਹ। ਉਠਦਾ ਦਰਦ-ਗੋਲਾ। ਸੁਪਨਿਆਂ ਦੀ ਅੱਖ 'ਚ ਰੜਕ ਤੇ ਨੈਣਾਂ 'ਚ ਧੁੰਦਲਕਾ। ਪੈੜ ਨੂੰ ਆਈ ਮੋਚ। ਚੀਸ-ਆਹਟ। ਭਰਿਆ ਹਉਕਾ। ਸਾਹਾਂ ਦਾ ਭੁਰਨਾ। ਬੱਚੇ ਦਾ ਨਿੱਕਾ ਜਿਹਾ ਦੁੱਖ ਵੀ ਅਸਹਿ। ਬੱਚੇ ਦੀ ਤਾਮੀਰਦਾਰੀ 'ਚ ਬਿਤਾਈ ਰਾਤ ਦੀ ਜੂਹ ਵਿਚ ਸੂਹਾ ਸੂਰਜ ਦਸਤਕ ਬਣਦਾ ਜਦ ਬੱਚਾ-ਚਹਿਕਣੀ, ਘਰ ਦਾ ਧੰਨਭਾਗ ਬਣਦੀ।

ਮਾਪੇ ਕੁਝ ਨਾ ਹੋ, ਬਹੁਤ ਕੁਝ ਹੁੰਦੇ। ਜਦ ਕਿ ਬੱਚੇ ਬਹੁਤ ਕੁਝ ਹੋ ਕੇ ਕੁਝ ਨਹੀਂ ਹੁੰਦੇ। ਮਾਪਿਆਂ ਕਰਕੇ ਹੀ ਬੱਚੇ ਹੁੰਦੇ। ਬੱਚਿਆਂ ਕਰਕੇ ਮਰਦ ਤੇ ਔਰਤ ਇਕ ਰਿਸ਼ਤੇ 'ਚ ਬੱਝ, ਮਾਂ ਤੇ ਪਿਓ ਬਣਦੇ।

ਮਾਪੇ, ਬੱਚਿਆਂ ਦੀ ਪਹਿਲੀ ਪਛਾਣ। ਪਰ ਜਦ ਜੀਵਨ-ਪਗਡੰਡੀ 'ਤੇ ਬੱਚੇ ਮਾਪਿਆਂ ਦੀ ਪਛਾਣ ਬਣਦੇ ਤਾਂ ਮਾਪਿਆਂ ਦਾ ਸਿਰ ਮਾਣ ਨਾਲ ਉਚਾ ਹੋ ਜਾਂਦਾ। ਹਰ ਰਿਸ਼ਤਾ ਈਰਖਾ ਤੇ ਸਾੜਾ ਕਰ ਸਕਦਾ। ਪਰ ਮਾਪੇ ਹਮੇਸ਼ਾ ਬੱਚੇ ਦੀ ਪ੍ਰਗਤੀ ਤੇ ਪ੍ਰਾਪਤੀ 'ਤੇ ਨਾਜ਼ ਕਰਦੇ, ਹੁਲਾਸ ਨਾਲ ਭਰਦੇ ਅਤੇ ਸ਼ੁਕਰ-ਗੁਜਾਰੀ 'ਚ ਧਰਤ ਨਮਸਕਾਰਦੇ।

ਮਾਪੇ, ਬੱਚਿਆਂ ਦਾ ਪਹਿਲਾ ਰੋਲ ਮਾਡਲ। ਉਨ੍ਹਾਂ ਦੇ ਵਿਅਕਤੀਤਵ, ਸੋਚ, ਵਿਹਾਰ, ਕਿਰਦਾਰ, ਅਚਾਰ ਤੇ ਗੁਫਤਾਰ ਵਿਚੋਂ ਮਾਪਿਆਂ ਦੀ ਸ਼ਖਸੀ ਮਿਕਨਾਤੀਸੀ ਪ੍ਰਗਟਦੀ। ਵਿਅਕਤੀਤਵ ਵਿਕਾਸ ਦੀ ਪੌੜੀ ਦਾ ਪਹਿਲਾ ਡੰਡਾ। ਆਖਰੀ ਸਾਹ ਤੱਕ ਬੱਚੇ ਦੀ ਸਰਬਮੁਖੀ ਸਲਾਮਤੀ ਪ੍ਰਤੀ ਸਮਰਪਣ।



ਮਾਪਿਆਂ ਦਾ ਕਿਰਦਾਰ ਸਭ ਤੋਂ ਸਹਿਲ ਵੀ ਤੇ ਔਖਾ ਵੀ। ਔਲਾਦ ਪ੍ਰਾਪਤੀ ਅਤੇ ਇਸ ਨਾਲ ਸਬੰਧਤ ਖਲਜਗਣਾਂ, ਜਿੰਮੇਵਾਰੀਆਂ ਅਤੇ ਫਰਜ਼ਾਂ ਤੋਂ ਤ੍ਰਹਿੰਦੀ ਅਜੋਕੀ ਪੀੜੀ, ਔਲਾਦ ਪੈਦਾ ਨਾ ਕਰ, ਆਪਣੇ ਨਿਕੰਮੇਪਣ, ਅਯੋਗਤਾ, ਫਰਜ਼-ਕੁਤਾਹੀ ਅਤੇ ਸਮਾਜਕ ਦੇਣਦਾਰੀਆਂ ਤੋਂ ਬੇਮੁੱਖਤਾ ਦਾ ਪ੍ਰਗਟਾਵਾ। ਵਿਕਾਸਸ਼ੀਲ ਦੇਸ਼ਾਂ ਵਿਚ ਘੱਟ ਰਹੀ ਅਬਾਦੀ ਅਜਿਹੇ ਰੁਝਾਨ ਦਾ ਪ੍ਰਤੀਕ ਏ ਜੋ ਸਮਾਜਕ, ਆਰਥਕ, ਧਾਰਮਿਕ ਅਤੇ ਖੇਤਰੀ ਅਸਾਵੇਂਪਣ ਦਾ ਪ੍ਰਮੁੱਖ ਕਾਰਨ।

ਮਾਪੇ ਸਿਸਕੀ ਬਣਦੇ ਜਦ ਜਵਾਨ ਪੁੱਤ ਨੂੰ ਮੋਢਾ ਦੇਣ ਦੀ ਨੌਬਤ ਆਉਂਦੀ, ਜਵਾਨ ਧੀ ਦੇ ਕਲੀਰਿਆਂ 'ਚ ਰੁਦਨ ਸਿੰਮਦਾ ਅਤੇ ਚਾਵਾਂ ਲੱਧੀ ਧੀ ਰਾਣੀ, ਬੇਰਹਿਮ ਸਮਾਜ ਦੀ ਸਤਾਈ, ਰਾਖ ਦੀ ਢੇਰੀ ਬਣਦੀ। ਮਾਪਿਆਂ ਨੂੰ ਕਬਰ 'ਚ ਵੀ ਥਾਂ ਨਾ ਮਿਲਦੀ। ਉਹ ਹੌਲੀ ਹੌਲੀ ਖੁਦ ਹੀ ਕਬਰ ਬਣ ਜਾਂਦੇ। ਮਾਪਿਆਂ ਲਈ ਅਸਹਿ ਹੁੰਦਾ ਲੋਰੀਆਂ ਦੀ ਰੁੱਤੇ ਵੈਣ ਸੁਣਨਾ ਅਤੇ ਧੜਕਦੇ ਘਰ ਵਿਚ ਪਸਰੀ ਮਾਤਮੀ ਖਾਮੋਸ਼ੀ ਨੂੰ ਮੁਖਾਤਬ ਹੋਣਾ।

ਮਾਪੇ ਉਹ ਬਿਰਖ ਜਿਸ ਦੇ ਆਲ੍ਹਣਿਆਂ ਵਿਚ ਬੋਟਾਂ ਨੂੰ ਚੋਗ, ਪਰਵਾਜ਼ ਦਾ ਪਲੇਠਾ ਸਬਕ ਅਤੇ ਅੰਬਰ ਨੂੰ ਕਲਾਵੇ ਵਿਚ ਲੈਣ ਦਾ ਦਾਈਆ ਨਸੀਬ ਹੋਇਆ। ਉਸ ਦੇ ਚੌਗਿਰਦੇ ਵਿਚ ਬਚਪਨੀ ਸ਼ਰਾਰਤਾਂ ਦਾ ਰੌਲਾ-ਰੱਪਾ, ਹੁਲਾਰੇ, ਹਾਸੇ, ਰੋਸੇ ਅਤੇ ਫਿਰ ਸ਼ਾਮ ਨੂੰ ਮਿਲ ਬੈਠਣ ਦਾ ਜ਼ਰੀਆ। ਕਦੇ ਕਦਾਈਂ ਬਿਰਖ ਉਦਾਸ ਹੋ ਜਾਂਦਾ ਜਦ ਪਰਵਾਜ਼ ਭਰਨ ਤੋਂ ਬਾਅਦ ਪਰਿੰਦਿਆਂ ਨੂੰ ਆਲ੍ਹਣਿਆਂ 'ਚ ਪਰਤਣਾ ਯਾਦ ਨਾ ਰਹਿੰਦਾ ਅਤੇ ਉਹ ਜਨਮ-ਧਰਾਤਲ ਨੂੰ ਨਤਮਸਤਕ ਹੋਣ ਤੋਂ ਹੀ ਮੁਨਕਰ ਹੋ ਜਾਂਦੇ।

ਮਾਪਿਆਂ ਲਈ ਘਰ ਕੰਧਾਂ ਹੋ ਜਾਂਦਾ ਜਦ ਕੌਲੇ ਲੱਗੇ ਦੀਦਿਆਂ 'ਚ ਪ੍ਰਛਾਵੇਂ ਨਜ਼ਰ ਨਾ ਆਉਂਦੇ ਅਤੇ ਪੈੜਾਂ ਦੇ ਧੁੰਦਲਕੇ ਵੀ ਅਲੋਪ ਹੋ ਜਾਂਦੇ। ਬੂਹਿਆਂ 'ਤੇ ਲੱਗੇ ਜੰਦਰਿਆਂ ਵਰਗੇ ਬਜੁਰਗਾਂ ਦੀ ਬਹੁੜੀ ਵੀ ਬੈਠਕ ਵਿਚ ਬੇਬੱਸ ਹੋ, ਬੇਰਹਿਮ ਪਲਾਂ ਦੀ ਧੂਣੀ ਬਣਦੀ। ਤੇ ਆਖਰ ਨੂੰ ਇਹ ਧੂਣੀ ਸੇਕਦੇ ਸੇਕਦੇ ਮਾਪੇ ਬਣ ਜਾਂਦੇ ਧੂੰਆਂ।

ਮਾਪੇ, ਸੰਘਣੀ ਛਾਂ ਜੋ ਜੇਠ-ਹਾੜ ਦੀਆਂ ਲੋਆਂ 'ਚ ਠੰਢੀ ਫੁਹਾਰ। ਨਿੱਘੀ ਆਗੋਸ਼ ਜੋ ਯੱਖ ਪਲਾਂ ਲਈ ਨਿੱਘ। ਰੁਮਕਦੀ 'ਵਾ ਜੋ ਚੌਮਾਸਿਆਂ ਲਈ ਰਾਹਤ। ਦੀਵਾਰੀਂ ਧਰਿਆ ਦੀਵਾ ਜੋ ਹਨੇਰੀਆਂ ਰਾਹਾਂ ਲਈ ਚਾਨਣ ਦਾ ਟਿੱਕਾ। ਸੁੱਚੀ ਸੋਚ ਜੋ ਸੁਪਨਹੀਣ ਅੱਖਾਂ ਲਈ ਸੁਪਨ-ਸਾਜ਼ੀ। ਕੋਸੀ ਟਕੋਰ ਜੋ ਆਪਣਿਆਂ ਵਲੋਂ ਦਿਤੇ ਜ਼ਖਮਾਂ ਲਈ ਸਕੂਨ ਤੇ ਸਹਿਲਾਅ। ਸੰਕਲਪ-ਸਾਧਨਾ ਜੋ ਬਣਦੀ ਦ੍ਰਿੜਤਾ ਦਾ ਪਾਠ। ਹੌਂਸਲਾ ਅਫਜ਼ਾਈ ਜਿਹੜੀ ਡਗਮਗਾਉਂਦੇ ਕਦਮਾਂ ਲਈ ਬਣਦੀ ਸਥਿਰਤਾ। ਜੀਵਨ-ਯੋਗ ਜੋ ਜਿਉਣਾ ਸਿਖਾਉਂਦੀ।

ਮਾਪੇ, ਮਾਂ ਤੇ ਪਿਓ ਹਰਫਾਂ ਦਾ ਜੋੜ ਹੀ ਨਹੀਂ ਸਗੋਂ ਦੋ ਰੂਪਾਂ ਦਾ ਸੰਯੋਗ, ਦੋ ਸੋਚਾਂ ਦਾ ਮਿਲਾਪ, ਦੋ ਜਿਸਮਾਂ ਦੀ ਪ੍ਰਕ੍ਰਿਤਕ ਕਿਰਿਆ 'ਚੋਂ ਉਭਰ ਕੇ ਬਣੀ ਹੋਂਦ ਦਾ ਬੀਜ। ਬੱਚਿਆਂ ਲਈ ਮਾਪਿਆਂ-ਰੂਪੀ ਦੋ ਜਣਨ ਰੂਹਾਂ ਦਾ ਸਾਥ। ਦੋ ਰੂਹਾਂ ਦੀ ਇਕਮਿਕਤਾ ਵਿਚੋਂ ਪਨਪਿਆ ਸਰੂਪ। ਨਵੀਂ ਸਰੀਰਕ ਧਰਾਤਲ ਦਾ ਸਾਜ਼ਗਾਰ ਸਰੂਪ।

ਮਾਪਿਆਂ ਦੀ ਮਹਿਮਾ, ਬੱਚਿਆਂ ਲਈ ਬੇਫਿਕਰੀ ਦਾ ਬਿਗਲ। ਅਲਮਸਤੀ ਦਾ ਆਲਮ। ਸਮਾਜਕ ਜ਼ਿੰਮੇਵਾਰੀਆਂ ਤੋਂ ਸੁਰਖਰੀ। ਪਰਿਵਾਰਕ ਫਰਜ਼-ਪਗਡੰਡੀਆਂ ਦੀ ਪਛਾਣ। ਕੁਝ ਸਿੱਖਣ, ਗਲਤੀਆਂ ਕਰਨ, ਖੁਦ ਨੂੰ ਸੁਧਾਰਨ ਤੇ ਸੰਪੂਰਨਤਾ ਦੀ ਲਗਨ ਦਾ ਗਿਆਨ। ਅਦਬ, ਸਲੀਕਾ, ਸਹਿਜ, ਸਾਦਗੀ, ਨਿਰਮਾਣਤਾ, ਨਰਮਦਿਲੀ ਤੇ ਸੱਚੀ ਸੰਵੇਦਨਾ ਦਾ ਧਰਮੀ ਗਿਆਨ।

ਮਾਪੇ ਬਣਨਾ, ਇਕ ਬੰਦਗੀ ਜੋ ਜੀਵਨ ਸੰਪੂਰਨਤਾ ਦਾ ਆਧਾਰ। ਇਲਹਾਮੀ ਅਰਾਧਨਾ ਜੋ ਸਰਬ-ਦੁਆਵਾਂ ਦਾ ਪ੍ਰਵਾਹ। ਅਰਥ-ਅਰਾਧਨਾ ਜੋ ਸ਼ਬਦੀਂ ਮੌਲਦੀ। ਮਿਹਨਤਕਸ਼ ਕਸੀਦਾ ਜਿਸ ਦੇ ਧਾਗਿਆਂ ਤੇ ਰੰਗਾਂ 'ਚ ਜ਼ਿੰਦਗੀ ਦੀ ਸੁੰਦਰਤਾ ਉਣੀ ਜਾਂਦੀ।

ਮਾਪੇ ਹੁੰਦੇ ਤਾਂ ਬੁੱਢਾ ਘਰ ਸਾਨੂੰ ਉਡੀਕਦਾ। ਦਰੀਂ ਉਕਰੀ ਉਡੀਕ ਸਾਨੂੰ ਖੁਸ਼-ਆਮਦੀਦ ਕਹਿੰਦੀ। ਨਿੰਮ ਦੇ ਪੱਤੇ ਦਰਾਂ ਦੇ ਮੱਥੇ 'ਤੇ ਲਟਕਦੇ। ਥੰਧਾ-ਹੀਣ ਦਰਾਂ 'ਤੇ ਤੇਲ ਚੋਇਆ ਜਾਂਦਾ ਤੇ ਪਾਣੀ ਡੋਲ੍ਹਿਆ ਜਾਂਦਾ।

ਮਾਪਿਆਂ ਤੋਂ ਬਗੈਰ ਘਰ ਹੋ ਜਾਂਦਾ ਬੇਪਛਾਣ। ਬੁੱਢੀਆਂ ਕੰਧਾਂ ਤੋਂ ਲੱਥਦੇ ਲਿਓੜ, ਘਰ ਦੀ ਤ੍ਰਾਸਦੀ। ਕਮਰਿਆਂ ਦੀ ਕਮਨਾ, ਸਾਹ ਵਰੋਲਦੀ। ਘਰ ਦੀ ਸੁੰਨ ਵਿਚ ਉਗੀ ਹਟਕੋਰਿਆਂ ਦੀ ਹੂਕ-ਮਾਲਾ, ਜਿਉਣ ਦਾ ਭਰਮ ਤੋੜਦੀ ਅਤੇ ਬੇਮੁਖਤਾ ਦਾ ਡੰਗਿਆ ਘਰ, ਖੰਡਰ-ਜੂਹ ਨੂੰ ਤੁਰ ਪੈਂਦਾ। ਘਰ ਨਾਲੋਂ ਵੀ ਵੱਡੇ ਘਰ ਵਰਗੇ ਮਾਪਿਆਂ ਦਾ ਵਿਛੋੜਾ, ਹੱਥੀਂ ਸਿਰਜਿਆ ਘਰ ਕਿੰਜ ਸਹੇ।

ਮਾਪੇ, ਦਿਲ-ਦਰਿਆ। ਨਿੱਕੇ ਜਿਹੇ ਘਰ ਵਿਚ ਬੱਚਿਆਂ ਲਈ ਵੱਡੇ ਵੱਡੇ ਰੈਣ ਬਸੇਰੇ। ਕੇਹੀ ਤ੍ਰਾਸਦੀ ਕਿ ਬੱਚਿਆਂ ਦੇ ਮਹਿਲਨੁਮਾ ਘਰਾਂ ਵਿਚ ਮਾਪਿਆਂ ਲਈ ਘਰ ਦੇ ਪਿਛਵਾੜੇ 'ਚ ਨੌਕਰਾਂ ਵਾਲੀ ਕੁਟੀਰ ਹੁੰਦੀ।

ਮਾਪੇ ਵਸੀਹ ਹੁੰਦਿਆਂ ਵੀ ਨਿਰਮਾਣਤਾ ਦੀ ਮੂਰਤ। ਸਾਦਗੀ ਦਾ ਸੁਹੱਪਣ। ਸੰਜਮੀ ਸੁਭਾ ਅਤੇ ਸਮਦਰਸ਼ੀ ਸਮਰਪਣ। ਪਰ ਅਜੋਕੀ ਪੀੜ੍ਹੀ ਫੋਕੀ ਸ਼ੁਹਰਤ, ਸ਼ਾਨੋ-ਸ਼ੌਕਤ ਅਤੇ ਅਮੀਰੀ-ਅਡੰਬਰ ਦੀ ਗੁਲਾਮ। ਕਦੇ ਮਾਪਿਆਂ ਵਰਗੇ ਬਣਨ ਦੀ ਲੋਚਾ ਮਨ 'ਚ ਪਾਲਣਾ, ਜੀਵਨ-ਸ਼ੀਸ਼ੇ ਵਿਚੋਂ ਖੁਦ ਨੂੰ ਨਿਹਾਰਦਿਆਂ ਮਾਪਿਆਂ ਦੀ ਮਹਾਨਤਾ ਦਾ ਅੰਦਾਜ਼ਾ ਹੋ ਜਾਵੇਗਾ।

ਮਾਪਿਆਂ ਦਾ ਮਿਹਨਤਾਨਾ ਕੋਈ ਨਾ ਸਕਦਾ ਤਾਰ। ਉਨ੍ਹਾਂ ਦੀ ਬੰਦਗੀ ਸਾਹਵੇਂ ਊਣੇ ਦੰਭ-ਵਿਚਾਰ। ਮਾਪਿਆਂ ਦੇ ਮੁਖਾਰਬਿੰਦ ਤੋਂ ਕਿਰਦੇ ਅੰਮ੍ਰਿਤ-ਬੋਲ। ਉਨ੍ਹਾਂ ਦੀਆਂ ਨਿਆਮਤਾਂ ਸਦਕਾ ਭਰਦੀ ਸੱਖਣੀ ਝੋਲ।

ਮਾਪਿਆਂ ਦੀ ਤਾੜਨਾ, ਰਾਹ-ਦਸੇਰਾ। ਘੂਰ-ਤੱਕਣੀ, ਸੰਭਲਣ ਦਾ ਮੌਕਾ। ਮਾਰੀ ਚੁਪੇੜ ਦੇ ਨਿਸ਼ਾਨ, ਦੂਰ-ਦਿਸਹੱਦਿਆਂ ਦਾ ਸਿਰਨਾਵਾਂ। ਮਾਪਿਆਂ ਦੀ ਝਿੜਕਣੀ 'ਚ ਮਿਠਾਸ। ਉਨ੍ਹਾਂ ਦਾ ਰੋਸਾ, ਬੱਚਿਆਂ ਪ੍ਰਤੀ ਭਲੀ ਭਾਵਨਾ। ਹਿਰਖ ਬੋਲ, ਅਬੋਲ ਰੋਹ ਦਾ ਪ੍ਰਗਟਾਵਾ। ਬੁੱਕਲ 'ਚ ਲੈ ਸਮਝਾਉਣਾ, ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਦੀ ਅਦਾ।

ਮਾਪੇ ਬਣਨ ਤੋਂ ਬਗੈਰ, ਮਾਪਿਆਂ ਦੀ ਅਹਿਮੀਅਤ, ਉਨ੍ਹਾਂ ਦੀ ਸਿਦਕ-ਸਾਧਨਾ ਤੇ ਦੇਣ ਨੂੰ ਕਿਵੇਂ ਸਮਝੋਗੇ? ਬਿਗਾਨੀ ਖੁਸ਼ੀ ਲਈ, ਮਾਪਿਆਂ ਦੀ ਮੁੱਲ ਲਈ ਨਾਰਾਜ਼ਗੀ, ਤੁਹਾਡੀਆਂ ਅਸੀਸਾਂ ਲਈ ਬੇਦਾਵਾ।

ਮਾਪੇ ਕਦੀ ਗਲਤੀਆਂ ਨਹੀਂ ਕਰਦੇ ਕਿਉਂਕਿ ਉਹ ਬੱਚਿਆਂ ਨੂੰ ਪਾਲਦੇ ਹੀ ਨਹੀਂ ਸਗੋਂ ਉਨ੍ਹਾਂ ਨੂੰ ਇਨਸਾਨੀਅਤ ਦੇ ਮਾਰਗ 'ਤੇ ਤੋਰ ਪੂਰਨ-ਮਨੁੱਖੀ ਮਾਰਗ ਦਾ ਪਾਂਧੀ ਬਣਾਉਂਦੇ।

ਮਾਪੇ, ਬੱਚਿਆਂ ਦੇ ਆਤਮ-ਵਿਸ਼ਵਾਸ, ਦ੍ਰਿੜਤਾ, ਬਹਾਦਰੀ ਅਤੇ ਸਿਰੜ-ਸਾਧਨਾ ਦਾ ਸਰੋਤ ਅਤੇ ਜੀਵਨੀ ਕਦਰਾਂ-ਕੀਮਤਾਂ ਨੂੰ ਨਵੀਨਤਮ ਉਚਾਈਆਂ ਤੀਕ ਪਹੁੰਚਾਣ ਲਈ ਤਤਪਰਤਾ। ਮਾਪਿਆਂ ਦੇ ਨੈਣਾਂ ਵਿਚ ਤਰਦਾ ਸੁੱਚਾ ਪਿਆਰ। ਉਨ੍ਹਾਂ ਦੇ ਬੋਲਾਂ 'ਚ ਰੂਹਾਨੀਅਤ ਦਾ ਪਸਾਰ। ਕਰਮਯੋਗਤਾ 'ਚ ਵੱਸਦਾ ਸਮੁੱਚਾ ਸੰਸਾਰ ਅਤੇ ਹਰ ਉਦਮ ਸਿਰਜਦਾ ਸੁੱਚਾ ਸਰੋਕਾਰ।

ਮਾਪਿਆਂ ਦੀ ਫਕੀਰੀ ਅਭਿੱਜ, ਅਮੁੱਲ, ਅਤੋਲਵੀਂ ਤੇ ਅਸੀਮਤ। ਬੱਚਿਆਂ ਦੀ ਬਿਹਤਰੀ ਲਈ ਪਦਾਰਥਕ ਵਸਤਾਂ ਦੀ ਨਿਲਾਮੀ ਤੋਂ ਇਲਾਵਾ ਖੁਦ ਦੀ ਬੋਲੀ ਲਾਉਣ ਤੋਂ ਵੀ ਨਹੀਂ ਕਰਦੇ ਗੁਰੇਜ਼। ਕਦੇ ਮੌਤ ਨਾਲ ਜੂਝਦੇ ਬੱਚਿਆਂ ਲਈ ਮਾਪਿਆਂ ਦੀ ਅਰਜੋਈ ਨੂੰ ਸੁਣਨਾ ਜੋ ਖੁਦ ਦੀ ਮੌਤ ਵਿਚੋਂ ਬੱਚੇ ਲਈ ਜ਼ਿੰਦਗੀ ਦਾ ਦਾਨ ਮੰਗਦੇ।

ਮਾਪਿਆਂ ਦੀ ਮਹਾਨਤਾ ਦਾ ਕੌਣ ਲਾਵੇਗਾ ਅੰਦਾਜ਼ਾ? ਊਣੇ ਨੇ ਸ਼ਬਦ, ਬੌਣੇ ਨੇ ਬੋਲ, ਇਕਹਿਰੀ ਹੈ ਇਬਾਦਤ ਅਤੇ ਸੀਮਤ ਹੈ ਸਫਿਆਂ ਦੀ ਸਮਰੱਥਾ।

ਮਾਪੇ ਹਰਫ ਵਿਚੋਂ ਕਿਰਦੇ ਸੁੱਚਮ, ਸੁਹਜ, ਸਮਲੋਚਾ, ਸਾਦਗੀ, ਸੂਝ, ਸਮਝਦਾਰੀ ਅਤੇ ਸਹਿ-ਸੰਵੇਦਨਾ ਨਾਲ, ਰੂਹ-ਰੰਗਰੇਜ਼ਤਾ ਦੀ ਕਲਾ-ਨਕਾਸ਼ੀ ਕਰਨਾ, ਤੁਹਾਨੂੰ ਇਨ੍ਹਾਂ ਸ਼ਬਦਾਂ ਵਿਚ ਸਮੋਈ ਅਰਥ-ਅਰਦਾਸ, ਅਨੰਦ-ਅਰਾਧਨਾ, ਅਸੀਮ-ਅਸੀਸ ਅਤੇ ਇਲਹਾਮੀ-ਅੰਤਰੀਵਤਾ ਦੇ ਦੈਵੀ ਦਰਸ਼ਨ ਹੋਣਗੇ। ਇਹ ਦਿੱਭਤਾ ਹੀ ਜ਼ਿੰਦਗੀ ਦੀ ਸੁਹਜਾਤਮਕਤਾ ਲਈ ਸ਼ੁਭ ਸ਼ਗਨ ਹੋਵੇਗਾ।

### ਮਾਂ

ਦੁਨੀਆਂ ਦੇ ਤਖਤੇ 'ਤੇ ਲੋਕੋ,
ਇਕੋ ਇਕ ਹੈ ਸ਼ਕਤੀ।
ਮਾਂ ਹੈ ਰੱਬ ਦਾ ਰੂਪ ਲੋਕੋ,
ਮਾਂ ਦੀ ਕਰ ਲਓ ਭਗਤੀ।

ਮਾਂ ਦੀ ਠੰਡੀ ਛਾਂ ਦੇ ਥੱਲੇ,
ਸਾਰੇ ਜੱਗ ਦੇ ਸੁੱਖ ਨੇ।
ਜਿਸ ਦੇ ਸਿਰ 'ਤੇ ਮਾਂ ਹੈ ਲੋਕੋ,
ਦੂਰ ਉਸ ਦੇ ਦੁੱਖ ਨੇ।
ਤੇਰੇ ਹੁੰਦੇ ਜੰਨਤ ਤੋਂ
ਘੱਟ ਨਹੀਂ ਏ ਸਾਰੀ ਧਰਤੀ...।

ਮਾਂ ਜਨਨੀ ਹੈ ਮਾਂ ਧਰਤੀ ਹੈ,
ਮਾਂ ਤੋਂ ਉਤੇ ਕੋਈ ਨਾ।
ਮਾਂ ਤੇਰੀ ਇਸ ਜੱਗ ਦੇ ਅੰਦਰ,
ਸਭ ਤੋਂ ਉਚੀ ਹੈ ਥਾਂ।
ਅਵਤਾਰਾਂ ਨੂੰ ਜਨਮ ਦੇਵੇਂ ਤੂੰ,
ਐਸੀ ਤੇਰੀ ਹਸਤੀ...।
ਕਿਤੇ ਧਰਮ ਦੀ ਖਾਤਰ ਦਿੱਤਾ,
ਮਾਂ ਗੁਜਰੀ ਨੇ ਬਲੀਦਾਨ।
ਕਿਤੇ ਤੂੰ ਰਾਣੀ ਝਾਂਸੀ ਬਣ ਕੇ,
ਬਚਾਇਆ ਹੈ ਹਿੰਦੁਸਤਾਨ।
ਆਪਣੇ ਹੱਥਾਂ ਨਾਲ ਤੂੰ,
ਸਭ ਦੀ ਬੰਨੇ ਲਾਈ ਕਸ਼ਤੀ...।

*-ਦਿਲਪ੍ਰੀਤ ਮਾਨ*
*ਫੋਨ: 559-291-7116*

### ਗੀਤ

ਮਾਂ ਨੂੰ ਰੱਬ ਦਾ ਦੂਜਾ ਦਰਜਾ
ਦੁਨੀਆਂ ਨੇ ਹੀ ਦਿੱਤਾ ਤਾਂ,
ਤੇਰੇ ਬਾਜੋਂ ਊਣੀ ਰਹਿੰਦੀ
ਮੇਰੀ ਹਰ ਇੱਕ ਥਾਂ ਨੀ ਮਾਂ।
ਝੁੱਗੀਆਂ ਦੇ ਵਿਚ ਰਹਿ ਲਾਂ
ਭਾਵੇਂ ਛੱਤ ਲਵਾਂ ਮੈਂ ਮਹਿਲਾਂ ਨੂੰ
ਨਜ਼ਰ ਤੇਰੀ ਵਿਚ ਪੁੱਤ ਹੈ ਤੇਰਾ
ਜੱਗ ਦਾ ਰਾਜਕੁਮਾਰ ਨੀ ਮਾਂ।...
ਸਭ ਕੁਝ ਚੰਗਾ ਚੰਗਾ ਲੱਗਦਾ
ਮਾਂ ਜਦ ਦੀਵਾ ਘਰ ਵਿਚ ਜਗਦਾ
ਹਰ ਸਾਰਥ ਵਿਚ ਦੀਦ ਹੈ ਰਹਿੰਦੀ
ਮੈਨੂੰ ਤੇਰੀ ਮੇਰੀ ਮਾਂ।...

ਪਾਲ ਪੋਸ ਕੇ ਵੱਡੇ ਕਰਦੀ
ਸਭ ਦੁੱਖ ਆਪਣੇ ਹੱਡੀਂ ਜਰਦੀ।
ਸੇਕ ਨਾ ਕਿਧਰੇ ਲੱਗਣ ਦਿੰਦੀ
ਮਾਂ ਹੁੰਦੀ ਠੰਢੀ ਬੋਹੜ ਦੀ ਛਾਂ।...
ਤੇਰਾ ਅਹਿਸਾਨ ਮੈਂ ਕਿੰਜ ਭੁਲਾਵਾਂ
ਕੂਕ ਕੂਕ ਕੇ ਮਾਂ ਪੁਕਾਰਾਂ
ਪੁੱਛ ਕੇ ਵੇਖੋ ਉਸ ਨੂੰ ਲੋਕੋ
ਖੋਹ ਲਈ ਰੱਬ ਨੇ ਜਿਸ ਦੀ ਮਾਂ।
ਤੇਰੇ ਬਾਜੋਂ ਊਣੀ ਰਹਿੰਦੀ
ਮੇਰੀ ਹਰ ਇੱਕ ਥਾਂ ਨੀ ਮਾਂ।

*-ਬਲਜਿੰਦਰ ਸਿੰਘ ਗੁਲਾਮ ਪੱਤਰਾ*
*ਫੋਨ: 91-95010-15085*

# ਰਿਫਰੈਂਡਮ ਵੀਹ ਸੌ ਵੀਹ ਜਾਂ ਚਾਰ ਸੌ...?

**ਵਿਚਾਰ-ਚਰਚਾ**

***ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚਲੀ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਸਿੱਖਾਂ ਲਈ ਖੁਦਮੁਖਤਿਆਰ ਸਟੇਟ ਦੇ ਹੱਕ ਵਿਚ 'ਰਿਫਰੈਂਡਮ 2020' ਦੇ ਨਾਂ ਹੇਠ ਮੁਹਿੰਮ ਚਲਾ ਰਹੀ ਹੈ, ਜਿਸ 'ਤੇ ਕਈ ਕਿਸਮ ਦੇ ਕਿੰਤੂ ਵੀ ਹੋਏ ਹਨ। 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਇਸ ਬਾਰੇ ਸੀਨੀਅਰ ਪੱਤਰਕਾਰ ਅਤੇ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਸਾਬਕਾ ਅਸਿਸਟੈਂਟ ਐਡੀਟਰ ਸ. ਕਰਮਜੀਤ ਸਿੰਘ ਦੇ ਵਿਚਾਰ ਛਾਪੇ ਗਏ ਸਨ। ਉਨ੍ਹਾਂ ਇਸ ਰਿਫਰੈਂਡਮ ਨੂੰ ਹੱਕ ਬਜਾਨਬ ਅਤੇ ਸਿੱਖ ਰੀਝਾਂ ਦਾ ਪ੍ਰਗਟਾਵਾ ਦੱਸਿਆ ਹੈ। ਐਤਕੀਂ ਸ. ਹਜ਼ਾਰਾ ਸਿੰਘ (ਮਿਸੀਸਾਗਾ, ਕੈਨੇਡਾ) ਦਾ ਇਹ ਲੇਖ ਛਾਪਿਆ ਜਾ ਰਿਹਾ ਹੈ। ਇਹ ਲੇਖ ਕੁਝ ਅਰਸਾ ਪਹਿਲਾਂ 'ਪੰਜਾਬ ਟਾਈਮਜ਼' ਵਿਚ ਛਪਿਆ ਸੀ, ਹੁਣ ਵਾਲਾ ਲੇਖ ਸੋਧਿਆ ਅਤੇ ਵਧਾਇਆ ਰੂਪ ਹੈ। ਇਸ ਦੇ ਨਾਲ ਹੀ ਅਸੀਂ ਅਤਿੰਦਰਪਾਲ ਸਿੰਘ ਦਾ ਲੇਖ ਵੀ ਛਾਪ ਰਹੇ ਹਾਂ। ਇਨ੍ਹਾਂ ਵਿਚ 'ਰਿਫਰੈਂਡਮ 2020' ਦੀ ਪੁਣਛਾਣ ਬਹੁਤ ਬੇਕਿਰਕੀ ਨਾਲ ਕੀਤੀ ਗਈ ਹੈ। ਇਨ੍ਹਾਂ ਲੇਖਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ। ਇਹ ਲੇਖ ਲੜੀ ਅਸੀਂ ਸਿਰਫ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਪ੍ਰਤੀਕਰਮ ਵਿਚ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬਸ ਇਕੋ ਬੇਨਤੀ ਹੈ ਕਿ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਸਾਲ 1989 ਵਿਚ ਲੋਕ ਸਭਾ ਚੋਣਾਂ ਦੌਰਾਨ ਲੋਕਾਂ ਨੇ ਵੋਟਾਂ ਦੇ ਬਹੁਤ ਵੱਡੇ ਫਰਕ ਨਾਲ ਜਿਤਾ ਕੇ ਸਿਮਰਨਜੀਤ ਸਿੰਘ ਮਾਨ ਨੂੰ ਬਹੁਤ ਵੱਡਾ ਆਗੂ ਬਣਾ ਦਿੱਤਾ ਸੀ ਪਰ ਉਹ ਕੋਈ ਵੱਡੀ ਅਗਵਾਈ ਦੇ ਨਾ ਸਕਿਆ। ਸਿੱਖ ਉਮੰਗਾਂ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਦੀ ਥਾਂ ਉਹ ਆਏ ਦਿਨ ਕੋਈ ਨਾ ਕੋਈ ਐਸਾ ਕਾਰਨਾਮਾ ਕਰਦਾ ਜਿਸ ਨਾਲ ਕੁਝ ਸਪਸ਼ਟ ਹੋਣ ਦੀ ਥਾਂ ਭੰਬਲਭੂਸਾ ਹੋਰ ਵਧ ਜਾਂਦਾ। ਲੋਕ ਸੋਚਣ ਲੱਗ ਪਏ ਕਿ ਸਿੱਖਾਂ ਦਾ ਨਵਾਂ ਸਜਿਆ ਬੇਤਾਜ ਬਾਦਸ਼ਾਹ ਆਖਰਕਾਰ ਚਾਹੁੰਦਾ ਕੀ ਹੈ? ਸ. ਮਾਨ ਦੇ ਰੰਗ-ਬਰੰਗੇ ਬਿਆਨਾਂ ਕਾਰਨ ਪੈਦਾ ਹੋਈ ਭੰਬਲਭੂਸੇ ਵਾਲੀ ਇਸ ਹਾਲਤ 'ਤੇ ਵਿਅੰਗ ਕਰਦਿਆਂ ਹੀ ਡਾ. ਗੁਰਨਾਮ ਸਿੰਘ ਤੀਰ ਨੇ ਆਪਣੇ ਹਫਤਾਵਾਰੀ ਕਾਲਮ ਵਿਚ ਲਿਖਿਆ ਹੋਵੇਗਾ ਕਿ ਅਸੀਂ ਸਰਕਾਰ ਕੋਲੋਂ ਕੀ ਚਾਹੁੰਦੇ ਹਾਂ, ਇਸ ਦਾ ਤਾਂ ਸਾਨੂੰ ਵੀ ਪਤਾ ਨਹੀਂ; ਇਸ ਕੰਮ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੋਈ ਜੋਤਸ਼ੀ ਬਿਠਾ ਕੇ ਪਤਾ ਕਰੇ ਕਿ ਅਸੀਂ ਕੀ ਚਾਹੁੰਦੇ ਹਾਂ, ਤੇ ਉਹੋ ਜੋਤਸ਼ੀ ਸਾਨੂੰ ਵੀ ਦੱਸ ਦੇਵੇ ਕਿ ਅਸੀਂ ਕੀ ਚਾਹੁੰਦੇ ਹਾਂ?

**ਹਜ਼ਾਰਾ ਸਿੰਘ**
(ਮਿਸੀਸਾਗਾ, ਕੈਨੇਡਾ)
ਫੋਨ: (905) 795-3428

ਸਿੱਖ ਉਮੰਗਾਂ ਬਾਰੇ ਸਿੱਖ ਲੀਡਰਸ਼ਿਪ ਹਮੇਸ਼ਾਂ ਹੀ ਅਸਪਸ਼ਟ ਰਹੀ ਹੈ। ਕਦੀ ਸਿੱਖ ਹੋਮਲੈਂਡ ਦੇ ਸੁਫਨੇ, ਕਦੇ ਵੱਧ ਅਧਿਕਾਰਾਂ ਵਾਲੇ ਸੂਬੇ ਦੀ ਮੰਗ, ਕਦੇ ਅਨੰਦਪੁਰ ਦਾ ਮਤਾ, ਕਦੇ ਖਾਲਿਸਤਾਨ ਦੀ ਮੰਗ। ਕਿਸੇ ਵੀ ਮੰਗ ਪ੍ਰਤੀ ਪ੍ਰਤੀਬਧਤਾ ਘੱਟ ਪਰ ਮੰਗਾਂ ਦਾ ਨਾਹਰਾ ਲਾ ਕੇ ਰਾਜਸੀ ਤਾਕਤ ਹਾਸਿਲ ਕਰਨ ਦੀ ਲਾਲਸਾ ਵੱਧ। ਇਸੇ ਕਰਕੇ ਸਿਰਦਾਰ ਕਪੂਰ ਸਿੰਘ ਨੇ ਕਿਹਾ ਸੀ ਕਿ ਸਿੱਖ ਲੀਡਰ ਕਹਿੰਦੇ ਕੁਝ ਹੋਰ ਹਨ ਪਰ ਕਹਿਣਾ ਕੁਝ ਹੋਰ ਚਾਹੁੰਦੇ ਹਨ।

ਕਹਿਣ ਕੁਝ ਹੋਰ ਅਤੇ ਚਾਹੁਣ ਕੁਝ ਹੋਰ ਦਾ ਵਰਤਾਰਾ ਅਜੇ ਵੀ ਰੁਕਿਆ ਨਹੀਂ। ਵਿਦੇਸ਼ੀ ਸਿੱਖਾਂ ਦਾ ਇਸ ਵਰਤਾਰੇ ਨਾਲ ਬਹੁਤਾ ਵਾਹ 1984 ਦੀਆਂ ਦੁਖਦਾਈ ਘਟਨਾਵਾਂ ਤੋਂ ਬਾਅਦ ਪਿਆ। ਸਿੱਖਾਂ ਸਾਹਮਣੇ ਕਈ ਟੀਚੇ ਰੱਖੇ ਗਏ। ਟੀਚੇ ਰੱਖਣ ਵਾਲੇ ਆਪੋ-ਆਪਣੇ ਟੀਚੇ ਸਰ ਕਰਕੇ ਜਾਂ ਤਾਂ ਗੱਡੀਓਂ ਉਤਰ ਗਏ ਜਾਂ ਛੜੱਪਾ ਮਾਰ ਕੇ ਕਿਸੇ ਹੋਰ ਬੰਬੂਕਾਟ 'ਤੇ ਚੜ੍ਹ ਗਏ, ਜਾਂ ਫਿਰ ਪੰਥਕ ਗੱਡੀ ਦਾ ਸਟੀਅਰਿੰਗ ਆਪਣੀ ਲੋੜ ਅਨੁਸਾਰ ਮਨਭਾਉਂਦੀ ਦਿਸ਼ਾ ਵੱਲ ਮੋੜੀ ਜਾਂਦੇ ਰਹੇ। ਅਜਿਹਾ ਕਰਦਿਆਂ ਕਈ ਜਥੇਬੰਦੀਆਂ ਤਾਂ ਰੂਪ ਵਟਾ ਗਈਆਂ ਅਤੇ ਕਈ ਲੋਪ ਹੋ ਗਈਆਂ। ਇਨ੍ਹਾਂ ਦੀ ਥਾਂ ਲੈਣ ਲਈ ਨਵੀਆਂ ਜਥੇਬੰਦੀਆਂ ਨਵੇਂ ਨਕੋਰ ਲਿਸ਼ਕਦੇ ਨਾਹਰੇ ਲੈ ਕੇ ਮੈਦਾਨ ਵਿਚ ਆਈਆਂ ਅਤੇ ਆਈ ਵੀ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਹੀ ਇਕ ਹੈ, 'ਸਿੱਖਸ ਫਾਰ ਜਸਟਿਸ'। ਵਿਦੇਸ਼ਾਂ ਵਿਚਲੀ ਇਸ ਜਥੇਬੰਦੀ ਦੇ ਭਾਰਤੀ ਅੰਗ ਦਾ ਇਕ ਪੀਰ (ਆਗੂ) ਹੈ (ਸ਼ਾਇਦ ਹੁਣ ਨਹੀਂ) ਸ. ਕਰਨੈਲ ਸਿੰਘ ਪੀਰਮੁਹੰਮਦ ਜੋ ਪਿਛਲੀ ਉਮਰੇ ਵੀ ਸਟੂਡੈਂਟ ਜਥੇਬੰਦੀ ਦਾ ਪ੍ਰਧਾਨ ਹੋਣ ਦਾ ਭਾਰ ਚੁੱਕੀ ਫਿਰਦਾ ਹੈ।

ਸਿੱਖਸ ਫਾਰ ਜਸਟਿਸ ਨੇ 1984 ਦੇ ਪੀੜਿਤਾਂ ਵਾਸਤੇ ਸਾਲ 2007 ਵਿਚ ਇਨਸਾਫ ਦਾ ਬਿਗਲ ਵਜਾਇਆ ਸੀ। ਕਾਨੂੰਨ ਅਨੁਸਾਰ ਇਨਸਾਫ ਲੈਣ ਲਈ ਮੁਹਿੰਮ ਅਕਾਲ ਤਖਤ ਤੋਂ ਸ਼ੁਰੂ ਕੀਤੀ। ਦੇਸ਼ ਵਿਦੇਸ਼ ਦੇ ਸਿੱਖਾਂ ਵੱਲੋਂ ਭਰਪੂਰ ਸਹਿਯੋਗ ਮਿਲਿਆ। ਕੁਝ ਵਰ੍ਹੇ ਚੰਗੀ ਭੱਲ ਬਣੀ ਰਹੀ। ਜਦ ਜਜ਼ਬਾਤੀ ਭਾਫ ਜ਼ਰਾ ਕੁ ਠੰਢੀ ਹੋਣ ਲੱਗੀ ਤਾਂ ਸਿੱਖਸ ਫਾਰ ਜਸਟਿਸ ਦੇ ਕਰਤਾ-ਧਰਤਾ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਮਦਾਰੀ ਵਾਂਗ ਝੁਰਲੂ ਫੇਰ ਕੇ ਕੌਮਾਂਤਰੀ ਕਾਨੂੰਨ ਅਨੁਸਾਰ ਇਨਸਾਫ ਲੈਣ ਦਾ ਇਕ ਹੋਰ ਢੰਗ ਪੇਸ਼ ਕਰਕੇ ਸਭ ਨੂੰ ਚਕਾ-ਚੌਂਧ ਕਰ ਦਿੱਤਾ। ਇਸ ਢੰਗ ਦੀ ਵਰਤੋਂ ਕਰਦਿਆਂ ਭਾਰਤੀ ਆਗੂਆਂ ਉਪਰ ਅਮਰੀਕੀ ਅਦਾਲਤਾਂ ਵਿਚ ਧੜਾ-ਧੜ ਕੇਸ ਦਰਜ ਕਰਵਾ ਦਿੱਤੇ। 'ਛੱਡਿਆ ਕੋਈ ਨਾ ਸਾਧ ਤੇ ਸੰਤ ਮੀਆਂ' ਅਨੁਸਾਰ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਪਰ ਵੀ ਕੇਸ ਠੋਕ ਦਿੱਤਾ। ਸਿੱਖਾਂ ਨੂੰ ਚਾਅ ਚੜ੍ਹ ਗਿਆ। ਭੋਲੇ ਸੋਚਣ ਲੱਗੇ ਕਿ ਆਹ ਤਾਰੀਕਾ ਸਾਨੂੰ ਪਹਿਲਾਂ ਕਿਉਂ ਨਾ ਅਹੁੜਿਆ। ਸਿੱਖਸ ਫਾਰ ਜਸਟਿਸ ਜਥੇਬੰਦੀ ਨਾਲੋਂ ਪੰਨੂ ਦੀ ਮਹਿਮਾ ਹੋਰ ਵਧ ਗਈ। ਇਹ ਸਾਰੇ ਕੇਸ ਦੀਵਾਨੀ ਸਨ, ਫੌਜਦਾਰੀ ਨਹੀ। ਕੇਸਾਂ ਦਾ ਕੋਈ ਠੋਸ ਕਾਨੂੰਨੀ ਆਧਾਰ ਨਾ ਹੋਣ ਕਾਰਨ ਜਾਂ ਕੁਝ ਤਕਨੀਕੀ ਕਾਰਨਾਂ ਕਰਕੇ ਬਹੁਤੇ ਕੇਸ ਰੇਤ ਦੀ ਕੰਧ ਵਾਂਗ ਢਹਿ ਗਏ। ਸ਼ਾਇਦ ਕੁਝ ਆਪੀਲਾਂ ਜ਼ਰੀਏ ਅਜੇ ਵੀ ਜ਼ਿੰਦਾ ਹਨ ਪਰ ਕੇਸ ਕਰਨ ਦੀ ਲਹਿਰ ਵਾਲਾ ਜਵਾਰ ਭਾਟਾ ਉਚਾਈਆਂ ਛੋਹਣ ਤੋਂ ਬਾਅਦ ਛੇਤੀ ਹੀ ਸ਼ਾਂਤ ਹੋ ਗਿਆ।

ਫਿਰ ਇਸ ਜਜ਼ਬਾਤੀ ਛੱਲ ਨੂੰ ਬਰਕਰਾਰ ਰੱਖਣ ਲਈ ਇਨਸਾਫ ਦੇ ਏਜੰਡੇ ਨੂੰ ਸਹਿਜ ਨਾਲ ਹੀ ਰਬੜ ਵਾਂਗ ਖਿੱਚ ਕੇ ਇਨਸਾਫ ਅਤੇ ਖੁਦਮੁਖਤਾਰੀ ਦਾ ਏਜੰਡਾ ਬਣਾ ਕੇ ਜਸਟਿਸ ਐਂਡ ਸੌਵਰੈਨਿਟੀ ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਕਰ ਲਿਆ ਅਤੇ ਇਨਸਾਫ ਵਾਲੀ ਲਹਿਰ ਨੂੰ ਨਵੀਂ ਦਿਸ਼ਾ ਵੱਲ ਤੋਰ ਲਿਆ। ਗੱਲ ਤਾਂ ਭਾਵੇਂ 'ਚਾਲੇ ਥੇ ਹਰਿ ਮਿਲਣ ਕੋ, ਬੀਚੈ ਅਟਕਿਓ ਚੀਤ' ਵਾਲੀ ਹੋਈ ਪਰ ਜਜ਼ਬਾਤ ਦੇ ਭੱਜੇ ਜਾਂਦੇ ਘੋੜੇ 'ਤੇ ਸਵਾਰ ਪੰਥ ਨੇ ਕਿਹੜਾ ਕੁਝ ਪੁੱਛਣਾ? ਜੇ ਕੋਈ ਪੁੱਛੇ, ਉਹੀ ਸਰਕਾਰ ਦਾ ਏਜੰਟ। ਸਵਾਲ ਪੁੱਛਣ ਵਾਲਿਆਂ ਨੂੰ ਸਿੱਖਸ ਫਾਰ ਜਸਟਿਸ ਦੇ ਕਾਰਕੁਨਾਂ ਵਲੋਂ ਵੀ ਤੁਰਤ-ਫੁਰਤ ਐਸਾ ਤਗਮਾ ਦੇਣ ਲੱਗਿਆਂ ਝਿਜਕ ਘੱਟ ਹੀ ਦਿਖਾਈ ਜਾਂਦੀ ਰਹੀ ਹੈ।

ਗੜਿਆਂ ਵਾਂਗ ਵਰ੍ਹਾਏ ਜਾ ਰਹੇ ਠੱਪਿਆਂ ਦੀ ਮਾਰ ਤੋਂ ਸਿੱਖ ਬੁੱਧੀਜੀਵੀ ਡਾ. ਅਵਤਾਰ ਸਿੰਘ ਸੇਖੋਂ (ਮਚਾਕੀ) ਵੀ ਬਚ ਨਾ ਸਕਿਆ। ਇਹ ਬਜੁਰਗ ਸਿੱਖ ਬੁੱਧੀਜੀਵੀ ਸਿੱਖਸ ਫਾਰ ਜਸਟਿਸ ਦੇ ਨਵੇਂ ਸਜੇ ਤੇਜ਼ ਤਰਾਰ ਕਾਰਕੁਨਾਂ ਧੱਕੇ ਚੜ੍ਹ ਗਿਆ ਤਾਂ ਉਸ 'ਤੇ ਵੀ ਸਰਕਾਰੀ ਏਜੰਟ ਹੋਣ ਦਾ ਠੱਪਾ ਜੜਦਿਆਂ ਜ਼ਰਾ ਢਿੱਲ ਨਾ ਕੀਤੀ। ਸਿੱਖਾਂ ਲਈ ਇਨਸਾਫ ਦੀ ਲਹਿਰ ਚਲਾਉਣ ਵਾਲਿਆਂ ਵਲੋਂ ਨਾਮੀ ਬੁੱਧੀਜੀਵੀਆਂ ਨਾਲ ਕੀਤਾ ਜਾ ਰਿਹਾ ਐਸਾ ਵਤੀਰਾ ਦੇਖ ਕੇ ਜ਼ਿਹਨ ਅੰਦਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਫੈਲੀ ਬੁਰਛਾਗਰਦੀ ਦੇ ਦ੍ਰਿਸ਼ 'ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ, ਹੋਰ ਕਹੁ ਕਿਸ ਦੇ ਪਾਣੀਹਾਰ ਮੀਆਂ' ਘੁੰਮ ਗਏ।

ਸਿੱਖਾਂ ਦੀ ਇਕ ਮੁਸ਼ਕਿਲ ਹੈ ਕਿ ਇਹ ਨਾਹਰਿਆਂ ਤੋਂ ਉਕਤਾ ਬਹੁਤ ਜਲਦੀ ਜਾਂਦੇ ਹਨ ਅਤੇ ਥੋੜ੍ਹੇ ਚਿਰ ਬਾਅਦ ਹੀ ਕੋਈ ਨਵਾਂ ਪ੍ਰੋਗਰਾਮ, ਨਵਾਂ ਨਾਹਰਾ, ਨਵਾਂ ਮੋਰਚਾ ਆਦਿ ਭਾਲਦੇ ਹਨ। ਐਸਾ ਭਾਣਾ ਜਸਟਿਸ ਐਂਡ ਸੌਵਰੈਨਿਟੀ ਕਾਨਫਰੰਸਾਂ ਨਾਲ ਵਾਪਰਿਆ ਜਿਸ ਕਾਰਨ ਸਿੱਖਸ ਫਾਰ ਜਸਟਿਸ ਨੂੰ ਇਕ ਹੋਰ ਨਾਹਰਾ ਘੜਨ ਦੀ ਅਣਸਰਦੀ ਲੋੜ ਨੇ ਆ ਘੇਰਿਆ। ਨਾਹਰਾ ਘੜਨ ਵਾਲੀ ਉਸਤਾਦ ਟਕਸਾਲ ਨੇ ਹੁਣ ਸਿੱਖਾਂ ਦੀ ਨਸਲਕੁਸ਼ੀ ਨੂੰ ਪ੍ਰਵਾਨ ਕਰਵਾਉਣ ਦਾ ਟੀਚਾ ਅੱਗੇ ਲਿਆ ਧਰਿਆ। ਸਿੱਖਸ ਫਾਰ ਜਸਟਿਸ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਪ੍ਰਵਾਨ ਕਰਵਾਉਣ ਦੇ ਐਲਾਨ ਨਾਲ ਲਹਿਰ ਵਿਚ ਇਕ ਵਾਰ ਫਿਰ ਤਾਜ਼ਗੀ ਆ ਗਈ। ਸਿੱਖ ਪਟੀਸ਼ਨਾਂ ਸਾਈਨ ਕਰਨ ਵਿਚ ਰੁਝ ਗਏ ਪਰ ਕਿਸੇ ਨੂੰ ਬਹੁਤਾ ਅਹਿਸਾਸ ਨਹੀਂ ਹੋਇਆ ਕਿ ਇਹ ਜਥੇਬੰਦੀ ਇਨਸਾਫ ਵਾਲੇ ਜਿਸ ਕਾਰਜ ਨੂੰ ਲੈ ਕੇ ਚੱਲੀ ਸੀ, ਉਸ ਦਾ ਕੀ ਬਣਿਆ ਅਤੇ ਉਸ ਦੀ ਥਾਂ ਅੱਜ ਕਰ ਕੀ ਰਹੀ ਹੈ? ਨਸਲਕੁਸ਼ੀ ਪ੍ਰਵਾਨ ਕਰਵਾਉਣ ਦੇ ਵੱਡੇ ਕਾਰਜ ਨੂੰ ਥੋੜ੍ਹਾ ਧੱਕਾ ਉਦੋਂ ਲੱਗਾ ਜਦੋਂ ਭਾਰਤ ਦੇ ਗ੍ਰਹਿ ਮੰਤਰੀ ਨੇ ਆਪ ਹੀ ਕਹਿ ਦਿੱਤਾ ਕਿ 1984 ਵਿਚ ਜੋ ਕੁਝ ਹੋਇਆ, ਉਹ ਨਸਲਕੁਸ਼ੀ ਸੀ। ਇਸ ਤੋਂ ਵੀ ਕਈ ਵਰ੍ਹੇ ਪਹਿਲਾਂ ਪੰਜਾਬ ਪੁਲਿਸ ਦੀਆਂ ਕਾਰਵਾਈਆਂ ਨੂੰ ਭਾਰਤੀ ਸੁਪਰੀਮ ਕੋਰਟ ਨਸਲਕੁਸ਼ੀ ਜਿਹੀਆਂ ਕਾਰਵਾਈਆਂ ਗਰਦਾਨ ਚੁਕੀ ਹੈ। ਭਾਰਤ ਨੇ ਜਿਸ ਤਰ੍ਹਾਂ ਸਿੱਖ ਕਤਲਾਂ ਨੂੰ ਨਸਲਕੁਸ਼ੀ ਵਜੋਂ ਮੰਨ ਲੈਣ ਦੇ ਐਲਾਨ ਕੀਤੇ ਹਨ, ਇਸ ਤਰ੍ਹਾਂ ਕੋਈ ਵੀ ਮੁਲਕ ਛੇਤੀ ਕੀਤੇ ਨਸਲਕੁਸ਼ੀ ਵਰਗੇ ਦਾਗ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ। ਭਾਰਤੀ ਸਿਸਟਮ ਵੱਲੋਂ ਆਪੇ ਹੀ ਇਸ ਨੂੰ ਨਸਲਕੁਸ਼ੀ ਕਹਿ ਦੇਣਾ ਸੰਕੇਤ ਦਿੰਦਾ ਹੈ ਕਿ ਭਾਰਤੀ ਸਿਸਟਮ ਹੁਣ ਸਿੱਖਾਂ ਨਾਲ ਸਮਝੌਤੇ ਵਾਲੀ ਸਮਝ ਬਣਾ ਕੇ ਅੱਗੇ ਵਧਣ ਦਾ ਇੱਛਕ ਹੈ।

ਯਾਦ ਰਹੇ, ਆਰਮੀਨੀਅਨ ਲੋਕਾਂ ਦੀ ਸੌ ਵਰ੍ਹਾ ਪਹਿਲਾਂ ਹੋਈ ਨਸਲਕੁਸ਼ੀ ਨੂੰ ਤੁਰਕੀ ਦੀ ਸਰਕਾਰ ਅੱਜ ਵੀ ਮੰਨਣ ਨੂੰ ਤਿਆਰ ਨਹੀਂ। ਜੇ ਕੋਈ ਹੋਰ ਦੇਸ਼ ਐਸਾ ਆਖੇ ਤਾਂ ਤੁਰਕੀ ਦੀ ਸਰਕਾਰ ਔਖ ਮਹਿਸੂਸ ਕਰਦੀ ਹੈ। ਪਿੱਛੇ ਜਿਹੇ ਪੋਪ ਵੱਲੋਂ ਐਸਾ ਕਹਿਣ 'ਤੇ ਤੁਰਕੀ ਲੋਹਾ ਲਾਖਾ ਹੋਇਆ ਫਿਰਦਾ ਸੀ। ਹਾਲਾਂਕਿ ਹੁਣ ਆਰਮੀਨੀਅਨ ਲੋਕਾਂ ਦਾ ਆਪਣਾ ਦੇਸ਼ ਵੀ ਹੈ।

ਸਿੱਖਸ ਫਾਰ ਜਸਟਿਸ ਵੱਲੋਂ ਨਸਲਕੁਸ਼ੀ ਦੀ ਜਿਸ ਪਰਿਭਾਸ਼ਾ ਨੂੰ ਆਧਾਰ ਬਣਾ ਕੇ ਭਾਰਤ ਨੂੰ ਨਸਲਕੁਸ਼ੀ ਦਾ ਦੋਸ਼ੀ ਗਰਦਾਨਣ ਲਈ ਯੂ. ਐਨ. ਓ. ਕੋਲ ਗੁਹਾਰ ਲਾਈ ਜਾ ਰਹੀ ਸੀ, ਉਸ ਅਨੁਸਾਰ ਭਾਰਤ ਦੋਸ਼ੀ ਸਾਬਤ ਹੋਵੇ ਜਾਂ ਨਾ ਹੋਵੇ, ਪਰ ਸਿੱਖ ਨਿਰੰਕਾਰੀਆਂ ਦੀ ਨਸਲਕੁਸ਼ੀ ਦੇ ਦੋਸ਼ੀ ਸਾਬਤ ਜ਼ਰੂਰ ਹੋ ਜਾਣਗੇ। ਭਾਈ ਸੁਖਦੇਵ ਸਿੰਘ ਬੱਬਰ ਵੱਲੋਂ 35 ਨਿਰੰਕਾਰੀਆਂ ਦੇ ਕਤਲਾਂ ਦੀ ਜਿੰਮੇਵਾਰੀ ਲੈਣ ਦੀ ਘਟਨਾ ਕਈ ਲੋਕਾਂ ਨੂੰ ਯਾਦ ਹੀ ਹੋਵੇਗੀ। ਨਿਰੰਕਾਰੀ ਮੁਖੀ ਦੇ ਕਤਲ ਕੇਸ ਵਿਚ ਜਥੇਦਾਰ ਰਣਜੀਤ ਸਿੰਘ ਦੀ ਸਜ਼ਾ ਮੁਆਫੀ ਅਤੇ ਉਸ ਵੱਲੋਂ ਮਰਿਆਦਾ ਲਈ ਸਿਰ ਲੈਣ ਤੇ ਦੇਣ ਦੇ ਧੜੱਲੇਦਾਰ ਬਿਆਨ ਨਿਰੰਕਾਰੀ ਭਾਈਚਾਰੇ ਨੂੰ ਸੌਖਿਆਂ ਹੀ ਨਸਲਕੁਸ਼ੀ ਦਾ ਸ਼ਿਕਾਰ ਸਾਬਤ ਕਰ ਸਕਦੇ ਹਨ। ਇਸ ਬਾਰੇ ਸਿੱਖਾਂ ਦੇ 'ਵਕੀਲ' ਦਾ ਟੋਰਾਂਟੋ ਦੇ ਇਕ ਰੇਡੀਓ 'ਤੇ ਪ੍ਰਤੀਕਰਮ ਸੀ ਕਿ ਉਹ ਵੀ ਕਰਵਾ ਲੈਣ।

ਖੈਰ, ਸਿੱਖਸ ਫਾਰ ਜਸਟਿਸ ਨੇ ਨਸਲਕੁਸ਼ੀ ਵਾਲਾ ਮੁੱਦਾ ਕਈ ਵਰ੍ਹੇ ਭਖਦਾ ਰੱਖਣ ਦਾ ਜੋ ਟੀਚਾ ਉਲੀਕਿਆ ਸੀ, ਉਹ ਬਹੁਤਾ ਚਿਰ ਚੱਲ ਨਾ ਸਕਿਆ ਜਿਸ ਕਾਰਨ ਕਿਸੇ ਹੋਰ ਹੰਢਣਸਾਰ ਮੁੱਦੇ ਦੀ ਫੌਰੀ ਲੋੜ ਆਣ ਪਈ। ਇਸ ਅਚਾਨਕ ਪਈ ਲੋੜ ਵਿਚੋਂ ਫਿਰ ਅਹੁੜਿਆ 'ਰਿਫਰੈਂਡਮ 2020' ਦਾ ਫੁਰਨਾ। ਇਹ ਮੁੱਦਾ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਘੱਟੋ-ਘੱਟ ਤਿੰਨ ਸਾਲ ਹੋਰ ਚੱਲੇਗਾ। ਇਸ ਨਾਲ ਸਬੰਧਿਤ ਥਾਂ ਪੁਰ ਥਾਂ ਢੇਰ ਸਾਰੀਆਂ ਸਰਗਰਮੀਆਂ ਕੀਤੇ ਜਾਣ ਦਾ ਰਾਹ ਖੁੱਲ੍ਹ ਗਿਆ ਹੈ। ਸਿੱਖਾਂ ਨੂੰ ਨਵਾਂ ਆਹਰ ਲੱਭ ਗਿਆ। ਬਹੁਤੇ ਸਿੱਖ ਸਮਝਣ ਲੱਗ ਪਏ ਕਿ ਹੁਣ ਆਜ਼ਾਦੀ ਕੇਵਲ ਕੁਝ ਵਰ੍ਹੇ ਹੀ ਦੂਰ ਰਹਿ ਗਈ ਹੈ। ਭੋਲੇ ਸਿੱਖ ਰਿਫਰੈਂਡਮ ਦੀ ਸਾਇੰਸ ਨੂੰ ਕੀ ਸਮਝਣਗੇ ਜਿਹੜੇ ਅਜੇ ਤੱਕ ਕੈਲੰਡਰ ਦੇ ਚੱਕਰਵਿਊ ਵਿਚੋਂ ਹੀ ਬਾਹਰ ਨਿਕਲਣ ਦਾ ਕੋਈ ਰਸਤਾ ਨਹੀ ਲੱਭ ਸਕੇ। ਉਂਜ, ਸਿੱਖਾਂ ਦੀ ਤਸੱਲੀ ਲਈ ਸਿੱਖਸ ਫਾਰ ਜਸਟਿਸ ਵਾਲੇ ਜਦ ਪੂਰੇ ਜਲਾਲ ਵਿਚ ਆ ਕੇ ਕਿਊਬਕ, ਸਕਾਟਲੈਂਡ, ਸੁਡਾਨ, ਕੈਟੇਲੋਨੀਆ (ਸਪੇਨ) ਆਦਿ ਵਿਚ ਹੋਏ ਰਿਫਰੈਂਡਮ ਦਾ ਜ਼ਿਕਰ ਕਰਦੇ ਹਨ ਤਾਂ ਸੁਣਨ ਵਾਲਾ ਇਕ ਵਾਰ ਤਾਂ ਸਹਿਜ ਨਾਲ ਹੀ ਕਹਿ ਉਠਦਾ ਹੈ ਕਿ ਆਪਾਂ ਨੂੰ ਇਹ ਕੰਮ ਪਹਿਲਾਂ ਹੀ ਵਿੱਢ ਲੈਣਾ ਚਾਹੀਦਾ ਸੀ।

'ਕਿਨ੍ਹਾਂ ਕੁੰਦਰਾਂ ਵਿਚ ਫਸਾਇਕੈ ਜੀ, ਲਾਹ ਸੁੱਟੇ ਤੂੰ ਸਾਡੇ ਘਾਣ ਮਾਈ' ਦਾ ਵਰਤਾਰਾ ਸਿੱਖ ਯਾਦਦਾਸ਼ਤ ਵਿਚ ਬਹੁਤਾ ਚਿਰ ਟਿਕਿਆ ਨਹੀਂ ਰਹਿੰਦਾ। ਇਸ ਲਈ ਨਾਹਰਾ ਲੱਗਦਿਆਂ ਸਾਰ ਹੀ 'ਤੇਰੀ ਖਾਤਿਰ ਲੜਾਂਗੇ ਹੋ ਟੋਟੇ, ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ' ਦੇ ਐਲਾਨ ਕਰ ਮਾਰਦੇ ਹਨ। ਹਕੀਕਤ ਪ੍ਰਗਟ ਹੋਣ 'ਤੇ ਸ਼ਾਹ ਮੁਹੰਮਦ ਵਰਗਿਆਂ ਦੇ ਅੰਦਰੋਂ ਹੂਕ ਨਿਕਲਦੀ ਹੈ, 'ਸਿੰਘਾਂ ਕਾਹਲਿਆਂ ਨੂੰ ਪਿੱਛੋਂ ਹੋਸ਼ ਆਈ, ਕੇਹਾ ਜ਼ਹਿਰ ਦੇ ਚੜ੍ਹੀ ਹੈ ਸਾਣ ਮਾਈ'। ਰਿਫਰੈਂਡਮ ਰਾਹੀਂ ਰਾਜ ਲੈਣ ਦੇ ਸੁਪਨੇ, ਉਹ ਵੀ ਭਾਰਤ ਵਿਚ! ਐਸੇ ਬੇਤੁਕੇ ਸੁਪਨੇ ਤਾਂ ਸ਼ੇਖ ਚਿੱਲੀ ਵੀ ਨਾ ਲਵੇ। ਭਾਰਤ ਨਾ ਤਾਂ ਕੈਨੇਡਾ ਹੈ ਅਤੇ ਨਾ ਯੂ. ਕੇ. ਜਿਨ੍ਹਾਂ ਰਿਫਰੈਂਡਮ ਹੋ ਲੈਣ ਦਿੱਤੇ। ਦਿਲੋਂ ਇਹ ਦੇਸ਼ ਵੀ ਕੈਨੇਡਾ ਅਤੇ ਯੂ. ਕੇ. ਦੇ ਟੋਟੇ ਹੁੰਦਿਆਂ ਨਹੀਂ ਸਨ ਦੇਖਣਾ ਚਾਹੁੰਦੇ। ਭਾਰਤ ਵਾਲੇ ਰਾਸ਼ਟਰਵਾਦੀ ਤਾਂ ਦੇਸ਼ ਤੋੜਨ ਦੀ ਗੱਲ ਕਰਨ ਵਾਲਿਆਂ ਨੂੰ ਉਂਜ ਹੀ ਭੰਡ ਦੇਣਗੇ।

ਪੰਜਾਬ ਕੋਲ ਰਿਫਰੈਂਡਮ ਵਾਸਤੇ ਉਹ ਸੰਵਿਧਾਨਕ ਆਧਾਰ ਨਹੀਂ ਹੈ ਜੋ ਕਿਊਬੈਕ ਅਤੇ ਸਕਾਟਲੈਂਡ ਕੋਲ ਹੈ। ਰਿਫਰੈਂਡਮ ਤਾਂ ਕਸ਼ਮੀਰ ਵਿਚ ਨਹੀਂ ਹੋ ਸਕਿਆ। ਜਿਹੜੀ ਯੂ. ਐਨ. ਓ. ਭਾਰਤ ਨੂੰ ਕਸ਼ਮੀਰ ਵਿਚ ਰਿਫਰੈਂਡਮ ਲਈ ਮਜਬੂਰ ਨਹੀਂ ਕਰ ਸਕੀ, ਉਹ ਪੰਜਾਬ ਦੇ ਕੇਸ ਵਿਚ ਕੀ ਕਰ ਸਕੇਗੀ, ਸਮਝਣਾ ਔਖਾ ਨਹੀਂ। ਇਸ ਤੋਂ ਅੱਗੇ, ਕੀ ਕਿਊਬੈਕ ਜਾਂ ਸਕਾਟਲੈਂਡ ਦੇ ਰੈਫਰੈਂਡਮ ਸਿਰੇ ਚੜ੍ਹ ਗਏ? ਕਿਊਬੈਕ ਵਿਚ ਦੋ ਵਾਰ (1980 ਅਤੇ 1995) ਰਿਫਰੈਂਡਮ ਫੇਲ੍ਹ ਹੋ ਗਿਆ। ਇਸੇ ਤਰ੍ਹਾਂ ਹੀ ਸਕਾਟਲੈਂਡ ਵਿਚ ਰਿਫਰੈਂਡਮ ਕਾਮਯਾਬ ਨਹੀਂ ਹੋਇਆ। ਕੈਟੇਲੋਨੀਆ ਵਿਚ ਹੋਇਆ ਰਿਫਰੈਂਡਮ ਸਪੇਨ ਸਰਕਾਰ ਨੇ ਮੰਨਿਆ ਨਹੀਂ ਅਤੇ ਦੁਨੀਆਂ ਦੀ ਕੋਈ ਵੀ ਤਾਕਤ ਸਪੇਨ ਸਰਕਾਰ ਨੂੰ ਰਿਫਰੈਂਡਮ ਦੇ ਨਤੀਜੇ ਅਨੁਸਾਰ ਕੈਟੇਲੋਨੀਆ ਨੂੰ ਆਜ਼ਾਦ ਕਰਨ ਵਾਸਤੇ ਮਜਬੂਰ ਨਹੀਂ ਕਰ ਸਕੀ।

ਸਿੱਖਸ ਫਾਰ ਜਸਟਿਸ ਦੇ ਕੱਚਘਰੜ ਸਿਧਾਂਤਕਾਰ (ਅਸਲ ਵਿਚ ਇਸ ਜਥੇਬੰਦੀ ਕੋਲ ਸਿਧਾਂਤਕਾਰ ਹੈ ਹੀ ਕੋਈ ਨਹੀਂ) ਰਿਫਰੈਂਡਮ ਰਾਹੀਂ ਮਾਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਵਾਪਿਸ ਲੈਣ ਦੀ ਸੁਪਨਸਾਜ਼ੀ ਸਿਰਜ ਕੇ 'ਫੀਲ ਗੁੱਡ' ਕਰਨ ਵਾਲਾ ਮਾਹੌਲ ਪੈਦਾ ਕਰੀ ਬੈਠੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਬਹੁਤਾ ਹਿੱਸਾ ਤਾਂ ਪਾਕਿਸਤਾਨ ਰਹਿ ਗਿਆ। ਸਤਲੁਜ ਦੇ ਪੂਰਬ ਵਾਲੇ ਪਾਸੇ ਦਾ ਪੰਜਾਬ ਤਾਂ ਉਸ ਰਾਜ ਦਾ ਹਿੱਸਾ ਹੀ ਨਹੀਂ ਸੀ। ਇਸ ਇਲਾਕੇ ਦੀਆਂ ਸਿੱਖ ਰਿਆਸਤਾਂ ਤਾਂ 1947 ਤੋਂ ਬਾਅਦ ਤੱਕ ਕਾਇਮ ਰਹੀਆਂ। ਮਹਾਰਾਜਾ ਪਟਿਆਲਾ ਆਪਣੀ ਰਿਆਸਤ ਭਾਰਤ ਵਿਚ ਮਿਲਾਉਣ ਵਾਲਾ ਪਹਿਲਾ ਦੇਸੀ ਰਾਜਾ ਸੀ ਜੋ ਰਿਆਸਤ ਛੱਡ ਕੇ ਭਾਰਤ ਦੀ ਰਾਜਦੂਤੀ ਕਰਨ ਜਾ ਲੱਗਿਆ। ਹੁਣ ਇਸ ਇਲਾਕੇ ਵਿਚ ਰਿਫਰੈਂਡਮ ਦਾ ਕਾਨੂੰਨੀ ਆਧਾਰ ਕੀ ਰਹਿ ਗਿਆ? ਤਰਕਾਂ ਦੀ ਲੜੀ ਵਿਚ ਸਿੱਖਸ ਫਾਰ ਜਸਟਿਸ ਵਾਲੇ ਇਹ ਤਰਕ ਵੀ ਦਿੰਦੇ ਹਨ ਕਿ ਪੰਜਾਬ ਦੇ ਮੂਲ ਨਿਵਾਸੀ ਹੋਣ ਕਾਰਨ ਸਿੱਖਾਂ ਕੋਲ ਰਾਇਸ਼ੁਮਾਰੀ ਕਰਵਾਉਣ ਦਾ ਹੱਕ ਹੈ ਪਰ ਸਿੱਖਸ ਫਾਰ ਜਸਟਿਸ ਵਾਲੇ ਇਹ ਨਹੀਂ ਜਾਣਦੇ ਕਿ ਪੰਜਾਬ ਦੀ ਬਹੁ ਗਿਣਤੀ ਮੂਲ ਨਿਵਾਸੀ ਕਾਲੇ ਰੰਗ ਦੇ ਉਹ ਲੋਕ ਹਨ ਜਿਨ੍ਹਾਂ ਨੂੰ ਦਲਿਤ ਕਿਹਾ ਜਾਂਦਾ ਹੈ ਜੋ ਉੱਚ ਜਾਤੀ ਸਿੱਖਾਂ ਵੱਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਦੇ ਸ਼ਿਕਾਰ ਹਨ ਪਰ ਕਿਹੜਾ ਕਿਸੇ ਨੇ ਪੁੱਛਣਾ ਹੈ, ਇਸ ਲਈ ਮੂਲ ਨਿਵਾਸੀ ਵਾਲਾ ਤੀਰ ਵੀ ਹਵਾ ਵਿਚ ਛੱਡ ਦਿੱਤਾ।

ਇਸ ਤੋਂ ਅੱਗੇ ਮਿਸਾਲ ਦਿੱਤੀ ਜਾਂਦੀ ਹੈ ਸੁਡਾਨ ਦੇ 2011 ਵਾਲੇ ਰਿਫਰੈਂਡਮ ਦੀ, ਜਿਥੇ ਦੱਖਣੀ ਸੁਡਾਨ ਨਾਂ ਦਾ ਦੇਸ਼ ਰਿਫਰੈਂਡਮ ਜ਼ਰੀਏ ਹੋਂਦ ਵਿਚ ਆ ਗਿਆ। ਜੇ ਪੰਜਾਬ ਦੂਸਰਾ ਡਾਰਫਰ (ਸੁਡਾਨ) ਜਿਥੇ ਕੋਈ ਤਿੰਨ ਲੱਖ ਲੋਕ ਮਾਰੇ ਗਏ ਸਨ, ਹੀ ਬਣਨਾ ਹੈ ਤਾਂ ਫਿਰ ਉਥੇ ਰਿਫਰੈਂਡਮ ਦੀ ਲੋੜ ਹੀ ਨਹੀਂ ਰਹੇਗੀ। ਰਿਫਰੈਂਡਮ ਬਗੈਰ ਹੀ ਸਭ ਕੁਝ ਤੈਅ (ਜਾਂ ਤਬਾਹ) ਹੋ ਜਾਵੇਗਾ। ਯਾਦ ਰੱਖਣ ਵਾਲੀ ਗੱਲ ਹੈ ਕਿ ਭਾਰਤੀ ਰਾਜ ਦੇ ਹਾਲਾਤ, ਦੇਸ਼ ਟੁੱਟਦਾ ਦੇਖ ਕੇ ਰਿਫਰੈਂਡਮ ਦੀ ਥਾਂ ਪੰਜਾਬ ਵਿਚ ਸੁਡਾਨ ਵਰਗੇ ਹਾਲਾਤ ਨੂੰ ਤਰਜੀਹ ਦੇਣਗੇ, ਜਿਸ ਵਿਚ 'ਦੋਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ' ਵਾਲੀ ਹੋਣੀ ਨੂੰ ਕੋਈ ਰੋਕ ਨਹੀਂ ਸਕੇਗਾ। ਆਜ਼ਾਦੀ ਲਈ ਰਿਫਰੈਂਡਮ ਕਿਸੇ ਸਮੇਂ (1861) ਅਮਰੀਕਾ ਦੇ ਸੂਬੇ ਟੈਕਸਸ, ਟੈਨੇਸੀ ਅਤੇ ਵਰਜੀਨੀਆ ਵਿਚ ਵੀ ਹੋਇਆ ਸੀ ਪਰ ਇਸ ਦਾ ਫੈਸਲਾ ਜੰਗ ਦੇ ਮੈਦਾਨ ਵਿਚ ਅਮਰੀਕਨ ਖਾਨਾਜੰਗੀ (ਸਿਵਲ ਵਾਰ) ਵਿਚ ਹੋਇਆ ਸੀ, ਨਾ ਕਿ ਰਿਫਰੈਂਡਮ ਦੀਆਂ ਵੋਟਾਂ ਨਾਲ। ਭਾਰਤ ਦੇ ਰਾਜਨੀਤਕ ਹਾਲਾਤ ਅਮਰੀਕਾ ਦੇ ਉਦੋਂ ਵਾਲੇ ਹਾਲਾਤ ਨਾਲੋਂ ਬਹੁਤੇ ਬਿਹਤਰ ਨਹੀਂ। ਕਹਿਣ ਦਾ ਭਾਵ ਕਿ ਅਖੀਰ ਵਿਚ 'ਸ਼ਸਤਰਨ ਕੇ ਅਧੀਨ ਹੈ ਰਾਜ' ਵਾਲੀ ਗੱਲ ਹੀ ਸਹੀ ਹੈ, ਨਾ ਕਿ 'ਰਿਫਰੈਂਡਮ ਕੇ ਅਧੀਨ ਹੈ ਰਾਜ'। ਇਸ ਲਈ ਜੇ ਕੋਈ ਇਸ ਵਹਿਮ ਵਿਚ ਹੋਏ ਕਿ ਰਿਫਰੈਂਡਮ ਦੀ ਕੋਈ ਗਿੱਦੜ ਪਰਚੀ ਕਿਸੇ ਮੁਲਕ ਦੇ ਟੁਕੜੇ ਕਰਕੇ, ਨਿਆਂਈ ਵਾਲੇ ਖੇਤ ਦੀ ਰਜਿਸਟਰੀ ਕਰਵਾਉਣ ਵਾਂਗ ਰਾਜ ਭਾਗ ਕਿਸੇ ਦੇ ਨਾਂਵੇਂ ਕਰਵਾ ਦੇਵੇਗੀ, ਤਾਂ ਇਹ ਖਿਆਲੀ ਖੀਰ ਤੋਂ ਵੱਧ ਕੁਝ ਵੀ ਨਹੀਂ। ਜਿਸ ਸੰਯੁਕਤ ਰਾਸ਼ਟਰ ਨੂੰ ਰਿਫਰੈਂਡਮ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ, ਉਹ ਸ਼ਕਤੀਹੀਣ ਸੰਸਥਾ ਹੈ, ਜਿਸ ਦੀ (ਕੁ)ਵਰਤੋਂ ਤਕੜੇ ਦੇਸ਼ ਕਮਜ਼ੋਰਾਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਕਰਦੇ ਰਹੇ ਹਨ। ਸੰਯੁਕਤ ਰਾਸ਼ਟਰ ਕੋਲ ਕੋਈ ਵੀ ਐਸੀ ਕਲਾ ਨਹੀਂ ਹੈ ਜਿਸ ਨੂੰ ਮਰੋੜ ਕੇ ਉਹ ਕਿਸੇ ਖਿੱਤੇ ਵਿਚ ਰਿਫਰੈਂਡਮ ਕਰਵਾ ਮਾਰੇ। ਫਲਸਤੀਨ ਦਾ ਸਵਾਲ ਸਭ ਦੇ ਸਾਹਮਣੇ ਹੈ। ਸਭ ਕੁਝ ਹੁੰਦਿਆਂ ਸੰਯੁਕਤ ਰਾਸ਼ਟਰ ਉਨ੍ਹਾਂ ਦਾ ਦੇਸ਼ ਘੜ ਸਕਣ ਦਾ ਕਾਰਜ ਨੇਪਰੇ ਨਹੀਂ ਚਾੜ੍ਹ ਸਕਿਆ। ਅਮਰੀਕਾ ਨੂੰ ਇਰਾਕ 'ਤੇ ਹਮਲਾ ਕਰਨ ਤੋਂ ਰੋਕ ਨਹੀਂ ਸਕਿਆ। ਭਾਰਤ ਅਤੇ ਪਾਕਿਸਤਾਨ ਕੋਲੋਂ ਪਰਮਾਣੂ ਸੰਧੀ 'ਤੇ ਦਸਤਖਤ ਨਹੀਂ ਕਰਵਾ ਸਕਿਆ। ਐਸੀ ਸੰਸਥਾ ਸਿੱਖਾਂ ਦਾ ਰਿਫਰੈਂਡਮ ਕਿਹੜੇ ਜ਼ੋਰ ਨਾਲ ਕਰਵਾ ਦੇਵੇਗੀ? ਸੋ, ਰਿਫਰੈਂਡਮ ਰਾਹੀਂ ਰਾਜ ਲੈਣ ਵਾਲੀ ਗੱਲ ਤਾਂ ਸਿਰਦਾਰ ਕਪੂਰ ਸਿੰਘ ਦੇ ਕਹਿਣ ਅਨੁਸਾਰ, 'ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ' ਵਾਲੀ ਹੈ।

ਸਵਾਲ ਇਹ ਹੈ ਕਿ ਆਖਿਰਕਾਰ ਰਿਫਰੈਂਡਮ 2020 ਹੈ ਕੀ? ਇਸ ਦਾ ਬਹੁਤਿਆਂ ਨੂੰ ਪਤਾ ਨਹੀਂ ਪਰ ਆਪੋ ਆਪਣੀ ਸਿਆਸਤ ਚਮਕਾਉਣ ਲਈ ਬਹੁਤ ਸਾਰੇ ਲੋਕ ਸਿਆਸੀ ਬਿਆਨ ਦਾਗੀ ਜਾ ਰਹੇ ਹਨ। ਆਪਣੇ ਵਿਰੋਧੀਆਂ ਨਾਲ ਗੁੱਥਮ-ਗੁੱਥਾ ਹੋਈ ਜਾ ਰਹੇ ਹਨ। ਰਿਫਰੈਂਡਮ ਦੀ ਗੱਲ ਨੂੰ ਦੇਸ਼ ਦੀ ਏਕਤਾ ਲਈ ਖਤਰਾ ਦੱਸ ਕੇ ਵੱਡੇ ਰਾਸ਼ਟਰਵਾਦੀ ਹੋਣ ਦੀ ਗੁਰਜ ਜਿੱਤਣ ਵਾਸਤੇ ਕਸਰਤਾਂ ਕਰੀ ਜਾ ਰਹੇ ਹਨ। ਇਹ ਵੀ ਸਭ ਕੁਝ ਸਿਆਸੀ ਮਸਖਰਿਆਂ ਦਾ ਫੁਕਰਾਪਣ ਹੈ।

ਦੂਸਰੇ ਪਾਸੇ ਰਿਫਰੈਂਡਮ 2020 ਵਾਲੇ ਇਹ ਮਹਿਸੂਸ ਕਰਵਾ ਰਹੇ ਹਨ ਕਿ ਖਾਲਸਿਤਾਨ ਤਾਂ ਬਣਿਆ ਕਿ ਬਣਿਆ; ਜਿਸ ਦੀ ਪੁੱਠੀ ਗਿਣਤੀ ਤਾਂ ਸ਼ੁਰੂ ਹੋ ਵੀ ਚੁੱਕੀ ਹੈ। ਬੱਸ 2020 ਚੜ੍ਹਦਿਆਂ ਹੀ ਖਾਲਿਸਤਾਨ ਦੀ ਰਜਿਸਟਰੀ ਸਿੱਖਾਂ ਦੇ ਨਾਂ ਹੋ

***ਸਿੱਖਾਂ ਦੀ ਇਕ ਮੁਸ਼ਕਿਲ ਹੈ ਕਿ ਇਹ ਨਾਹਰਿਆਂ ਤੋਂ ਉਕਤਾ ਬਹੁਤ ਜਲਦੀ ਜਾਂਦੇ ਹਨ ਅਤੇ ਥੋੜ੍ਹੇ ਚਿਰ ਬਾਅਦ ਹੀ ਕੋਈ ਨਵਾਂ ਪ੍ਰੋਗਰਾਮ, ਨਵਾਂ ਨਾਹਰਾ, ਨਵਾਂ ਮੋਰਚਾ ਆਦਿ ਭਾਲਦੇ ਹਨ। ਐਸਾ ਭਾਣਾ ਜਸਟਿਸ ਐਂਡ ਸੌਵਰੈਨਿਟੀ ਕਾਨਫਰੰਸਾਂ ਨਾਲ ਵਾਪਰਿਆ ਜਿਸ ਕਾਰਨ ਸਿੱਖਸ ਫਾਰ ਜਸਟਿਸ ਨੂੰ ਇਕ ਹੋਰ ਨਾਹਰਾ ਘੜਨ ਦੀ ਅਣਸਰਦੀ ਲੋੜ ਨੇ ਆ ਘੇਰਿਆ। ਨਾਹਰਾ ਘੜਨ ਵਾਲੀ ਉਸਤਾਦ ਟਕਸਾਲ ਨੇ ਹੁਣ ਸਿੱਖਾਂ ਦੀ ਨਸਲਕੁਸ਼ੀ ਨੂੰ ਪ੍ਰਵਾਨ ਕਰਵਾਉਣ ਦਾ ਟੀਚਾ ਅੱਗੇ ਲਿਆ ਧਰਿਆ। ਸਿੱਖਸ ਫਾਰ ਜਸਟਿਸ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਪ੍ਰਵਾਨ ਕਰਵਾਉਣ ਦੇ ਐਲਾਨ ਨਾਲ ਲਹਿਰ ਵਿਚ ਇਕ ਵਾਰ ਫਿਰ ਤਾਜ਼ਗੀ ਆ ਗਈ।***

*(ਬਾਕੀ ਅਗਲੇ ਸਫੇ 'ਤੇ)*

ਜਾਣੀ ਹੈ। ਇਸ ਸਭ ਕੁਝ ਦਾ ਕਾਰਨ ਲੋਕਾਂ ਦਾ ਭੋਲਾਪਣ ਵੀ ਹੈ ਅਤੇ ਸਿੱਖਸ ਫਾਰ ਜਸਟਿਸ ਦੇ ਵਕੀਲ ਪੰਨੂ ਦੀ ਜਾਦੂਗਰੀ ਵੀ। ਅਸਲੀਅਤ ਇਹ ਹੈ ਕਿ ਇਹ ਰਿਫਰੈਂਡਮ ਹਰ ਪੜਾਅ 'ਤੇ ਹੀ ਕਈ ਪ੍ਰਕਾਰ ਦੀ 'ਜੇ' ਵਿਚ ਘਿਰਿਆ ਹੋਇਆ ਹੈ:

ਪਹਿਲੀ ਗੱਲ, ਇਹ ਰਿਫਰੈਂਡਮ ਨਿਰੋਲ ਪ੍ਰਾਈਵੇਟ ਹੈ ਜਿਸ ਵਿਚ ਸੰਸਾਰ ਭਰ ਦੇ ਸਿੱਖ ਆਪਣੇ ਤੌਰ 'ਤੇ ਹੀ ਵੋਟਾਂ ਪਾ ਕੇ ਫੈਸਲਾ ਕਰਨਗੇ ਕਿ ਸਿੱਖ ਭਾਰਤ ਵਿਚ ਰਹਿਣਾ ਚਾਹੁੰਦੇ ਹਨ ਜਾਂ ਨਹੀਂ। 'ਜੇ' ਸਿੱਖਾਂ ਦੀਆਂ ਬਹੁਗਿਣਤੀ ਵੋਟਾਂ ਭਾਰਤ ਨਾਲ ਰਹਿਣ ਦੇ ਹੱਕ ਵਿਚ ਹੋਈਆਂ ਤਾਂ ਗੱਲ ਖਤਮ। 'ਜੇ' ਬਹੁਗਿਣਤੀ ਵੋਟਾਂ ਭਾਰਤ ਤੋਂ ਵੱਖ ਹੋਣ ਦੇ ਹੱਕ ਵਿਚ ਹੋਈਆਂ ਤਾਂ ਸਿੱਖਸ ਫਾਰ ਜਸਟਿਸ ਵਾਲੇ ਇਨ੍ਹਾਂ ਵੋਟਾਂ ਦੇ ਆਧਾਰ 'ਤੇ ਯੂ. ਐਨ. ਓ. ਕੋਲ ਅਰਜ਼ੀ ਦੇਣਗੇ ਕਿ ਦੇਖੋ, ਇਤਨੇ ਸਿੱਖਾਂ ਨੇ ਵੋਟਾਂ ਪਾ ਕੇ ਭਾਰਤ ਨਾਲੋਂ ਵੱਖ ਹੋਣ ਦੀ ਇੱਛਾ ਪ੍ਰਗਟ ਕੀਤੀ ਹੈ, ਇਸ ਲਈ ਸੰਯੁਕਤ ਰਾਸ਼ਟਰ ਭਾਰਤ ਵਿਚ ਰੈਫਰੈਂਡਮ ਕਰਵਾਏ। 'ਜੇ' ਅਰਜ਼ੀ ਖਾਰਿਜ ਹੋ ਗਈ ਤਾਂ ਗੱਲ ਖਤਮ। 'ਜੇ' ਮਨਜ਼ੂਰ ਹੋ ਗਈ ਤਾਂ ਸੰਯੁਕਤ ਰਾਸ਼ਟਰ ਭਾਰਤ ਸਰਕਾਰ ਨੂੰ ਬੇਨਤੀ ਕਰੇਗਾ ਕਿ ਪੰਜਾਬ ਵਿਚ ਰਿਫਰੈਂਡਮ ਕਰਵਾਇਆ ਜਾਏ। 'ਜੇ' ਭਾਰਤ ਸਰਕਾਰ ਨੇ ਬੇਨਤੀ ਰੱਦ ਕਰ ਦਿੱਤੀ ਤਾਂ ਗੱਲ ਖਤਮ। 'ਜੇ' ਮਨਜ਼ੂਰ ਕਰ ਲਈ ਤਾਂ ਅਸਲ ਰਿਫਰੈਂਡਮ ਹੋਵੇਗਾ। ਜਦ ਅਸਲ ਰਿਫਰੈਂਡਮ ਹੋਇਆ ਤਾਂ 'ਜੇ' ਬਹੁਗਿਣਤੀ ਪੰਜਾਬੀਆਂ (ਕੇਵਲ ਸਿੱਖ ਨਹੀਂ) ਨੇ ਹੱਕ ਵਿਚ ਵੋਟ ਨਾ ਪਾਈ ਤਾਂ ਵੀ ਗੱਲ ਖਤਮ। 'ਜੇ' ਬਹੁਗਿਣਤੀ ਨੇ ਵੱਖ ਹੋਣ ਦੇ ਹੱਕ ਵਿਚ ਵੋਟ ਪਾ ਦਿੱਤੀ ਤਾਂ ਪੰਜਾਬ ਦੇ ਭਾਰਤ ਨਾਲੋਂ ਵੱਖ ਹੋਣ ਦੇ ਫੈਸਲੇ 'ਤੇ ਮੋਹਰ ਲੱਗ ਜਾਏਗੀ। 'ਜੇ' ਭਾਰਤ ਸਰਕਾਰ ਨੇ ਇਹ ਫੈਸਲਾ ਲਾਗੂ ਨਾ ਕੀਤਾ ਤਾਂ ਮੁੜ ਉਹੋ ਲੜਾਈ ਜੋ ਅੱਜ ਹੈ। 'ਜੇ' ਮਨਜ਼ੂਰ ਕਰ ਲਿਆ ਤਾਂ ਪੰਜਾਬ ਵੱਖਰਾ ਦੇਸ਼ ਬਣ ਜਾਏਗਾ ਜਿਥੇ ਫਿਰ ਪਤਾ ਨਹੀਂ ਕੀ ਹੋਵੇਗਾ? ਸੋ, ਰਿਫਰੈਂਡਮ ਤੋਂ ਲੈ ਕੇ ਵੱਖਰਾ ਦੇਸ਼ ਬਣਨ ਵਿਚਕਾਰ ਘੱਟੋ-ਘੱਟ ਪੰਜ ਪੜਾਵਾਂ 'ਤੇ 'ਜੇ' ਫਨ ਖਿਲਾਰੀ ਬੈਠੀ ਹੈ।

ਦਿਲਚਸਪ ਗੱਲ ਇਹ ਹੈ ਕਿ 2020 ਵਾਲੇ ਪ੍ਰਾਈਵੇਟ ਰਿਫਰੈਂਡਮ ਵਿਚ ਵੋਟਾਂ ਪਾਉਣ ਵਾਲੇ ਬਹੁਤੇ ਸਿੱਖ ਤਾਂ ਵਿਦੇਸ਼ੀ ਹੋਣਗੇ ਪਰ 'ਜੇ' ਦੀਆਂ ਤਿੰਨ ਪਰਤਾਂ ਪਾਰ ਕਰਕੇ ਹੋਣ ਵਾਲੇ ਅਸਲ ਰਿਫਰੈਂਡਮ ਵਿਚ ਪੰਜਾਬ ਦੇ ਸਾਰੇ ਲੋਕ ਵੋਟ ਪਾਉਣਗੇ, ਵਿਦੇਸ਼ੀ ਨਹੀਂ।

ਅਸਲ ਗੱਲ, ਰਾਜ ਲੈਣ ਲਈ ਜ਼ੋਰ ਲਾਉਣ ਦੀ ਨਹੀਂ ਹੈ, ਮਿਲਿਆ ਰਾਜ ਸੰਭਾਲਣ ਲਈ ਯੋਗਤਾ ਪੈਦਾ ਕਰਨ ਦੀ ਹੈ। ਮੁਲਕਾਂ ਦੀ ਬਣਤਰ ਸਦਾ ਇਕੋ ਜਿਹੀ ਨਹੀਂ ਰਹਿੰਦੀ। ਭਾਰਤ ਅੱਜ ਵਰਗਾ ਮੁਲਕ ਪਹਿਲਾਂ ਕਦੇ ਵੀ ਨਹੀਂ ਸੀ ਅਤੇ ਇਹ ਕਹਿਣਾ ਔਖਾ ਹੈ ਕਿ ਇਸ ਸਰੂਪ ਵਿਚ ਕਦ ਤੱਕ ਰਹੇਗਾ? ਸੋ, ਮੁਲਕ ਨੂੰ ਤੋੜਨ ਲਈ ਜ਼ੋਰ ਲਗਾਉਣ ਦੀ ਥਾਂ ਐਸਾ ਲੋਕ ਹਿਤੈਸ਼ੀ ਮਜ਼ਬੂਤ ਰਾਜਨੀਤਕ ਸੰਗਠਨ ਸਿਰਜਣ ਦੀ ਲੋੜ ਹੈ ਜੋ ਹੁਣ ਦੇ ਸਮੇਂ ਵਿਚ ਵੀ ਅਤੇ ਆਉਣ ਵਾਲੇ ਕਿਸੇ ਨਾਖੁਸ਼ਗਵਾਰ ਸਮੇਂ ਵਿਚ ਵੀ ਇਸ ਖਿੱਤੇ ਦੇ ਲੋਕਾਂ ਦੀ ਰਾਜਨੀਤਕ ਅਗਵਾਈ ਕਰਨ ਯੋਗ ਹੋਏ। ਜਿਸ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਰਿਫਰੈਂਡਮ ਜ਼ਰੀਏ ਵਾਪਿਸ ਲੈਣ ਦੇ ਸੁਪਨੇ ਲਏ ਜਾ ਰਹੇ ਹਨ, ਉਸ ਬਾਰੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ 40 ਸਾਲ ਪੁਰਾਣਾ ਉਹ ਰਾਜ ਸਿੱਖ ਸਰਦਾਰਾਂ ਦੀ ਅਯੋਗਤਾ ਕਾਰਨ ਮਹਾਰਾਜੇ ਦੀ ਮੌਤ ਤੋਂ ਬਾਅਦ ਕੇਵਲ ਛੇ ਸਾਲਾਂ ਵਿਚ ਹੀ ਤਹਿਸ-ਨਹਿਸ ਹੋ ਗਿਆ ਸੀ। ਰਾਜ ਹੀ ਤਬਾਹ ਨਹੀਂ ਹੋਇਆ, 'ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸੱਭੇ ਕਤਲ ਹੋਏ ਵਾਰੋ-ਵਾਰ ਮੀਆਂ' ਅਨੁਸਾਰ ਸਾਰੇ ਇਕ ਦੂਸਰੇ ਨੂੰ ਮਾਰ ਕੇ ਆਪ ਵੀ ਮਰੇ। ਡੋਗਰਿਆਂ ਨੂੰ ਦੋਸ਼ ਦੇਣ ਦੀ ਥਾਂ ਧਿਆਨ ਉਸ ਅਯੋਗਤਾ ਅਤੇ ਬੁਰਛਾਗਰਦ ਬਿਰਤੀਆਂ ਵੱਲ ਜਾਣਾ ਚਾਹੀਦਾ ਸੀ ਜਿਸ ਕਾਰਨ ਸਭ ਕੁਝ ਦੇਖਦਿਆਂ-ਦੇਖਦਿਆਂ ਫਨਾਹ ਹੋ ਗਿਆ। ਜਦ ਹਾਲਾਤ 'ਕੇਹਾ ਬੁਰਛਿਆਂ ਆਣ ਅੰਧੇਰ ਪਾਇਆ, ਜਿਹੜਾ ਗੱਦੀ ਬਹੇ ਉਸੇ ਨੂੰ ਮਾਰ ਲੈਂਦੇ' ਵਰਗੇ ਬਣ ਗਏ ਤਾਂ ਨਾ ਸਰਦਾਰ ਬਚੇ ਨਾ ਡੋਗਰੇ। ਸਰਦਾਰਾਂ ਵਾਲੇ ਪਾਸਿਓਂ ਬਚਿਆ ਦਲੀਪ ਸਿੰਘ ਅਤੇ ਡੋਗਰਿਆਂ ਵਾਲੇ ਪਾਸਿਓਂ ਬਚਿਆ ਕੇਵਲ ਗੁਲਾਬ ਸਿੰਘ। ਬੇਲਗਾਮ ਹੋਈ ਖਾਲਸਾ ਫੌਜ ਦੀ ਦਹਿਸ਼ਤ ਕਾਰਨ ਸਤੰਬਰ 1845 ਤੱਕ ਖਾਲਸਾ ਰਾਜ ਦੇ ਹਾਲਾਤ ਐਸੇ ਬਣ ਗਏ ਸਨ ਕਿ ਕੋਈ ਇਸ ਰਾਜ ਦਾ ਪ੍ਰਧਾਨ ਮੰਤਰੀ ਬਣਨ ਨੂੰ ਤਿਆਰ ਨਹੀਂ ਸੀ। ਉਦੋਂ ਕੰਮ ਚਲਾਉਣ ਲਈ ਪੰਜ ਮੈਂਬਰੀ ਪ੍ਰਧਾਨਗੀ ਮੰਡਲ ਬਣਾਉਣਾ ਪਿਆ ਸੀ। ਸੋ, ਰਾਜ ਪ੍ਰਾਪਤ ਕਰਨ ਨਾਲੋਂ ਸਾਂਭਣ ਦੀ ਯੋਗਤਾ ਪੈਦਾ ਕਰਨਾ ਵੱਧ ਅਹਿਮ ਹੈ। ਨਹੀਂ ਤਾਂ ਅਯੋਗ ਪ੍ਰਬੰਧ ਕਾਰਨ ਰਾਜ ਸੁਖ ਅਤੇ ਸੁਰੱਖਿਆ ਦੀ ਥਾਂ ਤਬਾਹੀ ਵਾਲੇ ਹਾਲਾਤ ਵੀ ਪੈਦਾ ਕਰ ਦਿਆ ਕਰਦੇ ਹਨ।




ਸਿੱਖਸ ਫਾਰ ਜਸਟਿਸ ਦੇ ਘੜੇ ਤਰਕ ਅਨੁਸਾਰ ਰਾਜ ਲਈ ਨਸਲਕੁਸ਼ੀ ਦੇ ਆਧਾਰ 'ਤੇ ਰਿਫਰੈਂਡਮ ਦਾ ਹੱਕ ਜਤਾਉਣ ਅਤੇ ਬਾਹਰਲੇ ਮੁਲਕਾਂ ਕੋਲੋਂ ਮਦਦ ਮੰਗਣ ਦਾ ਕੋਈ ਠੋਸ ਆਧਾਰ ਨਹੀਂ ਹੈ। ਸਿੱਖਾਂ ਦੀ ਹਾਲਤ ਸੁਡਾਨੀ, ਯਹੂਦੀ ਜਾਂ ਆਰਮੀਨੀਅਨ ਲੋਕਾਂ ਵਰਗੀ ਮਾੜੀ ਨਹੀਂ ਹੈ। ਸਿੱਖਾਂ ਨੂੰ ਰਾਜਨੀਤਕ, ਆਰਥਕ, ਧਾਰਮਿਕ ਜਾਂ ਪ੍ਰਸ਼ਾਸਕੀ ਖੇਤਰਾਂ ਵਿਚੋਂ ਬੇਦਖਲ ਨਹੀਂ ਕੀਤਾ ਹੋਇਆ। ਸਿੱਖ ਅੱਜ ਵੀ ਮੁਲਕ ਦੇ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ; ਜ਼ਮੀਨਾਂ, ਵਪਾਰ, ਕਾਰੋਬਾਰਾਂ ਅਤੇ ਕਾਰਖਾਨਿਆਂ ਦੇ ਮਾਲਕ ਹਨ। ਖੇਡਾਂ, ਫੌਜ, ਪੜ੍ਹਾਈ, ਕਲਾ, ਫਿਲਮਾਂ, ਮੀਡੀਆ ਆਦਿ ਕੋਈ ਐਸਾ ਖੇਤਰ ਨਹੀਂ ਜਿਸ ਵਿਚ ਸਿੱਖਾਂ ਦੀ ਤੂਤੀ ਨਾ ਬੋਲਦੀ ਹੋਵੇ। ਸਿੱਖਾਂ ਦੇ ਧਾਰਮਿਕ ਖੇਤਰ ਵਿਚ ਵਿਚਰਦੀਆਂ ਸਤਿਕਾਰ ਕਮੇਟੀਆਂ ਮਰਿਆਦਾ ਦੇ ਨਾਂ 'ਤੇ ਗਰੀਬ ਲੋਕਾਂ ਦੀ ਧੌੜੀ, ਬਿਨਾ ਕਿਸੇ ਕਾਨੂੰਨ ਦੇ ਖੌਫ ਤੋਂ ਲਾਹੀ ਜਾ ਰਹੀਆਂ ਹਨ। ਜਿਨ੍ਹਾਂ ਧਾਰਮਿਕ ਫਿਰਕਿਆਂ ਨਾਲ ਸਿੱਖਾਂ ਦਾ ਜ਼ਰਾ ਕਰੂਰਾ ਨਹੀਂ ਰਲਦਾ, ਉਨ੍ਹਾਂ ਦੇ ਘਰਾਂ ਅੰਦਰ ਹੁੰਦੇ ਸਮਾਗਮ ਵੀ ਬੰਦ ਕਰਵਾਉਣ ਲਈ ਸਿੱਖ ਜਥੇਬੰਦੀਆਂ ਵੱਲੋਂ ਹੱਲੇ ਬੋਲ ਦਿੱਤੇ ਜਾਂਦੇ ਹਨ। ਕਹਿਣ ਦਾ ਭਾਵ, ਸਿੱਖ ਰਾਜ ਦੀਆਂ ਭਵਿਖੀ ਘੱਟ ਗਿਣਤੀਆਂ ਦਾ ਨੱਕ ਵਿਚ ਦਮ ਕਰਨ ਵਿਚ ਹੁਣੇ ਹੀ ਕੋਈ ਕਸਰ ਬਾਕੀ ਨਹੀਂ ਹੈ। ਇਹ ਹਾਲਾਤ ਉਦੋਂ ਹਨ ਜਦੋਂ ਸਿੱਖ ਆਪਣੇ ਆਪ ਨੂੰ ਗੁਲਾਮ ਕਹਿੰਦੇ ਹਨ। ਜਦੋਂ ਆਜ਼ਾਦ ਹੋ ਗਏ, ਫਿਰ ਇਨ੍ਹਾਂ ਘੱਟ ਗਿਣਤੀਆਂ ਦਾ ਕੀ ਹਸ਼ਰ ਹੋਵੇਗਾ?

ਸਿੱਖ ਭਾਰਤ ਅੰਦਰ ਰਿਫਿਊਜੀ ਕੈਂਪਾਂ ਵਿਚ ਨਹੀਂ ਬੈਠੇ। ਹੋਰ ਤਾਂ ਹੋਰ ਕੈਨੇਡਾ ਵਰਗੇ ਮੁਲਕਾਂ ਦੀ ਨਜ਼ਰ ਵਿਚ ਵੀ ਭਾਰਤ ਹੁਣ ਪਨਾਹਗੀਰ ਪੈਦਾ ਕਰਨ ਵਾਲਾ ਮੁਲਕ ਨਹੀਂ ਹੈ। ਉਲਟਾ ਕੈਨੇਡਾ ਨੇ ਦੋ ਸਿੱਖ ਜਥੇਬੰਦੀਆਂ-ਬੱਬਰ ਖਾਲਸਾ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੂੰ ਦਹਿਸ਼ਤਗਰਦ ਗਰਦਾਨ ਕੇ ਪਾਬੰਦੀ ਲਾਈ ਹੋਈ ਹੈ। ਐਸੇ ਹਾਲਾਤ ਵਿਚ ਰਿਫਰੈਂਡਮ ਦੀ ਮੰਗ ਨੂੰ ਬਾਹਰਲੇ ਮੁਲਕ 'ਇਹ ਸਭ ਰੱਜ ਕੇ ਖਾਣ ਦੀਆਂ ਮਸਤੀਆਂ ਨੇ' ਤੋਂ ਵੱਧ ਕੀ ਸਮਝਣਗੇ? ਇਸ ਤੋਂ ਵੀ ਅੱਗੇ ਸਵਾਲ ਹੈ ਕਿ ਰਾਜ ਲੈ ਕੇ ਕਰਨਾ ਕੀ ਹੈ? ਸਭ ਲਈ ਖੁਸ਼ਹਾਲੀ, ਚੰਗਾ ਪ੍ਰਬੰਧ, ਚੰਗੀਆਂ ਸਹੂਲਤਾਂ, ਆਜ਼ਾਦੀ ਨਾਲ ਵਿਚਰਨ ਦੀ ਖੁਲ੍ਹ ਆਦਿ? ਭਾਵ ਐਸਾ ਰਾਜ 'ਜਿਥੇ ਸਭ ਆਜ਼ਾਦੀ ਹੋਵੇ, ਮੂਲ ਨਾ ਕੋਈ ਮੁਥਾਜੀ ਹੋਵੇ।' ਐਸੇ ਆਦਰਸ਼ ਰਾਜ ਵਰਗਾ ਜੇ ਸਾਰਾ ਨਹੀਂ ਤਾਂ 80-90% ਰਾਜ ਤਾਂ ਚੋਣਾਂ ਰਾਹੀਂ ਹੁਣ ਵੀ ਸਥਾਪਿਤ ਕੀਤਾ ਜਾ ਸਕਦਾ ਹੈ। ਜੇ ਕੋਈ ਲੋਕਾਂ ਨੂੰ ਯਕੀਨ ਦੁਆ ਸਕੇ ਤਾਂ ਲੋਕ ਐਸੀਆਂ ਧਿਰਾਂ ਨੂੰ ਵੋਟ ਪਾਉਣ ਨੂੰ ਤਿਆਰ ਹੋ ਸਕਦੇ ਹਨ। ਮਿਸਾਲ ਵਜੋਂ ਸਰਦਾਰ ਸਿਮਰਨਜੀਤ ਸਿੰਘ ਮਾਨ ਜੇਲ੍ਹ ਵਿਚ ਬੈਠਾ ਤਾਂ ਪੌਣੇ ਪੰਜ ਲੱਖ ਵੋਟਾਂ ਲੈ ਕੇ ਜਿੱਤਦਾ ਹੈ ਪਰ ਬਾਹਰ ਆਉਣ 'ਤੇ ਲੋਕਾਂ ਦਾ ਵਿਸ਼ਵਾਸ ਨਾ ਜਿੱਤ ਸਕਣ ਕਾਰਨ ਸਾਰਾ ਜ਼ੋਰ ਲਾਉਣ 'ਤੇ ਵੀ ਜ਼ਮਾਨਤਾਂ ਜ਼ਬਤ ਕਰਵਾ ਰਿਹਾ ਹੈ। ਕਿਉਂ? ਕਿਉਂਕਿ ਖਾਲਿਸਤਾਨ ਦੇ ਫੋਕੇ ਨਾਹਰੇ ਆਸਰੇ ਲੋਕਾਂ ਦਾ ਵਿਸ਼ਵਾਸ ਜਿੱਤਣ ਤੋਂ ਅਸਮਰੱਥ ਹੈ।

ਜੇ ਪ੍ਰੋਫੈਸਰ ਆਫ ਸਿੱਖਇਜ਼ਮ (ਸਾਬਕਾ) ਸਿਰਦਾਰ ਗੁਰਤੇਜ ਸਿੰਘ ਦੀ ਮੰਨੀਏ ਤਾਂ ਸਰਦਾਰ ਮਾਨ ਖਾਲਿਸਤਾਨੀ ਢੁੱਡ ਮਾਰ ਕੇ ਬਾਕੀ ਸਭ ਨੂੰ ਪੰਥਕ ਸਿਆਸਤ ਦੇ ਪਿੜ ਵਿਚੋਂ ਬਾਹਰ ਕਰਕੇ ਬਿਪਰਵਾਦੀ ਤਾਕਤਾਂ ਵਾਸਤੇ ਦੋ ਦਹਾਕਿਆਂ ਤੋਂ ਰਾਜਸੀ ਤਾਕਤ ਮਾਣਨ ਦਾ ਰਾਹ ਪੱਧਰਾ ਕਰਨ ਦਾ ਕੰਮ ਕਰ ਰਿਹਾ ਹੈ। ਪੰਥਕ ਸਿਆਸਤ ਦੇ ਏਕੇ ਨੂੰ ਵਾਰ-ਵਾਰ ਬਿਖੇਰਨ ਲਈ ਵੀ ਮਾਨ ਖਾਲਿਸਤਾਨੀ ਡਾਂਗ ਦੀ ਰੱਜਵੀਂ ਵਰਤੋਂ ਕਰ ਰਿਹਾ ਹੈ। ਰਿਫਰੈਂਡਮ 2020 ਵਾਲੇ ਵੀ ਕੌਮ ਦਾ ਸਮਾਂ, ਸ਼ਕਤੀ ਅਤੇ ਸਰਮਾਇਆ ਉਸੇ ਤਰ੍ਹਾਂ ਜ਼ਾਇਆ ਕਰ ਰਹੇ ਹਨ ਜਿਸ ਤਰ੍ਹਾਂ ਮਾਨ ਦੋ ਦਹਾਕਿਆਂ ਤੋਂ ਕਰਦਾ ਆ ਰਿਹਾ ਹੈ। ਇਹ ਵੀ ਭੁਲੇਖਾ ਪਾਊ ਟੀਚਾ ਹੈ। ਇਸ ਲਈ ਇਸ ਨੂੰ ਰਿਫਰੈਂਡਮ 2020 ਆਖਿਆ ਜਾਏ ਜਾਂ ਰਿਫਰੈਂਡਮ ਚਾਰ ਸੌ ...?

# ਰਿਫਰੈਂਡਮ 2020: ਆਜ਼ਾਦੀ ਦੀ ਮੰਜ਼ਿਲ ਵੱਲ ਕਿੱਡੀ ਕੁ ਵੱਡੀ ਛਾਲ?

ਅਜੋਕੇ ਬੁੱਧੀਜੀਵੀਆਂ ਨੇ ਲੋਕਾਈ ਨੂੰ ਪੰਜਾਬ ਦੇ ਖਾੜਕੂ ਸਿੱਖ ਸੰਘਰਸ਼ ਦੇ ਖਿਲਾਫ ਖੜ੍ਹਾ ਕਰਨ ਲਈ 'ਸਬਨਿਮਲ ਮੈਸੇਜ' ਅਵਚੇਤਨ ਮਨ 'ਚ ਭੇਜ ਭੇਜ ਕੇ ਖਾਲਿਸਤਾਨ ਦਾ ਨਸਲਘਾਤ ਅਤੇ ਨਫਰਤ ਦਾ ਮਾਹੌਲ ਸਿਰਜਣ ਦੀ ਹੀ ਭੂਮਿਕਾ ਨਿਭਾਈ ਹੈ। ਤ੍ਰਾਸਦੀ ਇਹ ਹੈ ਕਿ ਅਦਿਖ ਤਾਕਤਾਂ ਦੇ ਤੋਰੇ ਅਜੋਕੇ ਬੰਦੇ ਹੀ ਖਾੜਕੂ ਧੜਿਆਂ ਦੇ 'ਰੌਸ਼ਨ ਦਿਮਾਗ', 'ਪਥ ਪ੍ਰਦਰਸ਼ਕ', 'ਸਲਾਹਕਾਰ' ਬਣਵਾਏ ਜਾਂਦੇ ਹਨ। ਲੋਕਾਈ ਵਿਚ ਜਜ਼ਬਾਤੀ ਤੇ ਇਤਿਹਾਸਕ-ਧਾਰਮਿਕ ਪੁੱਠ ਦੇ ਕੇ ਅਜਿਹੇ ਲੋਕਾਂ ਤੋਂ ਹੀ ਲੇਖ ਲਿਖਵਾ ਕੇ ਪ੍ਰਚਾਰੇ,

**ਅਤਿੰਦਰ ਪਾਲ ਸਿੰਘ**
**ਸਾਬਕਾ ਐਮ. ਪੀ.**

ਪ੍ਰਸਾਰੇ ਜਾਂਦੇ ਹਨ। ਕੋਈ ਨਹੀਂ ਸੋਚਦਾ ਕਿ ਸੱਚ ਨੂੰ ਪ੍ਰਤੱਖ ਕਰਨ ਵਾਲੇ ਅਤੇ ਪ੍ਰਮਾਣ ਦੇਣ ਵਾਲੇ ਬੰਦੇ ਦੇ ਤਾਂ ਬਿਆਨ ਵੀ ਨਹੀਂ ਛਪਣ ਦਿੱਤੇ ਜਾਂਦੇ ਅਤੇ ਹੋਰਾਂ ਦਾ ਪ੍ਰਚਾਰ ਸਰਕਾਰੀ ਪੱਧਰ 'ਤੇ ਸੰਸਾਰ ਮੀਡੀਆ ਵਿਚ ਕਿਵੇਂ ਤੇ ਕਿਉਂ ਹੋ ਜਾਂਦਾ ਹੈ?

ਜਦੋਂ 16 ਜੁਲਾਈ 1984 ਨੂੰ ਦਾਸ ਨੇ ਸ਼ਹੀਦ ਭਾਈ ਅਮਰੀਕ ਸਿੰਘ ਦੀ ਅਗਵਾਈ ਵਾਲੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਚੁਣੇ ਹੋਏ ਸੀਨੀਅਰ ਮੀਤ ਪ੍ਰਧਾਨ ਦੀ ਹੈਸੀਅਤ ਵਿਚ ਲਿਖਤਬੱਧ ਕਿਹਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸ਼ਬੇਗ ਸਿੰਘ, ਬਾਬਾ ਥਾਰਾ ਸਿੰਘ ਸ਼ਹੀਦ ਹੋ ਚੁੱਕੇ ਹਨ ਤਾਂ ਅਜੋਕੇ ਰੌਸ਼ਨ ਦਿਮਾਗ ਪਥ ਪ੍ਰਦਰਸ਼ਕਾਂ ਨੇ ਹੀ ਕੌਮ ਨੂੰ ਇਸ ਉਮੀਦ ਦੇ ਲੜ ਲਾਇਆ ਸੀ ਕਿ ਨਹੀਂ, ਇਹ ਝੂਠ ਬੋਲਦਾ ਹੈ ਤੇ ਸਰਕਾਰ ਦੇ ਢਹੇ ਚੜ੍ਹ ਕੇ ਕੌਮ ਨੂੰ ਗੁੰਮਰਾਹ ਕਰ ਰਿਹਾ ਹੈ; ਭਿੰਡਰਾਂਵਾਲਾ ਤੇ ਸਾਥੀ ਜਿਉਂਦੇ ਹਨ ਤੇ ਉਹ ਸੰਘਰਸ਼ ਦੀ ਕਮਾਨ ਆਣ ਕੇ ਸੰਭਾਲਣਗੇ! ਅਜਿਹੇ ਰੌਸ਼ਨ ਦਿਮਾਗਾਂ ਨੇ ਹੀ 25 ਸਾਲ ਪਿਛੋਂ ਆਪਣੀਆਂ ਪਹਿਲੀਆਂ ਝੂਠੀਆਂ ਗੱਲਾਂ ਦੀ ਮੁਆਫੀ ਮੰਗੇ ਬਿਨਾਂ ਅਤੇ ਕੋਈ ਨਵੇਂ ਤੱਥ ਪ੍ਰਗਟ ਕੀਤੇ ਬਿਨਾਂ ਉਨ੍ਹਾਂ ਨੂੰ ਸਦੀ ਦਾ ਮਹਾਨ ਸਿੱਖ ਗਰਦਾਨ ਦਿੱਤਾ। ਜੇ ਸਿੱਖ ਚੇਤਨਾ ਦੀ ਵਰਤਮਾਨ ਵਿਚ ਜਿਉਂਦੇ ਹੁੰਦੇ ਤਾਂ ਉਹ ਇਨ੍ਹਾਂ ਦਾ ਗਿਰੇਬਾਨ ਅਵੱਸ਼ ਫੜਦੇ ਪਰ ਕਿਉਂਕਿ ਇਨ੍ਹਾਂ ਲੋਕਾਂ ਨੇ ਸਿੱਖਾਂ ਨੂੰ ਜ਼ਮੀਰ ਵਿਚ ਮੁਰਦੇ ਬਣਾ ਕੇ ਮੁਰਦਾਰ ਅਵਚੇਤਨਾ ਵਿਚ 25 ਸਾਲ ਪਹਿਲਾਂ ਪਹੁੰਚਾ ਦਿੱਤਾ ਸੀ, ਇਸ ਲਈ ਮੁਰਦਾਰ ਅਵਚੇਤਨਾ ਦੋਹੇਂ ਹੱਥ ਖੜ੍ਹੇ ਕਰ ਕੇ ਬਿਨਾਂ ਕਿਸੇ ਲਿਖਤ ਨੂੰ ਪੜ੍ਹੇ-ਜਾਣੇ, ਜੈਕਾਰੇ ਛੱਡ ਸਮਰਥਨ ਦਿੰਦੀ 'ਅੰਨ੍ਹੀ ਭਗਤੀ' ਵਾਲੀ ਬਣਾ ਦਿੱਤੀ ਸੀ। ਇਹ ਰੀਤ ਪੈਦਾ ਕਰਨ ਵਾਲੇ ਹਨ ਇਹ ਅਜੋਕੇ ਵਿਦਵਾਨ, ਲਿਖਾਰੀ, ਬੁੱਧੀਜੀਵੀ ਅਤੇ ਲੀਡਰ।

26 ਜਨਵਰੀ 1986 ਦੇ ਸਰਬੱਤ ਖਾਲਸਾ ਤੋਂ ਲੈ ਕੇ ਅਜ ਤਕ ਮਿਸਾਲਾਂ ਦੀਆਂ ਕਈ ਪੋਥੀਆਂ ਤਿਆਰ ਹੋ ਸਕਦੀਆਂ ਹਨ; ਪਰ ਅਕਲ, ਬੁੱਧੀ, ਚੇਤਨਾ, ਬਿਬੇਕ ਅਤੇ ਜ਼ਮੀਰ ਨੂੰ ਮਾਰ ਚੁੱਕੀ ਬਹੁ ਗਿਣਤੀ ਨੇ ਇਨ੍ਹਾਂ ਦਾ ਕੀ ਕਰਨਾ ਹੈ? ਉਨ੍ਹਾਂ ਵਾਸਤੇ ਦਿਮਾਗ ਨੂੰ ਖੋਲ੍ਹਣ ਵਾਲੇ ਅਜਿਹੇ ਗ੍ਰੰਥ ਤਾਂ 'ਹਲਵਾ' ਬਣਾਉਣ ਲਈ ਬਾਲਣ ਹੁੰਦੇ ਹਨ!

ਹਥਲੇ ਲੇਖ ਵਾਂਗ ਹੀ ਬਹੁਤ ਸਾਰੇ ਲੇਖ ਅਤੇ ਬਿਨਾਂ ਪੜ੍ਹੇ-ਗੁੜ੍ਹੇ ਸੋਸ਼ਲ ਮੀਡੀਆ ਦੇ ਬਣੇ ਹੋਏ ਪ੍ਰਕਾਂਡ ਵਿਦਵਾਨ ਤੇ 'ਡਾਕਟਰ' ਅਜੇ ਇੰਜ ਦੇ ਹੀ ਵੱਡੇ-ਵੱਡੇ 'ਸ਼ਗੂਫੇ' ਤੇ 'ਚਿੰਤਕ ਅਫਸਾਨੇ' ਬਿਆਨ ਕਰਨਗੇ। ਕਾਰਨ ਇਹ ਕਿ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਜਿਧਰ ਤੋਰਿਆ ਜਾਂਦਾ ਹੈ, ਉਧਰ ਹੀ ਸਭ ਤੁਰ ਪੈਂਦੇ ਹਨ। ਇਹ ਭੇਡ ਚਾਲ ਦੀ ਆਧੁਨਿਕ ਮਿਸਾਲ ਹੈ। ਅਸਲ ਪ੍ਰਸ਼ਨਾਂ ਦੇ ਪ੍ਰਮਾਣਿਤ ਉਤਰ ਦੇਣ ਦੀ ਥਾਂ ਖੋਖਲੀ ਜਜ਼ਬਾਤੀ-ਦਲਦਲੀ ਤੇ ਜ਼ਹਿਰ, ਬੁਝੇ ਕਲਮੀ ਸ਼ਬਦਾਂ ਦੇ ਅਡੰਬਰ ਦੀ ਧੁੰਦ ਵਿਚ ਫਸਾ ਕੇ; ਭੋਲੇ-ਭਾਲੇ ਲੋਕਾਂ ਦੀ ਰਾਇਸ਼ੁਮਾਰੀ ਦਾ ਵਹਿਮ ਪੈਦਾ ਕਰਨ ਦੀ ਮੁਹਾਰਤ ਰੱਖਦੀ ਤਾਕਤ; ਆਪਣਾ ਕਰਤਬ ਦਿਖਾ ਜਾਂਦੀ ਹੈ। ਸਿੱਖਾਂ ਵਿਚ ਹੁਣ ਉਸ ਨੂੰ ਫਿਰ ਸਰਗਰਮ ਕਰ ਦਿੱਤਾ ਗਿਆ ਹੈ। ਪੂਰੇ ਸੰਸਾਰ ਵਿਚੋਂ ਦਾਸ ਨੇ ਹੀ ਠੋਸ, ਤੱਥ ਆਧਾਰਤ, ਪ੍ਰਮਾਣਿਤ ਅਤੇ ਵਿਧਾਨਿਕ ਸਵਾਲ ਕੀਤੇ ਸਨ। ਇਨ੍ਹਾਂ ਲੋਕਾਂ ਵੱਲੋਂ ਹੀ ਇਹ ਆਮ ਕਰ ਕੇ ਮੰਨਿਆਂ ਤੇ ਪ੍ਰਚਾਰਿਆ ਜਾਂਦਾ ਹੈ ਕਿ "ਅਤਿੰਦਰ ਪਾਲ ਨਾਲ ਤਾਂ ਕੋਈ ਵੀ ਨਹੀਂ ਹੈ", ਤਾਂ ਸਿੱਖਸ ਫਾਰ ਜਸਟਿਸ ਨੂੰ ਤੋਰਨ ਵਾਲੀਆਂ ਤਾਕਤਾਂ ਇੰਨਾ ਕਿਉਂ ਘਬਰਾ ਗਈਆਂ ਕਿ ਉਨ੍ਹਾਂ ਆਪਣੀ ਸਾਰੀ ਤਾਕਤ, ਮੇਰੇ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਸਾਰੇ ਮਸਲੇ ਨੂੰ ਜਜ਼ਬਾਤੀ ਰੰਗਤ ਦੇ ਕੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਇਸ ਨਾਲ ਜੇ ਲਾਭ ਕੋਈ ਨਹੀਂ ਤਾਂ ਨੁਕਸਾਨ ਵੀ ਕੋਈ ਨਹੀਂ। ਕਿਆ ਬਾਤ ਹੈ! ਮੰਨ ਤਾਂ ਗਏ ਕਿ ਲਾਭ ਕੋਈ ਨਹੀਂ। ਅਸਲ ਵਿਚ, ਇਹੋ ਤਾਂ ਸਭ ਤੋਂ ਵੱਡਾ ਨੁਕਸਾਨ ਹੈ ਕਿ ਸਮੁੱਚੀ ਸਿੱਖ ਕੌਮ ਨੂੰ ਜਜ਼ਬਾਤੀ ਬਣਾ ਕੇ ਉਸ ਦੀ ਸ਼ਕਤੀ, ਧਨ, ਜਥੇਬੰਦਕ ਤਾਕਤ ਦੀ ਨਿਸ਼ਾਨਦੇਹੀ ਕਰਕੇ, ਆਜ਼ਾਦੀ ਨਾਲ ਖੜ੍ਹਨ ਵਾਲੇ ਸੰਸਾਰ ਭਰ ਦੇ ਸਿੱਖਾਂ ਦੀ ਸ਼ਨਾਖਤ ਕਰਨ ਲਈ ਸਿੱਖਾਂ ਦੇ ਹੀ ਧਨ, ਤਾਕਤ ਨਾਲ ਭਾਰਤੀ ਦੁਸ਼ਮਣ ਤੰਤਰ ਸਰਵੇਖਣ ਕਰਾ ਕੇ 'ਰਿਫਰੈਂਡਮ 2020' ਦੀ ਆੜ ਵਿਚ ਇਕੱਲੇ-ਇਕੱਲੇ ਸਿੱਖ ਵਿਚਲੀ ਚਿਣਗ ਨੂੰ ਜੋਖਦਾ ਤੇ ਤੋਲਦਾ ਪਿਆ ਹੈ, ਇਸੇ 'ਜ਼ਮੀਰ ਦੇ ਸਨਮੁੱਖ' ਕਰਨ ਦੀ ਇਹ ਅਸਲ ਕਹਾਣੀ ਹੈ ਤਾਂ ਜੋ ਬਾਅਦ ਵਿਚ ਇਸ ਜ਼ਮੀਰ ਨੂੰ ਕਿਵੇਂ ਆਪਣੇ ਪੱਖੀ ਬਣਾਉਣਾ ਜਾਂ 'ਮੁਕਾਉਣਾ' ਹੈ, ਉਸ ਦਾ ਪ੍ਰਬੰਧ ਕਰ ਲਿਆ ਜਾਵੇ। ਜਿਹੜਾ ਪੰਜਾਬ ਵਿਚ ਅਜਿਹੇ ਹੀ ਚਿੰਤਕਾਂ ਤੇ ਇਨ੍ਹਾਂ ਦੇ ਧੜਿਆਂ ਰਾਹੀਂ ਮਾਹੌਲ ਸਿਰਜ ਕੇ ਇਨ੍ਹਾਂ ਦੇ ਹੀ 'ਖਾਲਿਸਤਾਨੀ' ਪ੍ਰੋਗਰਾਮ ਪ੍ਰਤੀ ਨਫਰਤ ਦਾ ਮਾਹੌਲ ਪੈਦਾ ਕਰਵਾਉਣ ਵਾਲੀ, ਇਨ੍ਹਾਂ ਦੀ ਅਜਿਹੀ ਮੁਹਾਰਤ ਸਦਕਾ ਹੀ ਫਿਰ ਇਹ ਉਵੇਂ ਹੀ ਸਰਗਰਮ ਹਨ, ਜਿਵੇਂ ਕੇ.ਪੀ.ਐਸ. ਗਿੱਲ ਨੂੰ ਅਸਾਮ ਤੋਂ ਉਸ ਦੀ ਮੁਹਾਰਤ ਕਰ ਕੇ ਪੰਜਾਬ ਲਿਆਂਦਾ ਗਿਆ ਸੀ। ਇਹ ਸਾਰੇ ਧੜੇ ਇਸੇ ਲਈ ਜਿਉਂਦੇ ਹਨ ਕਿ ਇਨ੍ਹਾਂ ਸਿੱਖਾਂ ਵਿਚਲੀ 'ਖਾਲਿਸਤਾਨੀ' ਚਿਣਗ ਦੀ ਨਿਸ਼ਾਨਦੇਹੀ ਕਰ ਕੇ ਉਸ ਨੂੰ ਬੁਝਾਉਣ ਲਈ ਕੀ, ਕਿਵੇਂ, ਕਰਨਾ ਤੇ ਕਰਵਾਉਣਾ ਹੈ?

'ਨਾਨ ਬਾਇੰਡਿੰਗ ਰਿਫਰੈਂਡਮ' ਦਾ ਅਰਥ ਹੈ ਕਿ ਇਸ ਦਾ ਫੈਸਲਾ ਜੇ ਹਾਂ-ਪੱਖੀ ਵੀ ਹੈ ਤਾਂ ਕਿਸੇ ਵੀ ਸਰਕਾਰ ਲਈ ਉਸ ਨੂੰ ਮੰਨਣਾ ਜਾਂ ਉਸ ਦਾ ਸਮਰਥਨ ਕਰਨਾ ਕੋਈ ਜ਼ਰੂਰੀ ਨਹੀਂ ਹੈ। ਇਸ ਦਾ ਦੂਸਰਾ ਪੱਖ ਇਹ ਹੈ ਕਿ ਜਿਸ ਕੌਮ ਨੇ ਖੁਦ ਜਿਸ ਖਿੱਤੇ ਲਈ 'ਨਾਨ ਬਾਇੰਡਿੰਗ ਰਿਫਰੈਂਡਮ' ਕਰਵਾਇਆ ਹੈ, ਤੇ ਖੁਦ ਹੀ ਉਸ ਵਿਚ ਹਾਰ ਗਈ ਹੈ ਤਾਂ ਫਿਰ ਉਹ 'ਬਾਇੰਡਿੰਗ ਰਿਫਰੈਂਡਮ' ਲਈ ਕਿਸੇ ਵੀ ਦੇਸ਼ ਨੂੰ ਯੂ.ਐਨ.ਓ. ਨੂੰ ਅਪੀਲ ਕਰਨ ਲਈ ਆਪ ਕਹਿ ਨਹੀਂ ਸਕਦੀ; ਹਮੇਸ਼ਾ ਲਈ ਗੱਲ ਮੁੱਕ ਗਈ। ਰਿਫਰੈਂਡਮ 2020 ਦਾ ਮੁਹਰੈਲ ਗੁਰਪਤਵੰਤ ਸਿੰਘ ਪੰਨੂ ਇਸੇ ਲਈ ਕਹਿੰਦਾ ਹੈ ਕਿ ਅਸੀਂ ਐਸੇ ਹਾਲਾਤ ਬਣਾ ਦੇਣੇ ਹਨ ਕਿ ਸੰਸਾਰ ਦੇ ਦੇਸ਼ਾਂ ਨੂੰ ਕਹਿਣਾ ਹੈ, ਉਹ ਪਾਸੇ ਹਟ ਜਾਣ ਤੇ ਅਸੀਂ ਸਿੱਧੀ ਜੰਗ ਭਾਰਤ ਨਾਲ ਲੜ ਲੈਣੀ ਹੈ! ਜ਼ਰਾ ਸੋਚੋ, ਭਵਿੱਖ ਦਾ ਏਜੰਡਾ ਕੀ ਬਣਾਇਆ ਹੈ? ਜੇ ਜੂਨ 84 ਵਿਚ ਸੰਸਾਰ, ਸਿੱਖਾਂ ਲਈ ਹਾਅ ਦਾ ਨਾਅਰਾ ਨਾ ਮਾਰਦਾ ਤਾਂ ਭਾਰਤ ਅਤੇ ਪੰਜਾਬ ਵਿਚ ਸਿੱਖਾਂ ਦਾ ਹੋਰ ਕੀ ਹਾਲ ਹੁੰਦਾ? ਤੇ ਪੰਨੂ ਬਤੌਰ ਸਿੱਖ ਆਗੂ ਸੰਸਾਰ ਨੂੰ ਕਹਿ ਰਿਹਾ ਹੈ ਕਿ ਸਿੱਖਾਂ ਨੂੰ ਹੁਣ ਸੰਸਾਰ ਦੀ ਹਮਾਇਤ ਦੀ ਲੋੜ ਨਹੀਂ! ਭਾਈ ਜੇ ਇੰਨੇ ਹੀ ਤਾਕਤਵਰ ਹੋ ਗਏ ਹੋ ਤਾਂ ਫਿਰ ਯੂ.ਐਨ.ਓ. ਦਾ ਨਾਂ ਕਿਉਂ ਅਵਿਧਾਨਿਕ ਤੌਰ 'ਤੇ ਅਤੇ ਝੂਠ ਦਾ ਸਹਾਰਾ ਲੈ ਕੇ ਵਰਤ ਰਹੇ ਹੋ? ਉਸ ਤੋਂ ਤਾਂ ਤੁਸੀਂ ਇਸ ਦੀ ਹਰੀ ਝੰਡੀ ਤਾਂ ਕੀ ਲੈਣੀ ਸੀ, ਉਸ ਨੂੰ ਸੂਚਿਤ ਤੱਕ ਨਹੀਂ ਕੀਤਾ ਗਿਆ! ਸੰਸਾਰ ਸਭਾ ਨਾਲ ਕੀਤਾ ਗਿਆ ਇਹ ਅਨਿਆਂ ਕੀ ਕਿਸੇ ਵੀ ਕੌਮ ਦੇ ਭਵਿਖ ਲਈ ਚੰਗੀ ਸ਼ੁਰੂਆਤ ਹੈ? ਇਹ ਨੁਕਸਾਨ ਕੀ ਛੋਟੇ ਨੁਕਸਾਨ ਹਨ? ਤੇ ਕੀ ਇਨ੍ਹਾਂ ਨੂੰ ਹੁਣ ਪੰਜਾਬ ਤੋਂ ਬਾਅਦ ਸੰਸਾਰ ਭਰ ਵਿਚ ਸਿੱਖ ਸਹਾਰਨ ਨੂੰ ਤਿਆਰ ਹਨ? "ਰਿਫਰੈਂਡਮ 2020" ਵਿਚੋਂ ਇਹੋ ਸਵਾਲ ਪੈਦਾ ਹੋ ਚੁੱਕਾ ਹੈ। ਸਮਝੋ, ਚਾਹੇ ਨਾ ਸਮਝੋ। ਬੁੱਧੀਜੀਵੀ ਇਸ ਨੂੰ ਸ਼ੁਭ ਤੇ ਚੰਗੀ ਸ਼ੁਰੂਆਤ ਦੱਸ ਰਹੇ ਹਨ। ਝੂਠ ਦੇ ਅਡੰਬਰ ਦੇ ਚਮਕੀਲੇ ਗਲੈਮਰ ਦੇ ਕੰਡੇ ਵਿਚ ਫਸਾਈ ਜਾ ਚੁੱਕੀ ਕੌਮ ਨੂੰ ਪੰਨੂ ਦੀਆਂ ਇਹ ਗੱਲਾਂ ਕਿਉਂ ਨਹੀਂ ਸਮਝ ਆਉਂਦੀਆਂ ਤੇ ਕਿਉਂ ਨਹੀਂ ਅਜੋਕੇ ਲੇਖਕ ਸਮਝਾਉਂਦੇ, ਜਦ ਉਹ ਖੁਦ ਕਹਿੰਦਾ ਹੈ ਕਿ "ਯੂ.ਐਨ.ਓ. ਦਾ ਇਸ ਰਿਫਰੈਂਡਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਪ੍ਰਾਈਵੇਟ ਰਿਫਰੈਂਡਮ ਹੈ ਜੋ ਸਿੱਖ ਆਪ ਆਪਣੇ ਲਈ ਕਰਵਾਉਣਗੇ।" ਵਾਹ! ਉਹ ਪਹਿਲਾਂ "ਯੂ. ਐਨ. ਓ. ਦੇ ਕਾਨੂੰਨ ਦੇ ਤਹਿਤ ਰਿਫਰੈਂਡਮ ਹੋਵੇਗਾ ਤੇ ਪੰਜਾਬ ਆਜ਼ਾਦ ਹੋ ਜਾਵੇਗਾ" ਦੇ ਫਰੇਬੀ ਝੂਠ ਦਾ ਵੱਡਾ ਗਲੈਮਰ ਅਤੇ ਚਕਾਚੌਂਧ ਵਾਲਾ ਮਾਹੌਲ ਉਸਾਰ ਕੇ ਆਪ ਸੁਰਖਰੂ ਹੋ ਚੁੱਕਾ ਹੈ। ਅਕਲ ਦੇ ਅੰਨ੍ਹੇ ਲੋਕ, ਇਸ ਫਰੇਬ ਨੂੰ ਕੌਮ ਦਾ ਭਵਿਖ ਦੱਸ ਰਹੇ ਹਨ! ਉਹ ਆਪ ਕਹਿ ਰਿਹਾ ਹੈ ਕਿ ਸਿੱਖਸ ਫਾਰ ਜਸਟਿਸ 'ਸਿਗਨੇਚਰ ਮੁਹਿੰਮ' ਸ਼ੁਰੂ ਕਰੇਗੀ ਤੇ ਜੇ ਸਾਨੂੰ ਵਾਧੂ ਸਿਗਨੇਚਰ ਮਿਲ ਗਏ ਤਾਂ ਅਸੀਂ ਯੂ.ਐਨ.ਓ. ਵਿਚ ਕੇਸ ਕਰਾਂਗੇ; ਤੇ ਨਾਲ ਹੀ ਕਹਿੰਦਾ ਹੈ ਕਿ "ਯੂ.ਐਨ.ਓ. ਦੇ 148 ਦੇਸ਼ਾਂ ਦੇ ਪ੍ਰਤੀਨਿਧਾਂ ਦੀ ਰੇਖ-ਰੇਖ ਵਿਚ ਰਿਫਰੈਂਡਮ ਹੋਵੇਗਾ, ਭਾਰਤ ਇਸ ਵਿਚ ਦਖਲ ਨਹੀਂ ਦੇ ਸਕੇਗਾ।"

ਕਿਉਂ ਦਖਲ ਨਹੀਂ ਦੇ ਸਕੇਗਾ? ਤੇ ਭਾਰਤ ਦੀ ਸਹਿਮਤੀ ਤੋਂ ਬਿਨਾਂ ਉਸ ਦੀ ਧਰਤੀ 'ਤੇ ਬਾਕੀ ਦੇਸ਼ਾਂ ਦੇ ਪ੍ਰਤੀਨਿਧ ਕਿਵੇਂ ਆਉਣਗੇ? ਇਸ ਯਬਲੀ ਦਾ ਉਤਰ ਤਾਂ ਆਉਣਾ ਚਾਹੀਦਾ ਹੈ। ਪੰਜਾਬ ਵਿਚ ਇਹ ਸਭ ਕੌਣ, ਕਿਵੇਂ ਕਰਵਾਏਗਾ, ਇਸ ਬਾਰੇ ਪੰਨੂ ਕੁਝ ਬੋਲਣ ਦੀ ਥਾਂ ਕਹਿੰਦਾ ਹੈ ਕਿ "ਇਸ ਨਾਨ ਬਾਇੰਡਿੰਗ ਰਿਫਰੈਂਡਮ ਨੂੰ ਸਿੱਖ ਆਪ ਕਰਵਾਉਣਗੇ।"

ਇਹ ਜਜ਼ਬਾਤੀ ਅੱਖਰਾਂ ਦੀ ਚਤੁਰਾਈ ਨਾਲ ਕੌਮ ਨੂੰ ਗੁੰਮਰਾਹ ਕਰਨ ਦੀ ਸਿਖਰਲੀ ਕਾਰਵਾਈ ਹੈ। ਹਮੇਸ਼ਾ ਇਸੇ ਦੇ ਪਾਂਧੀ ਲੋਕਾਂ ਨੇ ਆਪੋ-ਆਪਣੇ ਧੜਿਆਂ ਦੀਆਂ 'ਹੱਟੀਆਂ' ਦੇ 'ਬ੍ਰਾਂਡ' ਨੂੰ ਹੀ ਹਮੇਸ਼ਾ ਕਮਾਊ 'ਬ੍ਰਾਂਡ ਅੰਬੈਸਡਰ' ਬਣ ਕੇ ਸਲਾਹਿਆ ਹੈ ਕਿਉਂਕਿ ਉਸ ਦਾ ਕੰਮ ਹੀ ਇਹੋ ਹੈ ਕਿ ਜਿਸ ਦਾ ਉਹ ਬ੍ਰਾਂਡ ਅੰਬੈਸਡਰ ਹੈ, ਉਸੇ ਦੇ ਇਸ਼ਾਰੇ 'ਤੇ ਹੀ ਅਦਾ ਕਰਦਾ ਹੈ। ਫਿਰ ਚਾਹੇ ਉਹ 'ਨਿਊਡ' ਹੀ ਕਿਉਂ ਨਾ ਹੋਵੇ। ਉਸ ਦਾ ਤਾਅਲੁਕ ਅਣਖ, ਇੱਜ਼ਤ, ਗ਼ੈਰਤ ਨਾਲ ਤਾਂ ਉਕਾ ਹੀ ਨਹੀਂ ਹੁੰਦਾ, ਉਹ ਤਾਂ ਧਨ ਅਤੇ ਪਹੁੰਚ ਲਈ ਅਜਿਹਾ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਚ ਪ੍ਰਗਟਾਉਣ, ਝੂਠ ਦੀ ਧੁੰਦ ਮੁਕਾਉਣ, ਧਰਮ-ਪਾਖੰਡ ਨੂੰ ਸਾਹਮਣੇ ਲਿਆਉਣ, ਧੜੇ-ਰਾਜੇ-ਅਹਿਲਕਾਰਾਂ ਦੀ ਚਾਟੁਕਾਰੀ ਨਿਜ਼ਾਮ ਦੀ ਜੜ੍ਹ ਪੁੱਟਣ ਦਾ ਸੰਕਲਪ, ਮਾਰਗ ਤੇ ਕਿਰਦਾਰ ਪੈਦਾ ਕਰਨ ਵਾਲੇ ਸ਼ਬਦ ਗੁਰੂ ਦੇ ਮਾਰਗ 'ਤੇ ਤੁਰਨ ਵਾਲਿਆਂ ਨੂੰ 'ਖੜੋਤ ਦੇ ਆਗੂ ਤੇ ਪਹਿਰੇਦਾਰ' ਦੱਸਣ ਦੀ ਹਿਮਾਕਤ ਕਰਨ ਵਾਲੇ ਲੋਕ ਹੀ ਹਨ ਜੋ ਸੱਚ ਦਾ ਗਿਆਨ ਪ੍ਰਤੱਖ ਹੋਣ ਦੇ ਬਾਵਜੂਦ ਦਿਲ-ਦਿਮਾਗ ਤੇ ਢਿੱਡ ਵਿਚਲੇ 'ਅਵਚੇਤਨ ਬ੍ਰਾਹਮਣ' ਦੀ ਹੱਟੀ ਨੂੰ ਸਜਾ-ਸੰਵਾਰ ਕੇ ਉਸ ਲਈ ਬ੍ਰਾਂਡ ਅੰਬੈਸਡਰ ਦਾ ਕੰਮ ਕਰਦੇ ਰਹਿੰਦੇ ਹਨ। ਇਸੇ ਰਸਾਤਲੀ ਕਿਰਦਾਰ ਰਾਹੀਂ ਸ਼ਬਦ ਜਾਲ ਦੀ ਬੌਧਿਕਤਾ ਵਾਲੀ ਅਗਵਾਈ ਅਤੇ ਚੇਤਨਾ ਨੇ ਹੀ ਪੰਜਾਬ ਵਿਚਲੇ ਸੰਘਰਸ਼ ਤੇ ਕੁਰਬਾਨੀ ਕਰਨ ਵਾਲੇ ਆਮ ਸਿੱਖਾਂ ਦੇ ਮਨਾਂ ਵਿਚ ਆਗੂਆਂ ਤੇ ਉਨ੍ਹਾਂ ਦੇ ਪ੍ਰਚਾਰਕਾਂ ਪ੍ਰਤੀ ਨਫਰਤ ਪੈਦਾ ਕੀਤੀ ਹੈ ਜੋ ਹੁਣ 80% ਤੋਂ ਵੱਧ 'ਖਾਲਿਸਤਾਨ' ਤੋਂ ਆਕੀ ਅਤੇ ਬਹੁਤ ਹੱਦ ਤੱਕ ਨਫਰਤ ਕਰਨ ਲਾ ਦਿੱਤੇ ਹਨ। ਜਿਹੜੇ 20% ਤੁਰਦੇ ਹਨ, ਉਨ੍ਹਾਂ ਵਿਚੋਂ 18% ਕਮਾਊ ਵਪਾਰ ਬਣਾ ਕੇ ਤੁਰੇ ਹੋਏ ਹਨ ਤੇ ਸਿਰਫ 2% ਸਾਫ ਸੁਥਰੇ ਤੇ ਜ਼ਮੀਰ ਤੋਂ ਸੱਚੇ ਲੋਕਾਂ ਦੀ ਸੱਚਾਈ ਤੇ

(ਬਾਕੀ ਅਗਲੇ ਸਫੇ 'ਤੇ)

# ਠੁਮਰੀ ਦਾ ਪੀਰ ਮੌਜ ਦੀਨ ਖਾਂ

**ਬਲਬੀਰ ਸਿੰਘ ਕੰਵਲ**

1947 ਵਿਚ ਹਾਥਰਸ (ਯੂ. ਪੀ.) ਵਾਲਿਆਂ ਵਲੋਂ ਛਾਪੇ ਗਏ 'ਸੰਗੀਤ' ਦੀ ਪੁਰਾਣੀ ਕਾਪੀ ਪੜ੍ਹ ਰਿਹਾ ਸਾਂ ਕਿ ਉਸ ਵਿਚ ਮੌਜੁਦੀਨ ਜਿਸ ਨੂੰ ਪੰਜਾਬ ਵਾਲੇ ਆਪਣੇ ਸਰਲ ਲਹਿਜ਼ੇ ਨਾਲ ਮੌਜ ਦੀਨ ਆਖਦੇ ਹੁੰਦੇ ਸਨ, ਬਾਰੇ ਇਹ ਸਤਰਾਂ ਲਿਖੀਆਂ ਮਿਲੀਆਂ, "ਉਨਕੀ ਸ਼ਾਨ ਕਾ ਠੁਮਰੀ ਗਾਨੇ ਵਾਲਾ ਹਿੰਦੁਸਤਾਨ ਮੇਂ ਅਭੀ ਤੱਕ ਪੈਦਾ ਨਹੀਂ ਹੁਆ।"

ਇਹ ਪੜ੍ਹ ਕੇ ਖੁਸ਼ੀ ਭਰੀ ਹੈਰਾਨੀ ਹੋਈ। ਉਹ ਇਸ ਲਈ ਕਿ ਹਾਥਰਸ ਵਾਲੇ ਤਾਂ ਦਿੱਲੀ ਤੋਂ ਪਾਰ, ਅਰਥਾਤ ਪੰਜਾਬ ਦੇ ਗਵੱਈਆਂ ਨੂੰ ਬਹੁਤਾ ਕਿਸੇ ਆਗਤ ਜਮਾਂ ਵਿਚ ਨਹੀਂ ਰੱਖਦੇ। ਹਾਲਾਂਕਿ ਸੱਚ ਦਾ ਪੱਲਾ ਫੜ੍ਹਦਿਆਂ, ਇਹ ਸੋਚ ਹੀ ਬੜੀ ਕਮੀਨੀ ਹੈ ਅਤੇ ਪੰਜਾਬ ਵਾਸੀਆਂ ਦਾ ਮੁੱਢ ਤੋਂ ਇਹ ਦੁਖਾਂਤ ਰਿਹਾ ਹੈ ਕਿ ਉਹ ਆਪਣੇ ਐਨੇ ਅਮੀਰ ਵਿਰਸੇ ਦੀ ਸਾਂਭ-ਸੰਭਾਲ ਤਾਂ ਰਹੀ ਇਕ ਪਾਸੇ, ਇਸ ਪਾਸੇ ਵਲ ਧਿਆਨ ਤਕ ਵੀ ਨਹੀਂ ਦਿੰਦੇ।

ਹਾਥਰਸ ਵਾਲਿਆਂ ਦਾ ਮੱਤ ਰਿਹਾ ਇਕ ਪਾਸੇ ਅਤੇ ਪੰਜਾਬੀਆਂ ਦੀ ਮਜਬੂਰੀ ਰਹੀ ਦੂਜੇ ਪਾਸੇ; ਖੁਸ਼ਕਿਸਮਤੀ ਦੀ ਗੱਲ ਸਿਰਫ ਇਹ ਹੈ ਕਿ ਠੁਮਰੀ ਦੇ ਇਸ ਥੰਮ੍ਹ ਗਵੱਈਏ ਬਾਰੇ ਬੰਗਾਲੀ ਦੇ ਪ੍ਰਸਿਧ ਲੇਖਕ ਅਮੀਆ ਸਾਨਿਆਲ ਨੇ ਆਪਣੀ ਇਕ ਕਿਰਤ ਵਿਚ ਉਸ ਦਾ ਜ਼ਿਕਰ ਜ਼ਰੂਰ ਕਰ ਛੱਡਿਆ ਹੈ। ਇਸੇ ਤਰ੍ਹਾਂ ਬੰਗਾਲ ਦੇ ਹੀ ਇਕ ਹੋਰ ਬੜੇ ਵੱਡੇ ਸੰਗੀਤ ਪਾਰਖੂ ਪ੍ਰੋ. ਡੀ. ਪੀ. ਮੁਖਰਜੀ, ਜੋ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਕਾਫੀ ਸਮਾਂ ਪੜ੍ਹਾਉਂਦੇ ਰਹੇ, ਨੇ ਵੀ ਉਸ ਬਾਰੇ ਆਉਣ ਵਾਲੀਆਂ ਨਸਲਾਂ ਲਈ ਆਪਣੇ ਅਨੁਭਵ ਛੱਡੇ ਹਨ। ਪ੍ਰੋ. ਮੁਖਰਜੀ ਦੀਆਂ ਲਿਖੀਆਂ ਗੱਲਾਂ ਕਿਉਂਕਿ ਸੰਨਦੀ ਹੈਸੀਅਤ ਰੱਖਦੀਆਂ ਹਨ, ਇਸ ਲਈ ਹਵਾਲੇ ਵਜੋਂ ਹੇਠ ਦਿੱਤੀਆਂ ਜਾ ਰਹੀਆਂ ਹਨ:

"ਮੌਜੁਦੀਨ ਖਾਂ ਬੇਹਦ ਪ੍ਰਸਿਧੀ ਦੇ ਮਾਲਿਕ ਗਵੱਈਏ ਸਨ। ਉਨ੍ਹਾਂ ਦੇ ਘਰਾਣੇ ਬਾਰੇ ਕੁਝ ਨਹੀਂ ਪਤਾ। ਏਧਰ-ਓਧਰ ਲੋਕੀਂ ਕਾਨਾਫੂਸੀਆਂ ਕਰਦੇ ਸੁਣੇ ਜਾਂਦੇ ਸਨ ਕਿ ਉਸ ਨੇ ਸੰਗੀਤ ਸਬੰਧੀ ਕਿਸੇ ਕੋਲੋਂ ਕੋਈ ਵਿਦਿਆ ਪ੍ਰਾਪਤ ਨਹੀਂ ਸੀ ਕੀਤੀ। ਮੈਨੂੰ ਇਸ ਗੱਲ ਦਾ ਯਕੀਨਨ ਇਲਮ ਹੈ ਕਿ ਉਹ ਨੇੜੇ ਦੇ ਦੋ ਰਾਗਾਂ ਵਿਚ ਤਮੀਜ਼ ਨਹੀਂ ਸਨ ਕਰ ਸਕਦੇ ਪਰ ਜਦ ਉਹ ਗਣਪਤ ਰਾਓ ਅਤੇ ਮਿਰਜ਼ਾ ਸਾਹਿਬ ਨਾਲ ਹਾਰਮੋਨੀਅਮ 'ਤੇ ਠੁਮਰੀ ਗਾਉਂਦੇ ਸਨ ਤਾਂ ਉਨ੍ਹਾਂ ਨੂੰ ਹੋਰ ਕਿਸੇ ਚੀਜ਼ ਦੀ ਸੁੱਧ-ਬੁੱਧ ਨਹੀਂ ਸੀ ਰਹਿੰਦੀ। ਚੋਟੀ ਦੇ ਧਰੁੱਪਦੀਏ ਅਤੇ ਖਿਆਲੀਏ ਉਸ ਨੂੰ ਪੂਰੀ ਮਹਿਵੀਅਤ ਨਾਲ ਸੁਣਦੇ ਸਨ। ਮੇਰੇ ਖਿਆਲ ਵਿਚ ਹਿੰਦੁਸਤਾਨ ਨੇ ਠੁਮਰੀ ਦਾ ਉਸ ਨਾਲੋਂ ਚੰਗਾ ਗਵੱਈਆ ਪੈਦਾ ਨਹੀਂ ਕੀਤਾ।

ਇਕ ਸੁਹਾਵਣੀ ਸਵੇਰ ਫਿਆਜ਼ ਖਾਂ ਨੇ ਦੋ ਹਜ਼ਾਰ ਦੇ ਮਜ਼ਮੇ ਨੂੰ 'ਬਾਜੂਬੰਦ ਖੁਲ੍ਹ ਖੁਲ੍ਹ ਜਾਏ' ਕੋਈ ਡੇਢ ਘੰਟੇ ਤੱਕ ਸੁਣਾਇਆ ਤਾਂ ਸਰੋਤਿਆਂ ਨੂੰ ਰੋੜ੍ਹ ਕੇ ਲੈ ਗਏ ਸਨ। ਉਨ੍ਹਾਂ 'ਤੇ ਤਮਗਿਆਂ ਅਤੇ ਇਨਾਮਾਂ ਦੀ ਬੂੰਦਾਬਾਂਦੀ ਨਹੀਂ, ਬੁਛਾੜ ਹੁੰਦੀ ਸੀ ਪਰ ਇਸ ਗੀਤ ਨੂੰ ਜਦੋਂ ਮੌਜੁਦੀਨ ਖਾਂ ਗਾਉਂਦਾ ਤਾਂ ਉਸ ਵਿਚ ਵਧੇਰੇ ਝੁਲਾਵਟ ਤੇ ਨਜ਼ਾਕਤ ਹੁੰਦੀ ਸੀ ਅਤੇ ਇਰਾਦੇਬਾਜ਼ੀ ਦਾ ਉਹ ਅਸਰ ਹੁੰਦਾ ਸੀ ਕਿ ਰਹੇ ਰੱਬ ਦਾ ਨਾਂ, ਜੋ ਠੁਮਰੀ ਦੀ ਜਾਨ ਹੈ। ਮੌਜੁਦੀਨ ਬਾਰੇ ਗੱਲ ਕਰਨ ਸਮੇਂ ਜ਼ਬਤ ਅਤੇ ਤਕਨੀਕ ਦੀ ਰਵਾਇਤੀ ਜ਼ੁਬਾਨ ਵਰਤਣੀ ਸੰਭਵ ਨਹੀਂ। ਇਸ ਜੀਨੀਅਸ ਨੇ, ਜਿਸ ਦਾ ਕੋਈ ਉਸਤਾਦ ਨਹੀਂ ਸੀ, ਜੇ ਗਿਰਜਾ ਬਾਬੂ (ਗਿਰਜ਼ਾ ਸ਼ੰਕਰ ਚੱਕਰਵਰਤੀ) ਨੂੰ ਨਾ ਗਿਣਿਆ ਜਾਏ, ਕੋਈ ਸ਼ਾਗਿਰਦ ਵੀ ਨਹੀਂ ਛੱਡਿਆ। ਉਹ ਸ਼ਹਾਬ ਸਾਕਬ ਵਾਂਗ ਸੰਗੀਤ ਦੇ ਅਸਮਾਨ 'ਤੇ ਨਮੂਦਾਰ ਹੋਇਆ ਅਤੇ ਰੌਸ਼ਨੀ ਫੈਲਾ ਕੇ ਗਾਇਬ ਹੋ ਗਿਆ। ਉਸ ਦੀ ਯਾਦਗਾਰ ਕੁਝ ਤਵੇ ਹਨ, ਅਫਸੋਸ ਉਹ ਵੀ ਦੁਬਾਰਾ ਨਹੀਂ ਬਣੇ।

ਇਸ ਪਿਛੋਂ ਮੈਂ ਠੁਮਰੀ ਦੇ ਕਈ ਪਹਿਲੇ ਦਰਜੇ ਦੇ ਗਵੱਈਆਂ ਨੂੰ ਸੁਣਿਆ ਹੈ, ਪਰ ਮੈਂ ਉਨ੍ਹਾਂ ਨੂੰ ਉਸਤਾਦ ਦਾ ਦਰਜਾ ਨਹੀਂ ਦੇ ਸਕਦਾ। ਬੇਪੀਰੇ ਇਸ ਫਨਕਾਰ, ਜਿਸ ਨੂੰ ਆਪਣੀ ਵਿਰਾਸਤ 'ਤੇ ਵੀ ਫਖਰ ਨਹੀਂ ਸੀ, ਨੇ ਘੱਟੋ-ਘੱਟ ਹਿੰਦੁਸਤਾਨੀ ਮੌਸੀਕੀ ਦੀ ਸਿਨਫ ਠੁਮਰੀ ਦੀ ਧਾਰਾ ਨੂੰ ਬਦਲ ਕੇ ਰੱਖ ਦਿੱਤਾ, ਇਸ ਦੀ ਹੈਸੀਅਤ ਨੂੰ ਉਚਿਆਂ ਕਰਕੇ ਹੁਸਨ ਬਖਸ਼ਿਆ। ਇਸ ਨੂੰ ਨਵਾਂ ਆਕਾਰ ਅਤੇ ਵੱਕਾਰ ਦਿੱਤਾ।"

ਉਚ ਕੋਟੀ ਦੇ ਆਲਮ ਪ੍ਰੋਫੈਸਰ ਦੇ ਕਥਨ ਤੋਂ ਇਕ ਬੜੀ ਵੱਡੀ ਗੱਲ ਜੋ ਉਭਰ ਕੇ ਸਾਹਮਣੇ ਆਉਂਦੀ ਹੈ, ਉਹ ਇਹ ਕਿ ਉਹ ਕੁਝ ਹਾਲਾਤ ਵਿਚ ਆਫਤਾਬਿ-ਮੌਸੀਕੀ ਉਸਤਾਦ ਫਿਆਜ਼ ਖਾਂ ਤੋਂ ਵੀ ਚੰਗਾ ਗਾ ਲੈਂਦਾ ਸੀ। ਇਥੇ ਇਹ ਗੱਲ ਸਾਨੂੰ ਪੰਜਾਬ ਦੇ ਇਕ ਹੋਰ ਸੰਗੀਤਕਾਰ ਕਰਮ ਸਿੰਘ ਚੱਕਰਵਰਤੀ, ਜਿਨ੍ਹਾਂ ਨੇ ਮੌਜੁਦੀਨ ਨੂੰ ਕੋਲ ਬਹਿ ਕੇ ਆਪ ਸੁਣਿਆ, ਕਹਿੰਦੇ ਹੁੰਦੇ ਸਨ ਕਿ ਉਸ ਨੂੰ ਸੁਣਨ ਪਿਛੋਂ ਕੁਝ ਬੰਦੇ ਅਜਿਹੀਆਂ ਗੱਲਾਂ ਵੀ ਕਰਦੇ ਸੁਣੇ ਗਏ ਕਿ ਜਿੰਨਾ ਗਲਾ ਇਸ ਦਾ ਫਿਰਦਾ ਹੈ, ਐਨਾ ਤਾਂ ਖਬਰੇ ਬੜੇ ਗੁਲਾਮ ਅਲੀ ਖਾਂ ਦੇ ਚਾਚੇ ਉਸਤਾਦ ਖਾਲੇ ਖਾਂ ਕਸੂਰੀਏ ਦਾ ਵੀ ਨਹੀਂ ਫਿਰਿਆ ਹੋਣਾ।

ਪ੍ਰੋ. ਮੁਖਰਜੀ ਦੀਆਂ ਇਹ ਸਤਰਾਂ ਭਾਵੇਂ ਦਸਤਾਵੇਜ਼ੀ ਹੈਸੀਅਤ ਰੱਖਦੀਆਂ ਹਨ, ਤਾਂ ਵੀ ਇਨ੍ਹਾਂ ਵਿਚ ਇਕ-ਦੋ ਨਿੱਕੇ ਮੋਟੇ ਟਪਲੇ ਹਨ।



*ਮੌਜ ਦੀਨ ਖਾਂ*

ਪਹਿਲੀ ਗੱਲ ਤਾਂ ਇਹ ਹੈ ਕਿ ਮੌਜੁਦੀਨ, ਜਿਸ ਦਾ ਜਨਮ ਨਾਲਾਗੜ੍ਹ (ਪੰਜਾਬ) ਵਿਖੇ 1875 ਵਿਚ ਹੋਇਆ ਸੀ, ਨੂੰ ਤੁਸੀਂ ਬੇਪੀਰਾ ਨਹੀਂ ਆਖ ਸਕਦੇ, ਕਿਉਂਕਿ ਸਭ ਤੋਂ ਪਹਿਲਾਂ ਸੰਗੀਤ ਦੀ ਵਿਦਿਆ ਉਸ ਨੇ ਆਪਣੇ ਪਿਤਾ ਗੁਲਾਮ ਹੁਸੈਨ (ਕੀ ਉਹ ਕਾਕੜਾ ਤਾਂ ਨਹੀਂ ਸੀ?) ਤੋਂ, ਫਿਰ ਦੂਨੀ ਖਾਂ ਅਤੇ ਰਹਿਮਤ ਖਾਂ ਆਦਿ ਤੋਂ ਲਈ ਸੀ। ਰਹੀ ਉਸ ਦੇ ਸ਼ਾਗਿਰਦਾਂ ਦੀ ਗੱਲ ਕਿ ਗਿਰਜਾ ਬਾਬੂ ਤੋਂ ਛੁੱਟ ਉਸ ਨੇ ਹੋਰ ਕੋਈ ਨਾਮਵਰ ਸ਼ਾਗਿਰਦ ਨਹੀਂ ਛੱਡਿਆ, ਪ੍ਰੋ. ਮੁਖਰਜੀ ਦੀ ਇਸ ਗੱਲ ਨਾਲ ਵੀ ਮੈਂ ਸਹਿਮਤ ਨਹੀਂ, ਕਿਉਂਕਿ ਗਿਰਜਾ ਸ਼ੰਕਰ ਚੱਕਰਵਰਤੀ ਤੋਂ ਛੁੱਟ ਉਸ ਦੇ ਸ਼ਾਗਿਰਦਾਂ ਵਿਚ ਬੜੀ ਮੋਤੀ ਬਾਈ, ਮਲਿਕਾ ਜਾਨ, ਪ੍ਰਸਿਧ ਅਦਾਕਾਰਾ ਨਰਗਿਸ ਦੀ ਮਾਂ ਜੱਦਣ ਬਾਈ ਅਤੇ ਰਸੂਲਨ ਬਾਈ ਵੀ ਸ਼ਾਮਲ ਹਨ। ਬਹੁਤ ਪਹਿਲਾਂ ਦੀਆਂ ਗੱਲਾਂ ਹਨ, ਰਿਕਾਰਡ (ਤਵੇ) ਅਜੇ ਨਵੇਂ-ਨਵੇਂ ਹੀ ਈਜਾਦ ਹੋਏ ਸਨ। ਉਦੋਂ ਰਿਵਾਜ਼ ਇਹ ਸੀ ਕਿ ਗਾਇਕ ਗਾਇਨ ਦੇ ਅੰਤ ਵਿਚ ਆਪਣਾ ਨਾਂ ਵੀ ਨਾਲ ਬੋਲਦਾ ਸੀ, ਜੋ ਗਾਣੇ ਦੇ ਨਾਲ ਹੀ ਤਵੇ ਵਿਚ ਭਰਿਆ ਜਾਂਦਾ ਸੀ। ਉਸ ਦੌਰ ਦੇ ਤਵੇ ਸੁਣਨ ਪਿਛੋਂ ਪਤਾ ਲੱਗਦਾ ਹੈ ਕਿ ਉਸ ਦੀ ਸ਼ਾਗਿਰਦ ਮਲਿਕਾ ਜਾਨ ਤਾਂ ਆਪਣਾ ਨਾਂ ਦੱਸਣ ਦੇ ਨਾਲ-ਨਾਲ ਆਪਣਾ ਪੂਰਾ ਸਿਰਨਾਵਾਂ ਦੱਸਣ ਤੱਕ ਵੀ ਜਾਂਦੀ ਸੀ, "ਮੈਂ ਹੂ ਜੀ ਮਲਿਕਾ ਜਾਨ-ਕੋਠੀ ਨੰਬਰ 27, ਮਸਜਦ ਲੇਨ, ਕਲਕੱਤਾ ਕੀ ਰਹਿਨੇ ਵਾਲੀ।"

ਜਿਥੋਂ ਤੱਕ ਉਸ ਦੀ ਆਪਣੀ ਆਵਾਜ਼ ਵਿਚ ਗਾਈਆਂ ਠੁਮਰੀਆਂ ਦਾ ਸਬੰਧ ਹੈ, ਭਾਰਤੀ ਸੰਗੀਤ ਲਈ ਇਹ ਖੁਸ਼ਕਿਸਮਤੀ ਵਾਲੀ ਗੱਲ ਹੀ ਹੈ ਕਿ ਉਸ ਦੇ ਕੁਝ ਤਵੇ ਬੜੀ ਅੱਛੀ ਹਾਲਤ ਵਿਚ ਮਿਲ ਜਾਂਦੇ ਹਨ। 'ਸਈਆਂ ਬਿਨ ਨਾ ਆਵਤ ਚੈਨ', 'ਜਾਦੂ ਕੀ ਪੁੜੀਆਂ ਭਰ ਭਰ ਮਾਰ', 'ਪਰਾਈ ਮੋਰੀ ਅੱਖੀਆਂ, ਰਾਜਾ ਹਮ ਸੇ ਨਾ ਬੋਲੋ' ਅਤੇ 'ਰੰਗ ਦੇਖ ਜੀਅਰਾ ਲਲਚਾਏ' ਬੜੇ ਅੱਛੇ ਰਿਕਾਰਡ ਹਨ। ਗੰਭੀਰ, ਦਮਦਾਰ (ਟੈਂਟੀ ਨਹੀਂ) ਭਾਵਪੂਰਤ ਢੰਗ ਅਤੇ ਸੁਰ ਪ੍ਰਧਾਨ ਗਾਇਕੀ ਉਸ ਦੀ ਵਿਸ਼ੇਸ਼ਤਾ ਸੀ। ਸੁਰਾਂ ਦੀ ਰਚਨਾ ਉਹ ਐਨੇ ਕਲਾਤਮਕ ਢੰਗ ਨਾਲ ਕਰਦਾ ਸੀ ਕਿ ਉਸ ਦਾ ਹਰ ਅਲਾਪ, ਹਰ ਇਕ ਤਾਨ ਅਤੇ ਇਰਾਦੇਬਾਜ਼ੀਆਂ ਮਨ 'ਤੇ ਕੁਝ ਵਿਚਿਤਰ ਪ੍ਰਭਾਵ ਛੱਡਦੇ ਸਨ। ਗਾਉਣ ਸਮੇਂ ਠੁਮਰੀ ਦੇ ਬੋਲਾਂ ਅਤੇ ਭਾਵਾਂ ਨੂੰ ਉਹ ਅਜਿਹੀ ਪ੍ਰਮੁੱਖਤਾ ਬਖਸ਼ਦਾ ਸੀ, ਜੋ ਉਸ ਦਾ ਹੀ ਹਿੱਸਾ ਸੀ। ਜਿਨ੍ਹਾਂ ਲੋਕਾਂ ਨੇ ਵੀ ਉਸ ਨੂੰ ਸੁਣਿਆ ਹੈ, ਦੱਸਦੇ ਹਨ ਕਿ ਉਸ ਦਾ ਗਾਣਾ ਸੁਣ ਕੇ ਗੌਹਰ ਜਾਨ ਵਰਗੀ ਦਬੰਗ ਅਤੇ ਗੁਸਤਾਖ ਔਰਤ ਦੀਆਂ ਅੱਖਾਂ ਵੀ ਹੰਝੂਆਂ ਨਾਲ ਭਰ ਜਾਂਦੀਆਂ ਸਨ; ਹਾਲਾਂਕਿ ਸੁਭਾਅ ਅਨੁਸਾਰ ਉਹ ਅਜਿਹੀ ਔਰਤ ਨਹੀਂ ਸੀ।

ਅਗਾਂਹ ਫਿਰ ਇਸੇ ਗੌਹਰ ਜਾਨ ਦੇ ਮੁਕਾਬਲੇ 'ਤੇ ਗਾਉਣ ਲਈ ਪਿਆਰਾ ਸਾਹਿਬ ਸੱਯਦ ਵੀ ਇਸੇ ਮੌਜੁਦੀਨ ਦਾ ਹੀ ਸ਼ਾਗਿਰਦ ਬਣਿਆ ਸੀ। ਦੱਸਿਆ ਜਾਂਦਾ ਹੈ ਕਿ 'ਇਨ ਦਿਨੋਂ ਜੋਸ਼ਿ-ਜਨੂੰ ਹੈ-ਤੇਰੇ ਦੀਵਾਨੇ ਕੋ' ਉਨ੍ਹੀਂ ਦਿਨੀਂ ਪਿਆਰਾ ਸਾਹਿਬ ਦਾ ਇਹ 'ਕੱਲਾ ਤਵਾ ਕੁਝ ਦਿਨਾਂ ਵਿਚ ਹੀ ਇਕ ਲੱਖ ਵਿਕ ਗਿਆ ਸੀ।

ਮੌਜੁਦੀਨ ਦੀਆਂ ਗਾਈਆਂ ਚੀਜ਼ਾਂ ਸੁਣ ਕੇ ਇਹ ਗੱਲ ਬਗੈਰ ਕਿਸੇ ਸ਼ੱਕ ਮੰਨਣੀ ਪੈਂਦੀ ਹੈ ਕਿ ਸੱਚਮੁੱਚ ਹੀ ਉਹ ਭਾਰਤੀ ਠੁਮਰੀ ਦਾ ਪੀਰ ਸੀ। ਸੰਗੀਤ ਦੇ ਹਲਕਿਆਂ ਵਿਚ ਉਸ ਨੂੰ 'ਸ਼ਰੁਤੀਧਾਰ' ਕਰ ਕੇ ਜਾਣਿਆ ਜਾਂਦਾ ਸੀ। ਇਸ ਥਾਂ ਜੇ ਅਸੀਂ 'ਸ਼ਰੁਤੀਧਾਰ' ਦਾ ਅਰਥ ਵੀ ਦੱਸਦੇ ਚਲੀਏ ਤਾਂ ਠੀਕ ਰਹੇਗਾ। ਭਾਰਤੀ ਸੰਗੀਤ ਦੇ ਲੰਮੇ ਚੌੜੇ ਇਤਿਹਾਸ ਵਿਚ ਕਿਸੇ ਗਾਇਕ ਵਜਾਇਕ ਨੇ ਇਹ ਲਕਬ ਆਪਣੇ ਨਾਂ ਨਾਲ ਆਪਣੇ ਆਪ ਹੀ ਲਾ ਲਿਆ ਹੋਵੇ ਤਾਂ ਬੜੀ ਗੱਲ ਨਹੀਂ, ਪਰ ਉਂਜ ਇਹ ਯੋਗ ਅਹੁਦਾ ਅਸਲ ਵਿਚ ਅਮੀਰ ਖੁਸਰੋ ਨੂੰ ਹੀ ਦਿੱਤਾ ਗਿਆ ਸੀ। ਉਸ ਦੀ ਤੇਲੀਆ (ਫੋਟੋਗ੍ਰਾਫਿਕ) ਬੁੱਧੀ, ਯਾਦਦਾਸ਼ਤ/ਕਾਬਲੀਅਤ ਕਰਕੇ ਜੋ ਚੀਜ਼ ਵੀ ਕਿਸੇ ਨੇ ਸੁਣਾਉਣੀ, ਉਸੇ ਵੇਲੇ ਹੀ ਯਾਦ ਕਰਕੇ ਐਨ ਉਸੇ ਤਰ੍ਹਾਂ ਸੁਣਾ ਦੇਣੀ। ਇਹ ਅਦੁਤੀ ਗੁਣ ਉਸ ਵਿਚ ਸੀ। ਇਹੋ ਹੀ ਹਾਲ ਉਸ ਕਲਾਕਾਰ ਦਾ ਸੀ। ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਉਹ ਕਲਕੱਤਾ ਰਿਹਾ। ਉਥੇ ਉਸ ਨੂੰ ਭਈਆ ਗਣਪਤ ਰਾਓ, ਜੋ ਮਹਾਰਾਜਾ ਗਵਾਲੀਅਰ ਮਾਧਵ ਰਾਓ ਸਿੰਧੀਆ ਦਾ ਛੋਟਾ ਸਕਾ ਭਰਾ ਸੀ, ਨੇ ਆਪਣੇ ਕੋਲ ਸੱਦ ਲਿਆ ਸੀ ਅਤੇ ਇਹ ਦੋਵੇਂ ਮਹਾਨ ਸੰਗੀਤਕਾਰ ਉਥੇ ਹੀ ਹੈਰੀਸਨ ਰੋਡ 'ਤੇ ਹਵੇਲੀ ਵਿਚ ਰਹਿਣ ਲੱਗ ਪਏ ਸਨ।

ਅਖੀਰਲੀ ਉਮਰੇ ਇੰਜ ਜਾਪਦਾ ਹੈ ਕਿ ਉਸ ਦੀਆਂ ਦੋ ਸ਼ਾਗਿਰਦਾਂ-ਬੜੀ ਮੋਤੀ ਬਾਈ ਅਤੇ ਰਸੂਲਨ ਬਾਈ ਉਸ ਨੂੰ ਆਪਣੇ ਕੋਲ ਬਨਾਰਸ ਲੈ ਆਈਆਂ ਸਨ। ਉਸ ਦੀ ਮੌਤ ਬੜੇ ਰਹੱਸਮਈ ਹਾਲਾਤ 'ਚ ਹੋਈ। ਅਸਲ ਵਿਚ ਉਹ ਮਲਕਾ ਜਾਨ ਆਗਰਾ ਵਾਲੀ ਨਾਲ ਅੱਖੀਆਂ ਲਾ ਬੈਠਾ ਪਰ ਉਸ ਨੇ ਕੋਠੇ ਵਾਲੀਆਂ ਵਾਂਗ ਹੀ ਗੱਲ ਕੀਤੀ। ਉਸ ਨੇ ਬੇਵਫਾਈ ਇਹ ਕੀਤੀ ਕਿ ਉਹ ਉਸਤਾਦ ਫਿਆਜ਼ ਖਾਂ ਵਲ ਵਧੇਰੇ ਆਕਰਸ਼ਤ ਰਹਿਣ ਲੱਗ ਪਈ। ਉਹ ਦੋਹਾਂ ਨਾਲ ਅੱਖ ਮਟੱਕਾ ਕਰਦੀ ਰਹੀ, ਜਿਸ ਦਾ ਝੋਰਾ ਉਸ ਨੂੰ ਵਿਚੋਂ ਵਿਚ ਖਾਣ ਲੱਗ ਪਿਆ। ਉਸ ਦੇ ਇਸ਼ਕ 'ਚ ਅੰਨ੍ਹਾ ਹੋਇਆ ਉਹ ਦਿਨ ਰਾਤ ਸ਼ਰਾਬ ਕੀ ਪੀਣ ਲੱਗਾ ਕਿ ਉਸ ਵਿਚ ਗਰਕ ਹੀ ਗਿਆ। ਸਿਹਤ ਖਰਾਬ ਰਹਿਣ ਲੱਗ ਪਈ ਅਤੇ ਆਖਰ ਭਰ ਜਵਾਨੀ ਵਿਚ ਹੀ 1926 ਵਿਚ ਉਸ ਦੀ ਮੌਤ ਹੋ ਗਈ।

ਕੀ ਹੋਇਆ, ਹੁਣ ਤਕ ਜੇ ਹਿੰਦੁਸਤਾਨੀ ਸੰਗੀਤ 'ਤੇ ਲਿਖੀਆਂ ਗਈਆਂ ਕਿਤਾਬਾਂ 'ਚ ਉਹਦਾ ਬਹੁਤਾ ਜ਼ਿਕਰ ਨਹੀਂ ਮਿਲਦਾ, ਪਰ ਪੰਜਾਬ ਦੀ ਧਰਤੀ ਦੇ ਵਾਸੀ ਆਪਣੇ ਇਸ ਮਹਾਨ ਸਪੂਤ 'ਤੇ ਹਮੇਸ਼ਾ ਲਈ ਨਾਜ਼ ਕਰਦੇ ਰਹਿਣਗੇ।

# ਰਿਫਰੈਂਡਮ 2020 ਨਾਲ ਆਜ਼ਾਦੀ ਦੀ ਮੰਜ਼ਿਲ ਵੱਲ ਵੱਡੀ ਛਾਲ?

*(ਪਿਛਲੇ ਸਫੇ ਦੀ ਬਾਕੀ)*

ਤਾਂਘ ਦਾ ਸ਼ੋਸ਼ਣ ਕਰਵਾਉਂਦੇ ਹਨ। ਇਨ੍ਹਾਂ ਹੀ 2% ਲੋਕਾਂ ਦੀ ਬਦੌਲਤ 98% ਗ਼ਲਤ ਅਨਸਰ ਆਪਣੀ ਦੁਕਾਨਦਾਰੀ ਤੇ ਕਾਰਪੋਰੇਟ ਬ੍ਰਾਂਡ ਨੂੰ ਵੇਚ ਕੇ ਕੰਪਨੀ ਚਲਾ ਰਿਹਾ ਹੈ। "2020" ਅਜਿਹੇ ਕਾਰਪੋਰੇਟ ਬ੍ਰਾਂਡਾਂ ਵਿਚਲੀ ਪਹੁੰਚ ਅਤੇ ਹੱਟੀ ਦੀ ਕਮਾਈ ਰਾਹੀਂ, ਅਦਿਖ ਤਾਕਤਾਂ ਦੇ ਨਿਸ਼ਾਨਿਆਂ ਨੂੰ ਫੁੰਡਣ ਵਾਸਤੇ ਅਤੇ ਆਪਣੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਦੀ ਬਹੁਤ ਵੱਡੀ ਸਾਜ਼ਿਸ਼ੀ ਕਾਰਵਾਈ ਹੈ। 2% ਖਾਲਿਸਤਾਨ ਲਈ ਸਮਰਪਿਤ ਅਤੇ ਜਜ਼ਬਾਤੀ ਲੋਕ ਇਨ੍ਹਾਂ 98% ਦਗ਼ਾਬਾਜ਼ ਲੋਕਾਂ ਦੇ ਸ਼ਿਕਾਰ ਬਣ ਕੇ 100% ਕੌਮ ਨਾਲ ਧੋਖਾ ਕਰਵਾਉਣ ਜਾ ਰਹੇ ਹਨ। ਜੇ ਇਨ੍ਹਾਂ '2020' ਵਾਲੇ ਲੋਕਾਂ ਪਾਸ 98% ਤਾਕਤ ਹੈ ਤਾਂ ਮੇਰੀ 2% ਖਾਲਿਸਤਾਨੀਆਂ ਨੂੰ ਬੇਨਤੀ ਹੈ ਕਿ ਉਹ ਚੁੱਪ ਹੋ ਜਾਣ ਅਤੇ ਸਾਈਡ 'ਤੇ ਹੋ ਕੇ ਇਨ੍ਹਾਂ ਦੀ ਤਾਕਤ ਤੇ ਅੰਜਾਮ ਦੇਖਣ ਦੀ ਜੁਰਅਤ ਕਰ ਲੈਣ। ਸਾਰੇ ਤਮਾਸ਼ੇ ਦੀ ਅਸਲ ਫਿਲਮ ਆਪਣੇ ਆਪ 'ਲੰਡਨ ਐਲਾਨਨਾਮੇ' ਵਿਚ ਚੱਲ ਜਾਵੇਗੀ। ਜ਼ਰਾ ਗੌਰ ਨਾਲ ਕੌਮ ਨੂੰ ਬਚਾਉਣ ਵਾਸਤੇ ਚੇਤਨ ਦਿਮਾਗ ਨਾਲ ਫੈਸਲਾ ਕਰਨਾ ਕਿ ਜੇ 2% ਸੱਚੇ-ਸੁੱਚੇ ਜ਼ਮੀਰੋਂ ਖਾਲਿਸਤਾਨੀ ਬੰਦੇ ਆਪਣੇ ਆਪ ਨੂੰ ਕੌਮੀ ਭਵਿਖ ਲਈ ਬਚਾਉਣ ਲਈ ਪਾਸੇ ਹੋ ਜਾਣ ਤਾਂ ਇਨ੍ਹਾਂ ਨੂੰ ਕੀ ਫਰਕ ਪੈਣਾ ਹੈ? ਇਨ੍ਹਾਂ ਪਾਸ ਤਾਂ 98% ਤਾਕਤ ਇਨ੍ਹਾਂ ਦੇ ਆਪਣੇ ਦਾਅਵਿਆਂ ਅਨੁਸਾਰ ਹੈ ਹੀ। ਇਨ੍ਹਾਂ ਨੂੰ ਆਪਣੀ ਕੰਧ 'ਤੇ ਇਬਾਰਤ ਲਿਖ ਲੈਣ ਦਿਓ; ਆਪਣੀ ਜ਼ਮੀਰ 'ਤੇ ਇਬਾਰਤ ਲਿਖਣ ਦੀ ਆਗਿਆ ਨਾ ਦਿਓ। ਜੋ ਕਹਿੰਦੇ ਹਨ, ਨੁਕਸਾਨ ਤਾਂ ਕੋਈ ਨਹੀਂ ਹੈ, ਮੈਂ ਉਨ੍ਹਾਂ ਨੂੰ ਹੀ ਸਪਸ਼ਟ ਕਰ ਰਿਹਾ ਹਾਂ ਕਿ ਅਸਲ ਨੁਕਸਾਨ ਹੀ ਇਹੋ 2% ਜਿਉਂਦੀ ਜ਼ਮੀਰ ਵਾਲਿਆਂ ਦੀ ਨਿਸ਼ਾਨਦੇਹੀ ਕਰ ਕੇ ਇਨ੍ਹਾਂ ਦਾ ਵੀ ਚੁੱਪ-ਚੁਪੀਤੇ ਨਸਲਘਾਤ ਕਰਵਾ ਛੱਡਣ ਦਾ ਹੈ। ਸੰਭਲੋ ਤੇ ਬਚੋ। 98% ਨੂੰ ਕੋਈ ਫਰਕ ਨਹੀਂ ਜੇ ਪੈਣਾ, ਉਹ ਬਹੁ ਗਿਣਤੀ ਹਨ ਤਾਂ ਉਨ੍ਹਾਂ ਨੂੰ ਰਾਇਸ਼ੁਮਾਰੀ ਵਿਚ ਕੁੱਦਣ ਦਿਓ, ਤੁਸੀਂ ਪਾਸੇ ਹੋ ਜਾਓ ਤੇ ਫੇਰ ਤਮਾਸ਼ਾ ਦੇਖੋ।

ਆਪਣੀ ਹੱਟੀ ਦੇ ਫਾਇਦੇ ਲਈ ਬਣਾਏ ਹਰ ਨਵੇਂ ਵਿਕਾਊ ਤੇ ਕਮਾਊ ਪ੍ਰਾਡੈਕਟ ਨੂੰ 'ਚਲਾਏ ਮਾਨਤਾ' ਪ੍ਰਚਾਰ ਕੇ ਆਪੋ-ਆਪਣੇ 'ਕਾਰਪੋਰੇਟ ਘਰਾਣੇ (ਧੜੇ)' ਦੀ ਸਰਦਾਰੀ 'ਪੰਥ ਮਰੇ ਧੜਾ ਜੀਵੇ' ਦੀ ਪਾਲਿਸੀ ਤਹਿਤ ਹਮੇਸ਼ਾ ਗੁੰਮਰਾਹ ਕਰ ਕੇ, ਪਾਸੇ ਬਦਲਦੇ ਤੇ ਪਾਉਂਦੇ ਰਹਿੰਦੇ ਇਨ੍ਹਾਂ ਜੁਆਰੀਆਂ ਤੋਂ ਹੀ ਕੌਮ ਤੇ ਪੰਥ ਨੂੰ ਬਚਾਉਣ ਦੀ ਅਸਲ ਲੋੜ ਆਣ ਪਈ ਹੈ। ਇਸੇ ਏਜੰਡੇ ਨੇ ਹੀ ਕੌਮ ਖਾ ਲਈ ਹੈ, ਪੰਥ ਮਾਰ ਦਿੱਤਾ ਹੈ, ਸੰਘਰਸ਼ ਤਬਾਹ ਕਰ ਦਿੱਤਾ ਹੈ। ਇਹੋ ਖੜੋਤ ਹੈ ਤੇ ਇਸੇ ਖੜੋਤ ਦੇ ਅਜੋਕੇ ਵਿਦਵਾਨ ਸਮਰਥਕ ਤੇ 2020 ਵਾਲੇ ਆਗੂ ਬਣੇ ਹੋਏ ਹਨ। 2% ਅਸਲ ਤਾਕਤ ਨੂੰ ਗੁੰਮਰਾਹ ਕਰਨ ਲਈ ਜਿਸ ਨੂੰ ਅਜੋਕੇ ਲੇਖਕ ਖੜੋਤ ਦੱਸ ਕੇ ਆਪਣੇ ਪੱਖੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ; ਉਹੀ ਅਸਲ ਜ਼ਮੀਰ ਦੀ ਚੇਤਨਾ ਵਿਚੋਂ ਨਿਕਲਦੀ ਪੰਥਕ ਸੰਘਰਸ਼ ਦੀ ਚਲਾਏ ਮਾਨਤਾ ਹੈ ਜੋ ਸਿਰਫ ਸੁਤੰਤਰ ਤੇ ਪ੍ਰਭੁਤਾਧਾਰੀ ਖਾਲਸੇ ਦੀ ਜ਼ਮੀਰ ਵਿਚੋਂ ਹੀ ਫੁੱਟਦੀ ਤੇ ਵੇਗ ਬਣ ਕੇ ਤੁਰਦੀ ਹੈ। ਵਿਕਾਊ ਤੇ ਧੜੇਬਾਜ਼ੀ ਦੀ ਕਾਰਪੋਰੇਟ ਕੰਪਨੀ ਦੇ ਬ੍ਰਾਂਡ ਵਿਚੋਂ ਇਹ ਨਹੀਂ ਤੁਰਦੀ। ਮੇਰਾ ਚੈਲੰਜ ਹੈ ਕਿ ਉਹ ਅਤੇ ਉਨ੍ਹਾਂ ਵਿਚੋਂ ਵੀ ਜਿਹੜੇ ਆਪ ਸੁਤੰਤਰ ਚੇਤਨਾ ਦੇ ਪਾਂਧੀ ਹਨ, ਉਹ ਆਪਣੇ ਆਪ ਨੂੰ ਪਾਸੇ ਕਰ ਲੈਣ ਤੇ ਫਿਰ ਇਸ ਬ੍ਰਾਂਡ ਨੂੰ ਆਪਣੀ 98% ਤਾਕਤ ਨਾਲ ਕਰਾਮਾਤ ਕਰ ਕੇ ਦਿਖਾਉਣ ਦਾ ਚੈਲੰਜ ਪੂਰਾ ਕਰ ਦਿਖਾਉਣ ਦਿਓ। ਜਦ ਇਸ 'ਰਿਫਰੈਂਡਮ 2020' ਤੋਂ ਨਾ ਕੋਈ ਫਾਇਦਾ ਹੈ ਤੇ ਨਾ ਕੋਈ ਨੁਕਸਾਨ, ਤਾਂ ਮੇਰੇ ਇਸ ਪ੍ਰਸਤਾਵ ਦਾ ਇਕ ਪੱਕਾ ਫਾਇਦਾ ਇਹ ਤਾਂ ਹੋਵੇਗਾ ਕਿ ਡਿੱਠੀਆਂ ਮੰਜੀਆਂ ਵਿਚੋਂ ਫਿਰ 'ਅਸਲ ਆਗੂ ਲਾਧੋ ਰੇ' ਦਾ ਕੰਮ ਤਾਂ ਸਿੱਖਾਂ ਵਿਚ ਪੂਰਾ ਹੋ ਜਾਵੇਗਾ ਜੋ ਭਵਿਖ ਲਈ ਬਹੁਤ ਜ਼ਰੂਰੀ ਹੈ। ਕੀ '2020 ਵਾਲੇ' ਸਹਿਮਤ ਹਨ? ਜਦ ਆਪ ਹੀ ਇਹ ਲੋਕ ਮੰਨ ਰਹੇ ਹਨ ਕਿ ਇਸ ਰਿਫਰੈਂਡਮ ਤੋਂ ਕੁਝ ਵੀ ਹਾਸਲ ਨਹੀਂ ਹੋਣਾ ਹੈ ਤਾਂ ਧੜਾ ਕਾਰਪੋਰੇਟ ਇਜਾਰੇਦਾਰੀ ਦੀ ਹਿਤਕਾਰੀ ਤੇ ਸ਼ੋਸ਼ਣਕਾਰੀ ਤਾਕਤਾਂ ਦੇ ਸ਼ਬਦ ਜਾਲ ਦੀ ਤਾਂਤਰਿਕ ਵਿੱਦਿਆਧਾਰੀ ਉਪਦੇਸ਼ਾਂ ਦੇ ਅਡੰਬਰੀ ਤਾਂਡਵ ਮਚਾਉਣ ਨਾਲੋਂ, ਇਹ ਮੇਰੀ ਪ੍ਰਸਤਾਵਿਤ ਕਵਾਇਦ ਕਰ ਲੈਣੀ ਠੀਕ ਨਹੀਂ ਹੈ? '2020' ਤਾਂ ਬਾਅਦ ਵਿਚ, ਉਹ ਖੁਦ ਸਵੀਕਾਰਦੇ ਹਨ ਕਿ ਸਿਰਫ ਖਾਲੀ ਮੈਦਾਨ ਵਿਚ ਧੂੜ ਦਾ ਗੁਬਾਰ ਹੀ ਪੈਦਾ ਕਰ ਕੇ ਸੁਆਹ ਉਡਾਏਗੀ; ਤੇ ਫਿਰ ਚੰਗਾ ਨਹੀਂ ਕਿ ਲੀਡਰਹੀਣ ਬਣਾ ਦਿੱਤੀ ਗਈ ਕੌਮ ਨੂੰ 'ਆਗੂ ਲਾਧੋ ਰੇ' ਦੀ ਅਤਿ ਲੋੜੀਂਦੀ ਕਾਰਵਾਈ ਵੱਲ ਲਿਜਾਇਆ ਜਾਵੇ? ਜਦ ਉਹ ਮੰਨਦੇ ਹਨ ਕਿ ਹੁਣ ਸਭ ਪੰਨੂ ਨਾਲ ਹੀ ਖੜ੍ਹੇ ਹਨ ਤਾਂ ਫਿਰ ਇਸ ਤੋਂ ਵਧੀਆ ਤੇ ਢੁਕਵਾਂ ਮੌਕਾ ਪੰਨੂ ਕਾਰਪੋਰੇਟ ਬ੍ਰਾਂਡ ਲਈ ਹੋਰ ਕਿਹੜਾ ਹੋਵੇਗਾ? ਪਰ ਉਹ ਇੰਜ ਕਰਨਗੇ ਨਹੀਂ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਅਸਲੋਂ ਤਾਂ ਸਾਰੀ ਗੇਮ ਉਹ 2% ਜਾਗਦੀਆਂ ਰੂਹਾਂ ਦੇ ਨਸਲਘਾਤ ਲਈ ਹੀ ਕਰ ਰਹੇ ਹਨ ਤੇ ਜੇ ਉਹ ਪਾਸੇ ਹੋ ਗਏ ਤਾਂ ਅਦਿਖ ਤਾਕਤਾਂ ਲਈ ਇਹ ਬ੍ਰਾਂਡ 'ਯੂਜਲੈਸ' ਹੋ ਜਾਂਦਾ ਹੈ; ਤੇ ਇਹੋ ਅਸਲ ਸੱਚ ਹੈ। ਅਜਿਹੀਆਂ ਤਾਕਤਾਂ ਸਿੱਖੀ ਅਤੇ ਖਾਲਸੇ ਨੂੰ ਬਲੈਕ ਹੋਲ ਵਿਚ ਧੱਕਣ ਤਕ ਨਿੱਤ ਨਵੇਂ ਸਲੋਗਨਾਂ ਨਾਲ ਤਤਪਰ ਤੇ ਸਰਗਰਮ ਰਹਿਣਗੀਆਂ। '2020' ਵਾਲੇ ਇਸੇ ਦੀ ਕੰਧ 'ਤੇ ਲਿਖੀ ਇਬਾਰਤ ਹਨ। ਇਸ ਦੇ ਸਮਰਥਕ ਨੀਰੋ ਦੀ ਵੰਝਲੀ ਵਜਾਉਣ ਦੇ ਇੰਤਜ਼ਾਰ ਵਿਚ ਹਨ ਜਿਸ ਦੀ ਕੋਈ ਇਬਾਰਤ ਨਹੀਂ ਤੇ ਸਮਰਥਨ ਸਿਰ ਚੜ੍ਹ ਬੋਲ ਰਿਹਾ ਹੈ, ਉਸ 'ਲੰਡਨ ਐਲਾਨਨਾਮੇ' ਨੂੰ ਕੌਮ ਦੀ ਮੰਜ਼ਿਲ ਮੰਨਣ ਵਾਲਿਆਂ ਦੀ ਇਸੇ 'ਬਿਨਾਂ ਇਬਾਰਤ ਦੇ ਐਲਾਨਨਾਮੇ' ਨੂੰ ਹੀ ਅਵਚੇਤਨਾ ਦੀ ਸ਼ਕਤੀ ਤੇ ਜ਼ਮੀਰ ਦੀ ਆਵਾਜ਼ ਦੱਸਣ ਵਾਲੇ ਕੌਮ ਨੂੰ ਦਰੋਪਤੀ ਦੇ ਚੀਰ-ਹਰਨ ਤੋਂ ਬਾਅਦ ਕਿਸ ਦੇ ਲੜ ਲਾਉਣ ਵਾਲੇ ਹਨ; ਕੀ ਸਪਸ਼ਟ ਨਹੀਂ ਹੈ? ਅਜਿਹੇ ਜ਼ਮੀਰੋਂ ਮਰੇ ਲੋਕ ਕੌਮ ਨੂੰ ਜਗਾਉਣ ਤੇ ਜ਼ਮੀਰ ਦੇ ਸਾਹਮਣੇ ਖੜ੍ਹਾ ਕਰ ਦੇਣ ਦੀ 'ਪਵਿਤਰ ਚੁਣੌਤੀ' ਦੀ ਗੱਲ ਕਰ ਰਹੇ ਹਨ। ਡਾ. ਹਰਮਿੰਦਰ ਮੀਤ ਦੀ 'ਵਾਲ' ਤੋਂ ਇਹ ਸ਼ਬਦ ਲਿਖ ਕੇ ਮੈਂ ਆਪਣੀ ਗੱਲ ਖਤਮ ਕਰਦਾ ਹਾਂ, "ਅਕਲ ਦੇ ਅੰਨ੍ਹਿਆਂ ਦੀ ਪਹਿਲੀ ਵੱਡੀ ਸਿਫਤ ਇਹ ਹੁੰਦੀ ਹੈ ਕਿ ਉਹ ਸਿਰਫ ਉਸ ਗੱਲ ਨੂੰ ਹੀ ਸਹੀ ਮੰਨਦੇ ਹਨ ਜੋ ਯਥਾਰਥ ਵਿਚ ਹੋਣ ਦੀ ਬਜਾਏ ਉਨ੍ਹਾਂ ਦੀ ਕਲਪਨਾ ਵਿਚ ਹੁੰਦੀ ਹੈ।... ਇਨ੍ਹਾਂ ਦੀ ਦੂਜੀ ਵੱਡੀ ਸਿਫਤ ਇਹ ਹੁੰਦੀ ਹੈ ਕਿ ਉਹ ਦੂਜਿਆਂ ਨੂੰ ਆਪਣੇ ਵਰਗੇ ਬਣਾਉਣ ਲਈ ਹਰ ਹਥਿਆਰ ਵਰਤਦੇ ਹਨ।... ਅਕਲ ਦੇ ਅੰਨ੍ਹਿਆਂ ਦੀ ਸੁਸਾਇਟੀ ਵਿਚ ਆਪਣੇ ਆਪ ਨੂੰ ਬਚਾਈ ਰੱਖਣ ਲਈ ਨਿਰੰਤਰ ਸੰਘਰਸ਼ ਕਰਨਾ ਪੈਂਦਾ ਹੈ।"

ਜੂਨ 84 ਤੋਂ ਬਾਅਦ ਜਜ਼ਬਾਤੀ ਖਾਲਸਾ ਜੀ ਨੇ ਇਹ ਜੱਦੋਜਹਿਦ ਕਦੇ ਸ਼ੁਰੂ ਹੀ ਨਹੀਂ ਕੀਤੀ ਤੇ ਅਕਲ ਦੇ ਅੰਨ੍ਹਿਆਂ ਮਗਰ ਹੀ ਤੁਰੇ ਰਹਿਣ ਨੂੰ ਚਲਾਏ ਮਾਨਤਾ ਬਣਾਈ ਤੇ ਸਥਾਪਿਤ ਕਰਵਾਈ ਰੱਖੀ ਹੈ। ਇਸ ਦੀ ਮਿਸਾਲ ਹੈ: ਇਹ ਜੋ ਪੰਥਕ ਆਗੂ ਬਣੇ ਫਿਰਦੇ ਹਨ, ਇਨ੍ਹਾਂ ਨੇ ਕਦੇ ਬਤੌਰ ਆਗੂ ਤਾਂ ਪੰਥ ਦੀ ਅਗਵਾਈ ਕਰਨ ਦੀ ਜੁਰਅਤ ਹੀ ਨਹੀਂ ਕੀਤੀ। ਹਮੇਸ਼ਾ ਇਸੇ ਏਜੰਡੇ ਨੂੰ ਹੀ ਆਪਣਾ ਮੈਨੀਫੈਸਟੋ ਬਣਾਇਆ ਹੈ ਕਿ ਜਿਧਰ ਨੂੰ ਲੋਕਾਈ ਦਾ ਵਹਾਅ ਸੈਲਾਬ ਬਣ ਤੁਰ ਪਿਆ, ਉਸੇ ਵਿਚ ਹੀ ਆਪਣੇ ਆਪ ਨੂੰ ਲੀਡਰ ਬਣਾ ਕੇ ਆਪਣੀ ਕਾਗਜ਼ ਦੀ ਬੇੜੀ ਠੱਲ੍ਹ ਦਿਓ; ਵਹਾਅ ਆਪੇ ਹੀ ਤੋਰ ਕੇ ਅਗਾਂਹ ਲੈ ਜਾਵੇਗਾ। ਜਦ ਕਿ ਉਸ ਕਾਗ਼ਜ਼ ਦੀ ਕਿਸ਼ਤੀ ਦਾ ਡੁੱਬਣਾ ਤੈਅ ਹੁੰਦਾ ਹੈ (ਜਿਵੇਂ ਰਿਫਰੈਂਡਮ ਦੇ ਨਤੀਜੇ ਆਪੇ ਹੀ ਇਸ ਦੇ ਸਮਰਥਕਾਂ ਨੇ ਤੈਅ ਕਰ ਦਿੱਤੇ ਹਨ ਕਿ ਕੋਈ ਲਾਭ ਨਹੀਂ ਹੋਣਾ)। ਪਰ ਨਿੱਜ-ਗਰਜ਼ੀ ਸਮਰਥਕ ਲੋਕਾਂ ਤੇ ਆਗੂਆਂ ਨੂੰ ਡੁੱਬਣ ਤੋਂ ਪਹਿਲਾਂ ਛਾਲਾਂ ਮਾਰਨੀਆਂ ਆਉਂਦੀਆਂ ਹਨ। ਉਹ ਹਮੇਸ਼ਾ ਬਚ ਜਾਂਦੇ ਹਨ ਤੇ ਆਪਣੇ ਸਵਾਰਥ ਲਈ ਅਗਲੇ ਲੋਕ ਵਹਾਅ ਦੇ ਸੈਲਾਬ ਦਾ ਇੰਤਜ਼ਾਰ ਕਰਦੇ ਹਨ... ਸਿੱਖ ਕੌਮ ਦੀ ਤ੍ਰਾਸਦੀ ਭਰੀ ਇਹੋ ਸੱਚਾਈ ਹੈ। ਰਿਫਰੈਂਡਮ 2020 ਦੇ ਸਮਰਥਕ ਤੇ ਆਗੂ ਲੰਡਨ ਐਲਾਨਨਾਮੇ ਤੋਂ ਬਾਅਦ ਇਸ ਸੈਲਾਬ ਨੂੰ ਬਲੈਕ ਹੋਲ ਵਿਚ ਡੇਗਣ ਤੋਂ ਪਹਿਲਾਂ ਛਾਲ ਮਾਰਨ ਦਾ ਆਪਣਾ ਪ੍ਰਬੰਧ ਕਰ ਚੁੱਕੇ ਹਨ ਤੇ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਅਗਲੇ ਸੈਲਾਬ ਵਿਚ ਜਿਹੜੇ ਨਵੇਂ ਚੇਤਨ ਖਾਲਸੇ ਬਣਨਗੇ, ਉਨ੍ਹਾਂ ਨੂੰ ਡੋਬਣ ਲਈ ਫਿਰ ਉਸ ਵਿਚ ਆਪਣੀ ਕਿਸ਼ਤੀ ਠੇਲ੍ਹਣਗੇ; ਤੇ ਇਹ ਸਿਲਸਿਲਾ ਚਲਦਾ ਰਹੇਗਾ ਓਦੋਂ ਤੱਕ। ਜਿਵੇਂ ਪੰਨੂ ਨੇ ਖੁਦ ਕਿਹਾ ਕਿ ਅਸੀਂ ਅਜਿਹੇ ਹਾਲਾਤ 'ਤੇ ਦੁਨੀਆਂ ਨੂੰ ਲਿਆ ਕੇ ਖੜ੍ਹਾ ਕਰ ਦੇਣਾ ਹੈ, ਜਿਥੇ ਅਸੀਂ ਕਹਾਂਗੇ ਕਿ "ਹੁਣ ਸਿੱਖਾਂ ਤੇ ਭਾਰਤ ਦੀ ਸਿੱਧੀ ਜੰਗ ਹੋਣ ਲੱਗੀ ਹੈ ਤੇ ਸਾਰੀ ਦੁਨੀਆਂ ਦੇ ਦੇਸ਼ ਪਾਸੇ ਹੋ ਜਾਣ, ਅਸੀਂ ਆਪੇ ਭਾਰਤ ਨਾਲ ਨਜਿੱਠ ਲਵਾਂਗੇ।" ਖਾਲਸਾ ਕੌਮ ਨੂੰ ਖੜੋਤ ਅਤੇ ਇਸ ਹਿਤ ਸੁਹਿਰਦ ਬੇਦਾਗ ਸਵਾਰਥਹੀਣ ਆਗੂਆਂ ਨੂੰ ਖੜੋਤ ਦੇ ਲੀਡਰ ਦੱਸਣ ਵਾਲਿਓ, ਇਸ ਤਬਾਹਕੁਨ ਅਤੇ ਸਿੱਧੀ ਨਸਲਘਾਤ ਦੀ ਇਬਾਰਤ ਕੰਧ 'ਤੇ ਲਿਖਣ ਵਾਲੇ ਪ੍ਰੋਗਰਾਮ ਦੀ ਗੁੱਝੀ ਰਮਜ਼ 'ਤੇ ਲੇਖ ਲਿਖਣ ਦੀ ਲੋੜ ਸੀ। ਨਹੀਂ ਲਿਖਿਆ, ਜਿਸ ਦਾ ਸਪਸ਼ਟ ਅਰਥ ਹੈ ਕਿ ਸੰਸਾਰ ਨੂੰ ਪਾਸੇ ਹੋ ਜਾਣ ਲਈ ਤੇ ਭਾਰਤ ਨੂੰ ਖਾਲਸਾ ਕੌਮ ਦਾ ਨਸਲਘਾਤ ਕਰ ਦੇਣ ਲਈ ਤੁਸੀਂ ਸਪਸ਼ਟ ਇਰਾਦਾ ਪ੍ਰਗਟਾ ਦਿੱਤਾ ਹੈ। ਰੱਬ ਰਾਖਾ।

# ਪਾਣੀ: ਯੁਗਾਂ ਦਾ ਸਫਰ

***ਪਾਣੀ ਦਾ ਮਨੁੱਖੀ ਜੀਵਨ ਅਤੇ ਇਸ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਹੈ। ਗੁਰਬਾਣੀ ਵਿਚ ਵੀ 'ਪਵਣੁ ਗੁਰੂ ਪਾਣੀ ਪਿਤਾ' ਨਾਲ ਪਾਣੀ ਦੀ ਵਡਿਆਈ ਕੀਤੀ ਗਈ ਹੈ। ਅਸੀਂ ਆਪਣੇ ਪਾਠਕਾਂ ਲਈ ਪੰਜਾਬੀ ਵਿਦਵਾਨ ਨਿਰੁਕਤਸ਼ਾਸਤਰੀ ਮਰਹੂਮ ਜੀ. ਐਸ. ਰਿਆਲ ਦਾ ਪਾਣੀ ਬਾਰੇ ਲਿਖਿਆ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਲੇਖ ਵਿਚ ਪਾਣੀ ਬਾਰੇ ਚਰਚਾ ਕਰਦਿਆਂ ਉਨ੍ਹਾਂ ਪੰਜਾਬੀ ਸਭਿਆਚਾਰ ਵਿਚ ਪਾਣੀ ਦੇ ਮਹੱਤਵ ਬਾਰੇ ਵੀ ਖੂਬ ਚਾਨਣਾ ਪਾਇਆ ਹੈ। -ਸੰਪਾਦਕ***

ਉਦਕ ਅਰਥਾਤ 'ਪਾਣੀ' ਸੰਸਕ੍ਰਿਤ ਦਾ ਅਜਿਹਾ ਸ਼ਬਦ ਹੈ ਜਿਸ ਦੇ ਸਜਾਤੀ, ਭਾਰੋਪੀ ਭਾਸ਼ਾਵਾਂ ਵਿਚ ਆਮ ਮਿਲਦੇ ਹਨ। ਇਸ ਦਾ ਪ੍ਰਯੋਗ ਗੁਰਬਾਣੀ ਵਿਚ ਤਾਂ ਮਿਲਦਾ ਹੈ (ਜਿਵੇਂ: ਆਠ ਪਹਰ ਉਦਕ ਇਨਸਾਨੀ), ਪਰ ਅਜੋਕੀ ਭਾਸ਼ਾ ਵਿਚ ਇਸ ਦੀ ਅਣਹੋਂਦ ਹੈ। ਵਿਚਾਰ-ਅਧੀਨ ਸ਼ਬਦ ਦਾ ਮੂਲ 'ਉਦ' ਹੈ ਅਤੇ ਇਸ ਦੇ ਸਬੰਧੀ ਰੂਸੀ Voda, ਅੰਗਰੇਜ਼ੀ Water ਤੇ ਯੂਨਾਨੀ Hydor ਦੇ ਭੇਸ ਵਿਚ ਪਾਏ ਜਾਂਦੇ ਹਨ, ਜਿਨ੍ਹਾਂ ਸਭਨਾ ਦਾ ਅਰਥ 'ਪਾਣੀ' ਹੈ। ਇਸ ਤੋਂ ਛੁੱਟ ਫਾਰਸੀ ਬਾਦਾ (ਸ਼ਰਾਬ) ਅਤੇ ਲਾਤੀਨੀ Unda (ਲਹਿਰ) ਵੀ ਇਸ ਸਿਲਸਿਲੇ ਵਿਚ ਸ਼ਾਮਲ ਹਨ। ਇਥੇ ਇਹ ਦੱਸਣ ਦੀ ਲੋੜ ਹੈ ਕਿ ਰੂਪ ਦੀ ਦ੍ਰਿਸ਼ਟੀ ਤੋਂ ਰੂਸੀ 'ਵੋਦਾ' ਤੇ ਫਾਰਸੀ 'ਬਾਦਾ' ਦੇ ਉਪਰੋਕਤ ਸ਼ਬਦ ਸੰਸਕ੍ਰਿਤ 'ਉਦ' ਦੇ ਨੇੜੇ ਹਨ, ਜੋ ਸਮਾਸ ਵਿਚ ਪਾਣੀ ਦਾ ਅਰਥ ਦਿੰਦਾ ਹੈ (ਜਿਵੇਂ ਪੰਜਾਬੀ:

ਜੀ. ਐਸ. ਰਿਆਲ

'ਊਦ-ਬਲਾਊ' ਦੀ ਹਾਲਤ ਵਿਚ, ਜਿਸ ਦਾ ਅਰਥ 'ਜਲ-ਬਿੱਲਾ' ਹੈ)।

ਦੂਜੀ ਸ਼੍ਰੇਣੀ ਅੰਗਰੇਜ਼ੀ 'ਵਾਟਰ' ਤੇ ਯੂਨਾਨੀ 'ਹਾਈਡਰ' ਦੇ ਰੂਪ ਹਨ ਜੋ ਸੰਸਕ੍ਰਿਤ 'ਉਦਰ' (ਪਾਣੀ) ਨਾਲ ਮੇਲ ਖਾਂਦੇ ਹਨ (ਇਸ ਨੂੰ 'ਸਮ-ਉਦਰ' ਅਰਥਾਤ 'ਸਮੁੰਦਰ' ਵਿਚ ਦੇਖਿਆ ਜਾ ਸਕਦਾ ਹੈ)। ਇਸ ਤਰ੍ਹਾਂ ਹੀ ਲਾਤੀਨੀ ਸ਼ਬਦ ਨੂੰ ਸੰਸਕ੍ਰਿਤ 'ਉਂਦ' ਦੀ ਲੋਅ ਵਿਚ ਤੱਕਿਆ ਜਾ ਸਕਦਾ ਹੈ, ਜੋ ਉਪਰੋਕਤ ਧਾਤੂ 'ਉਦ' ਦਾ ਅਨੁਨਾਸਕ ਰੂਪ ਹੈ। ਇਹ ਵੀ ਦੇਖਣਯੋਗ ਹੈ ਕਿ ਰੂਸੀ, ਯੂਨਾਨੀ ਤੇ ਲਾਤੀਨੀ ਦੇ ਉਪਰੋਕਤ ਸ਼ਬਦ ਸਾਡੇ ਲਈ ਬਹੁਤੇ ਓਪਰੇ ਨਹੀਂ, ਅਤੇ ਇਨ੍ਹਾਂ ਨਾਲ ਸਹਿਜੇ ਹੀ ਜਾਣ-ਪਛਾਣ ਕੱਢੀ ਜਾ ਸਕਦੀ ਹੈ ਕਿਉਂਕਿ ਰੂਸੀ 'ਵੋਦਾ' ਦਾ ਸਬੰਧ 'ਵੋਦਕਾ' ਨਾਲ ਹੈ ਜਿਸ ਨੂੰ ਆਮ ਜਾਣਿਆ-ਬੁਝਿਆ ਜਾਂਦਾ ਹੈ। ਫਿਰ ਯੂਨਾਨੀ ਸ਼ਬਦ ਨੂੰ 'ਹਾਈਡਰੋਜਨ' ਤੇ ਲਾਤੀਨੀ ਨੂੰ ਅੰਗਰੇਜ਼ੀ Undulate (ਲਹਿਰਾਉਣਾ) ਦੀ ਸ਼ਕਲ ਵਿਚ ਪਛਾਣਿਆ ਜਾ ਸਕਦਾ ਹੈ।

ਵੈਬਸਟਰ ਦੇ ਕੋਸ਼ ਅਨੁਸਾਰ, ਪਾਣੀ ਅਜਿਹਾ ਰੰਗਹੀਣ ਤੇ ਪਾਰਦਰਸ਼ੀ ਪਦਾਰਥ ਹੈ, ਜੋ ਸਮੁੰਦਰਾਂ, ਦਰਿਆਵਾਂ, ਝੀਲਾਂ ਆਦਿ ਵਿਚ ਪਾਇਆ ਜਾਂਦਾ ਹੈ ਅਤੇ ਬੱਦਲਾਂ ਵਿਚੋਂ ਬਾਰਸ਼ ਦੇ ਰੂਪ ਵਿਚ ਧਰਤੀ 'ਤੇ ਡਿਗਦਾ ਹੈ...। ਇਸ ਦੇ ਵੱਖ-ਵੱਖ ਅਰਥਾਂ ਨੂੰ ਇੰਜ ਵਿਆਖਿਆਇਆ ਤੇ ਵੰਡਿਆ ਜਾ ਸਕਦਾ ਹੈ:

(1) ਵਰਤਣਯੋਗ ਪਦਾਰਥ: ਜਿਵੇਂ ਪੀਣ, ਨਹਾਉਣ ਤੇ ਕੱਪੜੇ ਧੋਣ ਦਾ ਪਾਣੀ- 'ਪਾਣੀ' ਸ਼ਬਦ ਦਾ ਮੂਲ ਅਰਥ ਕੇਵਲ ਪੀਣ-ਪਦਾਰਥ ਹੈ।

(2) ਨਸ਼ੀਲਾ ਪਾਣੀ: ਪਾਣੀ ਦਾ ਅਰਥ ਸ਼ਰਾਬ ਵੀ ਨਿਕਲਦਾ ਹੈ ਜਿਸ ਦਾ ਅਸਲ ਭਾਵ 'ਪੀਣ ਪਦਾਰਥ' ਹੈ। ਪੰਜਾਬੀ ਦੇ ਅਰਬੀ-ਮੂਲਕ 'ਸ਼ਰਾਬ' ਤੇ 'ਸ਼ਰਬਤ' ਪਰਸਪਰ ਸਾਂਝੇ ਸ਼ਬਦ ਹਨ। ਇਹੀ ਗੱਲ ਅੰਗਰੇਜ਼ੀ Liquor ਤੇ Liquid ਦੀ ਹੈ; ਰੂਸੀ 'ਵੋਦਕਾ' ਤੇ ਫਾਰਸੀ 'ਬਾਦਾ' ਬਾਰੇ ਪਹਿਲਾਂ ਦੱਸ ਚੁਕੇ ਹਾਂ।

(3) ਸਰੀਰਕ ਦ੍ਰਵ: ਜਿਵੇਂ ਹੰਝੂ, ਲਾਲਾਂ, ਪਿਸ਼ਾਬ ਅਤੇ ਗ੍ਰੰਥੀਆਂ ਵਿਚੋਂ ਨਿਕਲਣ ਵਾਲੇ ਰਸ। ਇਸ ਸਬੰਧ ਵਿਚ ਦੇਖੋ: ਮੂੰਹ ਵਿਚ ਪਾਣੀ ਭਰਨਾ; ਸਰੀਰ 'ਚੋਂ ਪਾਣੀ ਮੁੱਕ ਜਾਣਾ; ਲਿਕੋਰੀਆ ਦੇ

***ਖੂਹ ਦੀ ਕਾਢ ਸਭਿਅਤਾ ਦੇ ਵਿਕਾਸ ਦੀ ਵੱਡੀ ਘਟਨਾ ਹੈ। ਪੰਜਾਬੀ ਜਨ-ਜੀਵਨ ਵਿਚ ਖੂਹ ਦੀ ਸੰਸਥਾ ਦੀ ਨਿਵੇਕਲੀ ਥਾਂ ਹੈ। ਸਮੇਂ ਦੇ ਹੋਰ ਅੱਗੇ ਵਧਣ ਨਾਲ ਖੂਹਾਂ ਦੀ ਥਾਂ ਨਲਕੇ ਮੱਲ ਲੈਂਦੇ ਹਨ ਅਤੇ ਅੱਜ ਕੱਲ੍ਹ ਟੂਟੀਆਂ ਤੇ ਜਲ-ਘਰਾਂ ਦਾ ਬੋਲਬਾਲਾ ਹੈ। ਇਸ ਤਰ੍ਹਾਂ ਸਮੇਂ ਦੇ ਫੇਰ ਨਾਲ ਪਨਘਟ ਤੇ ਖੂਹਾਂ ਤੋਂ ਪਾਣੀ ਭਰਨ ਦਾ ਰਿਵਾਜ, ਜੋ ਜਨਾਨੀਆਂ ਦਾ ਕਿੱਤਾ ਸੀ, ਬੀਤੇ ਸਮੇਂ ਦੀ ਯਾਦ ਬਣ ਕੇ ਰਹਿ ਗਿਆ ਹੈ। ਬਾਂਕੀਆਂ ਨਾਰਾਂ ਦਾ ਖੂਹ 'ਤੇ ਪਾਣੀ ਭਰਨਾ ਅਤੇ ਚਾਹਵਾਨ ਰਾਹੀਆਂ ਦਾ ਪਾਣੀ ਦਾ ਘੁੱਟ ਮੰਗਣਾ, ਸਾਡੇ ਲੋਕ ਗੀਤਾਂ ਦਾ ਸਜੀਵ ਦ੍ਰਿਸ਼ ਹੈ।***

ਰੋਗ ਬਾਰੇ 'ਪਾਣੀ ਪੈਣ'; ਅੰਗਰੇਜ਼ੀ Make Water ਅਰਥਾਤ ਪਿਸ਼ਾਬ ਕਰਨਾ।

(4) ਪਾਣੀ ਦਾ ਸਮੂਹਕ ਰੂਪ: ਸਮੁੰਦਰ, ਦਰਿਆ, ਸਰੋਵਰ ਆਦਿ। ਫਾਰਸੀ 'ਆਬ' ਦਾ ਇਕ ਅਰਥ ਪਾਣੀ ਅਤੇ ਦੂਜਾ ਦਰਿਆ ਹੈ (ਜਿਵੇਂ 'ਪੰਜਾਬ' ਦੇ ਅੰਤਿਮ ਭਾਗ ਵਿਚ)। ਇਸ ਤੋਂ ਇਲਾਵਾ ਉਪਰ ਦੱਸੇ 'ਸਮੁੰਦਰ' ਦਾ ਮੂਲ ਅਰਥ



'ਪਾਣੀ ਦਾ ਸਮੂਹ' ਹੈ।

(5) ਚਮਕੀਲਾਪਣ: ਪਾਣੀ ਦਾ ਇਕ ਭੌਤਿਕ ਗੁਣ ਇਸ ਦੀ ਪਾਰਦਰਸ਼ਤਾ ਹੈ। ਇਸ ਵਿਸ਼ੇਸ਼ਤਾ ਕਾਰਨ ਇਸ ਦਾ ਅਰਥ 'ਚਮਕ, ਆਭਾ ਤੇ ਮੁਲੰਮਾ' ਦਾ ਨਿਕਲਦਾ ਹੈ। ਫਿਰ 'ਚਮਕ' ਦਾ ਲਾਖਣਿਕ ਅਰਥ 'ਇੱਜ਼ਤ ਜਾਂ ਮਾਣ' ਬਣ ਜਾਂਦਾ ਹੈ। ਫਾਰਸੀ 'ਆਬ' ਅਰਥਾਤ 'ਪਾਣੀ' ਦਾ ਅਰਥ 'ਚਮਕ' ਵੀ ਹੈ। 'ਸ਼ੀਸ਼ੇ ਨੂੰ ਪਾਣੀ ਚੜ੍ਹਾਉਣਾ' ਉਸ ਨੂੰ ਚਮਕਦਾਰ ਜਾਂ ਪਾਰਦਰਸ਼ੀ ਬਣਾਉਣਾ ਹੈ; 'ਸੋਨੇ ਦਾ ਪਾਣੀ ਫੇਰਨਾ' ਸੋਨੇ ਦੀ ਝਾਲ ਫੇਰਨਾ ਹੈ; 'ਪਾਣ-ਪੱਤ ਰੱਖਣ' ਦਾ ਅਰਥ ਇੱਜ਼ਤ ਰੱਖਣਾ ਹੈ।

(6) ਸੱਜਲਤਾ: ਪਾਣੀ ਦਾ ਸਬੰਧ ਗਿੱਲਾ ਹੋਣ ਜਾਂ ਭਿੱਜਣ ਨਾਲ ਵੀ ਹੈ। 'ਸੱਜਲ' ਦਾ ਮੂਲ ਅਰਥ 'ਜਲ-ਸਹਿਤ' ਹੈ; 'ਲੋਹੇ ਨੂੰ ਪਾਣ ਦੇਣ' ਦਾ ਭਾਵ ਉਸ ਨੂੰ ਤਾਅ ਕੇ ਪਾਣੀ 'ਚ ਭਿਉਣਾ ਹੈ। 'ਕੱਪੜੇ ਨੂੰ ਪਾਣ ਚੜ੍ਹਾਉਣਾ' ਵੀ ਅਸਲ ਵਿਚ ਉਸ ਨੂੰ ਕਿਸੇ ਘੋਲ ਵਿਚ ਡੋਬਾ ਦੇਣਾ ਹੈ।

(7) ਚਲਤਾ: ਪਾਣੀ ਦਾ ਸੁਭਾਉ ਹੈ ਵਗਣਾ ਤੇ ਉਛਲਕੂਦ ਕਰਨਾ, ਜਿਸ ਤੋਂ ਲਹਿਰਾਉਣ ਤੇ ਵਗਣ ਦੇ ਭਾਵ ਪੈਦਾ ਹੁੰਦੇ ਹਨ। ਇਸ ਤਰ੍ਹਾਂ ਪਹਿਲਾਂ ਦਿੱਤੇ ਸੰਸਕ੍ਰਿਤ ਧਾਤੂ 'ਉਦ-' ਦਾ ਅਰਥ ਵਗਣਾ ਤੇ ਉਛਾਲੇ ਖਾਣਾ, ਅਤੇ ਲਾਤੀਨੀ Unda ਦਾ 'ਲਹਿਰ' ਹੈ; ਅੰਗਰੇਜ਼ੀ Watered-silk ਅਜਿਹਾ ਕੱਪੜਾ ਹੈ ਜਿਸ ਵਿਚ ਲਹਿਰੀਆ ਝਲਕ ਪੈਂਦੀ ਹੈ: 'ਤਰਲ' ਦਾ ਅਰਥ ਸੰਗਿਆ ਵਜੋਂ 'ਪਾਣੀ' ਹੈ ਜਦੋਂ ਕਿ ਵਿਸ਼ੇਸ਼ਣ ਵਜੋਂ ਇਸ ਦਾ ਅਰਥ 'ਹਿਲਦਾ, ਚੰਚਲ ਜਾਂ ਅਸਥਿਰ' ਹੈ (ਇਸ ਤੋਂ ਇਲਾਵਾ, ਲਹਿਰਾਉਣ ਦਾ ਲਾਖਣਿਕ ਅਰਥ ਲਹਿਰ-ਬਹਿਰ, ਖੁਸ਼ਹਾਲੀ ਜਾਂ ਬਹੁਤਾਤ ਵਿਚ ਨਿਕਲਦਾ ਹੈ। ਅੰਗਰੇਜ਼ੀ Abudance ਸ਼ਬਦ ਉਪਰੋਕਤ ਲਾਤੀਨੀ Unda ਨਾਲ ਜੁੜਿਆ ਹੋਇਆ ਹੈ)।

ਮਨੁੱਖੀ ਹੋਂਦ ਲਈ ਪਾਣੀ ਦੀ ਅਵੱਸ਼ ਲੋੜ ਹੈ। ਅਸਲ ਵਿਚ ਜੀਵਨ ਦਾ ਅਰੰਭ ਹੀ ਪਾਣੀ ਵਿਚੋਂ ਹੋਇਆ ਹੈ। ਆਦਿ-ਕਾਲੀ ਮਨੁੱਖ ਪਾਣੀ ਦੀ ਲੋੜ ਕੁਦਰਤੀ ਸੋਮਿਆਂ ਜਿਵੇਂ ਦਰਿਆਵਾਂ ਜਾਂ ਝੀਲਾਂ ਤੋਂ ਪੂਰੀ ਕਰਦਾ ਸੀ। ਸਾਡੇ ਪਾਸ ਇਸ ਯੁਗ ਦੀ ਯਾਦਗਾਰ 'ਘਾਟ' ਸ਼ਬਦ ਹੈ, ਜਿਸ ਦਾ ਅਰਥ ਦਰਿਆ ਦਾ ਕੰਢਾ ਹੈ, ਅਰਥਾਤ ਪਾਣੀ ਭਰਨ ਤੇ ਨਹਾਉਣ-ਧੋਣ ਦੀ ਥਾਂ। ਇਸ ਤੋਂ ਇਲਾਵਾ, 'ਘਾਟ' ਦਾ ਅਰਥ ਪੱਤਣ ਵੀ ਹੈ। ਪਾਣੀ ਭਰਨ ਵਾਲੀ ਥਾਂ ਲਈ ਪਨਘਟ ਸ਼ਬਦ ਵੀ ਹੈ, ਜਿਸ ਦਾ ਜ਼ਿਆਦਾ ਸਬੰਧ ਹਿੰਦੀ ਨਾਲ ਹੈ। ਉਂਜ ਪੰਜਾਬੀ ਵਿਚ 'ਘਾਟ' ਦੀ ਵਰਤੋਂ ਵੀ ਪਾਣੀ ਭਰਨ ਦੀ ਥਾਂ ਲਈ ਘੱਟ-ਵੱਧ ਹੀ ਹੁੰਦੀ ਹੈ ਅਤੇ ਇਸ ਦੀਆਂ ਪੈੜਾਂ ਕੇਵਲ ਅਖਾਣਾਂ ਜਾਂ ਮੁਹਾਵਰਿਆਂ ਵਿਚ ਦਿਸਦੀਆਂ ਹਨ, ਜਿਵੇਂ 'ਘਰ-ਘਾਟ'; 'ਘਰ ਦਾ ਨਾ ਘਾਟ ਦਾ'; 'ਘਾਟ ਘਾਟ ਦਾ ਪਾਣੀ ਪੀਣਾ'। ਘਰ ਦੇ ਟਾਕਰੇ ਘਾਟ ਦੀ ਵਰਤੋਂ ਤੋਂ ਇਸ ਥਾਂ ਦੀ ਮਹੱਤਤਾ ਦਾ ਭਲੀ-ਭਾਂਤ ਪਤਾ ਲੱਗ ਜਾਂਦਾ ਹੈ। ਘਾਟ ਤੋਂ ਅੱਗੇ ਚੱਲ ਕੇ ਖੂਹ ਦੀ ਕਾਢ ਸਭਿਅਤਾ ਦੇ ਵਿਕਾਸ ਦੀ ਵੱਡੀ ਘਟਨਾ ਹੈ। ਪੰਜਾਬੀ ਜਨ-ਜੀਵਨ ਵਿਚ ਖੂਹ ਦੀ ਸੰਸਥਾ ਦੀ ਨਿਵੇਕਲੀ ਥਾਂ ਹੈ। ਸਮੇਂ ਦੇ ਹੋਰ ਅੱਗੇ ਵਧਣ ਨਾਲ ਖੂਹਾਂ ਦੀ ਥਾਂ ਨਲਕੇ ਮੱਲ ਲੈਂਦੇ ਹਨ ਅਤੇ ਅੱਜ ਕੱਲ੍ਹ ਟੂਟੀਆਂ ਤੇ ਜਲ-ਘਰਾਂ ਦਾ ਬੋਲਬਾਲਾ ਹੈ। ਇਸ ਤਰ੍ਹਾਂ ਸਮੇਂ ਦੇ ਫੇਰ ਨਾਲ ਪਨਘਟ ਤੇ ਖੂਹਾਂ ਤੋਂ ਪਾਣੀ ਭਰਨ ਦਾ ਰਿਵਾਜ, ਜੋ ਜਨਾਨੀਆਂ ਦਾ ਕਿੱਤਾ ਸੀ, ਬੀਤੇ ਸਮੇਂ ਦੀ ਯਾਦ ਬਣ ਕੇ ਰਹਿ ਗਿਆ ਹੈ। ਬਾਂਕੀਆਂ ਨਾਰਾਂ ਦਾ ਖੂਹ 'ਤੇ ਪਾਣੀ ਭਰਨਾ ਅਤੇ ਚਾਹਵਾਨ ਰਾਹੀਆਂ ਦਾ ਪਾਣੀ ਦਾ ਘੁੱਟ ਮੰਗਣਾ, ਸਾਡੇ ਲੋਕ ਗੀਤਾਂ ਦਾ ਸਜੀਵ ਦ੍ਰਿਸ਼ ਹੈ।

ਆਦਿ ਮਨੁੱਖ ਪਾਣੀ ਲਈ ਚੰਮ-ਥੈਲੀਆਂ, ਚਿੱਪੀਆਂ ਤੇ ਤੂੰਬਿਆਂ ਆਦਿ ਦੀ ਵਰਤੋਂ ਕਰਦਾ ਹੋਏਗਾ। ਸੰਸਕ੍ਰਿਤ ਵਿਚ 'ਦ੍ਰਿਤਿ' ਸ਼ਬਦ ਮਿਲਦਾ



ਹੈ ਜਿਸ ਦਾ ਅਰਥ ਪਾਣੀ ਭਰਨ ਲਈ ਚੰਮ ਦੀ ਥੈਲੀ ਜਾਂ ਮਸ਼ਕ ਹੈ, ਪਰ ਪੰਜਾਬੀ ਵਿਚ ਅਜਿਹਾ ਸ਼ਬਦ ਦੇਖਣ ਵਿਚ ਨਹੀਂ ਆਉਂਦਾ ('ਮਸ਼ਕ' ਅਰਬੀ ਜਾਂ ਫਾਰਸੀ ਤੋਂ ਉਧਾਰ ਲਿਆ ਗਿਆ ਹੈ ਅਤੇ 'ਬੋਕਾ' ਖੂਹ ਵਿਚੋਂ ਪਾਣੀ ਕੱਢਣ ਲਈ ਚਮੜੇ ਦਾ ਬਣਿਆ ਡੋਲ ਹੈ)। 'ਪਾਣੀ ਭਰਨ' ਅਰਥਾਤ ਪਾਣੀ ਨੂੰ ਖੂਹ ਤੋਂ ਲਿਆਉਣ ਅਤੇ ਉਸ ਨੂੰ ਘਰ ਵਿਚ ਰੱਖਣ ਲਈ ਘੜੇ ਦਾ ਪ੍ਰਚਲਨ ਬੜੀ ਵਿਸ਼ੇਸ਼ਤਾ ਰਖਦਾ ਹੈ। ਘੜੇ ਦੀ ਵਡਿਆਈ ਦਾ ਅੰਦਾਜ਼ਾ ਇਸ ਤੱਥ ਤੋਂ ਹੁੰਦਾ ਹੈ ਕਿ 'ਘੁਮਿਆਰ' ਦਾ ਅਸਲੀ ਰੂਪ ਹੀ 'ਕੁੰਭਕਾਰ' ਅਰਥਾਤ ਘੜੇ ਬਣਾਉਣ ਵਾਲਾ ਹੈ। ਹੋਰ ਤੇ ਹੋਰ, ਸਾਡੀ 'ਘੜੀ' ਦਾ ਪੂਰਵਜ ਵੀ ਛੋਟਾ ਘੜਾ ਜਾਂ ਘਰੋਟੀ ਹੈ, ਕਿਉਂਕਿ ਕਿਸੇ ਸਮੇਂ, ਸਮੇਂ ਦੀ ਮਿਣਤੀ ਲਈ ਜਲਘੜੀ ਦੀ ਵਰਤੋਂ ਹੁੰਦੀ ਸੀ।

ਘੜੇ ਨੂੰ ਸਾਜ਼ ਵਜੋਂ ਵੀ ਵਰਤਿਆ ਜਾਂਦਾ ਹੈ ਅਤੇ ਇਹ ਤਰਨ ਦਾ ਵੀ ਸਾਧਨ ਹੈ। ਸੋਹਣੀ ਨੇ ਝਨਾਂ ਪਾਰ ਕਰਨ ਲਈ ਘੜੇ ਦੀ ਵਰਤੋਂ ਕਰਕੇ ਇਸ ਨੂੰ ਡਾਵਾਂ ਭਾਵ-ਉਤੇਜਕ ਬਣਾ ਦਿੱਤਾ ਹੈ। ਗੱਲ ਕੀ, ਪੰਜਾਬੀ ਘੜਾ ਨਿਰਾ-ਪੁਰਾ ਮਿੱਟੀ ਦਾ ਭਾਂਡਾ ਹੀ ਨਹੀਂ, ਸਗੋਂ ਵਿਸ਼ੇਸ਼ ਸ਼ਖਸੀਅਤ ਦਾ ਧਾਰਨੀ ਹੈ। ਧਾਤ-ਯੁਗ ਦੇ ਆਉਣ ਨਾਲ ਪਾਣੀ ਭਰਨ ਲਈ ਗਾਗਰਾਂ ਤੇ ਗੜਵੇ ਬਣਾਏ ਗਏ। ਪਰ ਸਮਾਂ ਨਿਰੰਤਰ ਗਤੀਸ਼ੀਲ ਹੈ। ਅਜੋਕੇ ਸਮੇਂ ਵਿਚ ਅਸੀਂ ਪਾਣੀ ਲਈ ਸ਼ੀਸ਼ੇ ਤੇ ਸਟੀਲ ਦੇ ਜੱਗਾਂ ਦੀ ਵਰਤੋਂ ਕਰਦੇ ਹਾਂ।

ਫਸਲਾਂ ਉਗਾਉਣ ਲਈ ਪਾਣੀ ਦੀ ਲੋੜ ਪੈਂਦੀ ਹੈ। ਸ਼ੁਰੂ ਵਿਚ ਖੇਤੀਬਾੜੀ ਦਾ ਕੰਮ ਬਾਰਸ਼ 'ਤੇ ਨਿਰਭਰ ਸੀ। ਸਾਡੇ ਦੇਸ਼ ਵਿਚ ਬਰਸਾਤ ਦੀ ਰੁੱਤ ਨਿਸ਼ਚਿਤ ਸਮੇਂ ਸ਼ੁਰੂ ਹੁੰਦੀ ਹੈ ਅਤੇ ਫਸਲਾਂ ਦੀ ਬਿਜਾਈ ਬਾਰਸ਼ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਬਾਰਸ਼ ਦੀ ਵਿਸ਼ੇਸ਼ਤਾ ਤੇ ਬਖਸ਼ਿਸ਼ ਦਾ ਪਤਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਬਰਸ ਅਤੇ ਬਰਸਾਤ ਜਾਂ ਬਾਰਸ਼ ਇਕ ਹੀ ਮੂਲ ਦੇ ਸ਼ਬਦ ਹਨ ਕਿਉਂਕਿ 'ਬਰਸ' ਦਾ ਮੁਢਲਾ ਅਰਥ ਬਰਸਾਤ ਤੋਂ ਲੈ ਕੇ ਆਉਣ ਵਾਲੀ ਬਰਸਾਤ ਤਕ ਦਾ ਵਕਫਾ ਹੈ (ਇਸ ਤਰ੍ਹਾਂ ਜਦ ਅਸੀਂ ਕਹਿੰਦੇ ਹਾਂ ਕਿ 'ਉਹ ਮੁੰਡਾ ਪੰਜਾਂ ਵਰ੍ਹਿਆਂ ਦਾ ਹੈ' ਤਾਂ ਇਸ ਦਾ ਅਸਲ ਭਾਵ ਇਹ ਹੈ ਕਿ ਉਸ ਨੂੰ ਪੈਦਾ ਹੋਏ ਪੰਜ ਬਰਸਾਤਾਂ ਲੰਘ ਚੁੱਕੀਆਂ ਹਨ)। ਖੂਹ ਦੀ ਕਾਢ ਨਾਲ ਖੇਤੀ ਨੂੰ ਪਾਣੀ ਦੇਣ ਦੇ ਢੰਗ ਵਿਚ ਨਵਾਂ ਮੋੜ ਆਉਂਦਾ ਹੈ। ਖੂਹ ਵਿਚੋਂ ਪਾਣੀ ਕੱਢਣ ਲਈ ਪਹਿਲਾਂ ਚਰਸ ਦੀ ਵਰਤੋਂ ਹੁੰਦੀ ਹੈ। ਇਹ ਚਮੜੇ ਦਾ ਬਣਿਆ ਵੱਡਾ ਸਾਰਾ ਡੋਲ ਸੀ ਜਿਸ ਨੂੰ ਰੱਸਾ ਪਾ ਕੇ ਭਾਉਣੀ ਉਪਰ ਦੀ ਬਲਦਾਂ ਦੀ ਮਦਦ ਨਾਲ ਖਿਚਿਆ ਜਾਂਦਾ ਸੀ। ਇਸ ਪਿਛੋਂ ਪਾਣੀ ਕੱਢਣ ਲਈ ਹਲਟ ਦੀ ਵਰਤੋਂ ਹੋਣ ਲੱਗੀ। ਇਸ ਸ਼ਬਦ ਦਾ ਮੂਲ ਸੰਸਕ੍ਰਿਤ ਅਰਘਟ ਹੈ (ਜੋ ਹਿੰਦੀ 'ਅਰਹਟ' ਜਾਂ 'ਰਹਟ' ਦੀ ਸ਼ਕਲ ਧਾਰਨ ਕਰਦਾ ਹੈ)। ਇਸ ਦਾ ਮੂਲ ਅਰਥ 'ਚੱਕਰੀ-ਘਾਟ' ਅਰਥਾਤ ਘਾਟ ਤੋਂ ਚੱਕਰੀ ਰਾਹੀਂ ਪਾਣੀ ਖਿੱਚਣ ਵਾਲਾ ਯੰਤਰ ਪ੍ਰਤੀਤ ਹੁੰਦਾ ਹੈ। ਸੰਸਕ੍ਰਿਤ ਵਿਚ 'ਘਟ-ਯੰਤਰ' ਦਾ ਸ਼ਬਦ ਵੀ ਹੈ, ਜਿਸ ਦਾ ਮੂਲ ਅਰਥ ਘੜਿਆਂ ਅਰਥਾਤ ਟਿੰਡਾਂ ਰਾਹੀਂ ਪਾਣੀ ਕੱਢਣ ਵਾਲਾ ਯੰਤਰ ਹੈ। 'ਹਲਟ ਵਾਲਾ ਖੂਹ' ਅਜਿਹੀ ਥਾਂ ਦਾ ਸੂਚਕ ਹੈ ਜਿਥੇ ਛਾਂ-ਦਾਰ ਰੁੱਖ ਹੋਣ ਅਤੇ ਕਿਸਾਨ ਦੇ ਆਰਾਮ ਕਰਨ ਤੇ ਬਲਦਾਂ ਦੇ ਚਾਰੇ ਆਦਿ ਦਾ ਪ੍ਰਬੰਧ ਹੋਵੇ। ਸਿੰਜਾਈ ਲਈ ਨਹਿਰਾਂ ਦੀ ਕਢਾਈ ਵੀ ਬੜੀ ਅਹਿਮ ਹੈ। ਯੁਗ ਪਲਟਣ ਨਾਲ ਹਲਟ ਦਾ ਪਤਨ ਹੋ ਗਿਆ ਅਤੇ ਇਸ ਦੀ ਥਾਂ ਟਿਊਬਵੈੱਲਾਂ ਨੇ ਸਾਂਭ ਲਈ।

ਜਿਵੇਂ ਉਪਰ ਦੱਸਿਆ ਹੈ ਕਿ ਜੀਵ ਵਿਗਿਆਨ ਅਨੁਸਾਰ ਜੀਵਨ ਦੀ ਉਤਪਤੀ ਪਾਣੀ ਤੋਂ ਹੋਈ ਹੈ। 'ਪਵਣੁ ਗੁਰੂ ਪਾਣੀ ਪਿਤਾ' ਦੀ ਤੁਕ ਵੀ ਪਾਣੀ ਦੀ ਜਣਨਾਤਮਕ ਸ਼ਕਤੀ ਦੀ ਸੂਚਕ ਹੈ। ਪਾਣੀ ਪਵਿੱਤਰ ਤੇ ਪੁਨੀਤ ਪਦਾਰਥ ਗਿਣਿਆ ਗਿਆ ਹੈ। ਇਹ ਕੱਪੜਿਆਂ ਦੀ ਹੀ ਮੈਲ ਨਹੀਂ ਕੱਟਦਾ, ਸਰੀਰ ਦੀ ਸੁੱਚਮਤਾ ਤੇ ਪਾਪਾਂ ਦੀ ਨਵਿਰਤੀ ਵੀ ਕਰਦਾ ਹੈ। ਸਾਡੇ ਧਰਮ ਵਿਚ ਇਸ਼ਨਾਨ ਦੀ ਬੜੀ ਮਹਿਮਾ ਹੈ। ਇਥੋਂ ਤਕ ਕਿ 'ਤੀਰਥ' ਦਾ ਮੂਲ ਅਰਥ ਹੀ ਦਰਿਆ ਆਦਿ ਦਾ ਕੰਢਾ ਅਰਥਾਤ ਇਸ਼ਨਾਨ ਕਰਨ ਦੀ ਥਾਂ ਹੈ। ਇਸ ਤਰ੍ਹਾਂ ਤੀਰਥ ਤੇ ਤੀਰ ਦੀ ਆਪਸੀ ਸਾਂਝ ਹੈ। ਅਨੇਕਾਂ ਦਰਿਆਵਾਂ ਤੇ ਸਰੋਵਰਾਂ ਨੂੰ ਪੂਜਨੀਕ ਮੰਨਿਆ ਜਾਂਦਾ ਹੈ। 'ਅੰਮ੍ਰਿਤਸਰ' ਤੇ 'ਮੁਕਤਸਰ' ਦੇ ਸਥਾਨ ਪਵਿੱਤਰ ਸਰੋਵਰਾਂ ਦੇ ਸੂਚਕ ਹਨ। ਪਾਣੀ ਦਾ ਸਬੰਧ ਵਿਆਹ ਦੀਆਂ ਕੁਝ ਰਸਮਾਂ ਨਾਲ ਵੀ ਹੈ। ਲਾੜੇ ਦੀ ਮਾਂ ਡੋਲੀ ਘਰ ਆਉਣ 'ਤੇ ਜੋੜੀ ਉਤੋਂ 'ਪਾਣੀ ਵਾਰ ਕੇ ਪੀਂਦੀ ਹੈ'। 'ਕੁੰਭ ਪਾਉਣ' ਦੀ ਰੀਤੀ ਅਨੁਸਾਰ ਪਾਣੀ ਵਾਲੇ ਬਰਤਨ ਵਿਚ ਪੈਸੇ ਪਾਏ ਜਾਂਦੇ ਹਨ, ਜੋ ਦਾਨ ਵਜੋਂ ਦਿੱਤੇ ਜਾਂਦੇ ਹਨ। ਪਵਿੱਤਰ ਦਰਿਆਵਾਂ ਤੇ ਨਦੀਆਂ ਵਿਚ ਪੈਸੇ ਤੇ ਨਾਰੀਅਲ ਸੁੱਟਣ ਦਾ ਰਿਵਾਜ ਹੈ।

ਵਿਆਹ ਦੀ ਇਕ ਰਸਮ 'ਘੜੋਲੀ' ਜਾਂ 'ਘੜਾ-ਘੜੋਲੀ' ਵੀ ਹੈ, ਜਿਸ ਵਿਚ ਜਨਾਨੀਆਂ ਸ਼ਿੰਗਾਰਿਆ ਘੜਾ ਸਿਰ 'ਤੇ ਚੁੱਕ ਕੇ ਗਾਉਂਦੀਆਂ ਖੂਹ 'ਤੇ ਜਾਂਦੀਆਂ ਹਨ ਤੇ ਉਥੋਂ ਲਿਆਂਦੇ ਪਾਣੀ ਨਾਲ ਵਿਆਹੁੰਦੜ ਮੁੰਡੇ ਜਾਂ ਕੁੜੀ ਨੂੰ ਨੁਹਾਉਂਦੀਆਂ ਹਨ। ਸਾਡੀ 'ਘੜੋਲੀ' ਨਾਲ ਮਿਲਦੀ-ਜੁਲਦੀ ਰਸਮ ਯੂਨਾਨੀਆਂ ਵਿਚ ਵੀ ਪ੍ਰਚਲਿਤ ਸੀ। ਯੂਨਾਨੀ Loutrophorous ਅਨੁਸਾਰ ਪੁਰਾਤਨ ਐਥਨਜ਼ ਵਾਸੀ ਵਿਆਹੁੰਦੜ ਦੇ ਇਸ਼ਨਾਨ ਲਈ ਵਿਸ਼ੇਸ਼ ਚਸ਼ਮੇ ਤੋਂ ਜਲ ਭਰ ਕੇ ਲਿਆਉਂਦੇ ਸਨ। 'ਕੁੰਭ ਦਾ ਮੇਲਾ' ਵੀ ਘੜੇ ਨਾਲ ਜੁੜਿਆ ਹੋਇਆ ਹੈ। ਇਕ ਪੌਰਾਣਿਕ ਕਥਾ ਵਿਚ ਆਉਂਦਾ ਹੈ ਕਿ ਇੰਦਰ ਦੇਵਤੇ ਦਾ ਪੁੱਤਰ 'ਜਯੰਤ' ਅੰਮ੍ਰਿਤ ਦਾ ਮਟਕਾ ਚੁੱਕੀ ਸਵਰਗ ਨੂੰ ਜਾ ਰਿਹਾ ਸੀ ਕਿ ਦੈਂਤ ਨੇ ਮਟਕਾ ਖੋਹ ਲਿਆ। ਇਸ 'ਤੇ ਦੇਵਤਿਆਂ ਤੇ ਦੈਂਤਾਂ ਵਿਚ ਲੜਾਈ ਛਿੜ ਗਈ ਅਤੇ ਖਿੱਚ-ਧੂਹ ਕਰਦਿਆਂ ਅੰਮ੍ਰਿਤ ਡੁੱਲ੍ਹ ਗਿਆ। ਇਹ ਅੰਮ੍ਰਿਤ ਡੁੱਲ੍ਹਿਆ ਹਰਦਵਾਰ, ਪ੍ਰਯਾਗ, ਨਾਸਿਕ ਤੇ ਉਜੈਨ ਦੇ ਸਥਾਨਾਂ 'ਤੇ, ਜਿਥੇ ਕੁੰਭ ਦਾ ਮੇਲਾ ਲਗਦਾ ਹੈ।

ਪਾਣੀ ਦੀ ਪਵਿੱਤਰਤਾ ਦਾ ਪਤਾ ਇਸ ਤੋਂ ਵੀ ਲਗਦਾ ਹੈ ਕਿ ਸੂਰਜ ਦੇਵਤੇ ਨੂੰ ਪਾਣੀ ਦਾ ਚੜ੍ਹਾਵਾ ਪੇਸ਼ ਕੀਤਾ ਜਾਂਦਾ ਹੈ। ਕਰਵਾ ਚੌਥ ਦੇ ਤਿਉਹਾਰ ਸਮੇਂ ਚੰਦਰਮਾ ਨੂੰ ਪਾਣੀ ਦਾ ਅਰਘ ਦਿੱਤਾ ਜਾਂਦਾ ਹੈ। ਸਾਡੇ ਸ਼ਬਦ 'ਪੌਖੇ' ਦਾ ਅਸਲ ਮਨਸ਼ਾ ਪਾਣੀ ਦਾ ਛਿੱਟਾ ਦੇਣਾ ਹੈ। ਖਵਾਜਾ ਖਿਜ਼ਰ ਪਾਣੀਆਂ ਦਾ ਰਾਖਾ ਮੰਨਿਆ ਜਾਂਦਾ ਹੈ। ਖੂਹ ਦੀ ਲਹਾਈ ਸਮੇਂ ਇਸ ਦੇ ਨਾਂ ਦਾ ਦਲੀਆ ਦਿੱਤਾ ਜਾਂਦਾ ਹੈ ਅਤੇ ਖੂਹ 'ਤੇ ਦੀਵੇ ਬਾਲੇ ਜਾਂਦੇ ਸਨ। ਮਾਂਝੀ, ਖਿਜ਼ਰ ਦਾ ਨਾਂ ਲੈ ਕੇ ਬੇੜੀ ਠੇਲ੍ਹਦੇ ਹਨ ਅਤੇ ਸਵਾਰੀਆਂ ਤੋਂ ਜੋ ਕਿਰਾਇਆ ਲਿਆ ਜਾਂਦਾ ਹੈ, ਉਸ ਨੂੰ 'ਚਰਾਗੀ' ਕਿਹਾ ਜਾਂਦਾ ਹੈ, ਜਿਸ ਦਾ ਭਾਵ (ਖਿਜ਼ਰ ਦੀ ਕ੍ਰਿਪਾ-ਦ੍ਰਿਸ਼ਟੀ ਲਈ) ਪਾਣੀ ਕੰਢੇ ਦੀਵੇ ਬਾਲਣ ਦਾ ਹੈ। ਅਖਾਣ 'ਖੁਆਜੇ ਦਾ ਗਵਾਹ ਡੱਡੂ' ਵਿਚ ਵੀ ਖਿਜ਼ਰ ਦਾ ਨਾਂ ਬੋਲਦਾ ਹੈ।

ਪੀਣ ਲਈ ਪਾਣੀ ਭਰਨ ਅਤੇ ਫਸਲਾਂ ਦੀ ਸਿੰਜਾਈ ਲਈ, ਜਿਵੇਂ ਉਪਰ ਦੱਸਿਆ ਹੈ, ਮਨੁੱਖ ਕਈ ਮੰਜ਼ਲਾਂ ਮਾਰਦਾ ਅੱਗੇ ਵਧਿਆ ਹੈ। ਕਿਸੇ ਸੰਸਥਾ ਦੇ ਲੋਪ ਹੋ ਜਾਣ ਨਾਲ ਸਬੰਧਤ ਸ਼ਬਦਾਵਲੀ ਦਾ ਪਤਨ ਬਿਲਕੁਲ ਸੁਭਾਵਕ ਹੈ। ਪਾਣੀ ਨਾਲ ਬੱਝੇ ਕਈ ਅਜਿਹੇ ਸ਼ਬਦ ਹਨ ਜਿਨ੍ਹਾਂ ਦੀ ਹੋਂਦ ਧੁੰਦਲਾਉਂਦੀ ਜਾ ਰਹੀ ਹੈ। ਅੱਜ ਪਾਣੀ ਦੇ ਭਾਂਡੇ ਜਿਵੇਂ 'ਝੱਜਰ, ਕੌਰੀ ਤੇ ਛੰਨਾ' ਬਹੁਤੇ ਲੋਕਾਂ ਲਈ (ਖਾਸ ਕਰ ਸ਼ਹਿਰੀਆਂ ਤੇ ਨਵੀਂ ਪੀੜ੍ਹੀ ਲਈ) ਅਰਥਹੀਣ ਤੇ ਅਬੋਧ ਹੋ ਗਏ ਹਨ। ਇਹੀ ਹਾਲਤ ਹਲਟ ਦੇ ਵੱਖ ਵੱਖ ਅੰਗਾਂ ਦੀ ਹੈ, ਜਿਵੇਂ 'ਝੱਲਣ, ਕਾਂਜਣ, ਬੂੜੀਆ ਤੇ ਰੇੜੀ'। ਇਹ ਨਾਂ ਤਾਂ ਫੇਰ ਵੀ ਕੁਝ ਲੋਕਾਂ ਦੀ ਯਾਦ ਵਿਚ ਹਨ, ਪਰ ਘਾਟ 'ਤੇ ਪਾਣੀ ਭਰਨ ਅਤੇ ਚਰਸ ਦੀ ਸਿੰਜਾਈ ਬਾਰੇ ਸ਼ਬਦ ਇੰਨੇ ਜੀਰਣ ਹੋ ਗਏ ਹਨ ਕਿ ਇਨ੍ਹਾਂ ਤੋਂ ਕੋਈ ਵਿਰਲਾ ਵਾਂਝਾ ਹੀ ਜਾਣੂ ਹੋਵੇਗਾ। ਲੋਕ ਵਿਰਸੇ ਦੀਆਂ ਯਾਦਾਂ ਸਾਂਭਣ ਲਈ ਅਜਾਇਬ ਘਰਾਂ ਦੀ ਵਿਸ਼ੇਸ਼ ਲੋੜ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਦੀ ਲਗਨ ਤੇ ਉਦਮ ਨਾਲ ਖੇਤੀ ਯੂਨੀਵਰਸਿਟੀ, ਲੁਧਿਆਣਾ ਵਿਖੇ ਅਜਾਇਬ ਘਰ ਦੀ ਸਥਾਪਤੀ, ਪੰਜਾਬੀ ਵਿਰਸੇ ਨੂੰ ਸਾਂਭਣ ਦੀ ਵਰਣਨਯੋਗ ਮਿਸਾਲ ਹੈ।

## ਕੈਨੇਡਾ ਵਿਚ ਪੰਜਾਬੀ: 100 ਸਾਲ ਪਹਿਲਾਂ

# ਖੇਤੀ ਵਲ ਗਹੁ ਕਰੋ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਜ਼ਿਕਰ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਅਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ*

ਅਸੀਂ ਅੱਗੇ ਕਈ ਵਾਰ ਆਪਣੇ ਭਰਾਵਾਂ ਨੂੰ ਬੇਨਤੀ ਕਰ ਚੁੱਕੇ ਹਾਂ ਤੇ ਹੁਣ ਫੇਰ ਅਰਜ਼ ਕਰਦੇ ਹਾਂ ਕਿ ਇਸ ਦੇਸ਼ ਵਿਚ ਖੇਤੀ ਵਲ ਗਹੁ ਕਰੋ। ਕਿਰਸਾਨਾ ਕੰਮ ਹੀ ਹੈ ਜੋ ਕੌਮਾਂ ਦੀ ਟਿਕ ਟਕਾਈ ਦੀ ਜੜ੍ਹ ਹੈ। ਚੀਨੇ ਇਸ ਹੀ ਪਾਰਸ ਨਾਲ ਲੱਗ ਕੇ ਬੇਖਤਰ ਹੈ। ਕੈਨੇਡਾ ਵਿਚ ਕਿਸੇ ਸ਼ਹਿਰ ਚਲੇ ਜਾਓ, ਆਪ ਨੂੰ ਸਭ ਜਗ੍ਹਾ ਚੀਨਿਆਂ ਦੇ ਖੇਤ ਤੇ ਫਾਰਮ ਦਿਸਣਗੇ। ਇਸ ਸਾਲ ਜਾਪਾਨੀਆਂ ਨੇ ਪੋਰਟ ਹੈਮੋਡ ਬੀ.ਸੀ. ਦੇ ਨੇੜੇ-ਨੇੜੇ ਫਲ-ਫਰੂਟਾਂ ਦੇ ਬਹੁਤ ਫਾਰਮ ਆਬਾਦ ਕੀਤੇ ਤੇ ਕੰਮ ਸਾਂਭੇ ਹਨ। ਇਹ ਗੱਲ ਹੈ ਜਿਸ ਨਾਲ ਜਾਪਾਨੀ, ਕੰਮਕਾਰ ਦੀ ਥੁੜ ਹੋਣ ਨਾਲ ਭੀ ਵਿਹਲੇ ਨਹੀਂ ਰਹਿ ਸਕਦੇ। ਖੇਤੀ ਆਜ਼ਾਦੀ ਦਾ ਕੰਮ ਹੈ। ਰੀਅਲ ਸਟੇਟ ਦੇ ਜੂਏ ਦੇ ਝਲਕੇ ਜਿਨ੍ਹਾਂ ਵਿਚ ਇਸ ਸੂਬੇ ਦੇ ਲੋਕ ਮਤੇ ਰਹੇ ਹਨ, ਕਰੀਬ-ਕਰੀਬ ਖਤਮ ਹਨ ਤੇ ਹੁਣ ਅਨੇਕ ਗੋਰੇ ਫਾਰਮ ਲੈ ਕੇ ਬੀਜ ਬਜਾਈ ਵਿਚ ਰੁੱਝੇ ਰਹੇ ਹਨ। ਇਹ ਕੋਈ ਜ਼ਰੂਰੀ ਨਹੀਂ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿਚ ਹੀ ਠਹਿਰੇ ਰਹੋ, ਅਗਲੇ ਸੂਬਿਆਂ ਵੱਲ ਹਿਲੋ। ਪੇਰਅਰੀ (ਪਰੇਅਰੀ- ਪੱਛਮੀ ਕੈਨੇਡਾ ਦਾ ਖੇਤਰ) ਵਿਚ ਬੇਅੰਤ ਕਣਕ ਹੁੰਦੀ ਹੈ। ਉਥੇ ਚਲ ਕੇ ਫਾਰਮ ਲਵੋ ਤੇ ਚੰਗੀ ਤਰ੍ਹਾਂ ਨਾਲ ਕਮਾਈਆਂ ਕਰਦੇ ਹੋਏ ਅਨੰਦ ਨਾਲ ਵਸੋ। ਇਕ ਵੈਨਕੂਵਰ ਦਾ ਅਖਬਾਰ ਲਿਖਦਾ ਹੈ, ਹਿੰਦੂਆਂ ਨੂੰ ਹਟਾ ਕੇ ਲਕੜੀ ਦੀਆਂ ਮਿੱਲਾਂ ਵਿਚ ਗੋਰਿਆਂ ਨੂੰ ਕੰਮ ਦਿੱਤਾ ਜਾ ਰਿਹਾ ਹੈ। ਭਾਵੇਂ ਉਸ ਦਾ ਮਤਲਬ ਗੋਰਿਆਂ ਵਿਚ ਇਸ ਗੱਲ ਦਾ ਖਿਆਲ ਪੈਦਾ ਹੋਵੇਗਾ ਤੇ ਸੱਚ ਵੀ ਹੋਵੇਗਾ, ਪਰ ਸਾਨੂੰ ਇਸ ਤੋਂ ਇਹ ਸਬਕ ਲੈਣ ਦੀ ਲੋੜ ਹੈ ਕਿ ਮਿੱਲਾਂ ਵਿਚ ਕੰਮ ਦਾ ਕੋਈ ਭਰੋਸਾ ਨਹੀਂ ਤੇ ਹੁਣ ਦੇ ਵਕਤ ਦੀਆਂ ਲੋੜਾਂ ਵੀ ਦੱਸਦੀਆਂ ਹਨ ਕਿ ਝਟਪਟ ਸਭ ਹਿੰਦੁਸਤਾਨੀ ਫਾਰਮਾਂ 'ਤੇ ਬੈਠ ਕੇ ਟਿਕ ਜਾਣ। ਇਸ ਵਕਤ ਖੇਤੀ ਲਈ ਅਮਰੀਕਾ ਦੇ ਲੋਕਾਂ ਨੇ ਉਹ ਜੁਗਤਾਂ ਤੇ ਮਸ਼ੀਨਾਂ ਲੱਭੀਆਂ ਹਨ, ਜਿਨ੍ਹਾਂ ਦੀ ਥੁੜ ਤੇ ਅਨਜਾਣਤਾ ਕਰਕੇ ਆਪਣੇ ਦੇਸ਼ ਦੇ ਕਿਰਸਾਨ ਬੇਅੰਤ ਘਾਟੇ ਤੇ ਤੋਟੇ ਵਿਚ ਜਾ ਰਹੇ ਹਨ। ਆਪ ਨੇ ਉਹ ਸਭ ਕੁਝ ਅਮਰੀਕਾ ਤੇ ਆਪ ਹੱਥੀਂ ਵਰਤ ਕੇ ਸਿੱਖਣਾ ਹੈ ਤੇ ਫਾਰਮਾਂ 'ਤੇ ਚੰਗੀ ਤਰ੍ਹਾਂ ਟਿਕ ਕੇ ਆਪ ਆਪਣੇ ਪੁੱਤਰਾਂ ਨੂੰ ਅਮਰੀਕਾ ਵਿਚ ਸਹਿਜੇ ਬਹੁਤ ਇਲਮਦਾਰ ਕਰ ਸਕੋਗੇ। ਇਸੇ ਤਰ੍ਹਾਂ ਕੌਮਾਂ ਵਸਿਆਂ ਕਰਦੀਆਂ ਹਨ ਤੇ ਹਿੰਦੁਸਤਾਨੀਆਂ ਦੇ ਹੱਕਾਂ ਦਾ ਫੈਸਲਾ ਵੀ ਇਹ ਇਕ ਟਿਕਾਈ ਹੀ ਕਰੇਗੀ। ਮੈਂ ਵਿਕਟੋਰੀਏ ਵਿਚ ਇਕ ਚੀਨੇ ਬੁੱਢੇ ਕਿਰਸਾਨ ਨੂੰ ਜਾਣਦਾ ਹਾਂ ਜਿਸ ਦਾ ਬੇਟਾ ਅਮਰੀਕਾ ਦੀ ਇਕ ਯੂਨੀਵਰਸਿਟੀ ਵਿਚ ਐਮ. ਏ. ਵਿਚ ਪੜ੍ਹਦਾ ਹੈ। ਕੌਣ ਨਹੀਂ ਜਾਣਦਾ ਕਿ ਇਨ੍ਹਾਂ ਅਮਰੀਕਾ ਵਿਚ ਵੱਸੇ ਹੋਏ ਚੀਨਿਆਂ ਦੇ ਪੁੱਤਰਾਂ ਨੇ ਇਥੇ ਬੇਹੱਦ ਇਲਮ ਪੜ੍ਹੇ ਸਨ। ਚੀਨ ਦੇ ਸਗੋਂ ਵਿਚ ਸਭ ਨਾਲੋਂ ਵਧ ਕੇ ਕੁਰਬਾਨੀਆਂ ਕੀਤੀਆਂ ਹਨ। ਆਪ ਉਸ ਕੌਮ ਵਿਚੋਂ ਹੋ ਜਿਸ ਦੇ ਦਿਮਾਗ ਦੀ ਉਚਤਾ ਦਾ ਚਰਚਾ ਦੁਨੀਆਂ ਵਿਚ ਹੈ। ਘਰ ਉਹ ਤਾਂ ਹੀ ਅੱਜ ਦੁਨੀਆਂ ਵਿਚ ਟੱਕਰ ਸਕਦਾ ਹੈ, ਜੇ ਅਮਰੀਕਾ ਤੇ ਜਰਮਨੀ, ਜਾਪਾਨ ਆਦਿਕ ਦੇਸ਼ਾਂ ਦੀ ਇਲਮ ਦੀ ਪੱਥਰੀ 'ਤੇ ਲੱਗੇ। ਅਸੀਂ ਇਨ੍ਹਾਂ ਮੁਲਕਾਂ ਤੋਂ ਬਹੁਤ ਕੁਝ ਸਿੱਖਣਾ ਹੈ। ਥੋੜ੍ਹੇ ਦਿਨਾਂ ਦੀ ਖਬਰ ਹੈ ਕਿ ਇਕ ਚੀਨੇ ਵਿਦਿਆਰਥੀ ਨੇ ਅਮਰੀਕਾ ਦੀ ਕਾਰਨਲ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੇ ਇਮਤਿਹਾਨ ਵਿਚ ਸਭ ਨਾਲੋਂ ਵੱਡਾ ਇਨਾਮ ਬੜੀ ਹੀ ਇਜ਼ਤ ਨਾਲ ਲਿਆ ਹੈ। ਇਮਤਿਹਾਨ ਲੈਣ ਵਾਲੇ ਗੋਰਿਆਂ ਨੇ ਅੰਤ ਵਿਚ ਲਿਖਿਆ ਹੈ ਕਿ ਅਸੀਂ ਫਰਕ ਨਹੀਂ ਲੱਭ ਸਕੇ ਕਿ ਇਹ ਅੰਗਰੇਜ਼ੀ ਬੋਲਣ ਵਾਲੀ ਕੌਮ ਦਾ ਬੱਚਾ ਹੈ ਜਾਂ ਦੂਸਰੀ ਦਾ। ਇਹ ਜੁਗਤ ਹੈ, ਜਿਸ ਨਾਲ ਚੀਨ ਦੇ ਸਪੁੱਤਰ ਇਲਮ ਦੀਆਂ ਗੱਠੜੀਆਂ ਅਮਰੀਕਾ ਤੋਂ ਬੰਨ੍ਹ ਕੇ ਚੀਨ ਵਿਚ ਖਿਲਾਰ ਰਹੇ ਹਨ।

ਪਿਆਰੇ ਵੀਰੋ! ਆਪ ਲਈ ਭੀ ਇਹ ਹੀ ਮੌਕਾ ਹੈ ਤੇ ਆਪ ਅਮਰੀਕਾ ਵਿਚ ਇਸ ਹੀ ਕੰਮ ਲਈ ਆਏ ਹੋ। ਇਸ ਲਈ ਸਾਡੀ ਬੜੇ ਜ਼ੋਰ ਨਾਲ ਬੇਨਤੀ ਹੈ ਕਿ ਫਾਰਮਾਂ 'ਤੇ ਟਿਕ ਜਾਓ। ਕਮਾਈਆਂ ਕਰੋ ਤੇ ਉਨ੍ਹਾਂ ਨੂੰ ਹਿੰਦੁਸਤਾਨ ਦੀ ਸੇਵਾ ਵਿਚ ਲਗਾਓ। ਕੁਝ ਆਪ ਸਿੱਖੋ, ਕੁਝ ਪੁੱਤਰਾਂ ਨੂੰ ਇਥੇ ਮੰਗਵਾ ਕੇ ਪੜ੍ਹਾ ਕੇ ਸਿਖਾਓ। ਘਬਰਾਉਣ ਦਾ ਕੰਮ ਨਹੀਂ ਹੈ। ਜੋ ਕੰਮ ਕਰਨ ਵਾਲੇ ਹੁੰਦੇ ਹਨ, ਉਹ ਕੀਤਿਆਂ ਹੀ ਫਲ ਮਿਲਦੇ ਹਨ। ਇਸ ਲਈ ਖੇਤਾਂ ਕਿਆਰੀਆਂ ਦੀ ਢੂੰਡ ਵਲ ਗਹੁ ਕਰੋ, ਤੁਹਾਡੇ ਇਕ ਜਾਣ ਵਿਚ ਤੁਹਾਡਾ ਤੇ ਕੌਮ ਦਾ ਬਹੁਤ ਭਲਾ ਹੈ ਤੇ ਇਹ ਵੀ ਤੁਹਾਡਾ ਇਥੇ ਪਹਿਲਾ ਫਰਜ਼ ਹੈ।

### ਕੰਮ 'ਤੇ ਜਾਓ

ਕੁਲ ਕੈਨੇਡਾ ਵਿਚ ਗਰਮੀਆਂ ਦੀ ਬਹਾਰ ਹੈ। ਧੁੱਪਾਂ ਲੱਗ ਰਹੀਆਂ ਹਨ। ਫਸਲਾਂ ਤਿਆਰ ਹੋ ਰਹੀਆਂ ਹਨ। ਜਿਉਂ ਜੀਅ ਕਾਰ ਕਿਤੇ ਵਿਚ ਰੁਝਾ ਹੋਇਆ ਹੈ। ਇਸ ਸੂਬੇ (ਅੰਦਰ) ਕਿਤੇ ਨਵੀਂ ਵਸੋਂ ਹੋ ਰਹੀ ਹੈ, ਕਿਤੇ ਪੁਰਾਣੇ ਅੱਡੇ ਸਜ ਰਹੇ ਹਨ। ਕੈਨੇਡਾ ਦੇਸ਼ ਹਜ਼ਾਰਾਂ ਮੀਲਾਂ ਵਿਚ ਪਸਰਿਆ ਹੋਇਆ ਹੈ। ਅੱਗੇ ਤੋਂ ਅੱਗੇ ਜਾਓ, ਆਪ ਨੂੰ ਨਵੇਂ ਤੋਂ ਨਵੇਂ ਨਜ਼ਾਰੇ ਦਿੱਸਣਗੇ। ਕਿਤੇ ਪੇਰਅਰੀ ਦੇ ਮੈਦਾਨ ਹਨ, ਜਿਥੇ ਇਕ ਜਗ੍ਹਾ ਤੋਂ ਝਾਤੀ ਮਾਰਿਆਂ



ਵੈਨਕੂਵਰ ਵਿਚ ਬਣਾਈ ਕਾਮਾਗਾਟਾ ਮਾਰੂ ਯਾਦਗਾਰ ਦੀ ਝਲਕ

ਮੀਲਾਂ ਤਕ ਦੇ ਝਾਕੇ ਦਿਸਦੇ ਹਨ, ਕਣਕਾਂ ਦੇ ਸਿੱਟੇ ਦਾਣਿਆਂ ਨਾਲ ਭਰੇ ਹੋਏ ਹਜ਼ਾਰਾਂ ਮੀਲਾਂ ਵਿਚ ਹਵਾ ਦੇ ਹੁਲਾਰਿਆਂ ਤੇ ਧੁੱਪ ਦੇ ਚਮਕਾਰਿਆਂ ਵਿਚ ਬੜੀ ਮੜਕ ਨਾਲ ਝੂਲ ਰਹੇ ਹਨ। ਇਨ੍ਹਾਂ ਮੈਦਾਨਾਂ ਵਿਚ ਵਿਨੀਪਿਗ ਵਰਗੇ ਸੁੰਦਰ ਸ਼ਹਿਰ ਹਨ, ਜਿਥੇ ਦਾ ਸੁਹੱਪਣ ਤੇ ਅਨਾਜ ਦੇ ਵਪਾਰ ਦੇ ਜ਼ੋਰ ਦਾ ਹਾਲ ਸੁਣ ਕੇ ਕੁਲ ਦੇਸ਼ ਖੁਸ਼ ਹੋ ਰਿਹਾ ਹੈ। ਕਿਰਸਾਨਾਂ ਤੇ ਜ਼ਿਮੀਦਾਰਾਂ ਦੇ ਘਰ ਚਹਿਲ ਪਹਿਲ ਹੈ। ਕਿਤੇ ਨਿਆਗਰੇ ਵਰਗੇ ਦਰਿਆ ਦੇ ਪਾਣੀ ਸਰਾਂ ਵਿਚ ਜੁੜ ਕੇ ਡਿੱਗ ਰਹੇ ਹਨ, ਜਿਨ੍ਹਾਂ ਨੂੰ ਦੇਖਣ ਲਈ ਹਜ਼ਾਰਾਂ ਮੀਲਾਂ ਤੋਂ ਲੋਕ ਆਉਂਦੇ ਹਨ। ਝੀਲਾਂ ਵਿਚ ਜਹਾਜ਼ ਦੌੜ ਰਹੇ ਹਨ। ਟਰਾਂਟੋ ਤੋਂ ਮੌਂਟਰੀਆਲ ਵਰਗੇ ਦੀਪ ਸ਼ਹਿਰਾਂ ਵਿਚ ਗਹਿਮ ਗਹਿਮ ਹੈ। ਇਲਮ, ਅਕਲ, ਵਪਾਰ ਤੇ ਕਾਰੀਗਰੀ ਦੇ ਫੁਹਾਰੇ ਚੱਲ ਰਹੇ ਹਨ। ਉਹ ਸ਼ਹਿਰ ਹਨ, ਜਿਨ੍ਹਾਂ ਨੂੰ ਦੇਖਣ ਲਈ ਲੋਕ ਦੂਰੋਂ-ਦੂਰੋਂ ਢੁੱਕਦੇ ਹਨ।

ਗੱਲ ਕੀ, ਗਰਮੀਆਂ ਹਨ ਤੇ ਕੁਲ ਕੈਨੇਡਾ 'ਤੇ ਜੋਬਨ ਹੈ। ਹਿਲਜੁਲੀ ਹੈ। ਹਰ ਕੋਈ ਸਿਆਲ ਦੀਆਂ ਤਿਆਰੀਆਂ ਲਈ ਕਰੜੀ ਤੋਂ ਕਰੜੀ ਕਮਾਈ ਕਰ ਰਿਹਾ ਹੈ ਤੇ ਸਿਵਾਏ ਹੋਣ ਵਾਲੇ ਨਭਾਗ ਸੁਸਤਾਂ ਤੇ ਗਾਫਲਾਂ ਤੋਂ ਇਸ ਵਕਤ ਵਿਹਲਾ ਰਹਿਣਾ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੈ। ਬ੍ਰਿਟਿਸ਼ ਕੋਲੰਬੀਆ ਨਾਲੋਂ ਅਗਲੇ ਈਸਟ ਦੇ ਸਭ ਸੂਬੇ ਚੰਗੀ ਵਸੋਂ ਵਾਲੇ ਤੇ ਰੌਣਕਦਾਰ ਹਨ। ਇਥੇ ਜ਼ਮੀਨਾਂ ਰੀਅਲ ਸਟੇਟ ਦੇ ਹੇਰ-ਫੇਰ ਵਿਚ ਫਸ ਕੇ ਹਾਲ ਦੀ ਘੜੀ ਤਰੱਕੀ ਕੁਝ ਰੁਕ ਗਈ ਹੈ। ਇਸ ਲਈ ਅਨੇਕ ਗੋਰੇ ਅਗਲੇ ਸੂਬਿਆਂ ਨੂੰ ਤੁਰ ਗਏ ਹਨ ਕਿਉਂਕਿ ਗਰਮੀਆਂ ਵਿਚ ਹਰ ਇਕ ਨੂੰ ਕੰਮ ਦਾ ਫਿਕਰ ਹੈ। ਸੋ ਇਸ ਮੌਕੇ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਜੇ ਕੋਈ ਹਿੰਦੁਸਤਾਨੀ ਭਰਾ ਭੀ ਢਿਲ ਜਾਂ ਸੁਸਤੀ ਵਿਚ ਬੈਠਾ ਹੈ ਜਾਂ ਕੰਮ ਦੀ ਭਾਲ ਵਿਚ ਹੈ ਤਾਂ ਉਸ ਅੱਗੇ ਬੇਨਤੀ ਕਰ ਦੇਈਏ ਕਿ ਤਰੱਕੀ ਕਰਨ ਵਾਲੀਆਂ ਕੌਮਾਂ ਇਕ ਜਗ੍ਹਾ ਨੱਥ ਨਹੀਂ ਹੋ ਸਕਦੀਆਂ ਹੁੰਦੀਆਂ। ਉਹ ਹੀ (ਅਗਾਂਹ) ਵਧ ਸਕਦੀਆਂ ਹਨ ਜੋ ਹਰ ਵੇਲੇ ਚੰਗੇ ਮੌਕੇ ਦਾ ਫਾਇਦਾ ਉਠਾਉਣ ਲਈ ਕਮਰ ਕਸੇ ਕਸੀ ਰੱਖਣ। ਇਸ ਵਕਤ ਜੇ ਆਪ ਕੰਮ ਦੀ ਲੋੜ ਵਿਚ ਹੋ ਤਾਂ ਦੇਰ ਨਾ ਲਾਵੋ, ਗਰਮੀਆਂ ਦਾ ਅਮੋਲਕ ਸਮਾਂ ਦਬਾ ਦਬ ਬੀਤ ਰਿਹਾ ਹੈ। ਕੈਨੇਡਾ ਦੇ ਈਸਟ ਪੂਰਬ ਵੱਲ ਦੇ ਅਗਲੇ ਸੂਬਿਆਂ ਵੱਲ ਨੂੰ ਵਧੋ। ਕੰਮ ਦਾ ਕੋਈ ਅੰਤ ਨਹੀਂ ਹੈ। ਤਨਖਾਹ ਚੰਗੀ ਹੈ। ਹਿੰਦੁਸਤਾਨੀ ਵੀਰਾਂ ਦੀ ਇਕ ਮੰਡਲੀ ਅੱਗੇ ਜਾ ਕੇ ਕੰਮ ਲਗ ਭੀ ਗਈ ਹੈ। ਨਾਲੇ ਦੇਸ਼ ਨੂੰ ਫਿਰ ਕੇ ਦੇਖਦੇ ਹਨ- ਨਾਲੇ ਗਰਮੀਆਂ ਵਿਚ ਕਾਰ ਵਿਹਾਰ ਵਿਚ ਦਿਲ ਜਾਨ ਲਾ ਕੇ ਚਾਰ ਪੈਸੇ ਕਮਾ ਲੈਣਗੇ। ਇਕ ਜਗ੍ਹਾ ਤੋਂ ਅਸੀਂ ਪੂਰਾ ਪਤਾ ਮੰਗਵਾਇਆ ਹੈ ਤੇ ਇਕ ਕੰਪਨੀ ਨੇ ਦਸ ਆਦਮੀ ਝਟਪਟ ਸੱਦ ਘੱਲੇ ਹਨ। ਅਗਲੇ ਸੂਬਿਆਂ ਦੇ ਲੋਕਾਂ ਨੇ ਅਜੇ ਤਕ ਹਿੰਦੁਸਤਾਨੀਆਂ ਨੂੰ ਕੰਮ ਕਰਦੇ ਨਹੀਂ ਡਿੱਠਾ ਹੈ, ਉਨ੍ਹਾਂ ਨੇ ਪੰਜਾਬ ਦੇ ਜੁਆਨਾਂ ਦੀ ਬਾਬਤ ਸੁਣਿਆ ਹੈ ਤੇ ਇਕ ਜੱਥੇ ਦੇ ਅੱਗੇ ਪੁੱਜ ਜਾਣ ਨਾਲ ਤਾਂ ਦੋ ਹੋਰ ਜਗ੍ਹਾ ਪੂਰਾ ਪਤਾ ਹੋ ਗਿਆ ਹੈ। ਸੋ ਅਸੀਂ ਚਾਹੁੰਦੇ ਹਾਂ ਕਿ ਹੁਣ ਇਕ ਹੋਰ ਜਥਾ ਕਮਰ ਕਸਾ ਕਰਕੇ ਈਸਟ ਕੈਨੇਡਾ ਵੱਲ ਛਿੜ ਜਾਏ। ਜੋ ਭਰਾ ਤਿਆਰੀ ਕਰੇ, ਸਾਡੇ ਤੋਂ ਪਤਾ ਥਹੁ ਲੈ ਸਕਦਾ ਹੈ। ਅਸੀਂ ਹਰ ਤਰ੍ਹਾਂ ਦਾ ਬੰਦੋਬਸਤ ਕਰਕੇ ਗੱਡੀ ਚੜ੍ਹਾ ਕੇ ਆਵਾਂਗੇ ਤੇ ਅੱਗੇ ਆਪ ਦੇ ਹਿੰਦੁਸਤਾਨੀ ਵੀਰ ਜੋ ਪਹਿਲਾਂ ਪੁੱਜ ਚੁੱਕੇ ਹਨ, ਰੇਲ ਦੇ ਸਟੇਸ਼ਨ 'ਤੇ ਆ ਕੇ ਤੁਹਾਨੂੰ ਘਰ ਵਾਂਗਰ ਟਿਕਾਣੇ 'ਤੇ ਲੈ ਜਾਣਗੇ। ਜਿਸ ਭਰਾ ਨੂੰ ਭੀ ਇਸ ਵਕਤ ਕੰਮ ਦੀ ਲੋੜ ਹੋਵੇ, ਇਸ ਦਾ ਇਹ ਹੀ ਦਾਰੂ ਹੈ ਕਿ ਈਸਟ ਕੈਨੇਡਾ ਵੱਲ ਨੂੰ ਜਾਵੇ। ਜੇ ਆਪ ਜਾਂ ਆਪ ਦਾ ਕੋਈ ਸੱਜਣ ਮਿੱਤਰ ਤਿਆਰ ਹੈ ਤਾਂ ਉਸ ਦਾ ਨਾਮ ਸਾਨੂੰ ਝਟਪਟ ਘੱਲ ਦਿਉ ਜਾਂ ਆਪ ਆ ਜਾਉ, ਬਗ਼ੈਰ ਕਿਸੇ ਵਾਧੂ ਔਖਿਆਈ ਦੇ ਆਪ ਠੀਕ ਕੰਮ 'ਤੇ ਪੁੱਜ ਜਾਉਗੇ।

### ਹਿੰਦੁਸਤਾਨੀ ਅੱਜ ਤਕ ਕੈਦੀਆਂ ਵਾਂਗਰ ਬੰਦ ਹਨ

(ਬੇਇਨਸਾਫੀਆਂ ਤੱਦੀਆਂ ਤੇ ਅੜਿੱਕਿਆਂ ਦੀ ਸਾਖੀ)

ਇੰਡੀਆ ਦੇ ਬੂਹੇ ਖੁਲ੍ਹੇ ਤੇ ਕੈਨੇਡਾ ਦੇ ਢੋਏ ਹੋਏ, ਇਹ ਜੁਗਤਾਂ ਕਦ ਤਕ ਚਲਣਗੀਆਂ। ਇਸ ਦਾ ਉਤਰ ਦੇਣਾ ਮੇਰਾ ਫਰਜ਼ ਨਹੀਂ, ਆਪ ਹੀ ਜਵਾਬ ਦਿਉ।

ਇਹ ਉਪਰਲੇ ਸਾਫ ਲਫਜ਼ ਹਨ ਜੋ ਡਾਕਟਰ ਸੁੰਦਰ ਸਿੰਘ ਜੀ ਨੇ ਆਪਣੇ ਤਿੰਨ ਸੌ ਪਚੱਤਰ ਵੈਨਕੂਵਰ ਵਿਚ ਰੁਕੇ ਹੋਏ ਭਰਾਵਾਂ ਦੇ ਉਤਪੰਨ ਲਈ ਲੈਕਚਰ ਦਿੰਦੇ ਹੋਏ 5 ਜੂਨ ਨੂੰ ਟਰੀਅਲ ਸ਼ਹਿਰ ਵਿਚ ਗੋਰਿਆਂ ਨੂੰ ਆਖੇ। ਡਾਕਟਰ ਜੀ ਨੇ ਖੋਲ੍ਹ ਕੇ ਪੁੱਛਿਆ ਕਿ ਸਾਡੇ ਦੇਸ਼ ਵਿਚ ਜਦ ਜੀ ਕਰੇ ਤੁਸੀਂ ਜਾਉ ਤੇ ਸਾਨੂੰ ਨਾ ਵੜਨ ਦਿਉ। ਇਹ ਪੱਤੇਬਾਜ਼ੀਆਂ ਕਦ ਤਕ ਨਿਭਣਗੀਆਂ? ਇਹ ਅਸੂਲ ਦਾ ਝਗੜਾ ਹੈ। ਇਸ ਦਲੀਲ 'ਤੇ ਟਾਕਰਾ ਹੈ। ਕਿਸ ਦੀ ਤਾਕਤ ਹੈ ਕਿ ਸਾਡੀਆਂ ਅੱਖਾਂ ਵਿਚ ਘੱਟਾ ਪਾ ਸਕੇ। ਅਸਾਂ ਨੂੰ ਅਣਜਾਣ ਤੇ ਭੋਂਦੂ ਸਮਝ ਕੇ ਪੈਰ-ਪੈਰ 'ਤੇ ਭੁਚਲਾਈਆਂ ਦਿੱਤੀਆਂ ਗਈਆਂ, ਪਰ ਇਹ ਭੁਚਲਾਈਆਂ ਕਦ ਤੱਕ ਨਿਭਣਗੀਆਂ? ਉਹ ਗਵਰਨਮੈਂਟ ਜਾਂ ਕੌਮਾਂ ਜੋ ਹਿੰਦੀਆਂ ਨੂੰ ਦਬਾ ਕੇ ਭੁਲੇਖਾ ਦੇਣਾ ਚਾਹੁੰਦੀਆਂ ਹਨ, ਗਲਤੀ ਖਾਂਦੀਆਂ ਹਨ। ਭਾਰਤ ਵਾਸੀ ਅਨਜਾਣ ਨਹੀਂ ਹਨ। ਉਹ ਆਪਣੇ ਹੱਕ ਨੂੰ ਸਮਝਦੇ ਹਨ। ਧੋਖੇ ਨੂੰ ਪਛਾਣਦੇ ਹਨ। ਜਦ ਤਕ ਅਸਲੀਅਤ ਨਾਲ ਫੈਸਲੇ ਨਹੀਂ ਹੋਣਗੇ, ਉਹ ਕਦੀ ਭੀ ਧੱਕੇਬਾਜ਼ੀ ਤੇ ਪੱਤੇਬਾਜ਼ੀ ਨੂੰ ਨਹੀਂ ਮੰਨਣਗੇ ਕਿਉਂਕਿ ਕਦੀ ਭੀ ਦੁਨੀਆਂ ਵਿਚ ਜ਼ੋਰ ਨੇ ਸੱਚਾਈ 'ਤੇ ਜਿੱਤ ਨਹੀਂ ਲਈ। ਜੇ ਸੱਚਾਈ ਨੂੰ ਬਿਰਥਾ ਦਬਾਉਣ ਦਾ ਯਤਨ ਕੀਤਾ



1910ਵਿਆਂ ਵਿਚ ਪਰੇਅਰੀ ਦੇ ਖੇਤਾਂ ਵਿਚ ਕੰਮ ਕਰ ਰਹੀਆਂ ਔਰਤਾਂ

ਜਾਵੇਗਾ ਤਾਂ ਸੱਚਾਈ ਕਿਸੇ ਹੋਰ ਢੰਗ ਵਿਚ ਪ੍ਰਗਟ ਹੋ ਜਾਵੇਗੀ। ਇਸੇ ਦਾ ਸਬੂਤ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਘਾਟ 'ਤੇ ਖੜ੍ਹਾ ਹੈ। ਇਸ ਦੇ ਵਿਚ ਤਿੰਨ ਸੌ ਪਚੱਤਰ ਹਿੰਦੀ ਨਹੀਂ ਸਗੋਂ ਤੀਹ ਕਰੋੜ ਕੌਮ ਬੈਠੀ ਹੈ। ਇਹ ਨਹੀਂ ਰੁਕੇ ਹੋਏ ਸਗੋਂ ਕੁਲ ਹਿੰਦ ਜਕੜੀ ਪਈ ਹੈ। ਜੋ-ਜੋ ਕਸ਼ਟ ਇਨ੍ਹਾਂ ਸਰੀਰਾਂ ਨੂੰ ਹੋਏ ਹਨ ਤੇ ਹੋ ਰਹੇ ਹਨ, ਉਹ ਕੌਮੀ ਕਸ਼ਟ ਹਨ। ਡਾਢੇ ਮਹਿੰਗੇ ਹਨ। ਹਰ ਇਕ ਹਿੰਦੀ ਪਿਛਲੇ ਦਿਨਾਂ ਦੀਆਂ ਅਨਿਆਏ ਭਰੀਆਂ ਕੁਚਾਲਾਂ ਨੂੰ ਦੇਖ ਕੇ ਜੋ ਸਾਡੇ ਨਾਲ ਕੀਤੀਆਂ ਗਈਆਂ ਹਨ, ਤਪ ਰਿਹਾ ਹੈ ਤੇ ਹਰ ਇਕ ਦਾ ਹਿਰਦਾ ਹੱਦੋਂ ਪਰੇ ਦੁਖ ਉਠਿਆ ਹੈ। ਕੈਨੇਡਾ ਦੇ ਹਿੰਦੁਸਤਾਨੀਆਂ ਦੀ ਭੋਰਾ-ਭੋਰਾ ਤਾਕਤ ਇਨ੍ਹਾਂ ਭਰਾਵਾਂ ਦੀ ਮਦਦ ਲਈ ਲੱਗ ਰਹੀ ਹੈ।

ਪਿਛਲੇ ਪਰਚੇ ਵਿਚ ਆਪ ਪੜ੍ਹ ਹੀ ਚੁੱਕੇ ਹੋ ਕਿ ਕਿਸ ਤਰ੍ਹਾਂ ਗੋਰੇਸ਼ਾਹੀ ਬੇਰੁਕੇ ਫਰਮਾਨ ਚੱਲ ਰਹੇ ਸਨ। ਕਿਸੇ ਨੂੰ ਜਹਾਜ਼ ਦੇ ਅੰਦਰ ਤਕ ਜਾਣ ਨਹੀਂ ਦਿੱਤਾ ਜਾਂਦਾ ਸੀ ਤੇ ਵਕੀਲ ਤਕ ਨੂੰ ਨੇੜੇ ਨਹੀਂ ਢੋਹਣਾ ਮਿਲਿਆ ਸੀ, ਅੱਜ ਉਹ ਹਾਲਤ ਕੁਝ ਬਦਲ ਨਹੀਂ ਗਈ ਹੈ। ਜਹਾਜ਼ ਵਿਚਲੇ ਵੀਰ ਉਸੇ ਤਰ੍ਹਾਂ ਅੰਦਰ ਘੇਰੇ ਪਏ ਹਨ ਤੇ ਅਨੇਕ ਮਾਮਲੇ ਬੀਤੇ ਹਨ। ਜਿਨ੍ਹਾਂ ਦਾ ਹਾਲ ਆਪ ਅੱਗੇ ਪੜ੍ਹੋਗੇ।

### ਚਾਲਬਾਜ਼ੀਆਂ

ਕਾਮਾਗਾਟਾ ਮਾਰੂ ਜਹਾਜ਼ ਦੇ ਮਾਲਕਾਂ ਨਾਲ ਸਰਦਾਰ ਗੁਰਦਿੱਤ ਸਿੰਘ ਦਾ ਇਕਰਾਰਨਾਮਾ ਸੀ ਕਿ ਮੁਸਾਫਰਾਂ ਦੇ ਉਤਰਨ ਤੋਂ 15 ਹਜ਼ਾਰ ਡਾਲਰ ਦੀ ਰਹਿੰਦੀ ਕਿਸ਼ਤ ਤਾਰ ਦਿਆਂਗਾ, ਪਰ ਜਦ ਉਸ ਨੂੰ ਜਹਾਜ਼ ਤੋਂ ਜ਼ਮੀਨ 'ਤੇ ਪੈਰ ਤਕ ਨਾ ਰੱਖਣ ਦਿੱਤਾ ਜਾਵੇ, ਕਿਸ਼ਤ ਕਿਸ ਤਰ੍ਹਾਂ ਉਤਾਰੀ ਜਾ ਸਕਦੀ ਸੀ? ਇਮੀਗਰੇਸ਼ਨ ਵਾਲਿਆਂ ਨੇ ਦੂਜੇ ਪਾਸੇ ਆਪਣੀ ਚਾਲ ਚਲਣੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਹਿੰਦੀਆਂ ਦੀ ਡਾਕਟਰੀ ਕਰਦਿਆਂ ਹੀ ਸੌ ਦੇ ਲਗਭਗ ਫੇਲ੍ਹ ਕਰ ਦਿੱਤੇ ਤੇ ਫੇਰ ਇਕ-ਇਕ ਨੂੰ ਸੱਦ ਕੇ ਆਪਣੀ ਕਮੇਟੀ ਦੇ ਸਾਹਮਣੇ ਪੁੱਛਗਿੱਛ ਕਰਨੀ ਸ਼ੁਰੂ ਕੀਤੀ। ਇਕ ਆਦਮੀ ਦਾ ਮੁਲਾਹਜ਼ਾ ਕਰਦਿਆਂ ਇਕ ਸਾਰੀ ਦਿਹਾੜੀ ਲਾ ਦਿੱਤੀ, ਜਿਸ ਦਾ ਮਤਲਬ ਇਹ ਸੀ ਕਿ ਹਰ ਰੋਜ਼ ਇਕ-ਇਕ ਮੁਸਾਫਰ ਨੂੰ ਪੁੱਛਗਿੱਛ ਕੀਤੀ ਜਾਵੇਗੀ। ਇਸ ਤਰ੍ਹਾਂ ਦੇਰ ਪਾ ਕੇ ਹਿੰਦੁਸਤਾਨੀਆਂ ਦੀ ਨੱਕ ਵਿਚ ਜਾਨ ਲਿਆਂਦੀ ਜਾਵੇ ਤੇ ਆਪੇ ਹੀ ਧੱਕੇ ਖਾ ਕੇ ਤੁਰਦੇ ਹੋਣਗੇ ਤੇ ਨਾਲੇ 4 ਜੂਨ 15 ਹਜ਼ਾਰ ਡਾਲਰ ਤਾਰਨ ਦੀ ਮਿਥੀ ਹੋਈ ਤਾਰੀਖ ਸੀ, ਉਧਰ ਵਕੀਲ ਦੀ ਫੀਸ ਇਕ ਘੰਟੇ ਦੀ ਦਸ ਡਾਲਰ ਪੈਣ ਲੱਗੀ ਤੇ ਇਕ ਆਦਮੀ ਦੇ ਮੁਲਾਹਜ਼ੇ ਦਾ ਹੀ ਸੌ ਡਾਲਰ ਬਣ ਗਿਆ। ਇਨ੍ਹਾਂ ਬਹਾਦਰ ਸਿੱਖਾਂ ਤੇ ਹਿੰਦੂਆਂ ਨੂੰ ਇਸ ਤਰ੍ਹਾਂ ਸਤਾਇਆ ਜਾ ਰਿਹਾ ਸੀ। ਇਤਨੇ ਵਿਚ ਹੀ ਇਕ ਜਹਾਜ਼ ਵੈਨਕੂਵਰ ਆ ਲੱਗਾ ਤੇ ਛੇ ਸੌ ਚੀਨੀਆਂ ਨੂੰ ਘੰਟਿਆਂ ਵਿਚ ਉਤਾਰਿਆ ਗਿਆ।

ਇਸ ਵਕਤ ਹਿੰਦੁਸਤਾਨੀਆਂ ਦਾ ਗੁੱਸਾ ਤੇ ਰੰਜ ਕਿਸੇ ਹੱਦ 'ਤੇ ਨਹੀਂ ਸੀ ਤੇ ਉਹ ਨੇਤਰ ਲਾਲ ਕਰਕੇ ਬਿਟਰ-ਬਿਟਰ ਦੇਖ ਰਹੇ ਤੇ ਸੋਚ ਰਹੇ ਸਨ ਕਿ ਅੰਗਰੇਜ਼ੀ ਰਾਜ ਵਿਚ ਹੀ ਸਾਡਾ ਕੀ ਮੁੱਲ ਪੈਂਦਾ ਹੈ ਤੇ ਦੂਜੀਆਂ ਕੌਮਾਂ ਨਾਲ ਕੀ ਵਰਤਾਉ ਹੁੰਦਾ ਹੈ। ਇਸ ਵਕਤ ਚਿਹਰੇ ਦੱਸ ਰਹੇ ਸਨ ਕਿ ਭਾਰਤ ਵਰਸ਼ ਦੀ ਸੱਚੀ ਸੇਵਾ ਦੇ ਨਿਸ਼ਾਨੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹਨ ਕਿਉਂਕਿ ਸ਼ੇਰ ਜੁਆਨ ਇਸ ਨਿਰਾਦਰੀ ਤੇ ਦੁੱਖ ਵਿਚ ਦੁਨੀਆਂ ਦੀਆਂ ਅੱਖਾਂ ਸਾਹਮਣੇ ਹੀਣੇ ਹੋ ਕੇ ਪਏ ਸਨ। ਇਸ ਵਕਤ ਇਮੀਗਰੇਸ਼ਨ ਵਾਲਿਆਂ ਨੂੰ ਜਵਾਬ ਦਿੱਤਾ ਗਿਆ ਕਿ ਅਸੀਂ ਇਸ ਕਿਸ਼ਤ ਦੀ ਪੁੱਛਗਿੱਛ ਕਰਾਉਣ ਲਈ ਤਿਆਰ ਨਹੀਂ ਹਾਂ। ਬਸ ਕੋਈ ਆਦਮੀ ਇਸ ਮੁਲਾਹਜ਼ੇ ਲਈ ਨਹੀਂ ਆਵੇਗਾ। ਇਸ ਵਕਤ ਪ੍ਰਤੀਤ ਹੋ ਗਿਆ ਕਿ ਆਉ, ਅਸੀਂ ਹਰ ਰੋਜ਼ ਪੰਜਾਂ ਦਾ ਮੁਲਾਹਜ਼ਾ ਕਰਾਂਗੇ।

### ਜਹਾਜ਼ 'ਤੇ ਗਾਰਦਾਂ

ਇਸ ਵਕਤ ਬਹਾਦਰ ਹਿੰਦੀਆਂ ਦੇ ਗੁੱਸੇ ਦਾ ਕੁਝ ਅੰਤ ਨਹੀਂ ਸੀ ਤੇ ਉਨ੍ਹਾਂ ਲਈ ਕੋਈ ਭੀ ਵਧੀਕੀ ਝੱਲਣੀ ਔਖੀ ਹੋ ਗਈ ਸੀ। ਇਮੀਗਰੇਸ਼ਨ ਅਫਸਰਾਂ ਨੇ ਜਹਾਜ਼ ਦੇ ਵਿਚ ਸਿਪਾਹੀਆਂ ਦਾ ਪਹਿਰਾ ਲਾਇਆ ਹੋਇਆ ਸੀ। ਇਸ ਵਕਤ ਜਹਾਜ਼ ਵਿਚਲੇ ਬਹਾਦਰਾਂ ਨੇ ਇਨ੍ਹਾਂ ਪਹਿਰੇ ਵਾਲਿਆਂ ਨੂੰ ਸਾਫ ਤੌਰ 'ਤੇ ਕਹਿ ਦਿੱਤਾ ਕਿ ਤੁਹਾਡਾ ਇਥੇ ਕੋਈ ਕੰਮ ਨਹੀਂ ਹੈ, ਤੁਸੀਂ ਬਾਹਰ ਚਲੇ ਜਾਵੋ, ਨਹੀਂ ਤਾਂ ਅਸੀਂ ਫਸਾਦ ਤਕ ਕਰਨ ਲਈ ਤਿਆਰ ਹਾਂ। ਇਸ ਵਕਤ ਸਰਦਾਰ ਗੁਰਦਿੱਤ ਸਿੰਘ ਨੇ ਭੀ ਇਮੀਗਰੇਸ਼ਨ ਸੁਪਰਡੰਟ ਚੀਫ ਨੂੰ ਕਹਿ ਦਿੱਤਾ ਕਿ ਜੇ ਕੋਈ ਫਸਾਦ ਹੋ ਗਿਆ ਤਾਂ ਮੈਂ ਜ਼ਿੰਮੇਵਾਰ ਨਹੀਂ ਹਾਂ। ਜਹਾਜ਼ ਵਿਚਲੇ ਹਿੰਦੀਆਂ ਦਾ ਰੋਹ ਬਹੁਤ ਵਧ ਗਿਆ ਹੈ ਤੇ ਉਹ ਇਨ੍ਹਾਂ ਗਾਰਦਾਂ ਨੂੰ ਇਥੇ ਨਹੀਂ ਦੇਖ ਸਕਦੇ। ਇਸ ਹਾਲਾਤ ਨੂੰ ਤਕ ਕੇ ਇਮੀਗਰੇਸ਼ਨ ਵਾਲਿਆਂ ਨੂੰ ਉਹ ਗਾਰਦਾਂ ਝਟਪਟ ਤਪੇ ਹੋਏ ਹਿੰਦੀਆਂ ਦੇ ਪਾਸੇ ਤੋਂ ਹਟਾਉਣੀਆਂ ਪਈਆਂ। ਡਰ ਨਾਲ ਹੀ ਛੋਟੀਆਂ ਬੋਟਾਂ ਵਿਚ ਹੋਰ ਪਹਿਰੇ ਜਹਾਜ਼ ਦੇ ਕੰਢੇ-ਕੰਢੇ ਲਾ ਦਿੱਤੇ।

 ਪੰਜਾਬ ਟਾਈਮਜ਼ ਸਾਲ 19, ਅੰਕ 32, 11 ਅਗਸਤ 2018 




# ਕਾਮਰੇਡ ਪਰਗਟ ਸਿੰਘ

*ਯਾਰਾਂ ਦੇ ਯਾਰ ਨਰਿੰਦਰ ਭੁੱਲਰ ਨੂੰ ਇਸ ਫਾਨੀ ਸੰਸਾਰ ਤੋਂ ਰੁਖਸਤ ਹੋਇਆਂ ਗਿਆਰਾਂ ਸਾਲ ਲੰਘ ਗਏ ਹਨ। ਜਾਪਦਾ ਹੈ, ਇਹ ਤਾਂ ਅਜੇ ਕੱਲ੍ਹ ਦੀਆਂ ਗੱਲਾਂ ਹਨ ਜਦੋਂ ਉਹ ਇਥੇ ਅਮਰੀਕਾ, ਮੇਰੇ ਕੋਲ 3 ਮਹੀਨੇ ਰਹਿ ਕੇ ਗਿਆ ਸੀ। ਮੇਰੀ ਡਿੱਗਦੀ ਸਿਹਤ ਕਾਰਨ ਉਦੋਂ ਸਲਾਹ ਬਣੀ ਸੀ ਕਿ ਉਹ 'ਪੰਜਾਬ ਟਾਈਮਜ਼' ਦੇ ਕੰਮ-ਕਾਰ ਵਿਚ ਹੱਥ ਵਟਾਏਗਾ ਪਰ ਭਾਰਤ ਪੁੱਜਦੇ ਸਾਰ ਉਹ ਸਾਥੋਂ ਸਦਾ-ਸਦਾ ਲਈ ਵਿਛੜ ਗਿਆ। ਉਹਦੇ ਇਉਂ ਅੱਧ-ਵਾਟੇ ਤੁਰ ਜਾਣ ਨਾਲ ਜਾਪਦਾ ਹੈ ਜਿਵੇਂ ਜ਼ਿੰਦਗੀ ਦਾ ਕੋਈ ਕੰਢਾ ਭੁਰ ਗਿਆ ਹੋਵੇ! ਉਹਦੀ ਯਾਦ ਦੀ ਸਲਾਮਤੀ ਲਈ ਐਤਕੀਂ ਉਹਦੀ ਲਿਖੀ ਕਹਾਣੀ 'ਕਾਮਰੇਡ ਪਰਗਟ ਸਿੰਘ' ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਸ ਕਹਾਣੀ ਅੰਦਰ ਉਹਨੇ ਨੌਜਵਾਨ ਦਿਲਾਂ ਅੰਦਰ ਮਚਲਦੀ ਤਬਦੀਲੀ ਦੀ ਤਾਂਘ ਖੂਬ ਫੜ੍ਹੀ ਹੈ। -ਅਮੋਲਕ ਸਿੰਘ ਜੰਮੂ*

ਮੈਂ ਅੱਜ ਹੀ ਪੰਜ-ਛੇ ਮਹੀਨੇ ਬਾਅਦ ਬਦੇਸ ਤੋਂ ਪਰਤਿਆ ਹਾਂ। ਮੇਰੀ ਪਤਨੀ ਪਹਿਲੀ ਖਬਰ ਕਾਮਰੇਡ ਪਰਗਟ ਸਿੰਘ ਨਾਲ ਵਾਪਰ ਗਈ ਹੋਣੀ ਦੀ ਦਿੰਦੀ ਹੈ। ਮੈਂ ਸੁੰਨ ਹੋ ਕੇ ਰਹਿ ਜਾਂਦਾ ਹਾਂ। ਉਹਦੇ ਸ਼ਬਦ ਢਲੇ ਸਿੱਕੇ ਵਾਂਗ ਮੇਰੇ ਕੰਨਾਂ ਵਿਚ ਪੈਂਦੇ ਹਨ। ਕਾਮਰੇਡ ਪਰਗਟ ਸਿੰਘ। ਮੇਰੇ ਜ਼ਿਹਨ ਵਿਚ ਉਹ ਸਗਵੇਂ ਦਾ ਸਗਵਾਂ ਉੱਭਰ ਆਉਂਦਾ ਹੈ। ਕੀ ਸੀ ਅਤੇ ਕੀ ਹੋ ਗਿਆ! ਮੇਰੀ ਸੋਚ ਵੀਹ-ਪੱਚੀ ਵਰ੍ਹੇ ਪਿਛਾਂਹ ਪਰਤ ਜਾਂਦੀ ਹੈ।

ਗਰਮੀਆਂ ਦੇ ਦਿਨ ਸਨ। ਮੈਂ ਦੁਪਹਿਰੇ ਰੋਟੀ ਖਾਣ ਮਗਰੋਂ ਜ਼ਰਾ ਸੁਸਤਾਉਣ ਦੇ ਜਤਨ ਵਿਚ ਸੀ ਕਿ ਉਹ ਗਰਮ ਹਵਾ ਦੇ ਬੁੱਲੇ ਵਾਂਗ ਮੇਰੇ ਕਮਰੇ ਵਿਚ ਆ ਧਮਕਿਆ। ਉਹ ਭਰਿਆ-ਪੀਤਾ ਲਗਦਾ ਸੀ।

"ਮੇਰੇ ਪਿਓ ਨੇ ਮੈਨੂੰ ਕੁਝ ਨਹੀਂ ਕਰਨ ਦੇਣਾ। ਉਹ ਚਾਹੁੰਦਾ ਹੈ, ਮੈਂ ਕਾਲਜੋਂ ਨਿਕਲ ਕੇ ਸਿੱਧਾ ਕਿਸੇ ਦਫਤਰ ਜਾ ਵੜਾਂ ਤੇ ਸਾਰੀ ਉਮਰ ਕਲਮ ਘਸਾਈ ਜਾਵਾਂ। ਮੈਂ ਨਹੀਂ ਕਰ ਸਕਦਾ



ਨਰਿੰਦਰ ਸਿੰਘ ਭੁੱਲਰ

ਇਹ...।" ਉਹ ਆਉਂਦਿਆਂ ਹੀ ਬੋਲਣ ਲੱਗ ਪਿਆ ਸੀ।

ਉਹ ਕਾਲਜ ਵਿਚ ਦਾਖਲ ਹੁੰਦਿਆਂ ਹੀ ਵਿਦਿਆਰਥੀ-ਘੋਲ ਵਿਚ ਨਿੱਤਰ ਪਿਆ ਸੀ। ਸਕੂਲ ਪੜ੍ਹਦਿਆਂ ਇਕਨਾਮਿਕਸ ਦੇ ਮਾਸਟਰ ਨੇ ਤੱਤੀਆਂ ਕਿਤਾਬਾਂ ਪੜ੍ਹਨ ਲਾ ਦਿੱਤਾ ਸੀ। ਉਹਦੇ ਅੰਦਰ ਅੱਗ ਧੁਖਾ ਦਿੱਤੀ ਸੀ। ਕਾਲਜ ਦੇ ਮਾਹੌਲ ਨੇ ਇਹ ਅੱਗ ਭਖਾ ਦਿੱਤੀ ਸੀ। ਉਹ ਆਪਣੀ ਪੜ੍ਹਾਈ ਤੇ ਹੋਰ ਸਾਰੇ ਕੰਮ-ਧੰਦੇ ਭੁੱਲ ਕੇ ਵਿਦਿਆਰਥੀ ਜਥੇਬੰਦੀ ਲਈ ਕੰਮ ਕਰਦਾ ਰਹਿੰਦਾ। ਅੱਜ ਕਾਲਜ ਵਿਚ ਮੀਟਿੰਗ ਹੈ। ਕੱਲ੍ਹ ਕਿਸੇ ਪਿੰਡ ਕਿਸੇ ਕਾਮਰੇਡ ਦੇ ਘਰ ਮੀਟਿੰਗ ਹੈ। ਕਦੇ ਵਿਦਿਆਰਥੀਆਂ ਦੀਆਂ ਮੰਗਾਂ ਲਈ ਹੜਤਾਲ ਹੈ। ਕਦੇ ਬੱਸਾਂ ਦੇ ਵਧੇ ਕਿਰਾਇਆਂ ਦੇ ਵਿਰੋਧ ਵਿਚ ਹੜਤਾਲ ਹੈ। ਇਹ ਇਕ ਸਿਲਸਿਲਾ ਬਣ ਗਿਆ ਸੀ। ਇਨ੍ਹਾਂ ਸਾਰੀਆਂ ਸਰਗਰਮੀਆਂ ਵਿਚ ਕਾਮਰੇਡ ਪਰਗਟ ਸਿੰਘ ਮੂਹਰੇ ਹੁੰਦਾ। ਕਈ ਵਾਰ ਜੇਲ੍ਹ ਜਾਣਾ ਪਿਆ। ਕਈ ਵਾਰ ਲਾਠੀਚਾਰਜ ਵਿਚ ਸੱਟਾਂ ਵੱਜੀਆਂ। ਉਹ ਇਸ ਘੋਲ ਵਿਚ ਅਜਿਹਾ ਖੁੱਭਿਆ ਸੀ ਕਿ ਉਹਨੇ ਘਰ ਬਾਰੇ ਕਦੇ ਸੋਚਿਆ ਹੀ ਨਹੀਂ ਸੀ।

ਉਹਦਾ ਪਿਓ ਥੋੜ੍ਹੀ ਜ਼ਮੀਨ ਵਾਲਾ ਕਿਸਾਨ ਸੀ। ਕੁਝ ਜ਼ਮੀਨ ਉਹ ਹਿੱਸੇ-ਠੇਕੇ ਉਤੇ ਲੈ ਕੇ ਵਾਹੁੰਦਾ ਸੀ ਅਤੇ ਪੰਜਾਂ ਜੀਆਂ ਦੇ ਟੱਬਰ ਨੂੰ ਔਖਾ-ਸੌਖਾ ਹੋ ਕੇ ਪਾਲ ਰਿਹਾ ਸੀ। ਹੁਣ ਜਦੋਂ ਕਾਮਰੇਡ ਪਰਗਟ ਸਿੰਘ ਐਮ.ਏ. ਦੇ ਆਖਰੀ ਸਾਲ ਵਿਚ ਪੜ੍ਹ ਰਿਹਾ ਸੀ ਤਾਂ ਉਹਨੇ ਚੰਗੇ ਦਿਨਾਂ ਦੇ ਸੁਫਨੇ ਘੜਨੇ ਸ਼ੁਰੂ ਕਰ ਦਿਤੇ ਸਨ। ਉਹਦੇ ਚਿੱਤ ਵਿਚ ਸੀ ਕਿ ਪਰਗਟ ਕਿਸੇ ਚੰਗੀ ਨੌਕਰੀ ਉਤੇ ਜਾ ਲਗੇਗਾ ਅਤੇ ਉਹਦੇ ਆਸਰੇ ਦੋਵੇਂ ਨਿੱਕੇ ਵੀ ਪੜ੍ਹ ਜਾਣਗੇ।

ਇਹ ਸੋਚ ਕੇ ਉਹ ਆਪਣੇ-ਆਪ ਨੂੰ ਹਰ ਬੋਝ ਤੋਂ ਸੁਰਖਰੂ ਹੋਇਆ ਮਹਿਸੂਸ ਕਰਦਾ। ਪਰ ਕਾਮਰੇਡ ਪਰਗਟ ਸਿੰਘ ਹੋਰਨਾਂ ਹੀ ਸੋਚਾਂ ਵਿਚ ਗਲਤਾਨ ਸੀ। ਰੂਸੀ ਇਨਕਲਾਬ ਦੇ ਯੋਧਿਆਂ ਦੀਆਂ ਗਾਥਾਵਾਂ ਪੜ੍ਹ-ਪੜ੍ਹ ਕੇ ਉਹ ਡੌਲੇ ਫਰਕਾਉਂਦਾ ਰਹਿੰਦਾ। ਨੌਕਰੀ ਕਰਨੀ, ਕੇਵਲ ਘਰ ਦੇ ਜੀਆਂ ਲਈ ਜਿਉਣਾ ਉਹਨੂੰ ਫਜ਼ੂਲ ਲਗਦਾ ਸੀ। 'ਇਹ ਵੀ ਕੋਈ ਜ਼ਿੰਦਗੀ ਹੈ ਕਿ ਨੌਕਰੀ ਕਰੋ, ਵਿਆਹ ਕਰੋ, ਬੱਚੇ ਪਾਲੋ ਅਤੇ ਮਰ ਜਾਓ', ਉਹ ਸੋਚਦਾ। ਉਹਨੇ ਆਪਣੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਉਣ ਦਾ ਮਨ ਬਣਾ ਲਿਆ ਸੀ। ਇਹਦਾ ਰਾਹ ਵੀ ਉਹਦੇ ਸਾਹਮਣੇ ਸਾਫ ਸੀ। ਉਹਨੇ ਕਿਸਾਨ ਦਲ ਦਾ ਹੋਲ-ਟਾਈਮਰ ਬਣਨ ਦਾ ਇਰਾਦਾ ਕਰ ਲਿਆ ਸੀ। ਜ਼ਿਲ੍ਹਾ ਸਕੱਤਰ ਕਾਮਰੇਡ ਸਿੱਧੂ ਨਾਲ ਉਹਨੇ ਗੱਲ ਵੀ ਕਰ ਲਈ ਸੀ ਕਿ ਇਮਤਿਹਾਨਾਂ ਪਿਛੋਂ ਹੋਲ-ਟਾਈਮਰ ਬਣ ਜਾਵਾਂਗਾ ਅਤੇ ਦਲ ਦੇ ਅਖਬਾਰ ਵਿਚ ਕੰਮ ਕਰਾਂਗਾ। ਤੇ ਜਦੋਂ ਉਹਨੇ ਇਹ ਗੱਲ ਆਪਣੇ ਪਿਉ ਨੂੰ ਦੱਸੀ ਤਾਂ ਉਹਨੂੰ ਆਪਣੇ ਸਾਰੇ ਸੁਫਨੇ ਚੂਰ-ਚੂਰ ਹੁੰਦੇ ਨਜ਼ਰ ਆਏ ਸਨ। ਉਹਨੂੰ ਆਪਣਾ-ਆਪ ਅਸਹਿ ਬੋਝ ਥੱਲੇ ਨੱਪਿਆ ਮਹਿਸੂਸ ਹੋਇਆ। ਇਸ ਗੱਲ ਬਾਰੇ ਪਿਉ-ਪੁੱਤਾਂ ਵਿਚ ਰੋਜ਼ ਬਹਿਸ ਹੁੰਦੀ। ਕਾਮਰੇਡ ਪਰਗਟ ਸਿੰਘ ਨੇ ਇਕੋ ਲਿੱਲ੍ਹ ਫੜੀ ਹੋਈ ਸੀ। ਓਦਣ ਵੀ ਉਹ ਇਸੇ ਗੱਲੋਂ ਪਿਉ ਨਾਲ ਲੜ ਕੇ ਆਇਆ ਸੀ।

"ਕਿਸਾਨ ਦਲ ਦਾ ਕੰਮ ਤੂੰ ਨੌਕਰੀ ਕਰਦਿਆਂ ਨਹੀਂ ਕਰ ਸਕਦਾ?" ਮੈਂ ਪੁੱਛਿਆ ਸੀ। ਮੈਂ ਪੜ੍ਹਾਈ ਵਿਚ ਉਹਦੇ ਨਾਲੋਂ ਇਕ ਸਾਲ ਪਿੱਛੇ ਸੀ। ਮੈਂ ਭਾਵੇਂ ਰਾਜਨੀਤੀ ਵਿਚ ਨਹੀਂ ਸੀ ਪਿਆ, ਪਰ ਉਹਦੇ ਵਿਚਾਰਾਂ ਨਾਲ ਸਹਿਮਤ ਸੀ। ਉਹਦੇ ਵਿਚਾਰਾਂ ਉਤੇ ਪੂਰੀਆਂ ਉਤਰਦੀਆਂ ਕਿਤਾਬਾਂ ਮੈਂ ਉਹਨੂੰ ਪੜ੍ਹਨ ਲਈ ਸੁਝਾਉਂਦਾ ਰਹਿੰਦਾ ਸੀ। ਸਾਡੀ ਚੰਗੀ ਬਣਦੀ ਸੀ ਤੇ ਉਹ ਹਰ ਗੱਲ ਮੇਰੇ ਨਾਲ ਸਾਂਝੀ ਕਰ ਲਿਆ ਕਰਦਾ ਸੀ।

"ਨਹੀਂ, ਮੇਰੀ ਜ਼ਿੰਦਗੀ ਦਾ ਮਨੋਰਥ ਕਿਸਾਨ ਦਲ ਹੀ ਹੈ। ਮੈਂ ਨਹੀਂ ਨੌਕਰੀ ਕਰਨੀ ਇਸ ਬੁਰਜੁਆ ਸਿਸਟਮ ਦੀ।" ਉਹਨੇ ਚਿੱਥ ਕੇ ਕਿਹਾ।

"ਤੈਨੂੰ ਆਪਣੇ ਘਰ ਦਾ ਕੋਈ ਧਿਆਨ ਨਹੀਂ? ਬਾਪੂ ਤੇਰਾ ਬਿਮਾਰ ਰਹਿੰਦੈ। ਤੇਰੇ ਨਿੱਕੇ ਭਾਈ ਅਜੇ ਕਾਸੇ ਜੋਗੇ ਨਹੀਂ। ਤੇ ਤੂੰ ਤੁਰ ਪਿਐਂ ਇਨਕਲਾਬ ਲਿਆਉਣ। ਕੁਝ...।"

"ਤੂੰ ਵੀ ਮੈਨੂੰ ਰੋਕਦੈਂ?" ਉਹਨੇ ਮੈਨੂੰ ਟੋਕ ਕੇ ਪੁੱਛਿਆ। "ਤੈਨੂੰ ਨਹੀਂ ਪਤਾ, ਮੈਂ ਕਾਹਦੀ ਖਾਤਰ ਇਹ ਕਰਨਾ ਚਾਹੁੰਦਾ? ਤੇਰੇ ਕੀ ਖਿਆਲ 'ਚ ਐ, ਮੈਨੂੰ ਆਪਣੇ ਭਾਈਆਂ ਨਾਲ ਮੋਹ ਨਹੀਂ, ਪਿਓ ਨਾਲ ਮੋਹ ਨਹੀਂ?" ਉਹ ਗੁੱਸੇ ਵਿਚ ਹੋਰ ਕਈ ਕੁਝ ਕਹਿੰਦਾ ਪਰਤ ਗਿਆ ਸੀ।

ਪਿਓ-ਪੁੱਤਾਂ ਵਿਚ ਕਈ ਦਿਨ ਬਹਿਸ ਹੁੰਦੀ ਰਹੀ। ਜਦੋਂ ਕਾਮਰੇਡ ਪਰਗਟ ਸਿੰਘ ਕਿਸੇ ਵੀ ਰਾਹ ਉਤੇ ਨਾ ਆਇਆ ਤਾਂ ਇਕ ਦਿਨ ਉਹਦਾ ਬਾਪੂ ਕਾਮਰੇਡ ਸਿੱਧੂ ਨੂੰ ਜਾ ਮਿਲਿਆ। ਕਾਮਰੇਡ ਸਿੱਧੂ ਦਾ ਉਨ੍ਹਾਂ ਦੇ ਚੰਗਾ ਆਉਣ-ਜਾਣ ਸੀ। ਕਿਸਾਨ ਦਲ ਦੇ ਵੀਹ ਕੰਮ ਹੁੰਦੇ, ਜਿਹੜੇ ਉਹ ਕਾਮਰੇਡ ਪਰਗਟ ਸਿੰਘ ਨਾਲ ਵਿਚਾਰਨ ਆਇਆ ਹੀ ਰਹਿੰਦਾ। ਕਈ ਵਾਰ ਹੋਰ ਸਾਥੀ ਵੀ ਨਾਲ ਹੁੰਦੇ। ਉਹ ਕਿੰਨਾ-ਕਿੰਨਾ ਚਿਰ ਬੈਠੇ ਰਾਜਨੀਤਕ ਤੇ ਲੋਕਾਂ ਦੇ ਮਸਲੇ ਵਿਚਾਰਦੇ ਰਹਿੰਦੇ।

"ਤੁਸਾਂ ਮੇਰੇ ਮੁੰਡੇ ਦੀ ਜੱਖਣਾ ਪੁੱਟ ਕੇ ਰਹਿਣੈਂ। ਨਾ ਇਹਨੇ ਘਰ ਦਾ ਰਹਿਣੈਂ, ਨਾ ਘਾਟ ਦਾ।" ਉਹਦਾ ਪਿਉ ਕਈ ਵਾਰ ਬੈਠੀ ਢਾਣੀ ਨੂੰ ਖਿਝ ਕੇ ਕਹਿੰਦਾ।

"ਬਾਪੂ, ਜੇ ਇਹਨੂੰ ਜੱਖਣਾ ਪੱਟਣੀ ਆਂਹਦੇ ਨੇ, ਤਾਂ ਇਹੋ ਜਿਹੀ ਜੱਖਣਾ ਤਾਂ ਸਾਰੇ ਮੁੰਡਿਆਂ ਦੀ ਪੁੱਟੀ ਜਾਣੀ ਚਾਹੀਦੀ ਐ... ਇਹ ਤਾਂ ਹੀਰਾ ਐ ਬਾਪੂ ਹੀਰਾ...।" ਕਾਮਰੇਡ ਸਿੱਧੂ ਮੋੜਾ ਦਿੰਦਾ।

"ਹੀਰਾ ਐ ਇਹ ਆਬਦੀ ਮਾਂ ਦਾ..., ਸਾਰੇ ਪਿੰਡ ਨਾਲ ਵੈਰ ਮੁੱਲ ਲਿਐ ਇਹਨੇ। ਕਦੀ ਸਰਪੰਚ ਦੇ ਮਗਰ ਡੂੰਡਾ ਚੁੱਕ ਲਊ, ਅਖੇ ਪੰਚੈਤ ਦੇ ਪੈਸੇ ਖਾ ਗਿਆ। ਕਦੀ ਨੰਬਰਦਾਰ ਦੁਆਲੇ ਹੋ ਜਾਊ, ਅਖੇ ਉਹ ਨਹਿਰ ਦਾ ਪਾਣੀ ਚੋਰੀ ਕਰਦਾ ਐ। ਮੈਂ ਆਹਨਾਂ, ਭੜੂਇਆ, ਤੂੰ ਪੜ੍ਹਿਆ ਕਰ ਆਬਦਾ। ਅਖੇ ਕ੍ਰਾਂਤੀ ਲਿਆਊਂ! ਹੂੰ...।" ਉਹ ਕਈ ਕੁਝ ਕਹਿੰਦਾ ਰਹਿੰਦਾ। ਉਹਦੀਆਂ ਸਾਰੀਆਂ ਗੱਲਾਂ ਦਾ ਜਵਾਬ ਕਾਮਰੇਡ ਸਿੱਧੂ ਦਿੰਦਾ।

ਕਈ ਵਾਰ ਬਾਪੂ ਤੇ ਕਾਮਰੇਡ ਸਿੱਧੂ ਦੀ ਬਹਿਸ ਜਦੋਂ ਬਹੁਤੀ ਭਖ ਜਾਂਦੀ ਤਾਂ ਬਾਪੂ ਆਖਰੀ ਤੋੜਾ ਝਾੜਦਾ, "ਤੇਰੇ ਤਾਂ ਪੁੱਤਰਾ ਹੋਏ ਮੁਰੱਬੇ। ਪਿਓ, ਭਾਈ ਘੁਲਦੇ ਆ ਮਿੱਟੀ ਨਾਲ। ਤੈਨੂੰ ਦਿੱਤੀ ਐ ਖੁੱਲ੍ਹ ਲੀਡਰੀ ਕਰਨ ਨੂੰ। ਸਾਡਾ ਕੁੱਲਾ ਕਿਉਂ ਫੂਕਦੈਂ?" ਤੇ ਫੇਰ ਉਹ ਇਕਦਮ ਤੈਸ਼ ਵਿਚ ਆ ਜਾਂਦਾ, "ਸਾਡੇ ਨਾ ਵੜਿਆ ਕਰ, ਬਸ ਕਹਿ ਦਿੱਤਾ 'ਕੇਰਾਂ...।"

ਕਾਮਰੇਡ ਸਿੱਧੂ ਅੱਗੋਂ ਹੱਸ ਛਡਦਾ। ਕਾਮਰੇਡ ਪਰਗਟ ਸਿੰਘ ਚੁੱਪ ਕੀਤਾ ਬੈਠਾ ਰਹਿੰਦਾ। ਉਹਨੂੰ ਲਗਦਾ, "ਬਾਪੂ ਦੀ ਤਾਂ ਆਦਤ ਐ। ਆਪੇ ਬੋਲ ਕੇ ਚੁੱਪ ਕਰ ਜਾਊ।" ਤੇ ਉਹ ਸੱਚ ਹੀ ਚੁੱਪ ਕਰ ਜਾਂਦਾ।

ਅਜੇ ਕੁਝ ਦਿਨ ਪਹਿਲਾਂ ਵੀ ਉਹ ਉਹਦੇ ਨਾਲ ਖਹਿਬੜ ਕੇ ਗਿਆ ਸੀ। ਤੇ ਉਹ ਓਦਣ ਦਾ ਕਿਤੇ ਹੋਰ ਰੁੱਝਾ ਹੋਣ ਕਰਕੇ ਉਨ੍ਹਾਂ ਦੇ ਆਇਆ ਵੀ ਨਹੀਂ ਸੀ।

ਓਦਣ ਬਾਪੂ ਨੂੰ ਆਇਆ ਵੇਖ ਕੇ ਉਹ ਹੈਰਾਨ ਰਹਿ ਗਿਆ। ਪਹਿਲਾਂ ਤਾਂ ਉਹ ਬਾਪੂ ਦੀ ਗੱਲ ਮੰਨਣ ਲਈ ਤਿਆਰ ਨਹੀਂ ਸੀ। ਜਾਨ ਮਾਰ ਕੇ ਲੋਕਾਂ ਲਈ ਕੰਮ ਕਰਨ ਵਾਲੇ ਵਰਕਰ ਨੂੰ ਉਹ ਕਿਵੇਂ ਛੱਡ ਸਕਦਾ ਸੀ। ਸਾਰੀ ਤਹਿਸੀਲ ਦੇ ਕੰਮ ਤਾਂ ਉਹ ਕਾਲਜ ਪੜ੍ਹਦਿਆਂ ਵੀ ਕਰੀ ਫਿਰਦਾ ਸੀ। ਹੋਲ-ਟਾਈਮਰ ਬਣਨ ਤੋਂ ਬਾਅਦ ਤਾਂ...।

ਪਰ ਜਦੋਂ ਬਾਪੂ ਨੇ ਆਪਣੀ ਡਿਗਦੀ ਜਾਂਦੀ ਸਿਹਤ, ਘਰ ਦੀ ਮਾੜੀ ਹਾਲਤ, ਸਿਰ ਚੜ੍ਹੇ ਕਰਜ਼ੇ, ਨਿੱਕਿਆਂ ਦੀ ਪੜ੍ਹਾਈ ਅਤੇ ਘਰ ਦੀਆਂ ਹੋਰ ਉਤਾਂ-ਥੁੜਾਂ ਗਿਣਾਈਆਂ ਤਾਂ ਕਾਮਰੇਡ ਸਿੱਧੂ, ਪਰਗਟ ਨਾਲ ਗੱਲ ਕਰਨ ਲਈ ਤਿਆਰ ਹੋ ਗਿਆ ਸੀ। ਤੇ ਫੇਰ ਉਹਨੇ ਕਾਮਰੇਡ ਪਰਗਟ ਸਿੰਘ ਨੂੰ ਹੋਲ-ਟਾਈਮਰ ਬਣਨ ਤੋਂ ਵਰਜ ਵੀ ਲਿਆ ਸੀ।

***

ਐਮ.ਏ. ਮਗਰੋਂ ਬੀ.ਐਡ. ਕਰਕੇ ਪਰਗਟ ਸਿੰਘ ਮਾਸਟਰ ਲੱਗ ਗਿਆ। ਹੋਲ-ਟਾਈਮਰ ਨਾ ਬਣ ਸਕਣ ਦਾ ਕੰਡਾ ਉਹਦੇ ਦਿਲ ਵਿਚ ਚੁਭਦਾ ਰਿਹਾ ਸੀ। ਭਾਵੇਂ ਉਹਨੇ ਮਾਸਟਰਾਂ ਦੀ ਯੂਨੀਅਨ ਵਿਚ ਸਿਰ ਦੇ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਫੇਰ ਵੀ ਉਹਨੂੰ ਲਗਦਾ



ਜਿਵੇਂ ਉਹ ਸਮਾਂ ਅਜਾਈਂ ਗੁਆ ਰਿਹਾ ਹੋਵੇ।

ਤੇ ਫੇਰ ਇੰਜ ਹੀ ਕੁਝ ਵਰ੍ਹੇ ਲੰਘ ਗਏ। ਇਨ੍ਹਾਂ ਵਰ੍ਹਿਆਂ ਦੀ ਧੂੜ ਵਿਚ ਸਾਲ-ਡੇਢ ਸਾਲ ਦੀ ਵਿੱਥ ਨਾਲ ਬਾਪੂ ਅਤੇ ਮਾਂ ਖਪ ਗਏ। ਨਿੱਕੇ ਦੋਵੇਂ ਬੀ.ਏ. ਕਰਕੇ ਕੰਮਾਂ ਉਤੇ ਜਾ ਲੱਗੇ।

ਕਾਮਰੇਡ ਪਰਗਟ ਸਿੰਘ ਦੇ ਆਪਣੇ ਦੋ ਮੁੰਡੇ ਹੋ ਗਏ ਸਨ। ਇਨ੍ਹਾਂ ਵਰ੍ਹਿਆਂ ਵਿਚ ਉਹ ਘਰ-ਗ੍ਰਿਹਸਥੀ ਵਿਚ ਏਨਾ ਖੁਭਿਆ ਰਿਹਾ ਕਿ ਕੁਝ ਚਿਰ ਤਾਂ ਯੂਨੀਅਨ ਦਾ ਕੰਮ ਉਹ ਮੂਲੋਂ ਹੀ ਨਾ ਕਰ ਸਕਿਆ। ਇਨ੍ਹੀਂ ਦਿਨੀਂ ਉਹ ਆਪਣੇ-ਆਪ ਉਤੇ ਝੂਰਦਾ ਰਹਿੰਦਾ। ਇਕੱਲਾ ਬੈਠ ਸੋਚਦਾ ਤਾਂ ਉਹਨੂੰ ਲਗਦਾ, ਉਹ ਫਜ਼ੂਲ ਕੰਮਾਂ ਵਿਚ ਅਉਧ ਬਿਤਾ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਉਹਨੂੰ ਬਾਪੂ ਉਤੇ ਰਹਿ-ਰਹਿ ਕੇ ਗੁੱਸਾ ਆਉਂਦਾ।

ਅਜਿਹੀਆਂ ਸੋਚਾਂ ਵਿਚ ਪਏ ਨੂੰ ਜਦੋਂ ਕੋਈ ਪੁਛਦਾ, "ਸੁਣਾ ਕਾਮਰੇਡਾ ਕੀ ਹਾਲੇ-ਵਾਲੇ ਆ?" ਤਾਂ ਉਹ ਜਵਾਬ ਦਿੰਦਾ, "ਮਰ ਗਿਆ ਕਾਮਰੇਡ!" ਤੇ ਅਗਲਾ ਉਹਦੇ ਮੂੰਹ ਵੱਲ ਵੇਖਦਾ ਰਹਿ ਜਾਂਦਾ।

ਜਦੋਂ ਮੁੰਡੇ ਜ਼ਰਾ ਕੁ ਉਡਾਰ ਹੋਏ, ਉਹ ਇਕ ਵਾਰ ਫੇਰ ਪੂਰੀ ਤਨਦੇਹੀ ਨਾਲ ਮੈਦਾਨ ਵਿਚ ਨਿੱਤਰ ਪਿਆ। ਹੁਣ ਘਰ ਵਿਚ ਫੇਰ ਮਹਿਫਿਲਾਂ ਜੁੜਨ ਲੱਗ ਪਈਆਂ। ਫਰਕ ਏਨਾ ਪਿਆ ਸੀ ਕਿ ਹੁਣ ਕਾਮਰੇਡਾਂ ਤੋਂ ਇਲਾਵਾ ਦਿਮਾਗੀ ਜੁਗਾਲੀ ਕਰਨ ਵਾਲੇ ਮਾਸਟਰ ਵੀ ਮਹਿਫਿਲਾਂ ਦਾ ਸ਼ਿੰਗਾਰ ਬਣ ਗਏ ਸਨ। ਮਹਿੰਗਾਈ ਦੀਆਂ, ਬਿਜਲੀ ਦੀ ਥੁੜ੍ਹ ਦੀਆਂ, ਰੂਸੀ ਇਨਕਲਾਬ ਦੀਆਂ, ਵੀਅਤਨਾਮ ਦੀਆਂ, ਮੋਗੇ ਵਿਚ ਮਾਰੇ ਗਏ ਮੁੰਡਿਆਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਅਤੇ ਤੋੜਾ ਗਰਮ-ਦਲੀਆਂ ਉਤੇ ਆ ਕੇ ਟੁੱਟਦਾ।

"ਬਈ ਇਨ੍ਹਾਂ ਮੁੰਡਿਆਂ ਦੀ ਸਪਿਰਿਟ ਦੀ ਤਾਂ ਦਾਦ ਦੇਣੀ ਚਾਹੀਦੀ ਐ, ਪਰ ਗੱਲ ਐਂ ਨਹੀਂ ਬਣਨੀ।" ਕੋਈ ਕਹਿੰਦਾ।

"ਹਾਂ, ਜਮਾਤੀ ਦੁਸ਼ਮਣ ਦਾ ਤਾਂ ਇਕਮੁੱਠ ਹੋ ਕੇ ਟਾਕਰਾ ਕਰਨ ਦੀ ਲੋੜ ਐ ਤੇ ਇਹਦੇ ਲਈ ਲੋਕਾਂ ਨੂੰ ਜਾਗ੍ਰਿਤ ਕਰਨਾ ਪਹਿਲੀ ਸ਼ਰਤ ਐ। ਮਾਰਕਸ ਨੇ ਵੀ ਕਿਹਾ...।"

"ਕੀ ਕਿਹੈ ਮਾਰਕਸ ਨੇ?" ਕਾਮਰੇਡ ਪਰਗਟ ਸਿੰਘ ਅਗਲੇ ਦੀ ਗੱਲ ਟੁੱਕ ਕੇ ਪੁਛਦਾ। "ਜਦੋਂ ਲੋਟੂ ਇਕ-ਇਕ ਕਰਕੇ ਮਾਰੇ ਜਾਣਗੇ ਤਾਂ ਕੀ ਲੋਕ ਜਾਗਣਗੇ ਨਹੀਂ? ਜਦੋਂ ਉਨ੍ਹਾਂ ਭਰੋਵਾਲੀਏ ਸਰਦਾਰ ਨੂੰ ਮਾਰਿਆ ਸੀ ਤਾਂ ਕੀ ਲੋਕ ਅਸ਼-ਅਸ਼ ਨਹੀਂ ਸੀ ਕਰ ਉਠੇ? ਮੈਂ ਨਹੀਂ ਆਂਹਦਾ, ਸਾਡੇ ਵਾਲੇ ਵੀ ਇਹੀ ਰਾਹ ਅਪਨਾਉਣ। ਪਰ ਮੈਂ ਪੁਛਦਾਂ, ਅਜੇ ਤਾਈਂ ਕੀਤਾ ਕੀ ਐ ਕਿਸਾਨ ਦਲ ਨੇ? ਕਦੀ ਮੋਗੇ ਮੁੰਡੇ ਮਰਵਾ ਲਏ, ਕਦੀ ਕਿਤੇ। ਵੋਟਾਂ ਦਾ ਰਾਹ ਫੜ੍ਹਿਆ, ਪਰ ਚਾਰ ਸੀਟਾਂ ਨ੍ਹੀਂ ਵਿਧਾਨ ਸਭਾ 'ਚ! ਬੱਸ ਇਹੀ ਇਕੋ ਰਾਹ ਐ, ਮੁੰਡਿਆਂ ਵਾਲਾ, ਹੋਰ ਕੋਈ ਚਾਰਾ...।" ਉਹ ਲਗਾਤਾਰ ਬੋਲੀ ਜਾਂਦਾ।

ਬਹਿਸ ਭਖ ਜਾਂਦੀ। ਜੇ ਕੋਈ ਗਰਮ-ਦਲੀਆਂ ਦੇ ਹੱਕ ਵਿਚ ਬੋਲਦਾ, ਅਗਲੇ ਪਲ ਉਨ੍ਹਾਂ ਦੀ ਕੋਈ ਖਰਾਬੀ ਵੀ ਦੱਸ ਦਿੰਦਾ। ਪਰ ਕਾਮਰੇਡ ਪਰਗਟ ਸਿੰਘ "ਮੇਰੀ ਨਿੱਜੀ ਰਾਇ ਹੈ ਕਿ ਇਹੀ ਰਾਹ ਠੀਕ ਐ" ਦੀ ਰੱਟ ਲਾਈ ਰਖਦਾ।

ਇਨ੍ਹਾਂ ਝੱਗੋ-ਝੱਗ ਹੋਏ ਕਾਮਰੇਡਾਂ ਲਈ ਉਹਦੇ ਮੁੰਡੇ, ਵੱਡਾ ਕ੍ਰਾਂਤੀਪਾਲ ਸਿੰਘ ਤੇ ਨਿੱਕਾ ਸੰਗਰਾਮਪਾਲ ਸਿੰਘ ਚਾਹ-ਪਾਣੀ ਲਿਆਉਂਦੇ ਰਹਿੰਦੇ। ਕਦੀ-ਕਦੀ ਕ੍ਰਾਂਤੀਪਾਲ ਸਿੰਘ ਵੀ ਬਹਿਸ ਵਿਚ ਸ਼ਾਮਲ ਹੋ ਜਾਂਦਾ ਤਾਂ ਪਿਓ ਦਾ ਪੱਖ ਹੀ ਪੂਰਦਾ।

ਕ੍ਰਾਂਤੀਪਾਲ ਸਿੰਘ ਅਤੇ ਸੰਗਰਾਮਪਾਲ ਸਿੰਘ ਨੂੰ ਪੜ੍ਹਨ ਦਾ ਪਿਉ ਵਾਂਗ ਹੀ ਸ਼ੌਕ ਸੀ। ਘਰ ਵਿਚ ਪਈਆਂ ਇਨਕਲਾਬੀ ਪੁਸਤਕਾਂ ਉਹ ਚਾਅ ਨਾਲ ਪੜ੍ਹਦੇ। ਕਾਲਜ ਦੀ ਯੂਨੀਅਨ ਵਿਚ ਸ਼ਾਮਲ ਹੋਣਾ ਤਾਂ ਸੁਭਾਵਿਕ ਹੀ ਸੀ। ਪਰ ਹੁਣ ਹਾਲਤ ਇਹ ਸੀ ਕਿ ਇਕ ਪਾਸੇ ਕਾਮਰੇਡ ਪਰਗਟ ਸਿੰਘ ਮਾਸਟਰਾਂ ਦੀਆਂ ਮੰਗਾਂ ਲਈ ਜੇਲ੍ਹ ਗਿਆ ਹੁੰਦਾ ਅਤੇ ਦੂਜੇ ਪਾਸੇ ਕ੍ਰਾਂਤੀਪਾਲ ਸਿੰਘ ਮੁੰਡਿਆਂ ਦੀ ਐਜੀਟੇਸ਼ਨ ਵਿਚ ਗ੍ਰਿਫਤਾਰੀ ਤੋਂ ਬਚਣ ਲਈ ਰੂਪੋਸ਼ ਹੋਇਆ ਹੁੰਦਾ।

ਤੇ ਫੇਰ ਇਕ ਦਿਨ ਬੱਸਾਂ ਦੇ ਵਧੇ ਕਿਰਾਏ ਵਿਰੁਧ ਹੋਏ ਮੁਜ਼ਾਹਰੇ ਵੇਲੇ ਪੁਲਿਸ ਉਹਦੇ ਦੋਵਾਂ ਮੁੰਡਿਆਂ ਨੂੰ ਫੜ ਕੇ ਲੈ ਗਈ ਸੀ। ਦੋ ਦਿਨ ਅਤੇ ਦੋ ਰਾਤਾਂ ਲਗਾਤਾਰ ਤਸ਼ੱਦਦ ਕਰਕੇ ਪੁਲਿਸ ਗਰਮ-ਦਲੀਆਂ ਨਾਲ ਉਨ੍ਹਾਂ ਦੇ ਸਬੰਧ ਪੁਛਦੀ ਰਹੀ ਸੀ। ਜਦੋਂ ਉਹ ਬਾਹਰ ਆਏ ਤਾਂ ਉਨ੍ਹਾਂ ਅੰਦਰ ਰੋਹ ਦੀ ਜਵਾਲਾ ਮਘ ਰਹੀ ਸੀ। ਉਨ੍ਹਾਂ ਨੇ ਸੱਚਮੁੱਚ ਹੀ ਗਰਮ-ਦਲੀਆਂ ਵਾਲਾ ਰਾਹ ਚੁਣ ਲਿਆ ਸੀ। ਇਸ ਰਾਹ ਨੂੰ ਉਹ ਚਾਹੇ ਪੂਰੀ ਤਰ੍ਹਾਂ ਠੀਕ ਨਹੀਂ ਸਨ ਸਮਝਦੇ, ਪਰ ਹੁਣ ਇਹ ਉਨ੍ਹਾਂ ਦਾ ਆਪਣਾ ਰਾਹ ਸੀ।

ਕਾਮਰੇਡ ਪਰਗਟ ਸਿੰਘ ਤਾਂ ਕੰਬ ਕੇ ਰਹਿ ਗਿਆ ਸੀ। ਜਦੋਂ ਉਹਨੇ ਉਨ੍ਹਾਂ ਨੂੰ ਝੂਠੇ ਮੁਕਾਬਲਿਆਂ ਵਿਚ ਗੋਲੀਆਂ ਨਾਲ ਵਿੰਨ੍ਹੇ ਹੋਏ ਚਿਤਵਿਆ ਸੀ ਤਾਂ ਉਹਨੂੰ ਚੱਕਰ ਆ ਗਿਆ ਸੀ। ਉਹਦੇ ਖਿਆਲਾਂ ਵਿਚ ਗੋਲੀਆਂ ਚਲਦੀਆਂ ਰਹਿੰਦੀਆਂ। ਲਾਸ਼ਾਂ ਡਿਗਦੀਆਂ ਰਹਿੰਦੀਆਂ। ਇਨ੍ਹਾਂ ਲਾਸ਼ਾਂ ਵਿਚ ਉਹਨੂੰ ਆਪਣੇ ਮੁੰਡੇ ਵੀ ਨਜ਼ਰ ਆਉਂਦੇ ਤਾਂ ਉਹਦੇ ਉਤੇ ਬੇਹੋਸ਼ੀ ਜਿਹੀ ਛਾ ਜਾਂਦੀ।

ਉਨ੍ਹਾਂ ਨੂੰ ਇਸ ਰਾਹੋਂ ਹਟਾਉਣ ਲਈ ਉਹਨੇ ਬਥੇਰੀ ਵਾਹ ਲਾਈ, ਪਰ ਦਰਿਆ ਤਾਂ ਵਹਿ ਤੁਰਿਆ ਸੀ। ਕਿਸੇ ਦੇ ਮੋੜਿਆਂ ਕਦੋਂ ਮੁੜਦਾ ਸੀ।

ਤੇ ਫੇਰ ਉਨ੍ਹਾਂ ਦਾ ਨਾਂ ਉਘੇ ਗਰਮ-ਦਲੀਆਂ ਵਿਚ ਛਪਣ ਲਗ ਪਿਆ ਸੀ। ਕਈ "ਐਕਸ਼ਨਾਂ" ਨਾਲ ਉਨ੍ਹਾਂ ਦਾ ਨਾਂ ਜੋੜਿਆ ਗਿਆ। ਪੁਲਿਸ ਉਨ੍ਹਾਂ ਦੇ ਮਗਰ ਪਰਛਾਵੇਂ ਵਾਂਗ ਲੱਗੀ ਹੋਈ ਸੀ।

ਓਦਣ ਰਸੂਲਪੁਰ ਉਨ੍ਹਾਂ ਦੀ ਗੁਪਤ ਮੀਟਿੰਗ ਸੀ। ਪੁਲਿਸ ਨੂੰ ਕਿਸੇ ਨੇ ਸੂਹ ਦੇ ਦਿਤੀ। ਤੰਗ ਆਇਆ ਬੰਦਾ ਜੰਗ ਦੇ ਮੈਦਾਨ ਵਿਚ ਨਿੱਤਰ ਹੀ ਆਉਂਦਾ ਹੈ। ਜਦੋਂ ਪੁਲਿਸ ਨੇ ਘੇਰਾ ਪਾਇਆ ਤਾਂ ਸੰਗਰਾਮਪਾਲ ਸਿੰਘ ਨੇ ਅੰਦਰੋਂ ਗੋਲੀ ਚਲਾ ਦਿੱਤੀ। ਪੁਲਿਸ ਵੱਲੋਂ ਵਰ੍ਹਾਏ ਗਏ ਗੋਲੀਆਂ ਦੇ ਮੀਂਹ ਵਿਚ ਸੰਗਰਾਮਪਾਲ ਅਤੇ ਦੋ ਹੋਰ ਸਾਥੀ ਮਾਰੇ ਗਏ। ਭਰਾ ਅਤੇ ਸਾਥੀਆਂ ਦੀ ਤੜਫ-ਤੜਫ ਕੇ ਹੁੰਦੀ ਮੌਤ ਨੂੰ ਵੇਖ ਕੇ ਕ੍ਰਾਂਤੀਪਾਲ ਸਿੰਘ ਦੀਆਂ ਸਾਰੀਆਂ ਚੇਤਨਾਵਾਂ ਸੁੰਨ ਹੋ ਗਈਆਂ ਸਨ। ਤੇ ਬਾਕੀਆਂ ਸਮੇਤ ਜਦੋਂ ਉਹਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਹ ਪੁਲਿਸ ਦੇ ਹੱਥੋਂ ਨਿਕਲ-ਨਿਕਲ ਜਾ ਰਿਹਾ ਸੀ। ਬੜੀ ਮੁਸ਼ਕਿਲ ਨਾਲ ਉਸ ਨੂੰ ਕਾਬੂ ਕੀਤਾ ਗਿਆ ਸੀ।

ਥਾਣੇ ਵਿਚ ਉਨ੍ਹਾਂ ਉਤੇ ਕਈ ਦਿਨ ਤਸ਼ੱਦਦ ਹੁੰਦਾ ਰਿਹਾ ਸੀ। ਕੁਝ ਵਹਿਸ਼ੀ ਕੁੱਟ ਦਾ ਅਸਰ ਅਤੇ ਕੁਝ ਦਿਮਾਗ ਵਿਚ ਲਟਕੇ ਹੋਏ ਭਰਾ ਤੇ ਸਾਥੀਆਂ ਦੇ ਖੂਨ ਨਾਲ ਲਥਪਥ ਤੜਫਦੇ ਜਿਸਮਾਂ ਦਾ ਅਸਰ ਕਿ ਉਹ ਅਬਾ-ਤਬਾ ਬੋਲਣ ਲੱਗ ਪਿਆ। ਤੇ ਫੇਰ ਹੌਲੀ-ਹੌਲੀ ਉਹ ਪੂਰੀ ਤਰ੍ਹਾਂ ਪਾਗਲ ਹੋ ਗਿਆ ਸੀ।

***

"ਉਨ੍ਹਾਂ ਤਾਂ ਕ੍ਰਾਂਤੀਪਾਲ ਨੂੰ ਮਾਰ ਛੱਡਣਾ ਸੀ।" ਮੇਰੀ ਪਤਨੀ ਦਸਦੀ ਹੈ।

"ਫੇਰ ਬਚਿਆ ਕਿਵੇਂ?" ਮੈਂ ਇਕਦਮ ਵਰਤਮਾਨ ਵਿਚ ਆ ਕੇ ਤ੍ਰਭਕ ਕੇ ਪੁਛਦਾ ਹਾਂ।

"ਕਿਵੇਂ ਬਚਣਾ ਸੀ। ਠਾਣੇਦਾਰ ਦਾ ਮੱਥਾ ਡੰਮ੍ਹਿਆ। ਭੈਣ ਜੀ ਦਾ ਸਾਰਾ ਗਹਿਣਾ-ਗੱਟਾ ਵਿਕ ਗਿਆ। ਚਾਲੀ ਹਜ਼ਾਰ ਰੁਪਈਆ ਇਕੱਠਾ ਕਰਕੇ ਦਿੱਤਾ। ਇਕ ਹਿਸਾਬੇ ਹੁਣ ਤਾਂ ਉਨ੍ਹਾਂ ਦਾ ਸਾਰਾ ਟੱਬਰ ਹੀ ਮਰਿਆਂ ਵਰਗੈ। ਭੈਣ ਜੀ ਵੱਲ ਵੇਖਿਆ ਨਹੀਂ ਜਾਂਦਾ...।" ਉਹ ਦਸਦੀ-ਦਸਦੀ ਅੱਥਰੂ ਭਰ ਆਉਂਦੀ ਹੈ।

ਮੈਂ ਕਾਮਰੇਡ ਪਰਗਟ ਸਿੰਘ ਦੇ ਘਰ ਜਾਂਦਾ ਹਾਂ। ਉਹ ਬੈਠਕ ਵਿਚ ਦੀਵਾਨ ਉਤੇ ਅੱਧ-ਲੇਟਿਆ ਜਿਹਾ ਪਿਆ ਹੈ। ਉਹਦੀ ਖੁੱਲ੍ਹੀ ਅਤੇ ਰੁੱਖੀ ਦਾੜ੍ਹੀ ਉਹਦੀ ਉਦਾਸੀ ਵਿਚ ਹੋਰ ਵਾਧਾ ਕਰ ਰਹੀ ਹੈ। ਉਹਦੀਆਂ ਅੱਖਾਂ ਵਿਚ ਮੈਨੂੰ ਗਹਿਰੇ ਹਨੇਰੇ ਛਾਏ ਦਿਸਦੇ ਹਨ। ਕਿਤਾਬਾਂ ਉਤੇ ਧੂੜ ਦੀ ਤਹਿ ਜੰਮੀ ਹੋਈ ਹੈ।

ਮੈਂ ਉਹਦੇ ਸਾਹਮਣੇ ਪਈ ਕੁਰਸੀ ਉਤੇ ਬੈਠ ਜਾਂਦਾ ਹਾਂ। ਉਹ ਬਿਨਾਂ ਕੁਝ ਕਹੇ ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਦਾ ਹੈ। ਫੇਰ ਸਾਹਮਣੇ ਰੈਕਾਂ ਵਿਚ ਪਈਆਂ ਤੱਤੀਆਂ ਕਿਤਾਬਾਂ ਵੱਲ ਘੂਰ ਕੇ ਵੇਖਦਾ ਹੈ। ਉਨ੍ਹਾਂ ਵੱਲ ਇਵੇਂ ਹੈਰਾਨੀ ਜਿਹੀ ਨਾਲ ਵੇਖਦਾ ਹੈ ਜਿਵੇਂ ਉਨ੍ਹਾਂ ਦੇ ਸਾਰੇ ਸ਼ਬਦ ਅਰਥ ਹੀਣ ਹੋ ਗਏ ਹੋਣ। ਸਿੱਧਾ ਰਾਹ ਵਿਖਾਉਣ ਵਾਲੇ ਵਾਕ ਜਿਵੇਂ ਘੁੱਪ ਹਨੇਰੇ ਵਿਚ ਗੁਆਚ ਗਏ ਹੋਣ।

ਅੰਦਰੋਂ ਕ੍ਰਾਂਤੀਪਾਲ ਸਿੰਘ ਦੀ ਆਵਾਜ਼ ਆ ਰਹੀ ਹੈ। ਉਹ ਕਦੀ ਹੱਸਦਾ ਹੈ, ਕਦੀ ਰੋਂਦਾ ਹੈ ਅਤੇ ਕਦੀ ਨਾਅਰੇ ਲਾਉਂਦਾ ਹੈ: ਇਨਕਲਾਬ-ਜ਼ਿੰਦਾਬਾਦ, ਨਕਸਲਬਾੜੀ-ਜ਼ਿੰਦਾਬਾਦ, ਜਮਾਤੀ ਦੁਸ਼ਮਣ-ਮੁਰਦਾਬਾਦ!

ਪਰਗਟ ਸਿੰਘ ਖਾਲੀ-ਖਾਲੀ ਨਜ਼ਰਾਂ ਨਾਲ ਮੇਰੇ ਵੱਲ ਵੇਖਦਾ ਹੈ। ਉਹਦੇ ਬੁੱਲ੍ਹ ਫਰਕਦੇ ਹਨ, ਜਿਵੇਂ ਕੁਝ ਕਹਿਣਾ ਚਾਹੁੰਦਾ ਹੋਵੇ, ਪਰ ਕਹਿ ਨਹੀਂ ਸਕਦਾ ਤੇ ਫੇਰ ਉਹ ਬੇਵਸੀ ਜਿਹੀ ਵਿਚ ਗੁਰਦੁਆਰੇ ਵੱਲ ਮੂੰਹ ਕਰਕੇ, ਹੱਥ ਜੋੜ ਕੇ ਸਿਰ ਝੁਕਾ ਦਿੰਦਾ ਹੈ।

# ਸਵਾਂ ਨਦੀ ਦੀ ਇਕ ਰਾਤ

*ਦਰਸ਼ਨ ਸਿੰਘ ਖਟਕੜ ਦਾ ਸ਼ੁਮਾਰ ਜੁਝਾਰੂ ਸ਼ਾਇਰਾਂ ਅਤੇ ਸਿਆਸਤਦਾਨਾਂ ਵਿਚ ਹੁੰਦਾ ਹੈ। ਉਹ ਅੱਧੀ ਸਦੀ ਪਹਿਲਾਂ ਉਠੀ ਨਕਸਲਵਾਦੀ ਲਹਿਰ ਦੇ ਚੋਟੀ ਦੇ ਸ਼ਾਇਰ ਤੇ ਆਗੂ ਵਜੋਂ ਉਭਰੇ ਸਨ ਅਤੇ ਅੱਜ ਤਕ ਇਸੇ ਲਹਿਰ ਨਾਲ ਜੁੜ ਕੇ ਆਪਣਾ ਬਣਦਾ-ਸਰਦਾ ਯੋਗਦਾਨ ਪਾ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਗਾਹੇ-ਬਗਾਹੇ ਲਹਿਰ ਨਾਲ ਜੁੜੀਆਂ ਯਾਦਾਂ ਝਰੀਟਣ ਦਾ ਕਾਰਜ ਵੀ ਅਰੰਭਿਆ ਹੋਇਆ ਹੈ। 'ਸਵਾਂ ਨਦੀ ਦੀ ਇਕ ਰਾਤ' ਲੇਖ ਵਿਚ ਉਸ ਰਾਤ ਦਾ ਜ਼ਿਕਰ ਹੈ ਜੋ ਸਫਰ ਵਿਚ ਹੀ ਲੰਘੀ ਸੀ। ਇਸ ਵਿਚ ਇਨ੍ਹਾਂ ਜੁਝਾਰੂ ਆਗੂਆਂ ਦੇ ਸਿਰੜ ਦੀ ਕਨਸੋਅ ਪੈਂਦੀ ਹੈ ਅਤੇ ਪ੍ਰੇਰਨਾ ਦੀਆਂ ਛੱਲਾਂ ਪਾਠਕ ਨੂੰ ਸਰਸ਼ਾਰ ਕਰਦੀਆਂ ਜਾਂਦੀਆਂ ਹਨ। -ਸੰਪਾਦਕ*

ਜੈਪਾਲ ਨੂੰ ਮੇਰੇ ਨਾਲੋਂ ਅਲੱਗ ਹੋਇਆਂ 10 ਕੁ ਦਿਨ ਹੋ ਗਏ ਸਨ। ਉਸ ਨੇ ਇਕ ਸਥਾਨਕ ਸਾਥੀ ਜੁਲਫੀ ਰਾਮ ਨੂੰ ਨਾਲ ਲੈ ਕੇ ਸੰਪਰਕਾਂ ਨੂੰ ਮਿਲ ਕੇ, ਇਜਲਾਸ ਲਈ ਰਿਪੋਰਟ ਦੀ ਸਮੱਗਰੀ ਇਕੱਤਰ ਕਰਨੀ ਸੀ ਅਤੇ ਮਿਥੀ ਤਰੀਕ 'ਤੇ ਮਿਥੇ ਟਿਕਾਣੇ 'ਤੇ ਪਹੁੰਚ ਜਾਣਾ ਸੀ।

ਦੋ ਤਿੰਨ ਦਿਨ ਮਗਰੋਂ ਤੈਅ ਕੀਤੇ ਟਿਕਾਣੇ ਅਤੇ ਤਰੀਕੇ 'ਤੇ ਮੈਨੂੰ ਸਾਥੀ ਹਾਕਮ ਸਿੰਘ ਸਮਾਉਂ ਮਿਲ ਗਿਆ ਤੇ ਅਸੀਂ ਵੀ, ਹਫਤੇ ਤੱਕ ਅਲੱਗ ਇਲਾਕੇ ਦੇ ਹਮਦਰਦਾਂ ਤੇ ਸਰਗਰਮ ਸਾਥੀਆਂ ਨੂੰ ਮਿਲ ਕੇ, ਜੈਪਾਲ ਨੂੰ ਮਿਲਣ ਜਾਣਾ ਸੀ। ਸਮਾਂ 1970 ਦੇ ਅਗਸਤ ਦਾ ਪਹਿਲਾ ਅੱਧ ਸੀ।



ਮੈਂ ਤੇ ਸਾਥੀ ਹਾਕਮ ਸ਼ਾਮ ਦੇ 5:30 ਕੁ ਵਜੇ ਸਾਥੀ ਦਰਸ਼ਨ ਲਾਲ ਤੇ ਬਰਤੂ ਰਾਮ ਕੋਲੋਂ ਵਿਦਾ ਹੋਏ। ਦਰਸ਼ਨ ਲਾਲ ਦਾ ਘਰ

**ਦਰਸ਼ਨ ਸਿੰਘ ਖਟਕੜ**
ਫੋਨ: 91-98151-29130

ਗੋਬਿੰਦ ਸਾਗਰ ਝੀਲ ਦੀ ਇਕ ਬਾਹੀ 'ਤੇ ਪਹਾੜ ਦੇ ਬਿਲਕੁਲ ਪੈਰਾਂ 'ਚ ਸੀ। ਸਾਹਮਣੀ ਚੜ੍ਹਾਈ ਕਰੀਬ ਡੇਢ ਘੰਟੇ 'ਚ ਚੜ੍ਹਨੀ ਸੀ ਤਾਂ ਕਿ ਸਿਖਰ 'ਤੇ ਪਹੁੰਚਣ ਤੱਕ ਸੂਰਜ ਮਿਟ ਜਾਵੇ ਅਤੇ ਘੁਸਮੁਸਾ ਹੋ ਜਾਵੇ। ਅਗਲਾ ਸਫਰ ਰਾਤ ਪਈ ਹੀ ਪੂਰਾ ਕਰਨਾ ਸੀ।

ਅਸੀਂ ਪਹਿਲੇ ਅੱਧੇ ਘੰਟੇ ਦੀ ਚੜ੍ਹਾਈ ਚੜ੍ਹ ਕੇ ਦਮ ਲੈਣ ਅਤੇ ਨੇਰ੍ਹੇ ਨੂੰ ਨੇੜੇ ਕਰਨ ਲਈ ਰੁਕ ਗਏ। ਟਰਾਂਜ਼ਿਸਟਰ ਚਾਲੂ ਕੀਤਾ ਤੇ 6:00 ਵਜੇ ਦਾ ਹਿੰਦੀ ਬੁਲਿਟਨ ਸੁਣਨ ਲੱਗੇ। ਖੈਰ ਨਹੀਂ ਸੀ। ਵੱਡਾ ਨੁਕਸਾਨ ਸੀ। ਖਬਰ ਸੀ, ਆਂਧਰਾ ਪ੍ਰਦੇਸ਼ ਦੇ ਸਿਰੀਕਾਕੂਲਮ ਜ਼ਿਲ੍ਹੇ ਦਾ ਮਸ਼ਹੂਰ ਆਦਿਵਾਸੀ ਆਗੂ ਵੀ. ਸੱਤਿਆ ਨਰਾਇਣਨ ਮਾਰਿਆ ਗਿਆ। ਸਪਸ਼ਟ ਹੀ ਸੀ ਕਿ ਅਖੌਤੀ ਪੁਲਿਸ ਮੁਕਾਬਲਾ ਬਣਾਇਆ ਗਿਆ ਸੀ। ਖੜ੍ਹੇ ਹੋ ਕੇ ਮੌਨ ਸ਼ਰਧਾਂਜਲੀ ਦੇ ਕੇ ਸਲੂਟ ਕੀਤਾ ਤੇ ਮੋਹਰਲੀ ਚੜ੍ਹਾਈ ਚੜ੍ਹਨ ਲੱਗ ਪਏ। ਪਹਾੜ ਦੀ ਚੋਟੀ ਉਪਰ ਹਾਲਾਂ ਵੀ ਲੋਅ ਸੀ ਪਰ ਢਲਾਣਾਂ ਉਪਰ ਗੂੜ੍ਹੇ ਸਲੇਟੀ ਪਰਛਾਵੇਂ ਉਤਰ ਆਏ ਸਨ। ਪਹਾੜਾਂ 'ਚ ਅਕਸਰ ਇਉਂ ਹੀ ਹੁੰਦਾ ਹੈ। ਪਹਾੜ ਉਪਰ ਸਿਖਰਲੀ ਸੜਕ 'ਤੇ ਪਹੁੰਚੇ ਤਾਂ ਇਥੇ ਵੀ ਪਰਛਾਵੇਂ ਗੂਹੜੇ ਹੋ ਗਏ ਸਨ। ਸਾਹਮਣੇ ਇਕ ਧੁਆਂਖੀ ਜਿਹੀ ਦੁਕਾਨ ਸੀ ਜਿਥੋਂ ਅਸੀਂ ਰਾਤ ਨੂੰ ਭੁੱਖ ਮਿਟਾਉਣ ਲਈ ਇਕ ਕਿਲੋ ਵੇਸਣ ਤੇ ਅੱਧਾ ਕਿਲੋ ਸ਼ੱਕਰਪਾਰੇ ਲੈ ਲਏ। ਬਿਨਾ ਦੁੱਧ ਦੇ ਚਾਹ ਦਾ ਕੱਪ ਅੰਦਰ ਸਿੱਟ ਅਸੀਂ ਊਨੇ ਨੂੰ ਜਾਂਦੀ ਇਸ ਸੜਕੇ ਚੜ੍ਹ ਗਏ।

ਊਨਾ ਇਥੋਂ 12 ਕੁ ਕਿਲੋਮੀਟਰ ਸੀ। ਸੜਕ ਬਹੁਤੀ ਨਹੀਂ ਸੀ ਚੱਲਦੀ, ਰਾਤ ਨੂੰ ਤਾਂ ਖਾਸ ਕਰਕੇ। ਸੜਕ ਦੇ ਦੋਨੋਂ ਪਾਸੇ ਰੋਡੀਆਂ ਪਹਾੜੀ ਠੇਰੀਆਂ ਸਨ। ਇਧਰਲੇ ਪਾਸੇ ਸੁੱਕਾ ਪਹਾੜ ਸੀ ਪਰ ਕਿਤੇ ਕਿਤੇ ਪਾਣੀ ਦੇ ਕੁਦਰਤੀ ਚਸ਼ਮਿਆਂ ਉਪਰ ਬੌਲੀਆਂ ਬਣਾਈਆਂ ਹੋਈਆਂ ਸਨ। ਹਾਕਮ ਇਧਰ ਗੇੜੇ ਮਾਰ ਗਿਆ ਸੀ ਜਿਸ ਕਰਕੇ ਉਸ ਨੂੰ ਬੌਲੀਆਂ ਵਾਲੀਆਂ ਥਾਂਵਾਂ ਦਾ ਮੋਟਾ ਮੋਟਾ ਅਨੁਮਾਨ ਸੀ। ਪਿਆਸ ਬੁਝਾਉਣ ਦਾ ਇਹੋ ਹੀ ਇਕ ਸਾਧਨ ਸੀ। ਸੜਕ ਚੜ੍ਹਾਈਆਂ ਉਤਰਾਈਆਂ ਨਾਲ ਨੱਥੀ ਪਈ ਸੀ। ਉਸ ਰਾਤ ਸ਼ਾਇਦ ਪੂਰਨਮਾਸ਼ੀ ਸੀ। ਚੰਦ ਚਾਨਣੀ ਦੂਰ ਦੂਰ ਤਕ ਰੋਡੇ ਪਹਾੜ ਉਪਰ ਵਿਛੀ ਪਈ ਸੀ। ਚੰਨ ਤੇ ਤਾਰੇ ਨਿੱਖਰੇ ਪਏ ਸਨ। ਬਰਸਾਤੀ ਮੌਸਮ ਕਾਰਨ ਅਸਮਾਨ ਦੀ ਨੀਲੱਤਣ ਉਪਰੋਂ ਧੂੜ-ਕਣ ਝੜ ਗਏ ਸਨ ਅਤੇ ਉਹ ਹੋਰ ਵੀ ਗੂੜ੍ਹੀ ਹੋ ਕੇ ਰੂਪਮਤੀ ਹੋਈ ਬੈਠੀ ਸੀ। ਚਾਰੇ ਪਾਸੇ ਸੰਨਾਟਾ ਸੀ। ਕੁਦਰਤ ਦੇ ਸਾਜ਼ਿੰਦਿਆਂ ਤੇ ਗੀਤਕਾਰਾਂ ਦੀ ਕਮੀ ਨਹੀਂ ਸੀ। ਬੀਂਡੇ, ਟਿੱਡੇ, ਡੱਡੂ ਆਦਿ ਆਪੋ-ਆਪਣੇ ਸੁਰਾਂ ਵਿਚ ਮਗਨ ਸਨ। ਟਟਹਿਣਿਆਂ ਦੇ ਜੋਬਨ ਦੀ ਦਹਿਕ ਚਾਨਣੀ ਨੇ ਮਾਤ ਪਾ ਰੱਖੀ ਸੀ ਪਰ ਕਿਤੇ ਕਿਤੇ ਪਰਛਾਵਿਆਂ ਹੇਠਲੀਆਂ ਝਾੜੀਆਂ ਉਪਰ ਉਨ੍ਹਾਂ ਦੇ ਝੁੰਡ ਆਪਣੇ ਚੌਗਿਰਦੇ ਨੂੰ ਝਿਲਮਿਲਾਉਂਦੇ ਸਨ। ਕੁਦਰਤ ਦਾ ਜਲੌਅ ਦੇਖਣ ਤੇ ਮਾਣਨਯੋਗ ਸੀ ਪਰ ਇਸ ਖਾਤਰ ਬੇਫਿਕਰੀ ਤੇ ਫੁਰਸਤ ਚਾਹੀਦੀ ਸੀ ਜੋ ਗੈਰ-ਹਾਜ਼ਰਾਂ ਵਾਂਗ ਰਹਿੰਦੀ ਸੀ।

ਸੜਕ ਮੋੜਾਂ ਨਾਲ ਵੀ ਭਰੀ ਪਈ ਸੀ। ਸੰਸਾ ਇਹ ਸੀ ਕਿ ਕਿਤੇ ਪੁਲਿਸ ਦੀ ਗਸ਼ਤੀ ਟੋਲੀ ਨਾਲ ਵਾਹ ਨਾ ਪੈ ਜਾਵੇ। ਪਹਿਰਾਵੇ ਪੱਖੋਂ ਤਾਂ ਅਸੀਂ ਪਛਾਣ ਨਹੀਂ ਸੀ ਹੋਣਾ, ਪਰ ਬੋਲੀ ਨੇ ਭੇਤ ਖੋਲ੍ਹ ਦੇਣਾ ਸੀ। ਇਸ ਕਰਕੇ ਇਕ ਮੋੜ ਤੋਂ ਦੂਸਰੇ ਮੋੜ ਤੱਕ ਦਾ ਫਾਸਲਾ ਤੇਜ਼ੀ ਨਾਲ ਤੈਅ ਕਰਨਾ ਹੁੰਦਾ ਸੀ। ਮੋਹਰਲੇ ਪਾਸੇ ਦੀ ਬਿੜਕ ਵੀ ਰੱਖਣੀ ਸੀ, ਇਸ ਕਰਕੇ ਖੁੱਲ੍ਹ ਕੇ ਗੱਲਬਾਤ ਵਿਚ ਵੀ ਪਿਆ ਨਹੀਂ ਸੀ ਜਾ ਸਕਦਾ। ਫਿਰ ਵੀ ਟੋਟਕਿਆਂ ਦਾ ਨਿਰੰਤਰ ਹੁੰਗਾਰਾ ਜਾਰੀ ਸੀ।

ਹਾਲਾਂ ਪਹਿਲੀ ਉਤਰਾਈ ਤੋਂ ਪਿੱਛੇ, ਪਹਾੜ ਦੀ ਚੋਟੀ 'ਤੇ ਹੀ ਸਾਂ ਕਿ ਮੋਹਰਿਉਂ ਤੇਜ਼ ਰਫਤਾਰ ਵਾਹਨ ਦੀ ਆਵਾਜ਼ ਆ ਕੰਨੀ ਪਈ। ਅਸੀਂ ਦੋਵੇਂ ਖੱਬੇ ਪਾਸੇ ਖੜ੍ਹੀ ਮੱਕੀ ਦੀ ਫਸਲ ਦੀ ਓਟ ਵਲ ਵਧੇ ਪਰ ਬੰਨਾ ਟੱਪਣ ਲੱਗੇ ਕੰਡੇਦਾਰ ਤਾਰ 'ਚ ਫਸ ਗਏ। ਕਪੜੇ ਛੁੜਾ ਕੇ ਮੱਕੀ 'ਚ ਜਾ ਟੇਢੇ ਹੋਏ। ਟਰੱਕ ਲੰਘਿਆ ਤਾਂ ਮੁੜ ਕੇ ਸੜਕੇ ਆ ਪਏ। ਇਹ ਪੁਲਿਸ ਦਲ ਦੀ ਗਸ਼ਤ ਨਹੀਂ ਸੀ।

ਦੋ ਬੌਲੀਆਂ ਕੋਲ ਅਸੀਂ ਵੀਹ-ਵੀਹ ਮਿੰਟ ਰੁਕੇ। ਥਕਾਵਟ ਝਾੜੀ ਤੇ ਪਿਆਸ ਬੁਝਾਈ। ਦੋਹੀਂ ਥਾਂਈਂ ਆਂਧਰਾ ਅਤੇ ਸਿਰੀਕਾਕੂਲਮ ਦੀ ਨਕਸਲੀ ਲਹਿਰ, ਉਸ ਦਾ ਜਨਤਕ ਆਧਾਰ, ਇਕ ਤੋਂ ਬਾਅਦ ਦੂਸਰੇ ਆਗੂ ਦੀ ਸ਼ਹੀਦੀ ਜਾਂ ਗ੍ਰਿਫਤਾਰੀ, ਸਾਡੀ ਗੱਲਬਾਤ 'ਤੇ ਛਾਈ ਰਹੀ। ਆਦਿਵਾਸੀ ਅਤੇ ਜੰਗਲੀ ਖੇਤਰ ਵਿਚ ਵੀ ਇੰਨਾ ਨੁਕਸਾਨ ਕਿਵੇਂ ਹੋਈ ਜਾ ਰਿਹਾ? ਜਵਾਬੀ ਕਾਰਵਾਈ ਕੀਤੀ ਤਾਂ ਜਾਂਦੀ ਸੀ ਪਰ ਲੋੜੀਂਦੇ ਪੱਧਰ ਦੀ ਨਹੀਂ ਸੀ। ਆਖਰ ਆਗੂ ਸਾਥੀ ਕਿਵੇਂ ਸੋਚਦੇ ਹਨ? ਇਹ ਵਿਚਾਰਾਂ ਕਰਦੇ ਅਤੇ ਉਤਰੀ ਭਾਰਤ ਦੇ ਵਿਸ਼ਾਲ ਤੇ ਵਿਰਾਟ ਪਹਾੜਾਂ ਤੇ ਜੰਗਲਾਂ ਵਿਚ ਆਧਾਰ ਇਲਾਕੇ ਦੀ ਕਾਇਮੀ ਦਾ ਸਾਡਾ ਫੈਸਲਾ ਸਾਨੂੰ ਤਸੱਲੀ ਦੇ ਰਿਹਾ ਸੀ। ਇਹ ਇਕ ਐਸਾ ਹੁਲਾਰਾ ਸੀ ਜੋ ਕਿਸੇ ਵੀ ਔਖਿਆਈ ਨਾਲ ਟਕਰਾਉਣ ਦੀ ਪ੍ਰੇਰਨਾ ਦਿੰਦਾ ਸੀ।

ਅਸੀਂ ਤੋਰ ਦੀ ਰਫਤਾਰ ਜਾਣ-ਬੁੱਝ ਕੇ ਮੱਧਮ ਰੱਖੀ ਕਿਉਂਕਿ ਊਨੇ ਨੂੰ ਸੁੱਤੇ ਪਏ ਨੂੰ ਪਾਰ ਕਰਨਾ ਚਾਹੁੰਦੇ ਸਾਂ। ਮੈਂ ਊਨੇ ਸ਼ਹਿਰ 'ਚ ਬਹੁਤ ਘੱਟ ਪੈਰ ਪਾਇਆ ਸੀ। ਕਾਮਰੇਡ ਹਾਕਮ ਕਈ ਵਾਰੀ ਦਿਨੇ ਵੀ ਸ਼ਹਿਰ 'ਚ ਵਿਚਰਿਆ ਸੀ। ਦਿਨ ਵੇਲੇ ਤਾਂ ਇਧਰੋਂ ਲੰਘਣਾ ਅਸੀਂ ਕਦੇ ਵੀ ਨਾ ਚੁਣਦੇ। ਰਾਤ ਇਸੇ ਕਰਕੇ ਪੁਆਈ ਸੀ ਕਿ ਸੁੱਤੇ ਪਏ ਸ਼ਹਿਰ ਦੀ ਵੱਖੀ 'ਚੋਂ ਲੰਘਣ ਲਈ ਅੱਧੀ ਰਾਤ ਦਾ ਸਮਾਂ ਹੀ ਢੁੱਕਵਾਂ ਰਹੇਗਾ।

ਬਹਿੰਦੇ-ਉਠਦੇ, ਲੜ ਬੰਨ੍ਹੀ ਮਠਿਆਈ ਨੂੰ ਡੂੰਗਦੇ ਡੂੰਗਦੇ ਤੇ ਪਿਆਸ ਬੁਝਾਉਂਦੇ ਅਸੀਂ ਊਨੇ ਦੀ ਫਿਰਨੀ 'ਤੇ ਆ ਚੜ੍ਹੇ ਸਾਂ। ਘੜੀ ਦੇਖੀ ਤਾਂ ਰਾਤ ਦੇ 12 ਵਜ ਚੁੱਕੇ ਸਨ।

ਸਿੱਧੇ ਜਾ ਕੇ ਸਵਾਂ ਨਦੀ ਦੇ ਪੁਲ ਤੋਂ ਲੰਘ ਕੇ ਜਾਣਾ ਹੁੰਦਾ, ਤਾਂ ਪੈਂਡਾ ਤਿੰਨ ਕੁ ਮੀਲ ਤੋਂ ਵੱਧ ਨਹੀਂ ਸੀ ਪਰ ਪੁਲ ਉਪਰ ਪੁਲਿਸ ਚੌਕੀ ਸੀ। ਪੈਂਡਾ ਭਾਵੇਂ ਛੋਟਾ ਸੀ ਪਰ ਗ੍ਰਿਫਤਾਰੀ ਜਾਂ ਟੱਕਰ ਨੂੰ ਸੱਦਾ ਦੇਣ ਵਾਲਾ ਸੀ। ਇਸ ਕਰਕੇ ਲੰਬਾ, ਔਖਾ ਤੇ ਖਤਰੇ ਭਰਪੂਰ ਦੂਜਾ ਰਾਹ ਹੀ ਸਾਡੇ ਰਾਸ ਸੀ।

ਕਾਮਰੇਡ ਹਾਕਮ ਪਹਿਲਾਂ ਇਸ ਰਾਹੋਂ ਦਿਨ ਵੇਲੇ ਲੰਘ ਚੁੱਕਾ ਸੀ। ਇਸ ਕਰਕੇ ਉਹ ਅੱਗੇ ਤੇ ਮੈਂ ਉਸ ਦੇ ਪਿੱਛੇ ਹੋ ਤੁਰਿਆ। ਉਸ ਨੇ ਆਖਰ ਉਹ ਪੈਰ-ਡੰਡੀ ਵਰਗਾ ਰਾਹ ਟੋਹ ਲਿਆ ਜਿਸ 'ਤੇ ਅਸੀਂ ਚੱਲਣਾ ਸੀ। ਝਾੜੀਆਂ, ਸਰਵਾੜ ਤੇ ਘਾਹ ਨਾਲ ਲੱਦੇ ਇਸ ਰਾਹ ਉਪਰ ਦੋ ਕੁ ਮੀਲ ਦਾ ਸਫਰ ਕਰਕੇ ਕਾਮਰੇਡ ਹਾਕਮ ਨੇ ਸੱਜੇ ਹੱਥ ਮੁੜਨ ਦਾ ਫੈਸਲਾ ਸੁਣਾਇਆ। ਸਾਹਮਣੇ ਚਰ੍ਹੀ ਤੇ ਮੱਕੀ ਦੀ ਫਸਲ ਜੰਗਲ ਵਾਂਗ ਚੁਣੌਤੀ ਦੇ ਰਹੀ ਸੀ। ਚਾਨਣੀ ਨਾਲ ਸੀ, ਇਸ ਕਰਕੇ ਇਕ ਬੰਨਾ ਜਾ ਫੜਿਆ। ਘਾਹ ਨਾਲ ਲੱਦਿਆ ਪਿਆ ਸੀ।

ਮੱਕੀ ਦੇ ਖੇਤਾਂ ਵਿਚ ਅਸੀਂ ਵੜਨਾ ਨਹੀਂ ਸੀ ਚਾਹੁੰਦੇ ਕਿਉਂਕਿ ਰਾਤ ਨੂੰ ਲੋਕ ਜੰਗਲੀ ਜਾਨਵਰਾਂ ਤੋਂ ਫਸਲਾਂ ਦੀ ਰਾਖੀ ਕਰਨ ਲਈ ਮਣਿਆਂ ਉਪਰ ਜਾਗ ਕੇ ਪਹਿਰੇਦਾਰੀ ਕਰਦੇ ਸਨ। ਪਟਾਕਿਆਂ ਨਾਲ ਠਾਹ-ਠੂਹ ਵੀ ਕਰਦੇ। ਗੁਲੇਲੇ ਚਲਾਉਂਦੇ ਤੇ ਕੁਝ ਖਾਂਦੇ-ਪੀਂਦੇ ਲੋਕ ਇਕ ਨਾਲੀ ਬੰਦੂਕ ਵੀ ਰੱਖਦੇ ਅਤੇ ਖੜਕੇ ਦਾ ਅਨੁਮਾਨ ਲਾ ਕੇ ਗੋਲੀ ਵੀ ਚਲਾ ਦਿੰਦੇ। ਇਸ ਕਰਕੇ ਮੱਕੀ ਦੇ ਖੇਤ ਤੋਂ ਦੂਰ ਰਹਿ ਕੇ ਜਾਣਾ ਪੈਣਾ ਸੀ। ਇਸ ਖਦਸ਼ੇ ਨੇ ਸਾਡੀ ਮੁਸ਼ਕਿਲ ਵਧਾ ਦਿੱਤੀ। ਕਈ ਬੰਨੇ ਛੱਡ ਕੇ, ਦੂਸਰੇ ਫੜਨੇ ਪਏ। ਕਿਤੇ ਕਿਤੇ ਚਰ੍ਹੀ ਦੇ ਖੇਤ ਵਿਚੋਂ ਹੀ ਗੁਜ਼ਰਨਾ ਪਿਆ। ਬਰਸਾਤੀ ਮੌਸਮ ਕਰਕੇ ਸੱਪ-ਸਪੂਲੀ ਦਾ ਖਤਰਾ ਵੀ ਮੌਜੂਦ ਸੀ। ਇਸ ਖਤਰੇ ਤੋਂ ਬਚਣ ਲਈ ਅਸੀਂ ਖੇਤੀਂ ਵੜਨ ਤੋਂ ਪਹਿਲਾਂ ਹੀ ਜਰਾਬਾਂ ਪਾ ਕੇ ਆਪਣੇ ਪਜਾਮੇ ਜਰਾਬਾਂ 'ਚ ਦੇ ਲਏ ਤੇ ਕੱਪੜੇ ਦੇ ਬੂਟਾਂ ਨਾਲ ਅੱਗੇ ਵਧਣ ਲੱਗੇ ਸਾਂ। ਕਿਤੇ ਕਿਤੇ ਕੰਡੇਦਾਰ



*ਦਰਸ਼ਨ ਸਿੰਘ ਖਟਕੜ ਦੀ ਪੁਰਾਣੀ ਤਸਵੀਰ।*



*ਦਰਸ਼ਨ ਖਟਕੜ ਦਾ ਸਿਆਸੀ ਸਾਥੀ ਹਾਕਮ ਸਿੰਘ ਸਮਾਓਂ।*

ਵਾੜਾਂ ਨਾਲ ਵੀ ਫਸ-ਫਸਾਈ ਹੋ ਗਈ ਅਤੇ ਇਕ ਝਾੜੀ ਦੇ ਕੰਡਿਆਂ ਵਰਗੇ ਪੱਤੇ ਕੱਪੜਿਆਂ ਨਾਲ ਆ ਚਿੰਬੜੇ ਤੇ ਹੱਥਾਂ 'ਤੇ ਲੜਨ ਲੱਗੇ। ਟਿਕੀ ਰਾਤ 'ਚ ਫਸਲਾਂ 'ਚ ਵੱਜਣ ਤੇ ਚਰ੍ਹੀ ਦੇ ਟਾਂਡਿਆਂ ਨੂੰ ਇਧਰ ਉਧਰ ਕਰਨ ਦਾ ਖੜਾਕ ਆਪਣੇ ਕੰਨਾਂ ਨੂੰ ਪਰੇਸ਼ਾਨ ਕਰੀ ਜਾਂਦਾ ਸੀ। ਮੋਹਰੇ ਕੋਈ ਰਾਹ ਨਹੀਂ ਸੀ ਲੱਭਦਾ।

ਕਾਮਰੇਡ ਹਾਕਮ ਤਾਰੇ ਦੇਖ ਕੇ ਦਿਸ਼ਾ ਅਤੇ ਰਾਹ ਲੱਭਣ 'ਚ ਕਾਫੀ ਮਾਹਰ ਸੀ, ਫੇਰ ਵੀ ਫਸਲਾਂ ਦੇ ਜੰਗਲ ਨੇ ਸਾਨੂੰ ਉਲਝਾ ਲਿਆ। ਤੀਰ ਤੁੱਕਾ ਲਾ ਕੇ ਪਾਰ ਲੰਘਣ ਵਾਲੀ ਹਾਲਤ ਹੋ ਗਈ। ਧਰੂ ਤਾਰੇ ਨੂੰ ਦੇਖ ਕੇ, ਅਸੀਂ ਊਨੇ ਨੂੰ ਹਰ ਹਾਲਾਤ ਵਿਚ ਆਪਣੇ ਸੱਜੇ ਹੱਥ ਹੀ ਰੱਖ ਰਹੇ ਸਾਂ ਤੇ ਘੁੰਮ ਘੁੰਮਾ ਕੇ ਵੀ ਆਪਣੀ ਸੇਧ ਪੱਛਮ ਵਲ ਰੱਖਦੇ ਹੋਏ ਖੱਬੇ ਪਾਸੇ ਦੇ ਤਿਰਛੇ ਰੁਖ ਨੂੰ ਪਹਿਲ ਦੇ ਰਹੇ ਸਾਂ। ਇਸ ਪਹੁੰਚ ਨੇ ਸਾਨੂੰ ਊਨੇ ਵਲੋਂ ਤਾਂ ਸੁਰੱਖਿਅਤ ਰੱਖਿਆ ਪਰ ਘੁੰਮਣ ਘੇਰੀ ਵਿਚ ਫਸਣੋਂ ਨਹੀਂ ਬਚਾਇਆ। ਫਸਲਾਂ ਵਿਚ ਬੈਠ ਕੇ ਦਮ ਵੀ ਨਹੀਂ ਸੀ ਲੈ ਹੁੰਦਾ। ਹਵਾ ਰੁਕੀ ਹੋਈ ਸੀ। ਮੁੜ੍ਹਕਾ ਰੁਕਣ ਦਾ ਨਾਂ ਨਹੀਂ ਸੀ ਲੈਂਦਾ। ਪਾਣੀ ਦਾ ਘੁੱਟ ਵੀ ਕੋਲ ਨਹੀਂ ਸੀ। ਸਾਡੇ ਗਲ ਤੇ ਬੁੱਲ੍ਹ ਖੁਸ਼ਕ ਹੋਣ ਲੱਗ ਪਏ। ਕਿੰਨਾ ਹੀ ਚਿਰ ਅਸੀਂ ਘੌਚਲਦੇ ਰਹੇ। ਅਖੀਰ ਸਾਡੀ ਸਹਿਜਤਾ ਤੇ ਮਨ-ਇਕਾਗਰਤਾ ਕੰਮ ਆ ਗਈ। ਇਕ ਬੰਨੇ 'ਤੇ ਚਲਦੇ ਸਮੇਂ ਸਾਨੂੰ ਸਾਹਮਣੇ ਖਾਲੀ ਜਗ੍ਹਾ ਨਜ਼ਰ ਪਈ। ਆਖਰ ਅਸੀਂ ਫਸਲਾਂ ਲੰਘ ਕੇ, ਸਵਾਂ ਨਦੀ ਦੇ ਰੇਤਲੇ ਮੰਡ ਵਿਚ ਆ ਵੜੇ ਸਾਂ।

ਫਸਲਾਂ ਦੇ ਹਾਰ 'ਚੋਂ ਨਿਕਲਦੇ ਹੀ ਅਸੀਂ ਥੱਪ ਥੱਪ ਕਰਕੇ ਪੈਰ ਧਰਤੀ 'ਤੇ ਮਾਰੇ ਤੇ ਲੱਗੀ ਰੇਤ ਨੂੰ ਝਾੜਦਿਆਂ ਪਤਾ ਨਹੀਂ ਦੋਵੇਂ ਕਿਉਂ ਹੱਸ ਪਏ। "ਮਸੀਂ ਯੱਭ 'ਚੋਂ ਨਿਕਲੇ ਆਂ ਬਾਈ।" ਹਾਕਮ ਨੇ ਕਿਹਾ। ਅਸੀਂ ਤਸੱਲੀ ਨਾਲ ਅੱਗੇ ਵਧੇ।

ਥੱਕ ਕੇ ਚੂਰ ਹੋ ਗਏ ਸਾਂ! ਨਦੀ ਦਾ ਇਹ ਪਾਸਾ ਉਚਾ ਸੀ ਤੇ ਇਧਰ ਛੰਭ ਨਹੀਂ ਸੀ। ਦੂਰ ਤੱਕ ਚਿੱਟੀ ਰੇਤ ਚਮਕ ਰਹੀ ਸੀ। ਵਿਚ ਵਿਚ ਕਾਹੀ ਦੇ ਬੂਟੇ ਸਨ। ਕਈ ਸਿੱਲ੍ਹਾਂ ਵਰਗੇ ਵੱਡੇ ਤੇ ਬਹੁ-ਨੁੱਕਰੀ ਪੱਥਰ ਪਏ ਸਨ। ਅਸੀਂ ਜਾਂਦੇ ਹੀ ਇਕ ਪੱਥਰ ਦੀ ਢੋਹ ਲਾ ਕੇ ਲੱਤਾਂ ਪਸਾਰ ਕੇ ਠੰਢੀ ਰੇਤ 'ਤੇ ਬੈਠ ਗਏ। ਪਹਿਲੀ ਲੋੜ ਪਾਣੀ ਸੀ। ਇਧਰ ਉਧਰ ਲੱਭਿਆ, ਨਾ ਕੋਈ ਚੁਆਟ, ਨਾ ਕੋਈ ਸੀਰ ਤੇ ਨਾ ਕੋਈ ਟੋਆ ਨਜ਼ਰੀ ਪਿਆ। ਹੱਥਾਂ ਨਾਲ ਰੇਤ ਪੁਟ ਕੇ ਪਾਣੀ ਦੀ ਚੁਆਟ ਲੱਭਣ ਦੀ ਕੋਸ਼ਿਸ਼ ਵੀ ਬੇਕਾਰ ਗਈ। ਹੁਣ ਆਪਣੇ ਲਬ ਤੋਂ ਬਿਨਾ ਬੁੱਲ੍ਹ ਤੇ ਗਲਾ ਤਰ ਕਰਨ ਤੋਂ ਬਿਨਾ ਕੁਝ ਵੀ ਨਹੀਂ ਸੀ। ਨਦੀ ਵਿਚ ਤਿਲਕਣ ਦਾ ਡਰ ਸੀ। ਅੱਕ ਕੇ ਫਿਰ ਢੋਹ ਲਾ ਕੇ ਬੈਠ ਗਏ ਅਤੇ ਆਪਣੀ ਪੋਟਲੀ ਖੋਲ੍ਹ ਲਈ। ਵੇਸਣ ਤੇ ਸ਼ੱਕਰਪਾਰੇ ਮੁਕਾ ਕੇ ਢਿੱਡ ਨੂੰ ਝੁਲਕਾ ਦਿੱਤਾ ਪਰ ਪਾਣੀ ਪਹੁੰਚੋਂ ਬਾਹਰ ਹੀ ਰਿਹਾ। ਸਿਗਰਟ ਕੱਢੀ ਤੇ ਕਸ਼ ਮਾਰਨੇ ਸ਼ੁਰੂ ਕੀਤੇ। ਫਿਰ ਸਿੱਧੇ ਸਪਾਟ ਰੇਤੇ 'ਤੇ ਲਿਟ ਗਏ। ਇਕ ਜੀਅ ਕਰੇ ਕਿ ਇਥੇ ਹੀ ਸੌਂ ਜਾਈਏ। ਸਵੇਰੇ ਮੂੰਹ ਨੇਰ੍ਹੇ ਤੁਰ ਪਵਾਂਗੇ। ਘੜੀ ਤੜਕੇ ਦੇ ਸਾਢੇ ਤਿੰਨ ਵਜਾ ਰਹੀ ਸੀ। ਜੇ ਅੱਖ ਲੱਗ ਗਈ ਤਾਂ ਪਤਾ ਨਹੀਂ ਸਵੇਰੇ ਸੂਰਜ ਚੜ੍ਹਨ ਤੱਕ ਜਾਗ ਹੀ ਨਾ ਆਵੇ। ਉਦੋਂ ਤੱਕ ਆਵਾਜਾਈ ਸ਼ੁਰੂ ਹੋ ਜਾਵੇਗੀ। ਨਦੀ ਦੇ ਘਾਟਾਂ/ਪੱਤਣਾਂ 'ਤੇ ਪੁਲਿਸ ਗਸ਼ਤ ਦੀਆਂ ਖਬਰਾਂ ਵੀ ਸਨ। ਆਖਰ ਫੈਸਲਾ ਕੀਤਾ ਕਿ 'ਉਠੀਏ ਤੇ ਚੱਲਿਆ ਜਾਵੇ।'

ਚੰਨ ਚਾਨਣੀ ਮਾਰਗ ਦਰਸ਼ਕ ਬਣ ਰਹੀ ਸੀ। ਸਾਨੂੰ ਨਦੀ ਦੇ ਘਾਟ/ਪੱਤਣ ਦੀ ਤਲਾਸ਼ ਸੀ। ਘੋਖਿਆ ਤਾਂ ਨਦੀ ਵਲ ਪੈਰਾਂ ਦੇ ਕੁੱਝ ਨਿਸ਼ਾਨ ਅਤੇ ਸਾਈਕਲ ਦੇ ਟਾਇਰ ਦੇ ਨਿਸ਼ਾਨ ਮਿਲੇ। ਉਨ੍ਹਾਂ ਦਾ ਪਿੱਛਾ ਕਰਕੇ ਅਸੀਂ ਨਦੀ ਦੇ ਕਿਨਾਰੇ ਪਹੁੰਚ ਗਏ। ਕੰਢੇ ਤੋਂ ਪਹਿਲਾਂ ਹੀ ਇਹ ਨਿਸ਼ਾਨ ਮਿਟ ਗਏ ਪਰ ਇਹ ਦੱਸ ਗਏ ਕਿ ਪੱਤਣ ਇਥੇ ਹੀ ਹੈ।

ਅਗਲੀ ਸਮੱਸਿਆ ਪਾਣੀ ਦੀ ਡੂੰਘਾਈ ਦਾ ਪਤਾ ਲਾਉਣਾ ਸੀ। ਨਦੀ ਨੱਕੋ ਨੱਕ ਭਰੀ ਪਈ ਸੀ। ਸਾਡੇ ਕੋਲ ਨਾ ਕੋਈ ਰੱਸਾ, ਨਾ ਕੋਈ ਸੋਟਾ। ਪੱਥਰ ਲੱਭਣ ਲੱਗੇ ਤਾਂ ਛੋਟੇ ਪੱਥਰ ਨਾ ਮਿਲਣ। ਦੋ ਤਿੰਨ ਕਿਲੋ ਦੇ ਪੱਥਰ ਬਹੁਤ ਦੂਰ ਨਾ ਡਿੱਗੇ, ਜਿਥੇ ਡਿਗੇ ਉਥੋਂ ਗੜੂੰਦ ਦੀ ਗਹਿਰੀ ਆਵਾਜ਼ ਆਈ ਜੋ ਦੱਸ ਗਈ ਕਿ ਇਥੇ ਡੂੰਭ ਹੈ, ਪਾਣੀ ਡੂੰਘਾ ਹੈ। ਫਿਰ ਕਾਹੀ ਦੇ ਬੂਟੇ ਜੁੰਡਿਆਂ ਸਮੇਤ ਪੁੱਟ ਲਏ। ਜੁੰਡਾਂ ਨਾਲ ਕਿੰਨਾ ਸਾਰਾ ਰੇਤਾ ਵੀ ਚਿੰਬੜਿਆ ਪਿਆ ਸੀ। ਹੈਮਰਥਰੋ ਵਾਂਗ ਘੁਮਾ ਕੇ ਨਦੀ ਵਿਚ ਸੁੱਟੇ ਤਾਂ ਉਹ ਬਹੁਤੀ ਦੂਰ ਗਏ ਹੀ ਨਾ ਅਤੇ ਨਾ ਹੀ ਕੋਈ ਸਾਫ ਆਵਾਜ਼ ਸੁਣੀ।

ਡੂੰਘਾਈ ਦੇ ਨਾਲ ਨਾਲ ਦੂਜੀ ਚੁਣੌਤੀ ਨਦੀ ਦੀ ਛੱਲ ਸੀ। ਸਵਾਂ ਨਦੀ ਦੀ ਛੱਲ ਬੜੀ ਬਦਨਾਮ ਹੈ। ਨਦੀ ਦੂਰ ਪਹਾੜਾਂ 'ਚੋਂ ਨਿਕਲਦੀ ਹੈ। ਪਹਾੜਾਂ 'ਚ ਪਾੜਾ ਛੋਟਾ ਪਰ ਪਾਣੀ ਦੀ ਰਫਤਾਰ ਤੇਜ਼ ਹੁੰਦੀ ਹੈ। ਵਾਦੀ ਵਿਚ ਆ ਕੇ ਰਫਤਾਰ ਤੇ ਡੂੰਘਾਈ ਘਟ ਜਾਂਦੀ ਹੈ। ਜੇ ਦੂਰ ਪਹਾੜਾਂ 'ਚ ਮੀਂਹ ਪੈ ਜਾਵੇ ਤਾਂ ਹੇਠਾਂ ਪਤਾ ਨਹੀਂ ਲੱਗਦਾ। ਫਿਰ ਅਚਾਨਕ 5-6 ਫੁੱਟ ਉਚੀ ਤੇਜ਼ ਰਫਤਾਰ ਛੱਲ ਆਉਂਦੀ ਹੈ ਜੋ ਗੱਡੇ, ਬਲਦ ਤੇ ਊਠ ਜਿਡੇ ਜਾਨਵਰ ਨੂੰ ਵੀ ਰੋੜ੍ਹ ਲਿਜਾਂਦੀ ਹੈ। ਸਵਾਂ ਨਦੀ ਨੂੰ ਜੇ ਪਾਰ ਕਰਨਾ ਹੋਵੇ ਤਾਂ ਤੇਜ਼ੀ ਨਾਲ ਪਾਰ ਕਰਨਾ ਪੈਂਦਾ ਹੈ। ਅੱਜ ਬੱਦਲ ਨਹੀਂ ਸਨ ਦਿਸੇ। ਪੂਰੀ ਰਾਤ ਚਾਨਣੀ ਦਾ ਰਾਜ ਰਿਹਾ ਸੀ। ਇਸ ਕਰਕੇ ਛੱਲ ਦੀ ਸੰਭਾਵਨਾ ਘੱਟ ਸੀ ਪਰ ਪਾਣੀ ਦੀ ਡੂੰਘਾਈ ਸਮੱਸਿਆ ਬਣ ਕੇ ਖੜ੍ਹੀ ਸੀ।

ਫਿਰ ਸੋਚਿਆ ਕਿ ਦੇਖੀ ਜਾਊ, ਪੁਲ ਵਲ ਨੂੰ ਹੋ ਤੁਰਦੇ ਹਾਂ ਜੋ ਇਸ ਪੱਤਣ ਤੋਂ ਡੇਢ ਕੁ ਮੀਲ ਸੀ ਤੇ ਜਿੱਥੇ ਜਗਦੇ ਬਿਜਲੀ ਲਾਟੂ ਦੂਰੋਂ ਦਿਸਦੇ ਸਨ। ਕੁਝ ਦੂਰੀ ਤੱਕ ਉਪਰ ਨੂੰ ਤੁਰੇ, ਪਰ ਪੁਲਿਸ ਚੌਕੀ ਦੀ ਹੌਂਦ ਨੇ ਵਾਪਸ ਭੇਜ ਦਿੱਤਾ।

ਹੁਣ ਅੰਤਮ ਫੈਸਲਾ ਸੀ-ਸਵਾਂ ਪਾਰ ਕੀਤੀ ਜਾਵੇ। ਅਸੀਂ ਆਪਣੇ ਛੋਟੇ ਹਥਿਆਰ ਤੇ ਗੋਲੀ ਸਿੱਕਾ ਆਪੋ-ਆਪਣੀ ਪੋਟਲੀ ਵਿਚ ਬੰਨ੍ਹ ਪਰਨਿਆਂ ਵਿਚ ਅੜਾ ਕੇ ਸਿਰ 'ਤੇ ਬੰਨ੍ਹ ਲਏ। ਹਾਕਮ ਮੋਹਰੇ, ਮੈਂ ਮਗਰ। ਉਹਦੇ ਖੱਬੇ ਤੇ ਮੇਰੇ ਸੱਜੇ ਦੀ ਕਰੰਘੜੀ ਬਣ ਗਈ। ਤੈਅ ਸੀ ਕਿ ਤੇਜ਼ ਵਹਾਅ ਕਾਰਨ ਪੈਰ ਚੁੱਕ ਕੇ ਅੱਗੇ ਨਹੀਂ ਧਰਨਾ, ਸਗੋਂ ਦੱਬ ਕੇ ਘਿਸਰਾ ਘਿਸਰਾ ਕੇ ਅੱਗੇ ਤੁਰਨਾ ਹੈ। ਨਦੀ ਦੇ ਡੂੰਘੇ ਵਗਦੇ ਵਹਿਣ ਦਾ ਪਾੜ ਕਰੀਬ ਵੀਹ ਕੁ ਗਜ਼ ਹੀ ਸੀ ਤੇ ਬਾਕੀ ਪਾੜ 'ਚ ਪਾਣੀ ਥੋੜ੍ਹਾ ਸੀ। ਵੜਦੇ ਸਾਰ ਪਾਣੀ ਛਾਤੀ ਤੱਕ ਆ ਚੜ੍ਹਿਆ। ਆਉਂਦੇ ਪਾਣੀ ਵਲ ਤਿਰਛਾ ਰੁਖ ਕਰਕੇ ਅਸੀਂ ਪੈਰ ਘਿਸਰਾ ਕੇ ਰੱਖਣ ਲੱਗੇ। ਪੈਰ ਚੁੱਕ ਹੋਣ ਦਾ ਖਤਰਾ ਨੰਗਾ ਚਿੱਟਾ ਸੱਚ ਸੀ। ਪੰਜ ਕੁ ਗਜ਼ ਅੱਗੇ ਗਏ ਤਾਂ ਪਾਣੀ ਗਰਦਨ ਤਕ ਆ ਚੜ੍ਹਿਆ। ਇਹ ਖਤਰੇ ਵਾਲੀ ਗੱਲ ਲੱਗੀ। ਅੱਗੇ ਕਿਤੇ ਪਤਾ ਨਹੀਂ ਕਿਹੜੇ ਪਾਸੇ ਡੂੰਭ ਹੋਵੇ। ਫਿਰ ਪੈਰ ਘਿਸਰਾਏ ਤੇ ਅੱਗੇ ਵਧੇ। ਪਾਣੀ ਠੋਡੀਆਂ ਛੋਹਣ ਲੱਗਾ। ਕਰੰਘੜੀ ਮਜ਼ਬੂਤ ਕੀਤੀ। ਪੈਰਾਂ ਨੂੰ ਉਧਰ ਮੋੜਨਾ ਸ਼ੁਰੂ ਕੀਤਾ ਜਿਧਰ ਕੁਝ ਉਚਾ ਤਲ ਮਹਿਸੂਸ ਹੁੰਦਾ ਹੋਵੇ। ਤਿੰਨ ਚਾਰ ਗਜ ਘਿਸਰੇ ਤਾਂ ਪਾਣੀ ਠੋਡੀਆਂ ਤੱਕ ਹੀ ਰਿਹਾ। ਫਿਰ ਅਚਾਨਕ ਪਾਣੀ ਦਾ ਪੱਧਰ ਹੇਠਾਂ ਡਿੱਗ ਕੇ ਛਾਤੀ ਤਕ ਆ ਗਿਆ ਤੇ ਮੋਹਰੇ ਦਾ ਫਾਸਲਾ ਵੀ 3 ਕੁ ਗਜ ਦਾ ਹੀ ਸੀ। ਪਹਿਲੀ ਸ਼ੈਲੀ ਵਿਚ ਹੀ ਅਸੀਂ ਉਹ ਤਿੰਨ-ਚਾਰ ਗਜ ਵੀ ਸਰ ਕਰ ਲਏ। ਅਸੀਂ ਡੁੱਬਦੇ ਡੁੱਬਦੇ ਤਰ ਨਿਕਲੇ ਸਾਂ। ਇਸ ਪਾਰ-ਪਰਾਈ ਵਿਚ ਕਰੀਬ ਅੱਧਾ ਘੰਟਾ ਲੱਗ ਗਿਆ। ਸਵੇਰ ਦੇ ਪੰਜ ਵੱਜ ਚੁੱਕੇ ਸਨ। ਰਾਤ ਪਿੱਛੇ ਰਹਿ ਗਈ ਸੀ ਪਰ ਨਾਲ ਹੀ ਵੱਡਾ ਗੰਦਾ ਛੰਭ ਸੀ ਜੋ ਅਸੀਂ ਛੇਤੀ ਤੋਂ ਛੇਤੀ ਪਾਰ ਕਰਨਾ ਚਾਹੁੰਦੇ ਸਾਂ।

ਛੰਭ ਦਾ ਪਾਣੀ ਕਾਲਾ ਤੇ ਭੂਰਾ ਹੋਇਆ ਪਿਆ ਸੀ। ਹੇਠਾਂ ਚਿੱਕੜ ਹੀ ਚਿੱਕੜ। ਇਸ ਮੁਸ਼ਕੀਲੇ ਤੇ ਬਦਰੰਗ ਪਾਣੀ ਵਿਚ ਸੱਪ-ਸਪੂਲੀ ਤੇ ਜੋਕਾਂ ਦਾ ਵਾਹਵਾ ਡਰ ਸੀ। ਕਰੀਬ ਇਕ ਕਿਲੋਮੀਟਰ ਦੇ ਇਸ ਛੱਪੜ ਨੂੰ ਅਸੀਂ ਕੀ ਮੰਨਦੇ ਸਾਂ। ਸਾਢੇ ਪੰਜ ਵਜੇ ਅਸੀਂ ਛੰਭ ਲੰਘ ਕੇ ਟੁੱਟੀ ਭੱਜੀ ਸੜਕ ਜਾ ਚੜ੍ਹੇ ਜੋ ਅੰਬਾਂ ਦੇ ਝੁੰਡਾਂ ਵਿਚੋਂ ਦੀ ਲਾਗਲੇ ਪਿੰਡ ਜਾ ਵੜਦੀ ਸੀ।

ਸੜਕ ਚੜ੍ਹਦੇ ਹੀ ਪਹਿਲਾਂ ਪਜਾਮਿਆਂ ਤੇ ਬੂਟਾਂ ਤੋਂ ਜੋਕਾਂ ਝਾੜੀਆਂ, ਕੁੱਝ ਚਿੱਕੜ ਛੰਡਿਆ। ਕਿਲੋਮੀਟਰ ਕੁ ਭਰ ਦੇ ਫਾਸਲੇ 'ਤੇ ਛੰਨ (ਝੁੱਗੀ) ਦਾ ਰੁਖ ਕੀਤਾ। ਇਹ ਸਾਡੇ ਇਕ ਸੰਪਰਕ ਦੀ ਛੰਨ ਸੀ। ਨਾਲ ਹੀ ਸਾਂਝਾ ਖੂਹ ਸੀ। ਸਾਡਾ ਸਾਥੀ ਦਾਤਣ ਕੁਰਲਾ ਕਰਦਾ ਹੀ ਮਿਲ ਗਿਆ।

ਸਮਾਨ ਛੰਨ 'ਚ ਰੱਖ ਕੇ ਚਾਹ ਆਉਣ ਤੋਂ ਪਹਿਲਾਂ ਹੀ ਅਸੀਂ ਪਾਣੀ ਕੱਢ ਕੇ ਕੱਪੜਿਆਂ ਸਣੇ ਇਸ਼ਨਾਨ ਅਰੰਭ ਦਿੱਤੇ। ਨਹਾ ਕੇ ਕੁਝ ਰਾਹਤ ਮਿਲੀ। ਭੁੱਖ ਬਸ ਕਰਾ ਰਹੀ ਸੀ, ਅੱਖਾਂ ਉਨੀਂਦਰੇ ਨਾਲ ਲੱਦੀਆਂ ਪਈਆਂ ਸਨ। ਜੀਅ ਕਰਦਾ ਸੀ ਕਿ ਇਉਂ ਹੀ ਮੰਜਿਆਂ 'ਤੇ ਡਿੱਗ ਪਈਏ ਪਰ ਇਕ ਵਾਰ ਸੁੱਤੇ ਫਿਰ ਚਾਰ-ਪੰਜ ਘੰਟੇ ਤੋਂ ਪਹਿਲਾਂ ਉਠ ਨਹੀਂ ਹੋਣਾ। ਮੋਹਰੇ 10 ਵਜੇ ਦਾ ਸਮਾਂ ਦਿੱਤਾ ਹੋਇਆ ਹੈ।

ਕੁੱਝ ਸਮੇਂ ਮਗਰੋਂ ਸਾਡਾ ਸਾਥੀ ਲੱਸੀ ਨਾਲ ਮੱਕੀ ਦੀਆਂ ਦੋ ਰੋਟੀਆਂ ਵੀ ਲੈ ਆਇਆ। 14 ਘੰਟੇ ਦੇ ਲਗਾਤਾਰ ਸਫਰ ਤੇ ਚੁਣੌਤੀਆਂ ਦੇ ਬਾਵਜੂਦ ਅੱਗੇ ਸਮੇਂ ਸਿਰ ਪਹੁੰਚਣਾ ਜ਼ਰੂਰੀ ਸੀ।

ਗਿੱਲੇ ਬਸਤਰ ਪਾ ਅਸੀਂ ਅਗਲੇ ਪਹਾੜ ਦੀ ਚੜ੍ਹਾਈ ਅਰੰਭ ਕਰ ਦਿੱਤੀ। ਪਗਡੰਡੀਆਂ, ਖੱਡਾਂ ਦੇ ਵੱਟਿਆਂ ਤੇ ਝੀਡੇ ਝਾੜੀਆਂ ਗਾਹੁੰਦੇ ਅਸੀਂ ਦੋ ਘੰਟੇ ਦੇ ਸਫਰ ਮਗਰੋਂ ਜੇਜੋਂ ਨੇੜੇ ਨਿਹੰਗ ਅਮਰ ਸਿੰਘ ਦੇ ਡੇਰੇ ਪਹੁੰਚੇ। ਉਥੇ ਕਾਮਰੇਡ ਕਰਤਾਰ ਸਿੰਘ ਕੂਲੇਵਾਲ ਜੈਪਾਲ ਨੂੰ ਨਾਲ ਲੈ ਕੇ ਇਸ ਟਿਕਾਣੇ 'ਤੇ ਪਹੁੰਚਿਆ ਹੋਇਆ ਸੀ। ਜਾਂਦਿਆਂ ਹੀ ਜੈਪਾਲ ਦਾ ਕਮਜ਼ੋਰ ਤੇ ਉਦਾਸ ਚਿਹਰਾ ਦੇਖਣ ਨੂੰ ਮਿਲਿਆ। ਫਿਰ ਉਸ ਦੇ ਸਰੀਰ ਦੇ ਕੰਡਿਆਂ ਨਾਲ ਝਰੀਟੇ ਤੇ ਵਲੂੰਧਰੇ ਜਾਣ ਅਤੇ ਸਾਥੀ ਜੁਲਫੀ ਉਪਰ ਭੂਮੀਪਤੀਆਂ ਤੇ ਪੁਲਿਸ ਦੇ ਬੇਰਹਿਮ ਤਸ਼ੱਦਦ ਦੀ ਦਰਦਨਾਕ ਦਾਸਤਾਂ ਇਥੇ ਹੀ ਸਾਨੂੰ ਟੱਕਰੀ ਸੀ।

# ਕੈਂਸਰ ਨੂੰ ਝਕਾਨੀ ਦਿੰਦਿਆਂ...

ਪਿਛਲੇ ਦਿਨੀਂ ਜਦ ਮੈਂ ਪੰਜਾਬ ਫੇਰੀ ਦੌਰਾਨ ਪ੍ਰੋ. ਲਖਬੀਰ ਸਿੰਘ ਨੂੰ ਮਿਲਿਆ ਤਾਂ ਉਹ ਹਸਪਤਾਲ ਦੇ ਆਈ. ਸੀ. ਯੂ. ਵਿਚ ਹਫਤਾ ਭਰ ਰਹਿਣ ਪਿਛੋਂ ਘਰ ਪਰਤਿਆ ਸੀ। ਇਹ ਸਵੈ-ਜੀਵਨੀ ਮੂਲਕ ਰਚਨਾ ਦਿੰਦਿਆਂ ਉਸ ਨੇ ਕਿਹਾ ਕਿ ਇਸ ਨੂੰ ਜਰੂਰ ਛਪਵਾਉਣਾ, ਸ਼ਾਇਦ ਕਮ-ਦਿਲਿਆਂ ਲਈ ਪ੍ਰੇਰਨਾ ਬਣ ਸਕੇ। 12 ਸਾਲ ਦੀ ਕੈਂਸਰ ਨਾਲ ਜਦੋਜਹਿਦ ਨੇ ਉਸ ਨੂੰ ਭਾਵੇਂ ਵ੍ਹੀਲ-ਚੇਅਰ ਦਾ ਮੁਥਾਜ ਕਰ ਦਿੱਤਾ ਏ, ਪਰ ਉਹ ਚੜ੍ਹਦੀ ਕਲਾ ਦਾ ਮੁਜੱਸਮਾ ਏ। ਅੱਜ ਕੱਲ ਫਿਰ ਬਹੁਤ ਮਹਿੰਗਾ ਇਲਾਜ ਚੱਲ ਰਿਹਾ ਹੈ। ਹਫਤੇ ਵਿਚ ਦੋ ਟੀਕੇ ਏਮਜ਼, ਦਿੱਲੀ ਤੋਂ ਲਗਦੇ ਨੇ। ਇਕ ਟੀਕੇ ਦੀ ਕੀਮਤ ਢਾਈ ਲੱਖ ਰੁਪਏ ਹੈ ਅਤੇ ਅਠਾਰਾਂ ਟੀਕੇ ਲੱਗਣੇ ਹਨ।

ਡੀ. ਏ. ਵੀ. ਕਾਲਜ, ਜਲੰਧਰ ਵਿਚ ਪੰਜਾਬੀ ਵਿਭਾਗ ਦਾ ਮੁਖੀ ਪ੍ਰੋ. ਲਖਬੀਰ ਸਿੰਘ ਮੇਰਾ ਗਰਾਈਂ ਹੈ। ਉਸ ਦੀ ਕੈਂਸਰ ਸੰਗ ਸਿਰੜੀ ਜਦੋਜਹਿਦ ਨਾਲ ਲਬਰੇਜ਼ ਜੀਵਨ-ਕਥਾ 'ਕੈਂਸਰ ਨੂੰ ਝਕਾਨੀ ਦਿੰਦਿਆਂ...' ਪੜ੍ਹੀ। ਮਨ ਦੀਆਂ ਕਈ ਪਰਤਾਂ ਸਿੰਮੀਆਂ ਅਤੇ ਉਨ੍ਹਾਂ ਤਹਿਆਂ ਵਿਚੋਂ ਗੁਜ਼ਰਦਿਆਂ ਬਹੁਤ ਕੁਝ ਅਚੇਤ ਅਤੇ ਸੁਚੇਤ ਰੂਪ ਵਿਚ ਦੀਦਿਆਂ ਸਾਹਵੇਂ ਆਇਆ। ਬੇਟ ਦੀ ਚੀਕਣੀ ਮਿੱਟੀ ਵਿਚ ਜੰਮ ਕੇ, ਜਿਹਨ ਅਤੇ ਸੋਚ ਵਿਚਲਾ ਚੀਕਨਾਪਣ, ਪ੍ਰੋ. ਲਖਬੀਰ ਦਾ ਹਾਸਲ। ਸੁਪਨਿਆਂ ਦੀ ਸਿਰਜਣਾ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਸਿਰ-ਧੜ ਦੀ ਬਾਜ਼ੀ ਲਾਉਣਾ, ਪ੍ਰੋ. ਲਖਬੀਰ ਦਾ ਇਸ਼ਟ।

ਯਾਦ-ਜੂਹੇ ਜਦ ਵਿਚਰਿਆ ਤਾਂ ਉਸ ਦਾ ਹਰ ਜੀਵਨ-ਰੰਗ ਚੇਤਿਆਂ ਵਿਚ ਬਿਖਰ ਅਤੇ ਨਿਖਰ ਗਿਆ। ਛੋਟੇ ਜਿਹੇ ਦਾਇਰੇ ਤੇ ਪਰਿਵਾਰਕ ਹੋਂਦ ਵਿਚੋਂ ਇਕ ਸਰਬ-ਪ੍ਰਵਾਣਿਤ, ਸੁਹਜਮਈ, ਸੰਵੇਦਨਸ਼ੀਲ ਅਤੇ ਸਿਰਜਣਾਤਮਕ ਸ਼ਖਸੀਅਤ ਦੀ ਸਿਰਜਣਾ, ਇਕ ਲੰਮੇਰਾ ਤੇ ਕਠਿਨ ਪੈਂਡਾ ਏ ਅਤੇ ਪ੍ਰੋ. ਲਖਬੀਰ ਨੇ ਇਸ ਨੂੰ ਸਾਬਤ ਕਦਮੀਂ, ਦ੍ਰਿੜਤਾ ਅਤੇ ਨਿਸ਼ਠਾ ਨਾਲ ਪੂਰਾ ਕੀਤਾ।

ਪ੍ਰੋ. ਲਖਬੀਰ ਸਿੰਘ 2006 ਵਿਚ ਬੋਨਮੈਰੋ ਦੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਿਆ। 12 ਸਾਲ ਤੱਕ ਜੀਵਨ-ਇੱਛਾ ਅਤੇ ਜ਼ਿੰਦਾਦਿਲੀ ਨਾਲ ਕੈਂਸਰ ਵਰਗੇ ਦੈਂਤ ਨਾਲ ਮੱਥਾ ਲਾਉਣਾ, ਇਸ ਨੂੰ ਪਰਤ-ਦਰ-ਪਰਤ ਹਰਾਉਣਾ ਅਤੇ ਆਪਣੇ ਹੌਂਸਲੇ ਦਾ ਪਰਚਮ ਲਹਿਰਾਉਣ ਵਾਲੀ ਉਸ ਦੀ ਸਿਰੜ-ਸਾਧਨਾ ਨੂੰ ਸਲਾਮ।

ਇਸ ਯੁੱਧ ਵਿਚ ਪ੍ਰੋ. ਲਖਬੀਰ ਇਕੱਲਾ ਹੀ ਨਹੀਂ ਸਗੋਂ ਉਸ ਦੀ ਜੀਵਨ-ਸਾਥਣ ਹਰਵਿੰਦਰ, ਬੇਟੇ ਬਾਗੇਸ਼ਵਰ ਤੇ ਲਿਆਕਤਬੀਰ, ਮਾਪੇ, ਭੈਣ-ਭਰਾ ਅਤੇ ਨੇੜਲਿਆਂ ਦਾ ਹੌਂਸਲਾ, ਸਮਰਪਣ ਅਤੇ ਮਦਦ ਦਾ ਬਹੁਤ ਵੱਡਾ ਰੋਲ। ਪਰਿਵਾਰਕ ਤੰਦਾਂ ਦੀ ਪਕਿਆਈ, ਸਚਿਆਈ ਅਤੇ ਪਾਕੀਜ਼ਗੀ ਦਾ ਕਮਾਲ ਏ, ਕੈਂਸਰ ਸੰਗ ਜੰਗ।

ਇਹ ਸਿਰਫ ਪ੍ਰੋ. ਲਖਬੀਰ ਦੀ ਜੀਵਨ ਕਥਾ ਹੀ ਨਹੀਂ ਸਗੋਂ ਇਕ ਜੀਵਨ ਫਲਸਫਾ ਵੀ ਏ ਕਿ ਜੀਵਨ ਦੀਆਂ ਦੁਸ਼ਵਾਰੀਆਂ ਵਿਚ ਸੁਚਾਰੂ ਨਜ਼ਰੀਆ, ਉਚੇਰੀ ਮਾਨਸਿਕ ਉਡਾਣ ਅਤੇ ਸਾਕਾਰਾਤਮਕ ਸੋਚ ਤੁਹਾਨੂੰ ਬੁਲੰਦੀਆਂ ਬਖਸ਼ਦੀ, ਚੜ੍ਹਦੇ ਸੂਰਜ ਦਾ ਅਹਿਸਾਸ ਮਨ ਬਿਰਤੀ 'ਚ ਪੈਦਾ ਕਰਦੀ ਏ। ਇਹ ਮਨੁੱਖ 'ਤੇ ਨਿਰਭਰ ਕਰਦਾ ਕਿ ਉਸ ਨੇ ਪਲ ਪਲ ਉਤਰਦੇ ਹਨੇਰੇ 'ਚੋਂ ਰਾਤ ਨੂੰ ਕਿਆਸਣਾ ਜਾਂ ਰਾਤ ਦੀ ਕੁੱਖ 'ਚੋਂ ਉਗਮਣ ਵਾਲੀ ਸੂਰਜ ਦੀ ਕਿਰਨ ਨੂੰ ਨਤਮਸਤਕ ਹੋਣਾ ਏ।

ਪ੍ਰੋ. ਲਖਬੀਰ ਸਿੰਘ ਦੀ ਤਨ-ਦਰੁਸਤੀ, ਮਨ-ਦਰੁਸਤੀ ਤੇ ਚੜ੍ਹਦੀ ਕਲਾ ਦੀ ਕਾਮਨਾ ਕਰਦਾ, ਉਸ ਦੀ ਸੋਚ ਤੇ ਕਲਮ ਨੂੰ ਸਲਾਮ ਕਰਦਾ ਹਾਂ।

-ਡਾ. ਗੁਰਬਖਸ਼ ਸਿੰਘ ਭੰਡਾਲ



ਪ੍ਰੋ. ਲਖਬੀਰ ਸਿੰਘ

# ਭਲਾ ਮੈਂ ਹੀ ਕਿਉਂ?

ਪ੍ਰੋ. ਲਖਬੀਰ ਸਿੰਘ
ਫੋਨ: 91-98148-66230

ਜ਼ਿੰਦਗੀ ਦੀ ਮਨੁੱਖ ਨੂੰ ਕੋਈ ਅੰਤਿਮ ਸਮਝ ਨਹੀਂ ਆਉਂਦੀ। ਲੱਖਾਂ ਹੀ ਸਾਲਾਂ ਤੋਂ ਜਾਂ ਫਿਰ ਆਦਮ ਹਵਾ ਜਾਂ ਯਮ ਯਮੀ ਦੇ ਸਮੇਂ ਤੋਂ ਇਨਸਾਨ ਅਤੇ ਇਨਸਾਨੀ ਜ਼ਿੰਦਗੀ ਇਕ ਬੁਝਾਰਤ ਜਾਂ ਫਿਰ ਇਕ ਪ੍ਰਸ਼ਨ ਬਣੀ ਰਹੀ ਹੈ। ਅੱਜ ਵੀ ਇਹ ਓਨਾ ਹੀ ਗਹਿਰਾ ਪ੍ਰਸ਼ਨ ਹੈ। ਵੱਡੇ ਵੱਡੇ ਗ੍ਰੰਥ, ਵੇਦ, ਦਰਸ਼ਨ, ਸਾਹਿਤ ਕੋਈ ਵੀ ਜ਼ਿੰਦਗੀ ਦਾ ਅੰਤਿਮ ਨਿਰਣਾ ਕਰ ਕੇ ਮਨੁੱਖ ਨੂੰ ਤਸੱਲੀ ਨਹੀਂ ਦੇ ਸਕੇ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ-ਕੀ, ਕਿਵੇਂ, ਕਿੱਥੇ, ਕਿਉਂ ਹੁੰਦਾ ਏ, ਕੁਝ ਵੀ ਪਰਿਭਾਸ਼ਤ ਨਹੀਂ ਹੈ ਅਤੇ ਨਾ ਹੀ ਅੰਤਿਮ। ਸਾਰਾ ਕੁਝ ਮਨੁੱਖ ਦੀ ਸੋਚ ਤੇ ਯੋਜਨਾ ਅਨੁਸਾਰ ਨਹੀਂ ਹੁੰਦਾ ਸਗੋਂ ਬਹੁਤ ਕੁਝ ਸਬੱਬ ਨਾਲ ਵੀ ਹੁੰਦਾ ਹੈ। ਧਰਤੀ 'ਤੇ ਹਰ ਮਨੁੱਖ ਇਕ ਵੱਖਰੀ ਦੁਨੀਆਂ ਹੈ। ਹਰ ਮਨੁੱਖ ਦੀ ਆਪਣੀ ਸੋਚ ਤੇ ਆਪਣਾ ਹੀ ਫਲਸਫਾ ਹੈ। ਇਕ ਗੱਲ ਜ਼ਰੂਰ ਹੈ ਕਿ ਮਨੁੱਖ ਦੀਆਂ ਬੁਨਿਆਦੀ ਸਿਫਤਾਂ, ਮਹਿਸੂਸ ਕਰਨ ਦੀ ਗੱਲ, ਭਾਵਨਾਵਾਂ, ਕ੍ਰਿਆਵਾਂ ਪ੍ਰਤੀਕ੍ਰਿਆਵਾਂ ਇਕੋ ਜਿਹੀਆਂ ਅਤੇ ਮੇਲ ਖਾਂਦੀਆਂ ਹੁੰਦੀਆਂ ਹਨ। ਮਨੁੱਖ ਦਾ ਦੁੱਖ-ਸੁੱਖ ਪ੍ਰਤੀ ਰਵੱਈਆ, ਪ੍ਰਤੀਕ੍ਰਿਆ ਥੋੜ੍ਹੇ ਬਹੁਤੇ ਫਰਕ ਨਾਲ ਕਰੀਬ ਇੱਕੋ ਜਿਹੇ ਰਹਿੰਦੇ ਹਨ।

ਸਮੇਂ ਦੇ ਗੇੜ ਨਾਲ ਭਾਵ ਪ੍ਰਾਪਤੀ ਤੇ ਖੁਸ਼ੀ ਮੌਕੇ ਬੰਦਾ ਖੁਸ਼ੀਆਂ ਮਨਾਉਂਦਾ ਹੈ ਅਤੇ ਦੁੱਖ ਵੇਲੇ ਬਹੁੜੀ-ਦੁਹਾਈ ਪਾਉਂਦਾ ਹੈ। ਆਮ ਤੌਰ 'ਤੇ ਮਨੁੱਖ ਦੀ ਜ਼ਿੰਦਗੀ ਆਪਣੀ ਚਾਲੇ ਚਲਦੀ ਹੈ, ਜਿਸ ਵਿਚੋਂ ਮਨੁੱਖ ਦੀ ਸੋਚ ਪੈਦਾ ਹੁੰਦੀ ਹੈ ਅਤੇ ਉਹੀ ਸੋਚ ਦਾ ਆਪਣਾ ਦਰਸ਼ਨ ਬਣਦਾ ਹੈ। ਆਮ ਤੌਰ 'ਤੇ ਦੋ ਤਰ੍ਹਾਂ ਦੀਆਂ ਘਟਨਾਵਾਂ ਮਨੁੱਖੀ ਜੀਵਨ ਵਿਚ ਵਾਪਰਦੀਆਂ ਹਨ-ਸੁਖਦ ਅਤੇ ਦੁਖਦ। ਮਨੁੱਖੀ ਜਨਮ ਪਹਿਲੀ ਵੱਡੀ ਘਟਨਾ ਹੈ। ਨਵਜਾਤ ਮਨੁੱਖ ਲਈ ਇਹ ਘਟਨਾ ਸੁਖਦ ਹੈ ਜਾਂ ਦੁਖਦ, ਕਹਿਣਾ ਮੁਸ਼ਕਿਲ ਹੈ, ਚੂੰਕਿ ਨਵਜਾਤ ਖੁਦ ਬਿਆਨ ਨਹੀਂ ਕਰ ਸਕਦਾ। ਆਸ ਪਾਸ ਦੇ ਲੋਕਾਂ ਲਈ ਇਹ ਸੁਖਦ ਅਤੇ ਖੁਸ਼ੀਆਂ ਭਰੀ ਘਟਨਾ ਹੈ। ਜਨਮ ਤੋਂ ਬਾਅਦ ਘਟਨਾਵਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਆਮ ਤੌਰ 'ਤੇ ਮਨੁੱਖ ਘਟਨਾਵਾਂ ਦੇ ਅਸਰ ਨੂੰ ਮਹਿਸੂਸ ਕਰਦਾ ਹੈ, ਅਜਿਹੇ ਅਸਰ ਨਾਲ ਭਾਵਨਾਵਾਂ ਬਦਲ ਕੇ ਤਜਰਬਾ ਬਣ ਜਾਂਦੀਆਂ ਹਨ ਅਤੇ ਫਿਰ ਇਹੀ ਤਜਰਬਾ ਮਨੁੱਖੀ ਜ਼ਿੰਦਗੀ ਦਾ ਸਰਮਾਇਆ ਬਣ ਜਾਂਦਾ ਹੈ। ਹਰ ਕਿਸੇ ਦਾ ਜੀਵਨ-ਤਜਰਬਾ ਵੱਖਰਾ ਤੇ ਆਪਣੀ ਹੀ ਕਿਸਮ ਦਾ ਹੁੰਦਾ ਹੈ। ਅਸੀਂ ਬਚਪਨ ਤੋਂ ਹੀ ਖੁਸ਼ੀਆਂ ਭਰੇ ਸੁਖਦ ਤਜਰਬੇ ਲਈ ਯਤਨਸ਼ੀਲ ਰਹਿੰਦੇ ਹਾਂ, ਹਮੇਸ਼ਾ ਸੁਖ ਤੇ ਖੁਸ਼ੀਆਂ ਹੀ ਚਾਹੁੰਦੇ ਹਾਂ। ਚਾਵਾਂ ਅਤੇ ਖੁਸ਼ੀਆਂ ਭਰੇ ਜੀਵਨ ਪਲਾਂ ਨੂੰ ਬੜਾ ਚਾਹ ਕੇ, ਹੁੱਬ ਕੇ ਸਵੀਕਾਰਦੇ ਹਾਂ। ਸੁਖਦ ਘਟਨਾਵਾਂ ਸਾਡੇ ਆਪਣੇ ਆਪ ਵਿਚ ਤੇ ਸਾਡੇ ਆਸ-ਪਾਸ ਖੁਸ਼ੀਆਂ ਭਰ ਦਿੰਦੀਆਂ ਹਨ। ਅਸੀਂ ਹੱਸਦੇ, ਨੱਚਦੇ, ਗਾਉਂਦੇ ਅਤੇ ਢੋਲ ਵਜਾਉਂਦੇ ਖੁਸ਼ੀਆਂ ਮਨਾਉਂਦੇ ਹਾਂ। ਖੁਸ਼ੀਆਂ, ਪ੍ਰਾਪਤੀਆਂ ਤੇ ਸੁਖ ਜ਼ਿੰਦਗੀ ਦਾ ਇਕ ਪਹਿਲੂ ਹੈ।

ਖੁਸ਼ੀ ਕੀ ਹੈ? ਜਿਥੇ ਚੰਗਾ ਚੰਗਾ ਲੱਗਦਾ ਹੈ, ਮਨ ਨੂੰ ਭਾਉਂਦਾ ਹੈ, ਤ੍ਰਿਪਤੀ ਹੁੰਦੀ ਹੈ ਤੇ ਪ੍ਰਾਪਤੀ ਲਗਦੀ ਹੈ। ਇਸ ਦੀ ਪਹਿਲੀ ਅਵਸਥਾ ਖੁਸ਼ੀ ਹੈ, ਦੂਜੀ ਅਨੰਦ ਤੇ ਤੀਜੀ ਪਰਮਾਨੰਦ। ਜ਼ਿੰਦਗੀ ਦਾ ਦੂਜਾ ਪਹਿਲੂ ਜਾਂ ਜ਼ਿੰਦਗੀ-ਰੂਪੀ ਸਿੱਕੇ ਦਾ ਦੂਜਾ ਪਾਸਾ ਐਸਾ ਘਟਨਾਕ੍ਰਮ ਹੈ, ਜੋ ਦੁੱਖ ਉਪਜਾਉਂਦਾ ਹੈ ਭਾਵ ਦੁਖਦ ਹੁੰਦਾ ਹੈ, ਜਿਸ ਤੋਂ ਪੂਰਨਭਾਂਤ ਬਚਿਆ ਹੀ ਨਹੀਂ ਜਾ ਸਕਦਾ। ਜਿਵੇਂ ਕਿਸੇ ਸ਼ਾਇਰ ਨੇ ਕਿਹਾ ਹੈ: ਜ਼ਿੰਦਗੀ ਵਿਚ ਗਮ ਤੇ ਦੁੱਖ ਤੋਂ ਬਚ ਕੇ ਰਹਿਣਾ ਹੈ ਮੁਹਾਲ, ਜਿਸ ਤਰ੍ਹਾਂ ਕੋਈ ਪਾਣੀਆਂ ਨੂੰ ਭਿੱਜਿਆਂ ਬਿਨ ਤਰ ਸਕੇ।

ਜ਼ਿੰਦਗੀ ਦੀ ਪੂਰਨਤਾ ਇਸੇ ਵਿਚ ਹੈ ਕਿ ਸੁੱਖ ਦੇ ਨਾਲ ਨਾਲ ਦੁੱਖ ਵੀ ਇਸ ਦਾ ਅਹਿਮ ਹਿੱਸਾ ਹੁੰਦੇ ਹਨ। ਸਾਡਾ ਚਾਹੁਣਾ, ਨਾ ਚਾਹੁਣਾ ਇਕ ਪਾਸੇ, ਜ਼ਿੰਦਗੀ 'ਚ ਦੁਖਦਾਈ ਘਟਨਾਵਾਂ ਵਾਪਰਦੀਆਂ ਜਰੂਰ ਹਨ। ਐਸਾ ਘਟਨਾਕ੍ਰਮ ਦੁੱਖ ਦਿੰਦਾ ਹੈ, ਜਿਸ ਦੇ ਵਾਪਰਨ 'ਤੇ ਅਸੀਂ ਡਰ ਜਾਂਦੇ ਹਾਂ, ਭੈਭੀਤ ਹੋ ਜਾਂਦੇ ਹਾਂ, ਸਾਨੂੰ ਕਸ਼ਟ ਹੁੰਦਾ ਹੈ, ਅਤਿਅੰਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕੁਝ ਗਵਾਚਦਾ ਤੇ ਟੁੱਟਦਾ ਲੱਗਦਾ ਹੈ। ਕੀ ਕੋਈ ਇਨਸਾਨ ਅਜਿਹੇ ਮੌਕੇ ਲਈ ਕਦੀ ਤਿਆਰ ਹੁੰਦਾ ਹੈ? ਨਹੀਂ! ਬਿਲਕੁਲ ਨਹੀਂ! ਸ਼ਾਇਦ ਹੀ ਕੋਈ ਹੋਵੇ, ਜੋ ਪਹਿਲਾਂ ਹੀ ਤਿਆਰ ਹੋਵੇ ਅਤੇ ਦੁੱਖ ਦੇ ਸਮੇਂ ਨੂੰ ਇਕਦਮ ਸਬਰ-ਸੰਤੋਖ ਨਾਲ ਸਵੀਕਾਰ ਕਰਕੇ ਸਹੀ ਵਕਤ 'ਤੇ ਹਿੰਮਤ ਅਤੇ ਹੌਂਸਲੇ ਨਾਲ ਸਹੀ ਫੈਸਲੇ ਲੈ ਕੇ ਬਾਹਰ ਨਿਕਲ, ਸੁਖੀ ਹੋਣ ਲਈ ਯਤਨਸ਼ੀਲ ਹੋ ਜਾਵੇ। ਸਮਝ ਤੇ ਇਨਸਾਨੀਅਤ ਤਾਂ ਇਸੇ ਵਿਚ ਹੈ ਕਿ ਮਨੁੱਖ ਸਭ ਕਾਸੇ ਲਈ ਤਿਆਰ ਹੋਵੇ, ਜੋ ਵੀ ਵਾਪਰਦਾ ਹੈ, ਉਸ ਨੂੰ ਸਾਕਾਰ ਅਤੇ ਉਸਾਰੂ ਸੋਚ ਨਾਲ ਝੱਲਣ, ਬਰਦਾਸ਼ਤ ਕਰਨ ਲਈ।

ਹਾਲਾਂਕਿ ਨਾਖੁਸ਼ਗਵਾਰ ਘਟਨਾਕ੍ਰਮ ਹਰ ਕਿਸੇ ਦੇ ਆਸਪਾਸ, ਦੂਰ ਦੁਰਾਡੇ, ਕਿਤੇ ਨਾ ਕਿਤੇ ਹਰ ਪਲ ਹੀ ਵਾਪਰ ਰਿਹਾ ਹੁੰਦਾ ਹੈ। ਕੋਈ ਵਿਅਕਤੀ ਆਪਣੇ ਆਪ ਨੂੰ ਦੁੱਖ ਵਿਚ ਫਸੇ ਵਿਅਕਤੀ ਦੀ ਥਾਂ ਰੱਖ ਕੇ ਕਦੀ ਨਹੀਂ ਸੋਚਦਾ ਕਿ ਉਸ ਦੇ ਖੁਦ ਨਾਲ ਵੀ ਇੰਜ ਹੋ ਸਕਦਾ ਹੈ। ਹਾਂ! ਇਹ ਜਰੂਰ ਸੋਚਿਆ ਜਾਂਦਾ ਹੈ ਕਿ ਐਸਾ ਘਟਨਾਕ੍ਰਮ ਕੇਵਲ ਦੂਸਰਿਆਂ ਲਈ ਹੀ ਹੈ, ਖੁਦ ਲਈ ਤਾਂ ਕੇਵਲ ਸੁਖ ਹੀ ਸੁਖ ਹਨ ਤੇ ਇਸੇ ਭਰਮ ਵਿਚ ਵਿਅਕਤੀ ਦੁੱਖ ਨੂੰ ਭੁੱਲਿਆ ਰਹਿੰਦਾ ਹੈ। ਇੰਜ ਦੁੱਖ ਵਧੇਰੇ ਝੱਲਦਾ ਹੈ। ਸਾਡੇ ਧਰਮ ਗ੍ਰੰਥਾਂ ਦੇ ਸਮਝਾਉਣ ਦੇ ਬਾਵਜੂਦ ਮਨੁੱਖ ਬੀਮਾਰੀ, ਦੁਰਘਟਨਾ, ਮੌਤ, ਮੁਸੀਬਤ ਨਾਲ ਪੈਣ ਵਾਲਾ ਘਾਟਾ ਸਵੀਕਾਰਨ ਲਈ ਕਦੀ ਤਿਆਰ ਨਹੀਂ ਹੁੰਦਾ। ਇਸ ਲਿਹਾਜ਼ ਨਾਲ ਸਦਾ ਸੁਖ ਹੀ ਸੁਖ ਮਾਣਨ ਦੀ ਸੋਚ ਦੇ ਮਾਹੌਲ ਵਿਚ ਜਦੋਂ ਅਚਨਚੇਤੀ ਠਾਹ ਕਰਕੇ ਕੋਈ ਬੀਮਾਰੀ, ਦੁਰਘਟਨਾ, ਮੁਸੀਬਤ ਜਾਂ ਮੌਤ ਆ ਦਸਤਕ ਦਿੰਦੀ ਹੈ ਤਾਂ ਪਹਿਲੀ ਸੱਟੇ ਮਨੁੱਖ ਮੰਨਣ ਤੋਂ ਹੀ ਇਨਕਾਰੀ ਤੇ ਸਵੀਕਾਰਨ ਤੋਂ ਨਾਬਰ ਹੁੰਦਾ ਹੈ। ਵੱਡੇ ਦੁੱਖ ਵਿਚ ਫਸੇ ਬੰਦੇ ਦਾ ਪਹਿਲਾ ਰਵੱਈਆ ਦੁੱਖ ਨੂੰ ਅਸਵੀਕਾਰ ਕਰਨ ਦਾ ਹੁੰਦਾ ਹੈ। ਨਹੀਂ! ਮੇਰੇ ਨਾਲ ਇੰਜ ਨਹੀਂ ਹੋ ਸਕਦਾ। ਬਸ ਇਕੋ ਹੀ ਸਵਾਲ, ਇਹ ਮੇਰੇ ਨਾਲ ਹੀ ਕਿਉਂ ਹੋਇਆ? ਭਲਾ ਮੈਂ ਹੀ ਕਿਉਂ? ਮੈਂ ਐਸਾ ਕੀ ਕੀਤਾ ਹੈ ਕਿ ਮੇਰੇ ਨਾਲ ਇੰਜ ਵਾਪਰਿਆ। ਫਿਰ ਇਸ ਨੂੰ ਕਿਸਮਤ, ਕਰਮਾਂ, ਪਿਛਲੇ ਜਨਮਾਂ ਨਾਲ ਜੋੜਿਆ ਜਾਂਦਾ ਹੈ। ਰੱਬ ਅਤੇ ਕੁਦਰਤ ਨੂੰ ਕੋਸਿਆ ਜਾਂਦਾ ਹੈ। ਮੈਂ ਖੁਦ ਵੀ ਸਭਨਾਂ ਵਾਂਗ ਹੱਡਮਾਸ ਤੇ ਖੂਨ ਦਾ ਬਣਿਆ ਹੋਇਆ ਹਾਂ, ਮੈਂ ਵੀ ਕਿਤੇ ਨਾ ਕਿਤੇ ਇੰਜ ਸੋਚਿਆ ਕਿ ਨਿਤ ਭਲਾ ਕਰਦਿਆਂ, ਮੇਰੀ ਬੜੇ ਆਰਾਮ ਨਾਲ ਚੱਲ ਰਹੀ ਜ਼ਿੰਦਗੀ ਦੇ ਮਾਹੌਲ ਸੁਖਾਵੇਂ ਵਿਚ ਅਚਾਨਕ ਐਨਾ ਵੱਡਾ ਕਸ਼ਟ ਬੰਬ ਬਣ ਮੇਰੇ ਅਤੇ ਮੇਰੇ ਪਰਿਵਾਰ 'ਤੇ ਕਿਉਂ ਡਿੱਗਿਆ। ਆਖਿਰ ਮੈਂ ਹੀ ਕਿਉਂ? ਭਲਾ ਮੈਂ ਹੀ ਕਿਉਂ?

ਜ਼ਰਾ ਗਹੁ ਨਾਲ ਸੋਚੀਏ ਕਿ ਅਸੀਂ ਅੱਜ ਜੋ ਹਾਂ, ਇਹ ਕੇਵਲ ਆਪਣੀ ਸੋਚ ਜਾਂ ਯੋਜਨਾ ਨਾਲ ਹਾਂ? ਜਾਂ ਫਿਰ ਇਤਫਾਕਨ ਹੀ ਜ਼ਿੰਦਗੀ ਅੱਜ ਵਾਲੇ ਮੋੜ 'ਤੇ ਲੈ ਆਈ ਹੈ। ਸਾਡੇ ਹਾਲਾਤ ਸਾਨੂੰ ਕਿਥੇ ਲੈ ਜਾਣ, ਪਹਿਲਾਂ ਕੁਝ ਨਹੀਂ ਕਿਹਾ ਜਾ ਸਕਦਾ। ਇਕ ਗੱਲ ਦਰੁਸਤ ਹੈ ਕਿ ਕਾਮਯਾਬ ਤਾਂ ਉਹੀ ਹੁੰਦੇ ਹਨ ਜੋ ਅਸਲ ਵਿਚ 'ਦੁੱਖ ਸੁੱਖ ਦੋਊ ਸਮ ਕਰ ਜਾਣੈ' ਵਾਂਗ 'ਇਹ ਭੀ ਦਾਤਿ ਤੇਰੀ ਦਾਤਾਰ' ਕਹਿ ਕੇ ਨਾਖੁਸ਼ਗਵਾਰ ਵਕਤ ਵਿਚ ਵੀ ਮੁਸਕਰਾਹਟ ਬਿਖੇਰ ਸਕਣ ਅਤੇ ਦੁੱਖ ਨੂੰ ਜੀਰ ਜਾਣ। ਸਧਾਰਨ ਜੀਵਨ ਜਿਉਂਦਿਆਂ, ਜ਼ਿੰਦਗੀ ਦੀ ਰਵਾਨੀ ਨਾਲ ਚਲਦਿਆਂ ਸਾਨੂੰ ਸਧਾਰਨ ਸੋਚ ਅਤੇ ਸਧਾਰਨ ਊਰਜਾ ਦੀ ਲੋੜ ਹੁੰਦੀ ਹੈ ਪਰ ਸੰਕਟ ਤੇ ਨਾਖੁਸ਼ਗਵਾਰੀ ਦੇ ਸਮੇਂ ਕਿਤੇ ਵੱਧ ਸੋਚ ਤੇ ਊਰਜਾ ਲੋੜੀਂਦੀ ਹੁੰਦੀ ਏ। ਅਣਸੁਖਾਵੇਂ ਮੌਕਿਆਂ 'ਤੇ ਵੱਡਾ ਅਤੇ ਪਹਿਲਾ ਸਵਾਲ ਮਨ ਇਹੀ ਕਰਦਾ ਹੈ ਕਿ ਭਲਾ ਮੈਂ ਹੀ ਕਿਉਂ!! ਜਾਂ ਮੇਰੇ ਨਾਲ ਹੀ ਕਿਉਂ? ਜਦ ਅਜਿਹਾ ਪ੍ਰਸ਼ਨ ਜਾਂ ਫਿਰ ਅਜਿਹੇ ਪ੍ਰਸ਼ਨਾਂ ਦਾ ਸਿਲਸਿਲਾ ਸਾਡੇ ਮਨੋ-ਜਗਤ 'ਚ ਘੋੜ-ਦੌੜ ਲਾਉਂਦਾ ਹੈ ਤਾਂ ਅਸੀਂ ਕੁਝ ਹਾਸਿਲ ਕਰਨ ਦੀ ਥਾਂ ਕੁਝ ਗਵਾਉਣਾ ਸ਼ੁਰੂ ਕਰ ਦਿੰਦੇ ਹਾਂ, ਡਰ ਜਾਂਦੇ ਹਾਂ, ਭੈਅਭੀਤ ਹੋ ਜਾਂਦੇ ਹਾਂ।

ਅਸਲ ਵਿਚ ਜ਼ਿੰਦਗੀ ਇਕ ਦਰਿਆ ਦੀ ਮਨਿੰਦ ਨਿਰੰਤਰ ਚਲਾਇਮਾਨ ਹੈ। ਇਸ ਦੀ ਚਾਲ ਕਦੀ ਪਹਾੜੀ ਚਸ਼ਮੇ ਵਰਗੀ, ਕਦੀ ਵਾਦੀਆਂ 'ਚ ਸ਼ੂਕਦੇ ਦਰਿਆ ਵਰਗੀ, ਕਦੀ ਮੈਦਾਨਾਂ ਵਿਚ ਇਕਸਾਰ ਵਗਦੇ ਪਾਣੀਆਂ ਵਰਗੀ ਹੁੰਦੀ ਹੈ। ਜ਼ਿੰਦਗੀ ਨੇ ਤਾਂ ਚਲਣਾ ਹੀ ਏ। ਮਾਅਨੇ ਰੱਖਦੀ ਏ ਸਵੀਕ੍ਰਿਤੀ ਤੇ ਸਾਡਾ ਰਵੱਈਆ। ਮੈਨੂੰ ਜਾਪਦੈ ਵਾਪਰਨ, ਸਵੀਕਾਰਨ ਤੇ ਸਮਝਣ ਦੇ ਰਵੱਈਏ 'ਚ 10 ਫੀਸਦੀ ਤੇ 90 ਫੀਸਦੀ ਦਾ ਅਨੁਪਾਤ ਹੁੰਦੈ। ਜੋ ਘਟਨਾਕ੍ਰਮ ਵਾਪਰਦਾ ਏ, ਸ਼ਾਇਦ 10 ਫੀਸਦੀ ਤੋਂ ਵੱਧ ਨਹੀਂ ਹੁੰਦਾ, ਜਿਸ 'ਤੇ ਸਾਡਾ ਕੋਈ ਵੱਸ ਨਹੀਂ ਹੁੰਦਾ, ਪ੍ਰੰਤੂ ਸਾਡੀ ਸਵੀਕ੍ਰਿਤੀ ਤੇ ਸਾਡਾ ਰਵੱਈਆ 90 ਫੀਸਦੀ ਯੋਗਦਾਨ ਪਾਉਂਦਾ ਏ। ਜ਼ਰਾ ਗਹੁ ਨਾਲ ਸੋਚੀਏ ਤਾਂ ਸਪੱਸ਼ਟ ਏ ਕਿ 90 ਫੀਸਦੀ ਦੇ ਮੁਕਾਬਲੇ 10 ਫੀਸਦੀ ਕਿੰਨਾ ਛੋਟਾ ਹੈ। ਅਗਰ 90 ਫੀਸਦੀ, ਜੋ ਸਾਡੇ ਵੱਸ ਵਿਚ ਹੈ, ਉਸ ਨੂੰ ਉਸਾਰੂ ਬਣਾ ਕੇ ਸਬਰ, ਹਿੰਮਤ, ਦੂਰ-ਦ੍ਰਿਸ਼ਟੀ ਵਾਲਾ ਕਰ ਲਈਏ ਤਾਂ 10 ਫੀਸਦੀ ਦਾ ਸ਼ਾਇਦ ਪਤਾ ਹੀ ਨਾ ਲੱਗੇ। ਲੋੜ ਹੈ, ਹਰ ਪਲ ਨੂੰ ਉਸਾਰੂ ਸੋਚ, ਸਿਰਜਣਾਤਮਕ ਰਹਿਣ-ਸਹਿਣ, ਸਬਰ ਅਤੇ ਹਿੰਮਤ ਨਾਲ ਜਿਉਣ ਦੀ। ਇੱਛਾ-ਸ਼ਕਤੀ ਅਤੇ ਹਿੰਮਤ ਨਾਲ ਭਲਾ ਕੀ ਨਹੀਂ ਹੋ ਸਕਦਾ? ਕਹਿੰਦੇ ਨੇ ਅਸਮਾਨ 'ਚ ਵੀ ਛੇਕ ਹੋ ਸਕਦਾ ਹੈ ਜੇ ਪੱਥਰ ਹਿੰਮਤ ਤੇ ਢੰਗ ਨਾਲ ਮਾਰਿਆ ਜਾਵੇ। ਸਭ ਕੁਝ ਸੰਭਵ ਹੈ ਭਾਵੇਂ ਸਮਾਂ ਕਿੰਨਾ ਵੀ ਦੁਰਗਮ ਅਤੇ ਕਸ਼ਟਕਾਰੀ ਜਾਪੇ, ਆਸ ਬਾਕੀ ਰਹੇ ਤਾਂ ਸਵਾਸ ਵੀ ਜੁੜ ਸਕਦੇ ਹਨ। ਅਖੇ! ਜੀਵੇ ਆਸਾ, ਮਰੇ ਨਿਰਾਸਾ।

ਮੇਰੇ ਮਨ ਮਸਤਕ ਵਿਚ ਉਹ ਸਾਰੇ ਸਵਾਲ ਆਏ, ਬੜੇ ਪ੍ਰਸ਼ਨ ਪੈਦਾ ਹੋਏ, ਅੱਜ ਵੀ ਉਨ੍ਹਾਂ ਦੇ ਜੁਆਬ ਦੀ ਤਲਾਸ਼ ਵਿਚ ਹਾਂ। ਪਰ 90% ਨੂੰ ਦਰੁਸਤ ਰੱਖਣ ਦੀ ਕੋਸ਼ਿਸ਼ ਕਰਦਿਆਂ ਸਾਰੇ ਪ੍ਰਸ਼ਨਾਂ ਦੇ ਜੁਆਬ ਲੱਭਦਾ-ਲੱਭਦਾ ਅੱਗੇ ਵਧ ਰਿਹਾ ਹਾਂ। ਮੇਰੇ ਸੰਘਰਸ਼ ਨੂੰ ਦੇਖੋ! ਹਾਰ ਮੰਨਣਾ ਇਨਸਾਨੀਅਤ ਲਈ ਮਿਹਣਾ ਹੈ ਅਤੇ ਮੈਦਾਨ 'ਚ ਨਿਰੰਤਰ ਜੂਝਦੇ ਜਾਣਾ ਸੂਰਮਗਤੀ। ਮੈਨੂੰ ਤਾਂ ਸੂਰਮਗਤੀ ਹੀ ਰੁਮਾਂਚਿਤ ਕਰਦੀ ਹੈ।

## ਯਾਦ ਝਰੋਖਾ

# ਲੱਖੀ ਮਾਸਟਰ

ਗੱਲ 1947 ਦੀ ਵੰਡ ਤੋਂ ਪਹਿਲੇ ਸਿਆਲਕੋਟ ਦੀ ਹੈ। ਸਾਡੇ ਘਰ ਵਿਚ ਉਸ ਨੂੰ ਲੱਖੀ ਮਾਸਟਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਹ ਸ਼ਹਿਰ ਦੀ ਮਿਉਂਸਪਲ ਕਮੇਟੀ ਵਲੋਂ ਚਲਾਇਆ ਜਾਂਦਾ ਸਕੂਲ ਸੀ, ਜਿੱਥੇ ਮੈਨੂੰ ਪਹਿਲੀ ਜਮਾਤ ਦਾਖਲ ਕਰਵਾਇਆ ਗਿਆ। ਉਸੇ ਸਕੂਲ ਵਿਚ ਲੱਖੀ ਮਾਸਟਰ ਪੜ੍ਹਾਉਂਦਾ ਸੀ। ਉਸ ਦੇ ਪੂਰੇ ਨਾਂ ਦਾ ਪਤਾ ਨਹੀਂ। ਸਕੂਲ ਘਰੋਂ ਦੂਰ ਨਹੀਂ ਸੀ, ਸਾਡੇ ਘਰ ਵਾਲੀ ਗਲੀ ਲੰਘ ਕੇ, ਐਬਕ ਸਾਹਿਬ ਦੀ ਕੋਠੀ ਕੋਲੋਂ ਸੜਕ ਪਾਰ ਕਰਕੇ, ਸੜਕ ਦੇ ਨਾਲ ਨਾਲ ਐਕ (ਨਹਿਰ) ਚਲਦੀ ਸੀ, ਬਸ ਥੋੜੀ ਹੀ ਦੂਰ ਸੜਕ ਕੰਢੇ ਉਹ ਸਕੂਲ ਸੀ।

ਸਕੂਲ ਕਿੰਜ ਦਾ ਸੀ, ਕਿਸ ਕਮਰੇ ਵਿਚ ਮੈਂ ਪੜ੍ਹਦਾ ਸੀ, ਕੀ ਪੜ੍ਹਦਾ ਸੀ ਅਤੇ ਕੌਣ ਪੜ੍ਹਾਉਂਦਾ ਸੀ-ਕੁਝ ਯਾਦ ਨਹੀਂ। ਲੱਖੀ ਮਾਸਟਰ ਦਾ ਕੁਝ ਯਾਦ ਜਿਹਾ ਆਉਂਦਾ ਹੈ, ਉਹ ਜਮਾਤ ਵਿਚ ਕੁਰਸੀ 'ਤੇ ਬੈਠਾ ਹੁੰਦਾ ਸੀ। ਇਹ ਯਾਦ ਹੈ, ਮੇਰੀ ਨਾਨੀ ਜੋ ਸਾਡੇ ਨਾਲ ਰਹਿੰਦੀ ਸੀ, ਮੈਨੂੰ ਸਕੂਲੇ ਛੱਡ ਆਉਂਦੀ ਅਤੇ ਛੁੱਟੀ ਹੋਣ 'ਤੇ ਸਕੂਲੋਂ ਲੈ ਆਉਂਦੀ। ਕਦੋਂ ਅਤੇ ਕਿੰਜ ਮੈਨੂੰ ਪਹਿਲੀ ਜਮਾਤ ਤੋਂ ਦੂਸਰੀ ਵਿਚ ਕਰ ਦਿੱਤਾ, ਚੇਤੇ ਨਹੀਂ, ਕਿਉਂਕਿ ਉਸ ਸਮੇਂ ਮੈਂ ਕੀ ਪੜ੍ਹਿਆ, ਮੈਨੂੰ ਯਾਦ ਹੀ ਨਹੀਂ ਰਿਹਾ। ਦੂਸਰੀ ਜਮਾਤ ਪੂਰੀ ਨਹੀਂ ਸੀ ਹੋਈ ਕਿ 1947 ਦੇ ਰੌਲੇ ਪੈ ਗਏ। ਨਹਿਰੂ ਅਤੇ ਜਿਨਾਹ ਜੋ ਚਾਹੁੰਦੇ ਸੀ, ਉਨ੍ਹਾਂ ਨੂੰ ਮਿਲ ਗਿਆ ਅਤੇ ਸਾਡੇ ਵਰਗੇ ਲੱਖਾਂ ਲੋਕਾਂ ਕੋਲ ਜੋ ਸੀ, ਸਭ ਕੁਝ ਗਵਾ ਲਿਆ।

ਲੱਖੀ ਮਾਸਟਰ ਕੁੜਤਾ-ਪਜਾਮਾ ਪਾਉਂਦਾ, ਅਧਖੜ ਜਿਹਾ ਲਗਦਾ, ਸਿੱਧਾ ਜਿਹਾ, ਗਰੀਬੜਾ ਜਿਹਾ। ਵੱਡੇ ਹੋਏ ਤਾਂ ਜਾ ਕੇ ਪਤਾ ਲੱਗਾ ਕਿ ਉਸ ਸਮੇਂ ਮਾਸਟਰਾਂ ਦੀ ਆਰਥਕ ਹਾਲਤ ਬੜੀ ਮਾੜੀ ਹੁੰਦੀ ਸੀ ਅਤੇ ਤਨਖਾਹ ਬਹੁਤ ਮਾਮੂਲੀ ਜਿਹੀ। ਉਹ ਰੋਜ਼ ਸ਼ਾਮ ਨੂੰ ਸਾਡੇ ਘਰ ਆਉਂਦਾ, ਉਸ ਦੇ ਹੱਥ ਵਿਚ ਇੱਕ ਗੜਵੀ ਹੁੰਦੀ, ਮੇਰੇ ਘਰ ਵਾਲੇ ਉਸ ਨੂੰ ਬੈਠਕ ਵਿਚ ਬਿਠਾਉਂਦੇ, ਉਹ ਮੈਨੂੰ ਆਵਾਜ਼ ਮਾਰਦਾ, ਮੈਂ ਕਿਤਾਬ/ਕਾਇਦਾ ਲੈ ਕੇ ਉਸ ਕੋਲ ਜਾ ਖੜ੍ਹਾ ਹੁੰਦਾ। ਮੈਨੂੰ ਕੁਝ ਸਮਾਂ ਪੜ੍ਹਾਉਂਦਾ, ਮੈਂ ਕੀ ਪੜ੍ਹਦਾ ਅਤੇ ਉਹ ਕੀ ਪੜ੍ਹਾਉਂਦਾ-ਮੇਰੇ ਦਿਮਾਗ ਵਿਚੋਂ ਸਭ ਮਿਟ ਚੁਕਾ ਹੈ। ਬਸ ਇੰਨਾ ਯਾਦ ਹੈ ਕਿ ਮੇਰੇ ਘਰ ਵਾਲੇ ਉਸ ਸਾਹਮਣੇ ਲੱਸੀ ਦਾ ਇੱਕ ਵੱਡਾ ਗਲਾਸ ਰੱਖਦੇ, ਜੋ ਉਹ ਪੀ ਜਾਂਦਾ ਅਤੇ ਨਾਲ ਲਿਆਂਦੀ ਗੜਵੀ ਲੱਸੀ ਨਾਲ ਭਰਵਾ ਕੇ ਲੈ ਜਾਂਦਾ।

ਇਹ ਉਸ ਦਾ, ਘਰ ਆ ਕੇ ਮੈਨੂੰ ਪੜ੍ਹਾਉਣ ਦਾ ਅਤੇ ਸਕੂਲ ਵਿਚ ਮੇਰਾ ਲਿਹਾਜ਼ ਤੇ ਖਿਆਲ ਰੱਖਣ ਦਾ ਮਿਹਨਤਾਨਾ ਸੀ। ਜੋ ਵੀ ਮੈਂ ਦੇਸ਼ ਦੀ ਵੰਡ ਤੋਂ ਪਹਿਲੇ ਪੜ੍ਹਿਆ, ਸਭ ਵੰਡ ਦੇ ਨਾਲ ਹੀ ਨਸ਼ਟ ਹੋ ਗਿਆ ਕਿਉਂਕਿ ਸ਼ਰਨਾਰਥੀ ਬਣਨ ਤੋਂ ਬਾਅਦ ਮੈਂ ਫਿਰ ਪਹਿਲੀ ਜਮਾਤ ਵਿਚ ਹੀ ਦਾਖਲ ਹੋਇਆ। ਲੱਖੀ ਮਾਸਟਰ ਅਤੇ ਉਸ ਦੀ ਲੱਸੀ ਅਜੇ ਤੱਕ ਯਾਦ ਹੈ।

-ਦਿਲਜੋਧ ਸਿੰਘ ਵਿਸਕਾਨਸਿਨ
diljodh@yahoo.com

# ਸ਼ਰਾਬ ਤੇ ਸ਼ਰਬਤ

ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

ਮੇਰੇ ਚਾਚਾ ਜੀ ਜੋ ਪਿੰਡ ਦੇ ਖਾਲਸਾ ਸਕੂਲ ਦੇ ਪੀ. ਟੀ. ਵੀ ਸਨ, ਅਕਸਰ ਇਹ ਸ਼ਿਅਰ ਸੁਣਾਇਆ ਕਰਦੇ ਸਨ,

ਜ਼ਾਹਿਦ ਸ਼ਰਾਬ ਪੀਨੇ ਦੇ
ਮਸਜਿਦ ਮੇਂ ਬੈਠ ਕਰ,
ਯਾ ਵੋਹ ਜਗਹ ਬਤਾ ਦੇ,
ਜਹਾਂ ਪਰ ਖੁਦਾ ਨਾ ਹੋ।

ਚਾਚਾ ਜੀ ਘੁਟ ਕੁ ਪੀਣ ਦੇ ਆਦੀ ਸਨ। ਸ਼ਾਮ ਢਲਦਿਆਂ ਉਹ ਗਲੀ ਦੇ ਅਖੀਰ ਵਿਚ ਪਕੌੜਿਆਂ ਦੀ ਦੁਕਾਨ ਤੋਂ ਆਨੇ-ਦੋ ਆਨੇ ਦੇ ਪਕੌੜੇ ਲੈ ਕੇ ਕਾਗਜ਼ ਵਿਚ ਵਲੇਟ ਲੈਂਦੇ ਤੇ ਫਿਰ ਘੁੱਟ ਕੇ ਫੜ੍ਹੀ, ਧੋਤੀ ਦੇ ਪੱਲੇ ਨੂੰ ਉਪਰ-ਹੇਠਾਂ ਕਰਦੇ ਇਸ ਤਰ੍ਹਾਂ ਵਾਪਸੀ ਮਾਰਚ ਕਰਦੇ ਸਨ ਜਿਵੇਂ ਘਰ ਕੋਈ ਜਸ਼ਨ ਹੋਣਾ ਹੋਵੇ। ਘਰ ਆ ਕੇ ਉਹ ਘੁੱਟ ਘੁੱਟ ਲਾਉਂਦੇ ਰੇਡੀਓ ਸੁਣਨ ਲਗਦੇ। ਅੱਖਾਂ ਦੇ ਡੋਰਿਆਂ ਦੇ ਨਾਲ ਨਾਲ ਉਹ ਖੁਦ ਗੁਲਾਬੀ ਹੁੰਦੇ ਹੁੰਦੇ ਲਾਲ ਹੋ ਜਾਂਦੇ। ਕੁਝ ਸਮੇਂ ਬਾਅਦ ਚੁੱਲ੍ਹੇ ਚੌਕੇ ਕੋਲ ਪੀੜ੍ਹੀ ਅੱਗੇ ਤਿਰਪਾਈ ਡਾਹ ਕੇ ਰੋਟੀ ਦੀ ਉਡੀਕ ਕਰਦੇ। ਮਦਰਾਸ ਵਿਚ ਅੰਗਰੇਜ਼ਾਂ ਕੋਲੋਂ ਪੀ. ਟੀ. ਦਾ ਕੋਰਸ ਕਰਕੇ ਆਏ ਹੋਣ ਕਰਕੇ ਉਹ ਸ਼ਾਹੀ ਰੋਟੀ ਖਾਂਦੇ ਸਨ ਕਿਉਂਕਿ ਉਹ ਰੋਟੀ ਨਾਲ ਚਾਚੀ ਜੀ ਤੋਂ ਸਿਰਕੇ ਵਿਚ ਲਬਰੇਜ਼ ਮੂਲੀ, ਗੰਢੇ ਆਦਿ ਦੀ ਫਰਮਾਇਸ਼ ਜ਼ਰੂਰ ਕਰਦੇ। ਉਹ ਕਦੇ ਘਰ ਦਾ ਅਮਨ ਕਾਨੂੰਨ ਭੰਗ ਨਾ ਕਰਦੇ। ਮੈਨੂੰ ਅਤੇ ਮੇਰੇ ਹਾਣੀ ਆਪਣੇ ਮੁੰਡੇ ਨੂੰ ਵੀ ਉਹ ਕਦੇ ਕਦੇ ਡੱਟ ਕੁ ਲਵਾ ਦਿੰਦੇ।

ਪਰ ਸਾਡਾ ਨਾਨਾ ਵੱਡਾ ਬੋਤਲ-ਪ੍ਰੇਮੀ ਸੀ। ਉਸ ਨੇ ਆਪਣੀ ਜ਼ਿੰਦਗੀ ਵਿਚ ਕਦੇ ਸੂਰਜ ਡੁੱਬਦਾ ਨਹੀਂ ਸੀ ਵੇਖਿਆ। ਲੌਢਾ ਵੇਲਾ ਹੁੰਦਿਆਂ ਹੀ ਪੱਕਾ ਨੌਕਰ ਉਸ ਦੀ ਮੰਜੀ ਦੇ ਪਾਵੇ ਕੋਲ ਠੱਰੇ ਦਾ ਅਧੀਆ ਰੱਖ ਦਿੰਦਾ ਸੀ। ਨਾਨਾ ਠੱਰੇ ਤੋਂ ਬਿਨਾ ਹਰ ਮਹਿੰਗੀ ਬਜ਼ਾਰੂ ਸ਼ਰਾਬ ਨੂੰ 'ਸੁਧੀ ਸਪਿਰਟ' ਕਹਿ ਕੇ ਨਿੰਦਦਾ ਸੀ। ਹਾੜਾ ਲਾ ਕੇ ਤੇ ਅੰਬ ਦੇ ਅਚਾਰ ਦੀ ਫਾੜੀ ਚੂਸ ਕੇ ਉਹ ਫਟਾ ਫਟ ਮੰਜੀ 'ਤੇ ਲਮਲੇਟ ਹੋ ਜਾਂਦਾ। ਮੰਜੀ ਤੋਂ ਉਹ ਥੁੱਕਣ ਲਈ ਜਾਂ ਹੋਰ ਹਾੜਾ ਲਾਉਣ ਲਈ ਹੀ ਵਾਰ ਵਾਰ ਉਠਦਾ ਸੀ। ਉਹ ਕਿਸੇ ਦੀ ਟੈਂ ਨਹੀਂ ਸੀ ਮੰਨਦਾ ਕਿਉਂਕਿ ਉਹ ਆਪਣੇ ਆਪ ਨੂੰ ਜਵਾਹਰ ਲਾਲ ਨਹਿਰੂ ਤੋਂ ਵੱਧ ਸਿਆਣਾ ਸਮਝਦਾ। ਮਾਮੇ ਤੇ ਮਾਸੜ ਦੀਆਂ ਮਦਮਸਤੀਆਂ ਦਾ ਵਧਾਣ ਨਹੀਂ ਪਾਉਣਾ ਚਾਹੁੰਦਾ ਪਰ ਥੋੜ੍ਹਾ ਤਾਂ ਲੋੜੀਂਦਾ ਹੈ ਨਾ! ਐਮ. ਏ. ਪੜ੍ਹਿਆ ਮਾਮਾ ਢੇਰ ਸਾਰੀ ਡੱਫਣ ਪਿੱਛੋਂ ਮਾਮੀ ਨੂੰ ਕੁੱਟਣ ਲਗਦਾ ਤੇ ਮਾਸੜ ਅਜਿਹੀ ਸੂਰਤ ਵਿਚ ਹੋਰ ਤਰ੍ਹਾਂ ਦੀਆਂ ਅਤਿਤਾਈਆਂ ਕਰਦਾ ਜਿਸ ਕਰਕੇ ਅਖੀਰ ਉਸ ਨੂੰ ਬਿਆਸਾ ਵਾਲੇ ਦੀ ਸ਼ਰਨ ਲੈਣੀ ਪਈ।

ਪਰ ਕੰਜੂਸ ਭਾਪਾ ਜੀ ਨੇ ਦਾਰੂ ਦੇ ਮਾਮਲੇ ਵਿਚ ਮੇਰੇ ਚਰਿੱਤਰ ਨੂੰ ਬਹੁਤਾ ਉਲਾਰ ਨਹੀਂ ਹੋਣ ਦਿੱਤਾ। ਉਹ ਸਾਲ-ਛਮਾਹੀਂ ਠੇਕਿਓਂ ਦੇਸੀ ਬੋਤਲ ਲਿਆ ਕੇ ਅਲਮਾਰੀ ਵਿਚ ਤਾਲਾਬੰਦ ਕਰ ਦਿੰਦੇ। ਫਿਰ ਕਦੇ ਕਦਾਈਂ, ਬੱਸ ਕਦੇ ਕਦਾਈਂ ਹੀ ਇਸ ਨੂੰ ਸੁੰਘ ਛੱਡਦੇ ਤੇ ਨਾਲ ਹੀ ਹਰ ਵਾਰੀ ਕੋਸਦੇ, "ਸਾਲੀ ਝੱਟ ਹੀ ਮੁੱਕਦੀ ਜਾਂਦੀ, ਸਾਲਿਓ ਤੁਸੀਂ ਤਾਂ ਨਹੀਂ ਪੀਤੀ?"

ਸ਼ਰਾਬ ਪੀ ਕੇ ਪੰਜਾਬੀ ਫੜਾਂ ਮਾਰਦੇ, ਬੋਲ ਕੁਬੋਲ ਬੋਲਦੇ, ਮੱਘੇ ਕੱਢਦੇ, ਆਂਢੀਆਂ-ਗਵਾਂਢੀਆਂ ਨੂੰ ਲਲਕਾਰੇ ਮਾਰਦੇ ਤੇ ਕਈ ਵਾਰੀ ਡਾਂਗਾਂ ਵੀ ਚੁੱਕ ਲੈਂਦੇ ਹਨ। ਢਾਣੀਆਂ ਵਿਚ ਸ਼ਰਾਬ ਦੇ ਵਰਤਾਰੇ ਦੌਰਾਨ ਕਤਲ ਦੀਆਂ ਸਾਜ਼ਿਸ਼ਾਂ ਹੁੰਦੀਆਂ ਅਤੇ ਸਿਰੇ ਚੜ੍ਹਾਈਆਂ ਜਾਂਦੀਆਂ ਹਨ। ਔਰਤਾਂ ਪਤੀਆਂ ਦੀ ਇਸ ਲਤ ਤੋਂ ਡਾਢੀਆਂ







ਔਖੀਆਂ ਹਨ। ਸ਼ਰਾਬ ਛੁਡਾਉਣ ਵਾਲੀਆਂ ਕਈ ਨੀਮ-ਧਾਰਮਕ ਜਥੇਬੰਦੀਆਂ ਨੇ ਵਾਹਵਾ ਠਕਠਕਾ ਚਲਾਇਆ ਹੈ। ਪਰ ਪੰਜਾਬੀ ਸਮਾਜ ਵਿਚ ਸ਼ਰਾਬ ਦੀ ਲਤ ਲੰਬੀ ਹੀ ਲੰਬੀ ਹੁੰਦੀ ਜਾਂਦੀ ਹੈ। ਇਸੇ ਲਈ ਸ਼ਰਾਬ ਨੂੰ ਬੁਰਾਈ ਦੀ ਜੜ੍ਹ ਕਹਿ ਦਿੱਤਾ ਜਾਂਦਾ ਹੈ।

ਢੇਰ ਸਮਾਂ ਪਹਿਲਾਂ ਕਿਸੇ ਸ਼ਰਾਬ-ਵਿਰੋਧੀ ਪਰਚਾਰਕ ਨੇ ਇਸ ਦੀ ਝੂਠੀ ਵਿਉਤਪਤੀ ਇਸ ਤਰ੍ਹਾਂ ਕਰ ਦਿੱਤੀ; ਸ਼ਰਾਬ ਸ਼ਬਦ ਬਣਦਾ ਹੈ, 'ਸ਼ਰ+ਆਬ' ਤੋਂ। ਇਸ ਵਿਚ ਸ਼ਰ ਦਾ ਅਰਥ ਸ਼ਰਾਰਤ ਅਤੇ ਆਬ ਦਾ ਅਰਥ ਪਾਣੀ ਹੈ, ਮਤਲਬ ਅਜਿਹੀ ਚੀਜ਼ ਜਿਸ ਦੇ ਪੀਣ ਨਾਲ ਸ਼ਰਾਰਤ ਸੁਝਦੀ ਹੋਵੇ। ਫਿਰ ਕੀ ਸੀ, ਸ਼ਰਾਬ ਦੇ ਨਿੰਦਕਾਂ ਨੂੰ ਇਸ ਦੇ ਖਿਲਾਫ ਭੰਡੀ ਪ੍ਰਚਾਰ ਕਰਨ ਲਈ ਖੂਬ ਦਲੀਲ ਲੱਭ ਪਈ। ਤਰਲੋਚਨ ਸਿੰਘ ਦੁਆਲਪੁਰ ਨੇ ਇਹੀ ਗੱਲ ਕਿਸੇ ਸੰਤ ਦੇ ਮੂੰਹੋਂ ਅਖਵਾ ਦਿੱਤੀ, ਅਖੇ, "ਸ਼ਰਾਬ ਦਾ ਨਸ਼ਾ ਸਭ ਬੁਰਾਈਆਂ ਦੀ ਜੜ੍ਹ ਹੈ। ਸ਼ਰ+ਆਬ, ਭਾਵ ਸ਼ਰਾਰਤ ਦਾ ਪਾਣੀ ਜਿਸ ਦੇ ਅੰਦਰ ਚਲੇ ਜਾਂਦਾ ਹੈ, ਇਹ ਹੋਰ ਭੈੜੀਆਂ ਵਾਦੀਆਂ ਨੂੰ 'ਵਾਜਾਂ ਮਾਰਨ ਲੱਗ ਪੈਂਦਾ ਹੈ।" ਕੁਝ ਲੋਕ ਤਾਂ ਇਸ ਨੂੰ ਸ਼ਰਾਬ ਦੇ ਅਰਥਾਂ ਵਾਲੇ ਸੁਰਾ ਸ਼ਬਦ ਨਾਲ ਵੀ ਜੋੜ ਦਿੰਦੇ ਹਨ। ਇਸ ਮਸਲੇ ਨਾਲ ਅੱਗੇ ਜਾ ਕੇ ਸਿਝਦੇ ਹਾਂ।

ਸ਼ਰਾਬ ਹਜ਼ਾਰਾਂ ਸਾਲਾਂ ਤੋਂ ਭਿੰਨ ਭਿੰਨ ਸੱਭਿਅਤਾਵਾਂ ਵਿਚ ਪੀਤੀ ਜਾਂਦੀ ਰਹੀ ਹੈ। ਹਰ ਸੱਭਿਅਤਾ ਨੇ ਇਸ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਪਹਿਲੂਆਂ ਨੂੰ ਨੋਟ ਕੀਤਾ ਹੈ। ਇਸ ਦੀ ਦਵਾਈ ਵਜੋਂ ਵਰਤੋਂ ਦੀ ਸਿਫਾਰਿਸ਼ ਵੀ ਕੀਤੀ ਹੈ ਤੇ ਮੌਜ ਮਸਤੀ ਲਈ ਵੀ, ਪਰ ਸੰਜਮ ਵਿਚ ਰਹਿ ਕੇ। ਧਰਮਾਂ ਦਾ ਇਸ ਪ੍ਰਤੀ ਵਤੀਰਾ ਵੀ ਵਿਰੋਧਾਭਾਸ ਵਾਲਾ ਰਿਹਾ ਹੈ। ਇਸਲਾਮ ਵਿਚ ਸ਼ਰਾਬ ਪੀਣ ਦੀ ਮਨਾਹੀ ਹੈ ਕਿਉਂਕਿ ਇਸ ਦਾ ਨਸ਼ਾ ਧਰਮ ਕਰਮ ਵਿਚ ਵਿਘਨ ਪਾਉਂਦਾ ਹੈ। ਪਰ ਸੂਫੀ ਧਾਰਾ ਨੇ ਇਸ ਦੀ ਪਰਵਾਹ ਨਹੀਂ ਕੀਤੀ। ਬੁੱਲ੍ਹੇ ਸ਼ਾਹ ਤਾਂ ਇਥੋਂ ਤੱਕ ਕਹਿ ਚੁਕਾ ਹੈ, "ਬੁੱਲ੍ਹਿਆ ਪੀ ਸ਼ਰਾਬ ਤੇ ਖਾਹ ਕਬਾਬ, ਹੇਠ ਬਾਲ ਹੱਡਾਂ ਦੀ ਅੱਗ।"

ਫਾਰਸੀ, ਉਰਦੂ ਸ਼ਾਇਰੀ ਸ਼ਰਾਬ ਨਾਲ ਸ਼ਰਾਬੋਰ ਹੈ। ਪੰਜਾਬੀ ਕਵਿਤਾ ਵੀ ਘਟ ਨਹੀਂ। ਵਾਰਿਸ ਸ਼ਾਹ ਹੀਰ ਦੇ ਹੁਸਨ ਦੀ ਤਾਰੀਫ ਕਰਦਾ ਕਹਿੰਦਾ ਹੈ,

ਕੇਹੀ ਹੀਰ ਦੀ ਕਰੇ ਤਾਰੀਫ ਸ਼ਾਇਰ
ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।
ਖੂਨੀ ਚੂੰਡੀਆਂ ਰਾਤ ਜਿਉ ਚੰਨ ਦਵਾਲੇ
ਸੁਰਖ ਰੰਗ ਜਿਉਂ ਰੰਗ ਸ਼ਰਾਬ ਦਾ ਜੀ।...

ਜੰਗ ਵਿਚ ਬਹਾਦਰੀ ਜਗਾਉਣ ਲਈ ਸ਼ਰਾਬ ਜ਼ਰੂਰੀ ਹੁੰਦੀ ਹੈ:

ਦਾਰੂ ਵੰਡਿਆ ਜੰਗੀਆਂ ਸੂਰਿਆਂ ਨੂੰ
ਦੋ ਦੋ ਬੋਤਲਾਂ ਕੈਫ ਖੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।

ਪੰਜਾਬੀ ਭਾਸ਼ਾ ਵਿਚ ਵੀ ਸ਼ਰਾਬ ਨੇ ਰੰਗ ਲਿਆਂਦੇ ਹਨ। ਰਿੰਦ, ਜ਼ਾਹਿਦ, ਸਾਕੀ, ਜਾਮ, ਸਾਗਰ, ਨੁਕਲ, ਸ਼ਰਾਬਖੋਰੀ, ਸ਼ਰਾਬਨੋਸ਼ੀ, ਮਹਿਫਿਲ, ਸ਼ਰਾਬਖਾਨਾ, ਮੈਖਾਨਾ, ਸੋਫੀ ਆਦਿ ਲਫਜ਼ ਸ਼ਰਾਬ ਬਿਨਾ ਕਿੱਥੋਂ ਆਉਣੇ ਸੀ! ਫਿਰ ਹੋਰ ਕਈ ਸ਼ਬਦ ਤੇ ਉਕਤੀਆਂ ਜਿਵੇਂ ਹਾਤਾ, ਠੇਕਾ, ਪਿਆਲਾ, ਬੋਤਲ, ਮੱਟ, ਪੀਣੀ, ਗਲਾਸੀ, ਚੱਕੋ ਚੱਕੋ, ਛਿੱਟ ਛਿੱਟ ਆਦਿ ਸ਼ਰਾਬ ਦੇ ਲਾਗੇ ਨਾਲ ਸ਼ਰਾਬੀ ਹੀ ਹੋ ਗਏ ਹਨ। ਲੂਣ, ਅਚਾਰ, ਗੰਢਿਆਂ ਅਤੇ ਸਾਈਕਲ ਦੀ ਘੰਟੀ ਦੇ ਨਵੇਂ ਉਪਯੋਗ ਸਾਹਮਣੇ ਆਏ।

ਯੂਨੀਵਰਸਿਟੀ ਦੇ ਸਾਡੇ ਸਹਿਕਰਮੀ ਸਾਨੂੰ ਸ਼ਰਾਬ ਪੀਣੋ ਆਖਦੇ ਪਰ ਆਪ ਸ਼ਾਮ ਨੂੰ ਪੰਦਰਾਂ ਸੈਕਟਰ ਦੀ ਮਾਰਕਿਟ ਸਣਮਲਾਈ ਦੁੱਧ ਵਿਚ ਜਲੇਬੀਆਂ ਡੁਬੋ ਡੁਬੋ ਖਾਂਦੇ ਸਨ। ਮਿੱਠਾ ਤੇ ਕੌੜਾ ਇੱਕੋ ਸਿੱਕੇ ਦੇ ਦੋ ਪਾਸੇ ਹਨ ਬਲਕਿ ਦੋ ਸਿੱਕਿਆਂ ਦਾ ਇੱਕੋ ਪਾਸਾ ਹਨ।

ਸ਼ਰਾਬ ਬੁਨਿਆਦੀ ਤੌਰ 'ਤੇ ਅਰਬੀ ਦਾ ਸ਼ਬਦ ਹੈ। ਸ਼ਰਾਬ ਦੀ ਮਨਘੜੰਤ ਵਿਉਤਪਤੀ ਵਿਚ ਵਰਣਨ ਕੀਤਾ ਸ਼ਰਾਰਤ ਸ਼ਬਦ ਵੀ ਅਰਬੀ ਦਾ ਹੀ ਹੈ ਪਰ ਇਸ ਦਾ ਬੁਰਾਈ ਨਾਲ ਸਬੰਧ ਹੈ, ਤਥਾ ਕਥਿਤ 'ਬੁਰਾਈ ਦੀ ਜੜ੍ਹ' ਨਾਲ ਨਹੀਂ। ਸ਼ਰਾਬ ਸ਼ਬਦ ਸਾਡੇ ਕੋਲ ਫਾਰਸੀ ਰਾਹੀਂ ਆਇਆ। ਸਾਡੇ ਪੁਰਾਣੇ ਸ਼ਬਦ ਮਦ, ਮਦਿਰਾ ਜਾਂ ਸੁਰਾ ਹਨ, ਜਿਨ੍ਹਾਂ ਦਾ ਗੁਰਬਾਣੀ ਵਿਚ ਵੀ ਉਲੇਖ ਹੈ, ਪਰ ਅੱਜ ਸ਼ਰਾਬ ਦੇ ਦੌਰ ਹੀ ਚਲਦੇ ਹਨ, ਮਦ/ਮਦਿਰਾ/ਸੁਰਾ ਨਹੀਂ ਵਰਤਾਈ ਜਾਂਦੀ। ਸ਼ਰਾਬ ਸ਼ਬਦ ਬਣਦਾ ਹੈ, ਸ਼ਰਬ (ਸ਼ੀਨ ਨੂਨ ਦਾਲ) ਤੋਂ ਜਿਸ ਵਿਚ (ਕੁਝ ਵੀ) ਪੀਣ ਦਾ ਭਾਵ ਹੈ। ਗੌਰਤਲਬ ਹੈ ਕਿ 'ਸ਼ਰਬ' ਇੱਕ ਸਮੱਗਰ, ਅਟੁੱਟ ਸ਼ਬਦ ਹੈ, ਦੋ ਸ਼ਬਦਾਂ ਦਾ ਸਮਾਸ ਨਹੀਂ। ਅਰਬੀ ਸ਼ਰਿਬਹ ਦਾ ਅਰਥ ਪੀਣਾ ਹੈ। ਇਸ ਦਾ ਭਾਵ ਸਿਗਰਟ, ਹੁੱਕਾ ਪੀਣਾ ਵੀ ਹੈ।

ਕੁਝ ਹੋਰ ਅਰਥ ਹਨ: ਪਿਲਾਉਣਾ, ਤ੍ਰਿਪਤ ਕਰਨਾ, ਗੜੁੱਚ ਕਰਨਾ। ਅਰਬੀ ਸ਼ਰਿਬ ਦੀ ਤਰ੍ਹਾਂ ਪੰਜਾਬੀ 'ਪੀਣਾ' ਅਤੇ ਅੰਗਰੇਜ਼ੀ 'ਡਰਿੰਕ' ਦਾ ਵੀ ਵਿਸ਼ੇਸ਼ੀਕ੍ਰਿਤ ਅਰਥ ਸ਼ਰਾਬ ਪੀਣਾ ਹੀ ਹੈ। ਨਾਂਵ ਦੇ ਤੌਰ 'ਤੇ ਤਾਂ ਅੰਗਰੇਜ਼ੀ ਡਰਿੰਕ ਦਾ ਅਰਥ ਵੀ ਸ਼ਰਾਬ ਜਾਂ ਹਾੜਾ ਹੀ ਹੋ ਗਿਆ ਹੈ, ਅਰਬੀ ਮਸ਼ਰੂਬ ਦਾ ਮਤਲਬ ਹੈ, ਪੀਤਾ ਗਿਆ, ਪੀਣ ਵਾਲੀ ਸ਼ੈਅ। ਮਸ਼ਰਬਾਤ ਰੂਹਿਆ ਦਾ ਮਤਲਬ ਹੈ, ਸ਼ਰਾਬਾਂ। ਬਹੁਤੀ ਪੀਣ ਵਾਲੇ ਨੂੰ ਸ਼ੱਰਾਬ, ਸ਼ਿੱਰੀਬ ਆਖਦੇ ਹਨ। ਅਰਬੀ ਸ਼ਰਾਬ ਦੇ ਮਾਅਨੇ ਮਦਿਰਾ, ਦਾਰੂ ਤੋਂ ਬਿਨਾ ਫਲਾਂ ਦਾ ਰਸ, ਸ਼ਰਬਤ ਵੀ ਹੈ। ਸ਼ਰਾਬ-ਅਲ-ਲੈਮੂਨ ਸ਼ਕੰਜਵੀ ਹੈ। ਮਸ਼ਰਬ ਦਾ ਅਰਥ ਪੀਣ ਪਦਾਰਥ; ਪਿਆਊ, ਪੀਣ ਵਾਲੀ ਥਾਂ (ਚੁਬੱਚਾ, ਫੁਹਾਰਾ ਆਦਿ); ਰੈਸਤੋਰਾਂ, ਰੁਚੀ, ਭੁਸ ਹੁੰਦਾ ਹੁੰਦਾ ਲਹਿਰ, ਮਤ, ਸੰਪਰਦਾਇ, ਸਕੂਲ ਆਦਿ ਵੀ ਬਣ ਗਿਆ ਹੈ। ਖਵਾਜਾ ਗੁਲਾਮ ਫਰੀਦ ਨੇ ਇਸ ਅਰਥ ਵਿਚ ਵਰਤਿਆ ਹੈ, "ਰਿੰਦੀ ਮਸ਼ਰਬ ਸਾਂਗ ਰਸਾਇਆ।"

ਅਰਬ ਖਿੱਤਾ ਯੂਰਪ ਅਤੇ ਏਸ਼ੀਆ ਦੇ ਗੱਭੇ ਜਿਹੇ ਹੈ, ਇਸ ਲਈ ਅਰਬੀ ਭਾਸ਼ਾ ਦੇ ਸ਼ਬਦ ਦੋਵੇਂ ਪਾਸੇ ਗਏ ਹਨ। ਕੁਝ ਸ੍ਰੋਤਾਂ ਅਨੁਸਾਰ ਸ਼ਰਾਬ ਸ਼ਬਦ ਮੁਗਲਾਂ ਦੇ ਨਾਲ ਭਾਰਤ ਆਇਆ। ਅਰਬੀ ਵਿਚ ਸ਼ਰਾਬ ਦੇ ਅਰਥ ਕੋਈ ਵੀ ਪੀਣ ਪਦਾਰਥ ਦੇ ਨਾਲ ਨਾਲ ਮਦਿਰਾ ਵੀ ਹੈ। ਯੂਨਾਨੀ ਅਤੇ ਅਰਬੀ ਹਿਕਮਤ ਦੇ ਨਾਲ ਇਹ ਸ਼ਬਦ ਯੂਰਪੀ ਦੇਸ਼ਾਂ ਵੱਲ ਵੀ ਗਏ, ਪਰ ਯੂਰਪ ਵਿਚ ਇਸ ਸ਼ਬਦ ਨੇ ਮਿੱਠਾ ਰੁੱਖ ਹੀ ਅਖਤਿਆਰ ਕੀਤਾ। ਅਰਥਾਤ ਇਸ ਤੋਂ ਬਣੇ ਸ਼ਬਦ ਪਾਣੀ ਵਿਚ ਘੋਲੇ ਮਿੱਠੇ ਅਤੇ ਹੋਰ ਚੀਜ਼ਾਂ ਮਿਲਾ ਕੇ ਬਣੇ ਪੀਣ ਪਦਾਰਥ ਨੂੰ ਕਿਹਾ ਜਾਂਦਾ ਹੈ।

ਅੰਗਰੇਜ਼ੀ ਵਿਚ ਸ਼ਰਬਿਟ (Sherbet) ਉਹ ਪੀਣ ਪਦਾਰਥ ਹੈ, ਜੋ ਫਲਾਂ ਦੇ ਰਸ ਵਿਚ ਖੰਡ ਘੋਲ ਕੇ ਬਣਾਇਆ ਜਾਂਦਾ ਹੈ। ਇਹ ਸ਼ਬਦ ਅਰਬੀ ਸ਼ਰਬਤ ਤੋਂ ਫਾਰਸੀ ਵਿਚ ਗਿਆ ਤੇ ਉਥੋਂ ਤੁਰਕੀ ਰਾਹੀਂ ਅੰਗਰੇਜ਼ੀ ਵਿਚ। ਪੈਨਕੇਕ ਤੇ ਦਬੱਲ ਕੇ ਚੋਪੜੇ ਜਾਂਦੇ ਸ਼ੀਰੇ ਵਰਗੇ ਗਾੜ੍ਹੇ ਤਰਲ ਨੂੰ ਅੰਗਰੇਜ਼ੀ ਵਿਚ ਸਿਰਿਪ (Syrip) ਆਖਿਆ ਜਾਂਦਾ ਹੈ। ਅੰਗਰੇਜ਼ੀ ਵਿਚ ਇਹ ਸ਼ਬਦ 15ਵੀਂ ਸਦੀ ਦੇ ਸ਼ੁਰੂ ਵਿਚ ਗਿਆ। ਖਿਆਲ ਹੈ ਕਿ ਇਹ ਇਤਾਲਵੀ ਦੇ Siroppo ਤੋਂ 14ਵੀਂ ਸਦੀ ਦੀ ਪੁਰਾਣੀ ਫਰਾਂਸੀਸੀ ਵਿਚ ਸਿਰੋਪ ਵਜੋਂ ਦਾਖਿਲ ਹੋਇਆ ਤੇ ਅੱਗੇ ਅੰਗਰੇਜ਼ੀ ਵਿਚ ਸਿਰਿਪ ਬਣਿਆ। ਸਪੈਨਿਸ਼ ਭਾਸ਼ਾ ਦੇ Jarabe, Jarope ਅਤੇ ਮੱਧਕਾਲੀ ਲਾਤੀਨੀ ਦੇ Sciroppo ਵੀ ਇਸੇ ਦੇ ਰੂਪ ਹਨ।

ਅੰਗਰੇਜ਼ੀ ਦਾ ਇੱਕ ਸ਼ਬਦ Shrub ਹੈ ਜਿਸ ਦਾ ਅਰਥ 'ਝਾੜੀ' ਹੁੰਦਾ ਹੈ ਪਰ ਇੱਕ ਹੋਰ ਸ਼ਰੱਬ ਹੈ ਜੋ ਇਕ ਤਰ੍ਹਾਂ ਦਾ ਪੀਣ ਵਾਲਾ ਸਿਰਕਾ ਹੁੰਦਾ ਹੈ। 17ਵੀਂ-18ਵੀਂ ਸਦੀ ਦੌਰਾਨ ਇੰਗਲੈਂਡ ਵਿਚ ਰਮ ਜਾਂ ਬਰਾਂਡੀ ਵਿਚ ਮਿੱਠਾ ਅਤੇ ਸੰਤਰੇ ਆਦਿ ਦੀਆਂ ਛਿੱਲਾਂ ਮਿਲਾ ਕੇ ਬਣਾਈ ਜਾਂਦੀ ਸੀ ਕੌਕਟੇਲ। ਅਰਬੀ ਸ਼ਰਬਤ ਹਿਕਮਤ ਅਤੇ ਫਾਰਸੀ ਰਾਹੀਂ ਉਰਦੂ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਰਚਮਿਚ ਗਿਆ। ਫਾਰਸੀ ਵਿਚ ਇਸ ਦੇ ਅਰਥ ਘੁੱਟ; ਦਵਾਈ ਦੀ ਖੁਰਾਕ ਵੀ ਹਨ। ਸ਼ਰਾਬ ਦਾ ਸੇਵਨ ਦਵਾ-ਦਾਰੂ/ਖੁਰਾਕ ਅਤੇ ਮੌਜ-ਮੇਲੇ ਵਜੋਂ ਹੋਣ ਕਾਰਨ ਇਸ ਦੀ ਏਨੀ ਬਦਨਾਮੀ ਦਰਕਾਰ ਨਹੀਂ।

# ਰਣਜੀਤ ਧੀਰ ਬਨਾਮ ਜੈਰੂਸਲਮ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜੀਤਾ ਭਗਤੇਵਾਲਾ ਉਸ ਦਾ ਈਮੇਲ ਹੈ। ਸੁਭਾਅ ਪੰਜਾਬੀ ਤੇ ਪਸਾਰਾ ਗਲੋਬਲੀ। ਅੱਧੀ ਸਦੀ ਤੋਂ ਵਲਾਇਤ ਵਸਦਿਆਂ ਦੂਰ-ਦੁਰਾਡੇ ਸਫਰਾਂ ਦਾ ਸ਼ੌਕੀਨ ਤੇ ਆਵਾਸ-ਪਰਵਾਸ ਦੇ ਚਿੰਤਨ ਦਾ ਸ਼ੌਕੀਨ ਹੈ। ਸਾਢੇ ਤਿੰਨ ਦਹਾਕੇ ਤੋਂ ਲੰਡਨ ਦੀ ਈਲਿੰਗ ਕੌਂਸਲ ਰਾਜਨੀਤੀ ਸਦਕਾ ਬਰਤਾਨੀਆ ਦੀ ਮਹਾਰਾਣੀ ਵਲੋਂ 'ਆਰਡਰ ਆਫ ਦੀ ਬ੍ਰਿਟਿਸ਼ ਅੰਪਾਇਰ' ਵਜੋਂ ਸਨਮਾਨਤ ਹੈ। ਮੇਰੀ ਮੁਰਾਦ ਸਭ ਕਾਸੇ ਦਾ ਮੁਜੱਸਮਾ ਰਣਜੀਤ ਧੀਰ ਤੋਂ ਹੈ। ਉਹਦੇ ਨਾਲ ਮੇਰੀ ਜਾਣ-ਪਛਾਣ 1980 ਤੋਂ ਹੈ। ਉਹਦੇ ਵਲੋਂ ਵਿਉਂਤੀ ਇਤਿਹਾਸਕ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਮੇਂ ਤੋਂ।

ਪਰਵਾਸ ਦੇ ਉਦਰੇਵਿਆਂ ਤੇ ਦੁੱਖਾਂ-ਸੁਖਾਂ ਦੇ ਬਾਵਜੂਦ ਉਸ ਨੇ ਦੂਰ-ਦੁਰਾਡੇ ਦੇਸ਼ਾਂ ਦੀ ਯਾਤਰਾ ਕਰਕੇ ਕੁੱਲ ਸੰਸਾਰ ਦੇ ਮਰਦ-ਔਰਤਾਂ, ਰੁੱਖਾਂ-ਬੂਟਿਆਂ ਅਤੇ ਪਸ਼ੂ-ਪੰਛੀਆਂ ਨੂੰ ਵਾਚਣ ਉਪਰੰਤ ਬ੍ਰਹਿਮੰਡ ਦੀ ਏਕਤਾ ਨੂੰ ਮਾਣਿਆ ਤੇ ਹੰਢਾਇਆ ਹੈ। ਵਿਆਹ ਤੋਂ ਪਹਿਲਾਂ ਮੁੰਡੇ-ਕੁੜੀਆਂ ਦੀ ਦੋਸਤੀ ਤੇ ਵਾਸ਼ਨਾ ਬਿਰਤੀ ਅਤੇ ਧੀਆਂ-ਭੈਣਾਂ ਦੇ ਖੁਲ੍ਹਮ ਖੁਲ੍ਹੇ ਵਿਚਰਨ ਨੂੰ ਪਰਵਾਨਿਆਂ ਹੀ ਨਹੀਂ ਭਾਂਤ-ਸੁਭਾਂਤੇ ਸਭਿਆਚਾਰਾਂ ਉਤੇ ਮੋਹਰ ਵੀ ਲਾਈ ਹੈ।

ਉਸ ਦੀ ਨਵੀਂ ਪੁਸਤਕ 'ਜੈਰੂਸਲਮ ਹਾਲੀ ਦੂਰ ਹੈ' (ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨੇ 325, ਮੁੱਲ 350 ਰੁਪਏ) ਵਿਚੋਂ ਲੰਘਦਿਆਂ ਪਤਾ ਲਗਦਾ ਹੈ ਕਿ ਉਪਰ


ਰਣਜੀਤ ਧੀਰ

ਲਿਖੀਆਂ ਗੱਲਾਂ ਸੌ ਪੈਸੇ ਸੱਚੀਆਂ ਹਨ। ਜੇ ਤੁਸੀਂ ਹਾਂਗਕਾਂਗ, ਤੁਰਕੀ, ਮਾਰਕੋਪੋਲੇ, ਰੂਸ, ਆਸਟਰੇਲੀਆ, ਨਿਊਜ਼ੀਲੈਂਡ, ਥਾਈਲੈਂਡ, ਫਲੋਰੈਂਸ ਤੇ ਰੋਮ ਨਹੀਂ ਵੇਖਿਆ ਤੇ ਨਾ ਹੀ ਵੇਖਣ ਦੀ ਹਿੰਮਤ ਹੈ ਤਾਂ ਇਸ ਪੁਸਤਕ ਰਾਹੀਂ ਪੂਰਾ ਨਹੀਂ ਤਾਂ ਅੱਧਾ-ਪੌਣਾ ਜ਼ਰੂਰ ਵੇਖ ਸਕਦੇ ਹੋ। ਮੈਂ ਖੁਦ ਰੂਸ ਤੋਂ ਆਏ ਸੱਦੇ ਦੇ ਬਾਵਜੂਦ ਉਥੇ ਨਹੀਂ ਸਾਂ ਜਾ ਸਕਿਆ। ਜਿਸ ਦਾ ਮੈਨੂੰ ਕੱਲ ਤੱਕ ਝੋਰਾ ਰਿਹਾ ਤੇ ਰੁਕਾਵਟ ਪਾਉਣ ਵਾਲੇ ਵਿਅਕਤੀ ਨੂੰ ਬੁਰਾ ਭਲਾ ਕਹਿੰਦਾ ਆਇਆ ਹਾਂ।

ਹੁਣ ਧੀਰ ਦੀ ਰਚਨਾ ਵਿਚੋਂ ਐਨਾ ਕਰਨੀਨਾ ਦੇ ਦੇਸ਼ ਵਿਚ ਪੜ੍ਹ ਕੇ ਮੁਫਤੋਂ ਮੁਫਤੀ ਰੂਸ ਵੇਖ ਆਇਆ ਹਾਂ। ਇੱਕ ਜਾਂ ਦੋ ਹਫਤੇ ਵਾਲਾ ਰੂਸ ਨਹੀਂ ਸਗੋਂ ਪੂਰੀ ਸਦੀ ਦੀ ਝਾਕੀ। ਮਾਸਕੋ, ਕਰੈਮਲਿਨ ਤੇ ਸੇਂਟ ਪੀਟਰਸਬਰਗ ਦੀਆਂ ਤਸਵੀਰਾਂ ਸਮੇਤ। ਧੀਰ ਵੱਲੋਂ ਲੈਨਿਨ ਦੇ ਸਮਾਰਕ ਦੀ ਪੇਸ਼ਕਾਰੀ ਹਾਜ਼ਰ ਹੈ, "ਲੈਨਿਨ ਦੀ ਦੇਹ ਨੂੰ ਵੇਖਣ ਲਈ ਸਦਾ ਹੀ ਸੈਲਾਨੀਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਮਿਲਦੀਆਂ ਹਨ। ਉਸ ਦਾ ਸਾਰਾ ਸਰੀਰ ਉਸੇ ਤਰ੍ਹਾਂ ਸਾਂਭ ਕੇ ਰਖਿਆ ਹੋਇਆ ਹੈ। ਚਿਹਰੇ ਤੋਂ ਮੁਰਦਾ ਨਹੀਂ ਲੱਗਦਾ, ਜਿਵੇਂ ਸੁੱਤਾ ਪਿਆ ਹੋਵੇ। ਠੋਡੀ ਵਾਲੀ ਛੋਟੀ ਦਾੜ੍ਹੀ ਤੇ ਮੁੱਛਾਂ ਵੀ ਐਨ ਉਸੇ ਤਰ੍ਹਾਂ ਹਨ। ਸੈਲਾਨੀਆਂ ਨੂੰ ਕੁਝ ਸਕਿੰਟਾਂ ਤੋਂ ਵਧ ਨਹੀਂ ਰੁਕਣ ਦਿੱਤਾ ਜਾਂਦਾ। ਭੀੜ ਹੀ ਏਨੀ ਹੁੰਦੀ ਹੈ।"

ਲੇਖਕ ਇਹੋ ਜਿਹੇ ਨਕਸ਼ੇ ਕਿਵੇਂ ਬੰਨ੍ਹਦਾ ਹੈ, ਇਹ ਵੀ ਪਤਾ ਲਗਦਾ ਹੈ। ਧੀਰ ਜਿੱਥੇ ਵੀ ਜਾਂਦਾ ਗਾਈਡ ਦੀ ਮਦਦ ਲੈਂਦਾ ਹੈ-ਗਾਈਡ ਕਿਸੇ ਵੀ ਥਾਂ ਦਾ ਹੋਵੇ। ਇਤਿਹਾਸਕ ਤੇ ਸਭਿਆਚਾਰਕ ਹਵਾਲਿਆਂ ਨਾਲ ਸਮਾਂ ਬੰਨ੍ਹ ਦਿੰਦਾ ਹੈ। ਪੁਸਤਕ ਇਸ ਦੀ ਗਵਾਹ ਹੈ। ਰਣਜੀਤ ਧੀਰ ਆਪਣੇ ਮਾਪਿਆਂ ਦਾ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਉਹਨੂੰ ਤੇ ਉਸ ਦੇ ਭਰਾਵਾਂ ਨੂੰ ਉਚੀ ਵਿਦਿਆ ਦਿਵਾ ਕੇ ਇਸ ਸਭ ਕਾਸੇ ਦੇ ਯੋਗ ਬਣਾਇਆ, ਜਿਸ ਨੂੰ ਉਹ ਜੈਰੂਸਲੱਮ ਕਹਿੰਦਾ ਹੈ, ਪਰਮਾਨੰਦ। ਫੇਰ ਵੀ ਉਹਦੇ ਲਈ ਇਹ ਅਵਸਥਾ ਏਨੀ ਨੇੜੇ ਨਹੀਂ, ਬਹੁਤ ਦੂਰ ਹੈ।

**ਬਾਪ ਰੇੜ੍ਹੀ ਲਾਵੇ ਬੇਟਾ ਮੁਫਤ ਪੜ੍ਹਾਵੇ:** ਪਠਾਨਕੋਟ ਜ਼ਿਲ੍ਹੇ ਦੇ ਪਿੰਡ ਭੋਆ ਦੇ ਰਾਕੀ ਪਾਸ ਭਾਵੇਂ ਆਪਣੇ ਪੜ੍ਹਨ ਦਾ ਸਾਧਨ ਨਹੀਂ ਹੈ, ਪਰ ਉਹ ਪਿੰਡ ਦੇ 100 ਤੋਂ ਵੱਧ ਬੱਚਿਆਂ ਨੂੰ ਮੁਫਤ ਟਿਊਸ਼ਨ ਪੜ੍ਹਾਉਂਦਾ ਹੈ। ਉਹ 12ਵੀਂ ਪਾਸ ਹੈ। ਸ਼ੁਰੂ ਤੋਂ ਹੀ ਉਹ ਪੜ੍ਹਾਈ ਵਿਚ ਮੂਹਰਲੀਆਂ ਸਫਾਂ ਵਿਚ ਰਿਹਾ ਹੈ, ਪਰ ਘਰ ਦੇ ਮਾੜੇ ਹਾਲਾਤ ਕਾਰਨ ਅੱਗੇ ਪੜ੍ਹਾਈ ਨਹੀਂ ਕਰ ਸਕਿਆ। ਉਹ ਗਰੈਜੂਏਸ਼ਨ ਕਰਕੇ ਆਈ. ਏ. ਐਸ. ਕਰਨ ਦੀ ਇੱਛਿਆ ਰੱਖਦਾ ਹੈ, ਪਰ ਅਜੇ ਤੱਕ ਉਸ ਦੀ ਮਦਦ ਕਰਨ ਲਈ ਕੋਈ ਵਿਅਕਤੀ ਜਾਂ ਸੰਸਥਾ ਅੱਗੇ ਨਹੀਂ ਆਈ।

ਰਾਕੀ ਦਾ ਪਿਤਾ ਰੇਹੜੀ ਲਾ ਕੇ ਘਰ ਦਾ ਖਰਚਾ ਚਲਾਉਂਦਾ ਹੈ। ਤੇ ਰਾਕੀ ਹੁਣ ਤੱਕ 335 ਬੱਚੇ ਪੜ੍ਹਾ ਚੁਕਾ ਹੈ। ਉਸ ਤੋਂ ਪੜ੍ਹਨ ਵਾਲੇ ਸਾਰੇ ਬੱਚੇ ਆਪੋ ਆਪਣੀ ਜਮਾਤ ਵਿਚੋਂ ਚੰਗੇ ਨੰਬਰਾਂ ਉਤੇ ਪਾਸ ਹੁੰਦੇ ਹਨ। ਚੰਗੀ ਗੱਲ ਹੈ ਕਿ ਰਾਕੀ ਨੂੰ ਏਸ ਸੇਵਾ ਬਦਲੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਗਣਤੰਤਰ ਦਿਵਸ ਉਤੇ ਸੋਸ਼ਲ ਸਰਵਿਸ ਸਨਮਾਨ ਦਿੱਤਾ ਸੀ।

**ਅੰਤਿਕਾ: ਮਿਰਜ਼ਾ ਗਾਲਿਬ**

ਬਨਾ ਕਰ ਫਕੀਰੋਂ ਕਾ ਹਮ ਭੇਸ ਗਾਲਿਬ
ਤਮਾਸ਼ਾ ਏ ਅਹਿਲ ਏ ਕਰਮ ਦੇਖਤੇ ਹੈਂ।


ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)
ਸ਼ਿਕਾਗੋ ਕਬੱਡੀ ਕੱਪ-2018 ਅਤੇ ਵਾਲੀਬਾਲ ਮੁਕਾਬਲੇ
Busse Wood Forest Preserve South, Elk Grove Village, IL
2 ਸਤੰਬਰ 2018
ਪਰਿਵਾਰ ਸਮੇਤ ਆਓ ਅਤੇ ਖੇਡਾਂ, ਖਾਣੇ ਤੇ ਮਨੋਰੰਜਨ ਦਾ ਅਨੰਦ ਮਾਣੋ; ਦਾਖਲਾ ਤੇ ਪਾਰਕਿੰਗ ਲਈ ਕੋਈ ਚਾਰਜ ਨਹੀਂ
ਮੁੱਖ ਮਹਿਮਾਨ
ਚੇਅਰਮੈਨ
ਪ੍ਰਧਾਨ
ਮੀਤ ਪ੍ਰਧਾਨ
ਪਹਿਲੇ ਇਨਾਮ ਦੇ ਸਪਾਂਸਰ
ਦੂਜੇ ਇਨਾਮ ਦੇ ਸਪਾਂਸਰ
ਡਾ. ਭੁਪਿੰਦਰ ਸਿੰਘ ਸੈਣੀ
ਅਮਰਜੀਤ ਸਿੰਘ ਢੀਂਡਸਾ
ਦਰਸ਼ਨ ਸਿੰਘ ਪੰਮਾ
ਜਿੰਦਰ ਸਿੰਘ ਬੈਨੀਪਾਲ
ਅੰਮ੍ਰਿਤਪਾਲ ਸਿੰਘ ਗਿੱਲ
ਜਸਵਿੰਦਰ ਸਿੰਘ ਗਿੱਲ
ਨਾਜਰ ਸਿੰਘ ਗਿੱਲ
ਵਾਲੀਬਾਲ ਦਾ ਇਨਾਮ ਲੱਖੀ ਢੀਂਡਸਾ ਤੇ ਦੀਦਾਰ ਸਿੰਘ ਧਨੋਆ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ
ਗਾਇਕਾ ਸੋਨਾ ਵਾਲੀਆ ਯੂ. ਕੇ.
ਗਾਇਕ ਜੀਤਾ ਗਿੱਲ
ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ
ਵਿਸ਼ੇਸ਼ ਮਹਿਮਾਨ
Mohinder Singh Gill
Triple Jumper Arjan Awardi and Olympian Athlete
ਪਹਿਲੀ ਵਾਰੀ ਮਿਡਵੈਸਟ ਵਿਚ ਅਮਰੀਕਾ ਤੇ ਮੈਕਸੀਕੋ ਦੀਆਂ ਕੁੜੀਆਂ ਦੀ ਕਬੱਡੀ ਦਾ ਸਪੈਸ਼ਲ ਸ਼ੋਅ ਮੈਚ
ਕਬੱਡੀ ਕੁਮੈਂਟੇਟਰ ਮੱਖਣ ਅਲੀ
ਸਾਬਕਾ ਚੇਅਰਮੈਨ
ਮੁਖਤਿਆਰ ਸਿੰਘ ਨੰਦੜਾ
ਪਰਮਿੰਦਰ ਸਿੰਘ ਗਰੇਵਾਲ
ਰਵਿੰਦਰਪਾਲ ਸਿੰਘ ਨੰਦੜਾ
ਹਰਜਿੰਦਰਜੀਤ ਧਾਲੀਵਾਲ
ਬਲਦੇਵ ਸਿੰਘ ਸੱਲ੍ਹਾਂ
ਗੁਰਮੀਤ ਸਿੰਘ ਸੱਲ੍ਹਾਂ
ਸਰਬਜੀਤ ਸਿੰਘ ਸੱਲ੍ਹਾਂ
ਦੀਦਾਰ ਸਿੰਘ ਧਨੋਆ
ਸਾਬਕਾ ਪ੍ਰਧਾਨ
ਪਰਮਿੰਦਰ ਸਿੰਘ ਵਾਲੀਆ
ਜਿੰਦੀ ਖੰਗੂੜਾ
ਅਮਰਦੇਵ ਸਿੰਘ ਬੰਦੇਸ਼ਾ
ਰਛਪਾਲ ਸਿੰਘ ਖੰਗੂੜਾ
ਅੰਮ੍ਰਿਤਪਾਲ ਸਿੰਘ ਗਿੱਲ
ਹਰਦੀਪ ਸਿੰਘ ਬੰਦੇਸ਼ਾ
ਜਸਵਿੰਦਰ ਸਿੰਘ ਗਿੱਲ
ਗੁਰਦੇਵ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਪ੍ਰਬੰਧਕੀ ਕਮੇਟੀ
ਜਸਵਿੰਦਰ ਸਿੰਘ ਗਿੱਲ
ਨਾਜਰ ਸਿੰਘ ਗਿੱਲ
ਲਖਵਿੰਦਰ ਬਿਹਾਰੀਪੁਰ
ਬੱਬੀ ਬਾਠ
ਬਲਜੀਤ ਮੰਗੀ
ਕਾਬਲ ਸਿੰਘ ਭੁੱਲਰ
ਅਜੈਬ ਲੱਖਣ
ਸੰਤੋਖ ਸਿੰਘ ਡੀ ਸੀ
ਅਜਮੇਰ ਸਿੰਘ ਪੰਨੂ
ਸੁਰਿੰਦਰ ਭੱਟੀ
ਧਰਮਿੰਦਰ ਜਸਵਾਲ
ਹਰਬੰਤ ਗਰੇਵਾਲ
ਜੱਸੀ ਸਹੋਤਾ
ਡੀ. ਢੀਨਾ
ਵਿੱਕੀ ਸ਼ੰਮੀਪੁਰੀਆ ਸਪੋਰਟਸ ਇੰਚਾਰਜ
ਜੋਧ ਸਿੰਘ ਸਿੱਧੂ
ਗੁਰਮੀਤ ਧਲੀਵਾਲ ਖਜਾਨਚੀ
ਲਖਵਿੰਦਰ ਸਿੰਘ
ਸੁਖਰਾਜ ਸਿੰਘ ਤੱਖਰ
ਜਸਰੂਪ ਸਿੰਘ ਮੀਡੀਆ ਸਲਾਹਕਾਰ
For Further Info.:
For Further Info.:
Darshan Pamma 847-561-7101
Balwinder Chatha 630-523-3412
Deepa Bandesha 815-546-0525
Amardev Singh 708-612-7963
Jinder Benipal 773-895-2041
Parminder Walia 847-477-1613
Amritpal Gill 920-460-1001
Gurmeet Dhaliwal 630-947-3686


PTC PUNJABI
LIVE GURBANI FROM
SRI HARMANDIR SAHIB
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/24/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.